# ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਧਰਮ ਸ਼ਾਸਤਰੀ ਅਧਿਐਨ

ਪੰਜਾਬੀ ਯੂਨੀਵਰਸਿਟੀ ਦੀ ਸਮਾਜ ਵਿਗਿਆਨ ਫੈਕਲਟੀ
ਅਧੀਨ ਪੀ-ਐਚ.ਡੀ. ਦੀ ਉਪਾਧੀ ਲਈ ਪੇਸ਼
ਖੋਜ ਪ੍ਰਬੰਧ


**ਨਿਗਰਾਨ** | **ਖੋਜਾਰਥੀ**

ਡਾ. ਹਰਪਾਲ ਸਿੰਘ ਪੰਨੂ | ਹਰਦੇਵ ਸਿੰਘ
ਪ੍ਰੋਫੈਸਰ

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**
**2013**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਇਹ ਖੋਜ ਪ੍ਰਬੰਧ **'ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਧਰਮ ਸ਼ਾਸਤਰੀ ਅਧਿਐਨ' ਹਰਦੇਵ ਸਿੰਘ** ਨੇ ਮੇਰੀ ਨਿਗਰਾਨੀ ਅਧੀਨ **ਪੀ-ਐਚ.ਡੀ.** ਦੀ ਡਿਗਰੀ ਲਈ ਤਿਆਰ ਕੀਤਾ ਹੈ। ਇਹ ਖੋਜ ਪ੍ਰਬੰਧ ਪਹਿਲਾਂ ਕਿਸੇ ਡਿਗਰੀ ਲਈ ਪੇਸ਼ ਨਹੀਂ ਹੋਇਆ। ਇਹ ਖੋਜਾਰਥੀ ਦੀ ਮੌਲਿਕ ਖੋਜ ਅਤੇ ਮਿਹਨਤ ਦਾ ਸਿੱਟਾ ਹੈ। ਮੈਂ ਇਸ ਖੋਜ ਪ੍ਰਬੰਧ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪੀ-ਐਚ.ਡੀ. ਦੀ ਡਿਗਰੀ ਲਈ ਪੇਸ਼ ਕਰਨ ਦੇ ਯੋਗ ਸਮਝਦਾ ਹਾਂ।

ਮਿਤੀ :

**ਡਾ. ਹਰਪਾਲ ਸਿੰਘ ਪੰਨੂ**
ਪ੍ਰੋਫੈਸਰ
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਘੋਸ਼ਣਾ-ਪੱਤਰ

ਮੈਂ ਇਹ ਬਿਆਨ ਕਰਦਾ ਹਾਂ ਕਿ '**ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਧਰਮ ਸ਼ਾਸਤਰੀ ਅਧਿਐਨ**' ਵਿਸ਼ੇ ਉੱਤੇ ਲਿਖੇ ਇਸ ਖੋਜ ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਭਾਈਵਾਲ/ਹਿੱਸੇਦਾਰ ਨਹੀਂ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁਕਾ ਹੋਵੇ।

ਨਿਗਰਾਨ :　　　　　　　　　　　　　　　　ਖੋਜਾਰਥੀ :

**ਡਾ. ਹਰਪਾਲ ਸਿੰਘ ਪੰਨੂ**　　　　　　　　　　　　**ਹਰਦੇਵ ਸਿੰਘ**

ਪ੍ਰੋਫੈਸਰ
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਤਤਕਰਾ

ਪੰਨਾ ਨੰ :


ਭੂਮਿਕਾ i-iv

**ਅਧਿਆਇ ਪਹਿਲਾ**

ਜਾਣ ਪਛਾਣ 1–40

੧.੦ ਗੁਰਬਿਲਾਸ 01

**੧.੧ ਰਚਨਾਕਾਰ ਅਤੇ ਰਚਨਾ ਕਾਲ** 04

੧.੧.੧ ‘ਗੁਰਬਿਲਾਸ ਪਾਤਸ਼ਾਹੀ ੧੦’ ਕ੍ਰਿਤ ਕੁਇਰ ਸਿੰਘ 05

੧.੧.੨ ਕਵੀ ਕੁਇਰ ਸਿੰਘ 06

੧.੧.੩ ‘ਗੁਰਬਿਲਾਸ ਪਾਤਸ਼ਾਹੀ ੧੦’ ਕ੍ਰਿਤ ਸੁੱਖਾ ਸਿੰਘ 07

੧.੧.੪ ਕਵੀ ਸੁੱਖਾ ਸਿੰਘ 08

**੧.੨.੦ ਸਾਹਿਤਕ ਪੱਖ** 10

੧.੨.੧ ਭਾਸ਼ਾ 10

੧.੨.੨ ਅਲੰਕਾਰ 12

੧.੨.੩ ਕਾਵਿ ਰਸ 13

੧.੨.੪ ਵਸਤੂ ਵਰਨਣ 15

੧.੨.੫ ਛੰਦ 15

**੧.੩.੦ ਕਥਾਨਕ** 16

੧.੩.੧ ‘ਗੁਰਬਿਲਾਸ ਪਾਤਸ਼ਾਹੀ ੧੦’ ਕ੍ਰਿਤ ਕੁਇਰ ਸਿੰਘ 16

੧.੩.੨ ‘ਗੁਰਬਿਲਾਸ ਪਾਤਸ਼ਾਹੀ ੧੦’ ਕ੍ਰਿਤ ਸੁੱਖਾ ਸਿੰਘ 24

**੧.੪.੦ ਸਮਕਾਲੀ ਹਾਲਾਤ** 34

੧.੪.੧ ਮੱਧਯੁਗ 34

੧.੪.੨ ਅਠਾਰਵੀਂ ਸਦੀ 36

## ਅਧਿਆਇ ਦੂਜਾ

ਧਰਮ ਸ਼ਾਸਤਰ - ਅਰਥ, ਸਰੂਪ ਅਤੇ ਵਿਧੀ 41-84

**੨.੦. ਧਰਮ** 41

**੨.੧.੦ ਧਰਮ-ਸ਼ਾਸਤਰ** 44

੨.੧.੧ ਧਰਮ-ਸ਼ਾਸਤਰ ਅਤੇ ਤਰਕ 48

੨.੧.੨ ਧਰਮ-ਸ਼ਾਸਤਰ, ਧਰਮ-ਦਰਸ਼ਨ ਅਤੇ ਦਰਸ਼ਨ 48

**੨.੨.੦ ਵੱਖ-ਵੱਖ ਧਰਮਾਂ ਵਿਚ ਧਰਮ-ਸ਼ਾਸਤਰ** 50

੨.੨.੧ ਵੈਦਿਕ ਧਰਮ-ਸ਼ਾਸਤਰ 50

੨.੨.੨ ਜੈਨ ਮੀਮਾਂਸਾ 52

੨.੨.੩ ਈਸਾਈ ਥਿਆਲੋਜੀ 53

੨.੨.੪ ਇਲਮ-ਅਲ-ਕਲਾਮ 58

**੨.੩.੦ 'ਗੁਰ ਦਰਸ਼ਨ'** 61

੨.੩.੧ ਗੁਰਬਾਣੀ ਅਤੇ ਵੈਦਿਕ ਦਰਸ਼ਨ 66

**੨.੪.੦ 'ਗੁਰ ਦਰਸ਼ਨ' ਦੇ ਸਿਰਜਕ ਤੱਤ** 68

੨.੪.੧ ਗੁਰੁਸ਼ਬਦੁ 69

੨.੪.੨ ਸਿੱਖ ਅਨੁਭਵ 71

੨.੪.੩ ਸਿੱਖ ਪਰੰਪਰਾ 74

੨.੪.੪ ਸਿੱਖ ਇਤਿਹਾਸ 76

੨.੪.੫ ਤਰਕ 79

੨.੪.੬ ਗੁਰਦੁਆਰਾ 81

**੨.੫ 'ਗੁਰ ਦਰਸ਼ਨ' ਦੇ ਮੁੱਖ ਵਿਸ਼ੇ** 82

**ਅਧਿਆਇ ਤੀਜਾ**


ਗੁਰਬਿਲਾਸ ਪਾਤਸ਼ਾਹੀ ੧੦ : ਸਿੱਖ ਸਿਧਾਂਤ, ਸਿੱਖ ਅਧਿਆਤਮ ਅਤੇ ਸਿੱਖ ਰਹਿਤ 85-182

**੩.੦ ਗੁਰਬਿਲਾਸ ਪਾਤਸ਼ਾਹੀ ੧੦: ਸਿੱਖ ਸਿਧਾਂਤ** 85

**੩.੧ ਅਕਾਲ ਪੁਰਖ** 85

੩.੧.੧ 'ਅਕਾਲ ਪੁਰਖ' ਅਤੇ ਅਵਤਾਰਵਾਦ 93

੩.੧.੨ 'ਅਕਾਲ ਪੁਰਖ' ਅਤੇ ਵੈਦਿਕ ਦੇਵ 94

**੩.੨ ਕੁਦਰਤ** 97

੩.੨.੧ ਕੁਦਰਤ ਦਾ ਰਚਨਾਕਾਰ ਅਤੇ ਰਚਨਾ ਕਾਲ 97

੩.੨.੨ ਕੁਦਰਤ- ਭਵਸਾਗਰ 99

੩.੨.੩ ਕੁਦਰਤ ਦਾ ਪਰਪੰਚ ਅਤੇ ਤੱਤ 100

**੩.੩ ਜੀਵਾਤਮਾ** 103

੩.੩.੧ 'ਅਕਾਲ ਪੁਰਖ' ਦੀ ਅੰਸ 103

੩.੩.੨ ਉੱਤਮ ਮਨੁੱਖਾ ਜੂਨ, ਕਰਮ-ਵਾਸਨਾ ਅਤੇ ਚੁਰਾਸੀ 104

੩.੩.੩ ਜੀਵ ਦੀ ਸਫਲਤਾ 106

**੩.੪ ਮੁਕਤੀ** 107

੩.੪.੧ ਗੁਰੂ ਮਿਲਾਪ ਰਾਹੀਂ 108

੩.੪.੨ ਮੁਕਤ ਅਵਸਥਾ 108

੩.੪.੩ ਚੌਥਾ ਪਦ ਅਤੇ ਜੀਵਨ-ਮੁਕਤੀ 109

੩.੪.੪ ਮੁਕਤੀ ਹੁਕਮ ਅਧੀਨ 111

੩.੪.੫ ਵੈਦਿਕ ਸਵਰਗ ਅਤੇ ਸਚਖੰਡ 113

੩.੪.੬ ਗੁਰੁਸ਼ਬਦ ਰਾਹੀਂ ਮੁਕਤੀ 117

੩.੪.੭ ਗੁਰੂ ਛੋਹ ਰਾਹੀਂ ਮੁਕਤੀ 118

੩.੪.੮ ਸ਼ਹਾਦਤ ਅਤੇ ਮੁਕਤੀ 119

**੩.੫ ਗੁਰਬਿਲਾਸ ਪਾਤਸ਼ਾਹੀ ੧੦: ਸਿੱਖ ਅਧਿਆਤਮ** 122

**੩.੫.੧ ਗੁਰੂ** 122

੩.੫.੧.੧ ਗੁਰੂ ਅਰਾਧਨਯੋਗ 125

੩.੫.੧.੨ ਗੁਰੂ ਨੂੰ ਮਨੁੱਖ ਨਾ ਸਮਝੋ 126

੩.੫.੧.੩ ਗੁਰੂ ਦਾ ਅਵਤਾਰ ਪਰਉਪਕਾਰ ਲਈ 130

੩.੫.੧.੪ ਦਸ ਗੁਰੂ ਇਕ ਜੋਤਿ 134

੩.੫.੧.੫ ਗੁਰੂ ਮਾਇਆ ਤੋਂ ਅਤੀਤ 135

੩.੫.੧.੬ ਗੁਰੂ ਮੁਕਤੀ ਦਾ ਦਾਤਾ 137

੩.੫.੧.੭ 'ਗੁਰੂ' ਅਤੇ 'ਅਕਾਲ ਪੁਰਖ' ਅਭੇਦ 138

੩.੫.੧.੮ ਗੁਰੂ ਅਤੇ ਅਵਤਾਰਵਾਦ 141

੩.੫.੧.੯ ਗੁਰੂ ਅਤੇ ਸਿੱਖ 141

੩.੫.੧.੧੦ 'ਸ਼ਬਦ ਗੁਰੂ' 143

**੩.੫.੨ ਸੰਗਤ** 145

**੩.੫.੩ ਨਾਮ** 154

**੩.੫.੪ ਗੁਰਮੁਖ** 158

**੩.੫.੫ ਖਾਲਸਾ ਪੰਥ** 165

**੩.੬.੦ ਗੁਰਬਿਲਾਸ ਪਾਤਸ਼ਾਹੀ ੧੦: ਸਿੱਖ ਰਹਿਤ** 171

**੩.੬.੧ ਗੁਰੂ** 174

**੩.੬.੨ ਸ਼ਖਸੀ ਰਹਿਣੀ** 174

੩.੬.੨.੧ ਨਾਮ ਅਤੇ ਬਾਣੀ 175

੩.੬.੨.੨ ਸਤਿਸੰਗਤ 176

੩.੬.੨.੩ ਕੀਰਤਨ ਅਤੇ ਕਥਾ 176

| | |
|---|---|
| ੩.੬.੨.੪ ਕੜਾਹ ਪ੍ਰਸ਼ਾਦਿ | 178 |
| **੩.੬.੩ ਪੰਥਕ ਰਹਿਣੀ** | 178 |
| ੩.੬.੩.੧ ਅੰਮ੍ਰਿਤ ਸੰਸਕਾਰ | 179 |
| ੩.੬.੩.੨ ਅੰਮ੍ਰਿਤਧਾਰੀ ਲਈ ਰਹਿਤ | 180 |
| ੩.੬.੩.੩ ਕੁਰਹਿਤ | 182 |
| ੩.੬.੩.੪ ਤਨਖਾਹ | 183 |
| ਅਧਿਆਇ ਚੋਥਾ | |
| ਗੁਰਬਿਲਾਸ ਪਾਤਸ਼ਾਹੀ ੧੦ ਦੀਆਂ ਸਿਧਾਂਤਕ ਸੀਮਾਵਾਂ | 184-212 |
| **੪.੧ ਦੇਵੀ ਪੂਜਾ** | 184 |
| ੪.੧.੧ ਦੇਵੀ ਦਾ ਸਰੂਪ | 184 |
| ੪.੧.੨ ਦੇਵੀ ਪੂਜਾ ਦਾ ਸਮਾਂ ਅਤੇ ਥਾਂ | 186 |
| ੪.੧.੩ ਦੇਵੀ ਪੂਜਾ ਦਾ ਮਨੋਰਥ | 188 |
| ੪.੧.੪ ਦੇਵੀ ਅਤੇ ਗੁਰੂ | 190 |
| ੪.੧.੫ ਦੇਵੀ ਪੂਜਾ ਜਾਂ ਕੌਤਕ | 192 |
| **੪.੨ ਨਸ਼ਾ** | 196 |
| **੪.੩ ਇਤਿਹਾਸਕ ਤੱਥਾਂ ਦੀ ਘਾਟ** | 199 |
| ਸਰਵੇਖਣ ਅਤੇ ਸਾਰੰਸ਼ | 214-219 |
| ਪੁਸਤਕ ਸੂਚੀ | 220-228 |

# ਭੂਮਿਕਾ

ਸਿੱਖ ਧਰਮ ਸੰਸਾਰ ਦੇ ਮੁੱਖ ਧਰਮਾਂ ਵਿਚੋਂ ਸਭ ਤੋਂ ਨਵਾਂ ਧਰਮ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਅਤੇ ਆਖਰੀ ਗੁਰੂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਹਨ। ਇਹ ਦਸ ਸ਼ਖਸੀ ਗੁਰੂ ਸਾਹਿਬਾਨ ਤੱਤ ਰੂਪ ਵਿਚ ਇੱਕ ਜੋਤਿ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਥਾਪ ਕੇ ਸ਼ਖਸੀ ਗੁਰੂ ਦੀ ਥਾਂ ਸ਼ਬਦ ਗੁਰੂ ਦੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸ਼ਖਸੀਅਤ ਦੀ ਉਸਾਰੀ ਦਾ ਜੋ ਕਾਰਜ ਸ਼ੁਰੂ ਕੀਤਾ ਸੀ, ਉਹ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਖਾਲਸੇ ਦੇ ਰੂਪ ਵਿਚ ਸਿਖਰ ਤੇ ਪਹੁੰਚਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੀ ਸ਼ਖਸੀਅਤ ਵਾਲੇ ਮਨੁੱਖਾਂ ਦੇ ਸਮੂਹ ਨੂੰ ਖਾਲਸਾ ਪੰਥ ਦਾ ਨਾਂ ਦਿੱਤਾ ਹੈ।

ਸਿੱਖ ਧਰਮ ਦੇ ਵਿਸ਼ਵਾਸ ਤੇ ਸਿਧਾਂਤ ਦੇ ਮੂਲ ਸੋਮੇ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀ ਰਚਨਾ ਅਤੇ ਦਸਮ ਗ੍ਰੰਥ ਸਾਹਿਬ ਹਨ। ਜਿਸ ਪਿਛੋਂ ਸਿੱਖ ਪਰੰਪਰਾ ਅਤੇ ਇਤਿਹਾਸ ਦੇ ਗ੍ਰੰਥ ਆਪਣਾ ਮਹੱਤਵਪੂਰਨ ਥਾਂ ਰੱਖਦੇ ਹਨ। ਸਿੱਖ ਪਰੰਪਰਾ ਅਤੇ ਇਤਿਹਾਸ ਦੇ ਇਨ੍ਹਾਂ ਗ੍ਰੰਥਾਂ ਵਿਚੋਂ ਕੁਇਰ ਸਿੰਘ ਅਤੇ ਸੁੱਖਾ ਸਿੰਘ ਵਲੋਂ ਰਚਿਤ 'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਦੇ ਦੋ ਗ੍ਰੰਥ ਹਥਲੇ ਖੋਜ-ਕਾਰਜ ਲਈ ਚੁਣੇ ਗਏ ਹਨ।

ਵਿਦਵਾਨਾਂ ਵਿਚ ਕੁਇਰ ਸਿੰਘ ਦੇ 'ਗੁਰਬਿਲਾਸ ਪਾਤਸ਼ਾਹੀ ੧੦' ਦੇ ਰਚਨਾ-ਕਾਲ ਸੰਬੰਧੀ ਦੋ ਵਿਚਾਰ ਪਰਚਲਿਤ ਹਨ। ਪਹਿਲੇ ਵਿਚਾਰ ਅਨੁਸਾਰ ਇਸ ਦਾ ਰਚਨਾ ਕਾਲ 1751 ਈ. ਅਤੇ ਦੂਜੇ ਅਨੁਸਾਰ 1762 ਈ. ਮੰਨਿਆ ਗਿਆ ਹੈ। ਕੁਇਰ ਸਿੰਘ ਦੇ ਗੁਰਬਿਲਾਸ ਨੂੰ ਭਾਈ ਮਨੀ ਸਿੰਘ ਦੀ ਰਚਨਾ ਸਮਝਿਆ ਜਾਂਦਾ ਰਿਹਾ ਹੈ। ਅਸਲ ਵਿਚ ਕੁਇਰ ਸਿੰਘ ਨੇ ਗੁਰਬਿਲਾਸ ਦੀ ਰਚਨਾ ਭਾਈ ਮਨੀ ਸਿੰਘ ਪਾਸੋਂ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਸੁਣ ਕੇ ਕੀਤੀ। ਰਚਨਾ ਅੰਦਰ ਵਾਰ-ਵਾਰ ਭਾਈ ਮਨੀ ਸਿੰਘ ਨੂੰ ਵਕਤਾ ਵਜੋਂ ਪੇਸ਼ ਕੀਤਾ ਜਾਣਾ ਹੀ ਇਸ ਦੇ ਰਚਨਾਕਾਰ ਬਾਰੇ ਭੁਲੇਖੇ ਦਾ ਕਾਰਨ ਜਾਪਦਾ ਹੈ। ਕਵੀ ਸੁੱਖਾ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਆਨੰਦਪੁਰ ਸਾਹਿਬ ਵਿਖੇ 1797 ਈਸਵੀ ਵਿਚ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬਿਆਨ ਕਰਨ ਦੇ ਸੰਬੰਧ ਵਿਚ ਕੁਇਰ ਸਿੰਘ ਦੀ ਰਚਨਾ ਦਾ ਵਿਸ਼ੇਸ਼ ਮਹੱਤਵ ਹੈ। ਇਸ ਤੋਂ ਪਹਿਲਾਂ ਦੇ 'ਬਚਿਤ੍ਰ ਨਾਟਕ' ਅਤੇ 'ਸ੍ਰੀ ਗੁਰ ਸੋਭਾ' ਆਦਿ ਸਰੋਤ ਗੁਰੂ ਸਾਹਿਬ ਦੇ ਜੀਵਨ ਦੀਆਂ ਕੁੱਝ ਖਾਸ ਘਟਨਾਵਾਂ ਅਤੇ ਜੰਗਾਂ ਨੂੰ ਹੀ ਪੇਸ਼ ਕਰਦੇ ਹਨ। ਕੁਇਰ ਸਿੰਘ ਵਲੋਂ ਰਚਿਤ 'ਗੁਰਬਿਲਾਸ ਪਾਤਸ਼ਾਹੀ ੧੦' ਪਹਿਲੀ ਅਜਿਹੀ ਰਚਨਾ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪੂਰੇ

ਜੀਵਨ, ਪਟਨੇ ਸਾਹਿਬ ਜਨਮ ਤੋਂ ਨਾਂਦੇੜ ਸਾਹਿਬ ਵਿਖੇ ਜੋਤੀ-ਜੋਤਿ ਸਮਾਉਣ ਤੱਕ ਦੀ ਕਥਾ ਨੂੰ ਇੱਕ ਲੜੀ ਵਿਚ ਪਰੋ ਕੇ ਪੇਸ਼ ਕਰਦੀ ਹੈ। ਕਵੀ ਸੁੱਖਾ ਸਿੰਘ ਨੇ ਆਪਣੀ ਰਚਨਾ ਲਈ ਕੁਇਰ ਸਿੰਘ ਦੀ ਰਚਨਾ ਨੂੰ ਆਧਾਰ ਗ੍ਰੰਥ ਵਜੋਂ ਵਰਤਿਆ ਹੈ। ਉਸ ਨੇ ਕੁਇਰ ਸਿੰਘ ਦੀ ਰਚਨਾ ਵਿਚੋਂ ਕਈ ਛੰਦ ਇੰਨ-ਬਿੰਨ ਆਪਣੀ ਰਚਨਾ ਵਿਚ ਸ਼ਾਮਿਲ ਕਰ ਲਏ ਹਨ। ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ ਕੁਇਰ ਸਿੰਘ ਨਾਲੋਂ ਲਗਭਗ 50 ਸਾਖੀਆਂ ਵਧੇਰੇ ਦਰਜ ਕੀਤੀਆਂ ਹਨ। ਸੁੱਖਾ ਸਿੰਘ ਦੀ ਰਚਨਾ ਵਿਚ 13ਵਾਂ, 17ਵਾਂ, 18ਵਾਂ ਅਤੇ 19ਵਾਂ ਅਧਿਆਇ ਪੂਰੇ ਤੌਰ ਤੇ ਨਵੀਂ ਖੋਜ ਕਹੇ ਜਾ ਸਕਦੇ ਹਨ। ਆਨੰਦਪੁਰ ਸਾਹਿਬ ਰਹਿਣ ਕਰਕੇ ਸੁੱਖਾ ਸਿੰਘ ਨੇ ਨੇੜਲੇ ਇਲਾਕੇ ਨਾਲ ਸੰਬੰਧਿਤ ਘਟਨਾਵਾਂ ਅਤੇ ਯੁੱਧਾਂ ਦੇ ਬਿਆਨ ਨੂੰ ਵਧੇਰੇ ਵਿਹਾਰਕ ਅਤੇ ਵਿਸਤਾਰ ਰੂਪ ਵਿਚ ਪੇਸ਼ ਕੀਤਾ ਹੈ।

ਇਹ ਦੋਵੇਂ ਗ੍ਰੰਥ ਬ੍ਰਜ ਭਾਸ਼ਾ ਅਤੇ ਗੁਰਮੁਖੀ ਲਿਪੀ ਵਿਚ ਲਿਖੇ ਗਏ ਹਨ। ਗੁਰਬਿਲਾਸ ਰਚਨਾਵਾਂ ਦਾ ਸਾਹਿਤਕ ਪਿਛੋਕੜ ਬ੍ਰਜ ਭਾਸ਼ਾ ਦੇ ਬਿਲਾਸ/ਵਿਲਾਸ ਸਾਹਿਤ ਨਾਲ ਜੁੜਦਾ ਹੈ। ਬਿਲਾਸ ਸਾਹਿਤ ਮੂਲ ਰੂਪ ਵਿਚ ਰਾਜਿਆਂ ਦੀ ਸੋਭਾ ਅਤੇ ਸਾਹਿਤਕ ਕਲਾ-ਕੌਸ਼ਲ ਨਾਲ ਜੁੜਿਆ ਹੋਇਆ ਸੀ। ਦਰਬਾਰੀ ਕਵੀ ਆਪਣੇ ਅੰਨਦਾਤਾ ਦੀ ਸੋਭਾ ਕਰਨ ਲਈ ਅਜਿਹੇ ਸਾਹਿਤ ਦੀ ਰਚਨਾ ਕਰਦੇ ਸਨ। ਕਥਾ-ਵਸਤੂ ਅਤੇ ਮਨੋਰਥ ਦੇ ਲਿਹਾਜ਼ ਨਾਲ ਗੁਰਬਿਲਾਸ ਸਾਹਿਤ ਆਪਣੇ ਪਿਛੋਕੜ ਭਾਵ ਬਿਲਾਸ ਸਾਹਿਤ ਤੋਂ ਬਿਲਕੁਲ ਵੱਖਰਾ ਹੈ। ਕਵਿਤਾ ਰਚਨਾ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਪਿਤਾ-ਪੁਰਖੀ ਕਿੱਤਾ ਨਹੀਂ, ਨਾ ਹੀ ਉਹ ਕਿਸੇ ਦਰਬਾਰ ਜਾਂ ਰਾਜੇ ਦੀ ਸਰਪਰਸਤੀ ਹੇਠ ਹਨ। ਅਸਲ ਵਿਚ ਕੁੱਝ ਖਾਸ ਘਟਨਾਵਾਂ ਨੇ ਦੋਹਾਂ ਕਵੀਆਂ ਦਾ ਜੀਵਨ ਪੂਰੇ ਤੌਰ ਤੇ ਪਲਟ ਦਿੱਤਾ। ਕੁਇਰ ਸਿੰਘ ਭਾਈ ਮਨੀ ਸਿੰਘ ਦੀ ਸ਼ਹਾਦਤ ਦਾ ਚਸ਼ਮਦੀਦ ਗਵਾਹ ਹੈ, ਜਿਸ ਉਪਰੰਤ ਉਸ ਨੇ ਨੌਕਰੀ ਛੱਡ ਦਿੱਤੀ ਅਤੇ ਖੰਡੇ-ਬਾਟੇ ਦੀ ਪਾਹੁਲ ਛੱਕ ਕੇ ਪੰਥ ਦੀ ਸੇਵਾ ਆਰੰਭ ਕੀਤੀ। ਕਵੀ ਸੁੱਖਾ ਸਿੰਘ ਦੇ ਮਾਤਾ-ਪਿਤਾ ਬਚਪਨ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਉਸ ਦਾ ਵੱਡਾ ਭਰਾ ਵੀ ਉਸ ਨੂੰ ਗੁਰੂ ਦੇ ਚਰਨਾਂ ਦਾ ਓਟ-ਆਸਰਾ ਲੈਣ ਦਾ ਉਪਦੇਸ਼ ਕਰਕੇ ਅਕਾਲ-ਚਲਾਣਾ ਕਰ ਗਿਆ।

ਕਵੀ ਸੁੱਖਾ ਸਿੰਘ ਵਲੋਂ ਪਟਨੇ ਸਾਹਿਬ ਰਹਿ ਕੇ ਸੰਥਿਆ ਲੈਣੀ, ਸੇਵਾ ਕਰਨੀ ਅਤੇ ਸੁਪਨੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦੀਦਾਰ ਕਰਨਾ ਉਸ ਦੇ ਜੀਵਨ ਵਿਚ ਆਏ ਪਲਟੇ ਨੂੰ ਦਰਸਾਉਂਦਾ ਹੈ। ਕਵੀ ਸੁੱਖਾ ਸਿੰਘ ਨੇ ਕੇਸਗੜ੍ਹ ਸਾਹਿਬ ਵਿਖੇ ਸੇਵਾ ਕਰਦਿਆਂ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਕੀਤੀ ਹੈ। ਦੋਹਾਂ ਕਵੀਆਂ ਲਈ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ, ਉਨ੍ਹਾਂ ਦਾ ਗੁਰੂ ਗੋਬਿੰਦ ਸਿੰਘ ਜੀ ਲਈ ਪ੍ਰੇਮ-ਭਾਵ ਦਾ ਪਰਗਟਾਵਾ ਹੈ। ਦੋਵੇਂ ਕਵੀ ਆਪਣੀ ਰਚਨਾ ਰਾਹੀਂ ਗੁਰੂ ਅਤੇ ਸੰਗਤ ਦੀ ਅਸੀਸ ਪ੍ਰਾਪਤ

ਕਰਨ ਦੇ ਚਾਹਵਾਨ ਹਨ। ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਕਰਨ ਸਮੇਂ ਦੋਵੇਂ ਕਵੀ ਗੁਰੂ ਪ੍ਰੇਮ ਅਤੇ ਸਿੱਖੀ ਸ਼ਰਧਾ ਨਾਲ ਭਰੇ ਹੋਏ ਸਨ।

ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਤੱਕ ਇਨ੍ਹਾਂ ਗ੍ਰੰਥਾਂ ਦੀ ਗੁਰਦੁਆਰਿਆਂ ਵਿਚ ਰੋਜ਼ਾਨਾ ਕਥਾ ਹੁੰਦੀ ਰਹੀ ਹੈ। ਬਦਲਦੇ ਹਾਲਾਤ ਨਾਲ ਸਿੱਖਾਂ ਦਾ ਝੁਕਾਅ ਇਨ੍ਹਾਂ ਗ੍ਰੰਥਾਂ ਵਲੋਂ ਘੱਟ ਕੇ ਤਾਰਕਿਕ ਇਤਿਹਾਸ ਅਤੇ ਵਿਆਖਿਆ ਵੱਲ ਵਧੇਰੇ ਹੋ ਗਿਆ। ਪੰਜਾਬ ਵਿਚ ਅੰਗਰੇਜ਼ੀ ਸਿੱਖਿਆ ਦੇ ਆਉਣ ਨਾਲ ਤਾਰਕਿਕ ਅਤੇ ਵਿਗਿਆਨਕ ਵਿਚਾਰ ਦੀ ਪ੍ਰਧਾਨਤਾ ਨੇ ਇਨ੍ਹਾਂ ਗ੍ਰੰਥਾਂ ਦੇ ਮਹੱਤਵ ਨੂੰ ਘਟਾਇਆ ਹੈ। ਅਠਾਰਵੀਂ ਸਦੀ ਵਿਚ ਰਚੇ ਗਏ ਸਿੱਖ ਸਾਹਿਤ ਬਾਰੇ ਦੋ ਤਰ੍ਹਾਂ ਦੀ ਰਾਏ ਆਮ ਵੇਖਣ ਵਿਚ ਆਉਂਦੀ ਹੈ। ਪਹਿਲੀ ਰਾਏ ਅਨੁਸਾਰ ਇਹ ਰਚਨਾਵਾਂ ਹਿੰਦੂ ਲਿਖਾਰੀਆਂ ਦੀ ਸਿੱਖ ਵਿਰੋਧੀ ਸਾਜਿਸ਼ ਹਨ। ਦੂਜੀ ਰਾਏ ਅਨੁਸਾਰ ਇਨ੍ਹਾਂ ਰਚਨਾਵਾਂ ਵਿਚ ਸਿੱਖ ਵਿਰੋਧੀਆਂ ਨੇ ਮਿਲਾਵਟ ਕਰਕੇ ਇਨ੍ਹਾਂ ਨੂੰ ਸ਼ੱਕੀ ਬਣਾ ਦਿੱਤਾ ਹੈ। ਅਜਿਹੇ ਸ਼ੰਕੇ ਲਗਭਗ ਬਹੁਤੇ ਧਰਮਾਂ ਵਿਚ ਆਪਣੇ ਸੋਮਿਆਂ ਬਾਰੇ ਪੈਦਾ ਹੋ ਜਾਂਦੇ ਹਨ। ਅਜਿਹੇ ਸ਼ੰਕਿਆਂ ਦੀ ਸੱਚਾਈ ਨੂੰ ਜਾਣਨਾ ਅਤੇ ਨਿਵਾਰਣ ਕਰਨਾ ਖੋਜਾਰਥੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ।

ਹਥਲੇ ਖੋਜ-ਕਾਰਜ ਦਾ ਮੁੱਖ ਮਨੋਰਥ ਕੁਇਰ ਸਿੰਘ ਅਤੇ ਸੁੱਖਾ ਸਿੰਘ ਵਲੋਂ ਰਚੇ ਗਏ 'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਦੇ ਦੋਹਾਂ ਗ੍ਰੰਥਾਂ ਦਾ ਧਰਮ-ਸ਼ਾਸਤਰੀ ਅਧਿਐਨ ਕਰਨਾ ਹੈ। ਇਸ ਖੋਜ-ਕਾਰਜ ਵਿਚ ਸਿੱਖ ਧਰਮ ਦੇ ਪ੍ਰਸੰਗ ਵਿਚ 'ਧਰਮ-ਸ਼ਾਸਤਰ' ਦੇ ਸਰੂਪ ਨੂੰ 'ਈਸਾਈ ਥਿਆਲੋਜੀ' ਅਤੇ 'ਵੈਦਿਕ ਧਰਮ-ਸ਼ਾਸਤਰ' ਤੋਂ ਨਿਖੇੜ ਕੇ ਵੇਖਣ ਅਤੇ ਵਰਤਣ ਦੀ ਕੋਸ਼ਿਸ਼ ਕੀਤੀ ਗਈ ਹੈ। ਰਚਨਾ ਦਾ ਮੁਲਾਂਕਣ ਕਰਨ ਲਈ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀ ਰਚਨਾ ਨੂੰ ਅੰਤਮ ਕਸਵੱਟੀ ਵਜੋਂ ਵਰਤਿਆ ਗਿਆ ਹੈ। ਸਿੱਖ ਪਰੰਪਰਾ ਅਤੇ ਇਤਿਹਾਸ ਦੇ ਤੱਥਾਂ ਨੂੰ ਦੂਜਾ ਥਾਂ ਦਿੱਤਾ ਹੈ। ਰਹਿਤ ਸੰਬੰਧੀ ਵਿਚਾਰਾਂ ਲਈ 'ਸਿੱਖ ਰਹਿਤ ਮਰਯਾਦਾ' ਨੂੰ ਪ੍ਰਮਾਣ ਵਜੋਂ ਵਰਤਿਆ ਗਿਆ ਹੈ। ਭਾਵ 'ਗੁਰਬਿਲਾਸ ਪਾਤਸ਼ਾਹੀ ੧੦' ਦੇ ਗੁਰਬਾਣੀ, ਸਿੱਖ ਪਰੰਪਰਾ, ਇਤਿਹਾਸ, ਰਹਿਤ ਦੇ ਅਨੁਸਾਰੀ ਵਿਚਾਰਾਂ ਨੂੰ ਸਹੀ ਅਤੇ ਉਲਟ ਵਿਚਾਰਾਂ ਨੂੰ ਗਲਤ ਮੰਨਿਆ ਗਿਆ ਹੈ।

ਇਸ ਖੋਜ-ਕਾਰਜ ਦੀਆਂ ਸੀਮਾਵਾਂ ਬਾਰੇ ਜਾਣ ਲੈਣਾ ਵੀ ਲਾਹੇਵੰਦ ਹੋਵੇਗਾ। ਇਹ ਖੋਜ-ਕਾਰਜ ਨਾ ਤਾਂ ਪੱਛਮੀ ਥਿਆਲੋਜੀ ਵਾਂਗ ਤਾਰਕਿਕ ਅਧਿਐਨ ਹੈ ਅਤੇ ਨਾ ਹੀ ਵੈਦਿਕ-ਸ਼ਾਸਤਰ ਵਾਂਗ ਖੰਡਨ-ਮੰਡਨ ਕਰਦਾ ਹੈ। ਇਸ ਖੋਜ-ਕਾਰਜ ਵਿਚ ਸਿੱਖ ਅਨੁਭਵ ਦੀ ਛਾਪ ਨਾਲ 'ਇੱਕ ਅਕਾਲ ਪੁਰਖ', 'ਅਸਚਰਜ ਕੁਦਰਤ' ਅਤੇ 'ਮਨੁੱਖੀ ਸ਼ਖਸੀਅਤ ਦੇ ਵਿਕਾਸ' ਨੂੰ ਕੇਂਦਰੀ ਧੁਰਾ ਬਣਾਇਆ ਗਿਆ ਹੈ। ਬੌਧਿਕ ਤਰਕ ਨੂੰ ਪੂਰੀ ਖੁੱਲ੍ਹ ਨਾਲ ਵਰਤਣ ਦੀ ਬਜਾਏ ਲੋੜ ਅਤੇ ਹਾਲਾਤ ਅਨੁਸਾਰ ਉਸ ਦੀ ਸੀਮਤ ਵਰਤੋਂ ਕੀਤੀ ਗਈ ਹੈ।

ਦੋਵੇਂ ਗੁਰਬਿਲਾਸ ਰਚਨਾਵਾਂ ਇਤਿਹਾਸ ਨਾਲ ਸਿੱਧੇ ਤੌਰ ਤੇ ਸੰਬੰਧਿਤ ਹਨ, ਪਰ ਇਸ ਖੋਜ-ਕਾਰਜ ਵਿਚ ਇਨ੍ਹਾਂ ਦੀ ਇਤਿਹਾਸਕਾਰੀ ਅਤੇ ਤੱਥਾਂ ਦੀ ਪ੍ਰਮਾਣਿਕਤਾ ਬਾਰੇ ਕੋਈ ਨਵੀਂ ਖੋਜ ਨਹੀਂ ਕੀਤੀ ਗਈ। ਲੋੜ ਪੈਣ 'ਤੇ ਸਿੱਖ ਇਤਿਹਾਸਕਾਰਾਂ ਵਲੋਂ, ਪਹਿਲਾਂ ਸਥਾਪਿਤ ਤੱਥਾਂ ਨੂੰ ਹੀ ਕਸਵੱਟੀ ਮੰਨ ਕੇ ਵਰਤਿਆ ਗਿਆ ਹੈ।

ਖੋਜ-ਕਾਰਜ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਣ ਲਈ ਇਸ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ 'ਜਾਣ-ਪਛਾਣ' ਹੈ, ਜਿਸ ਵਿਚ ਬ੍ਰਜ ਭਾਸ਼ਾ ਦੇ ਬਿਲਾਸ ਸਾਹਿਤ, ਸਿੱਖ ਪਰੰਪਰਾ ਵਿਚਲੇ ਗੁਰਬਿਲਾਸ ਸਾਹਿਤ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਤੋਂ ਬਿਨਾਂ ਗੁਰਬਿਲਾਸ ਪਾਤਸ਼ਾਹੀ ੧੦ ਦੇ ਰਚਨਾਕਾਰ ਅਤੇ ਰਚਨਾ ਕਾਲ ਬਾਰੇ ਸੰਖੇਪ ਵਿਚਾਰ ਪਿਛੋਂ ਉਪਰੋਕਤ ਦੋਹਾਂ ਗ੍ਰੰਥਾਂ ਦੇ ਸਾਹਿਤਕ ਪੱਖ, ਕਥਾਨਕ ਅਤੇ ਸਮਕਾਲੀ ਹਾਲਾਤ ਬਾਰੇ ਅਧਿਐਨ ਕੀਤਾ ਗਿਆ ਹੈ। ਖੋਜ-ਕਾਰਜ ਦੇ ਦੂਜੇ ਅਧਿਆਇ, 'ਧਰਮ-ਸ਼ਾਸਤਰ - ਅਰਥ, ਸਰੂਪ ਅਤੇ ਵਿਧੀ' ਵਿਚ ਧਰਮ-ਸ਼ਾਸਤਰ ਦੇ ਅਰਥ, ਸਰੂਪ ਅਤੇ ਵਿਧੀ ਬਾਰੇ ਅਧਿਐਨ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ ਵੈਦਿਕ ਧਰਮ-ਸ਼ਾਸਤਰ, ਜੈਨ ਮੀਮਾਂਸਾ, ਈਸਾਈ ਥਿਆਲੋਜੀ, ਇਲਮ-ਅਲ-ਕਲਾਮ ਅਤੇ ਗੁਰ ਦਰਸ਼ਨ ਬਾਰੇ ਸੰਖੇਪ ਵਿਚਾਰ ਕੀਤੀ ਗਈ ਹੈ।

ਤੀਜਾ ਅਧਿਆਇ 'ਗੁਰਬਿਲਾਸ ਪਾਤਸ਼ਾਹੀ ੧੦ : ਸਿੱਖ ਸਿਧਾਂਤ, ਅਧਿਆਤਮ ਅਤੇ ਰਹਿਤ' ਇਸ ਖੋਜ-ਕਾਰਜ ਦਾ ਮੁੱਖ ਭਾਗ ਕਿਹਾ ਜਾ ਸਕਦਾ ਹੈ। ਇਸ ਅਧਿਆਇ ਵਿਚ ਦੋਹਾਂ ਰਚਨਾਵਾਂ ਵਿਚਲੇ ਸਿੱਖ ਸਿਧਾਂਤ, ਅਧਿਆਤਮ ਅਤੇ ਰਹਿਤ ਸੰਬੰਧੀ ਵਿਚਾਰ ਨੂੰ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦੀ ਕਸਵੱਟੀ ਉੱਪਰ ਪਰਖਿਆ ਗਿਆ ਹੈ। ਖੋਜ-ਕਾਰਜ ਦੇ ਚੌਥੇ ਅਧਿਆਇ 'ਗੁਰਬਿਲਾਸ ਪਾਤਸ਼ਾਹੀ ੧੦ ਦੀਆਂ ਸਿਧਾਂਤਕ ਸੀਮਾਵਾਂ' ਵਿਚ ਦੋਹਾਂ ਗ੍ਰੰਥਾਂ ਦੀਆਂ ਸਾਹਮਣੇ ਆਈਆਂ ਸਿਧਾਂਤਕ ਕਮਜ਼ੋਰੀਆਂ ਜਿਵੇਂ ਦੇਵੀ ਪੂਜਾ ਪ੍ਰਸੰਗ, ਨਸ਼ੇ ਦਾ ਸੇਵਨ, ਅੱਤਕਥਨੀ ਅਤੇ ਗਲਤ ਤੱਥਾਂ ਦੀ ਪੇਸ਼ਕਾਰੀ ਆਦਿ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਅੰਤ ਵਿਚ ਉਪਰੋਕਤ ਚਾਰੇ ਅਧਿਆਇਆਂ ਵਿਚੋਂ ਪ੍ਰਾਪਤ ਸਿੱਟੇ ਨੂੰ ਸਰਵੇਖਣ ਅਤੇ ਸਾਰਅੰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਕੁਇਰ ਅਤੇ ਸੁੱਖਾ ਸਿੰਘ ਵੱਲੋਂ ਰਚੇ ਗਏ 'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਦੇ ਦੋਵੇਂ ਗ੍ਰੰਥ ਅਠਾਰਵੀਂ ਸਦੀ ਦੇ ਸਿੱਖ ਸਾਹਿਤ ਦਾ ਹਿੱਸਾ ਹਨ। ਇਹ ਗ੍ਰੰਥ ਸਿੱਖ ਪਰੰਪਰਾ ਅਤੇ ਇਤਿਹਾਸ ਦਾ ਸੁਮੇਲ ਹਨ। ਗੁਰਬਿਲਾਸ ਦੋ ਸ਼ਬਦਾਂ ਗੁਰ ਅਤੇ ਬਿਲਾਸ ਦੇ ਸੰਜੋਗ ਤੋਂ ਬਣਿਆ ਹੈ। 'ਗੁਰ' ਸੰਸਕ੍ਰਿਤ ਦੇ ਗੁਰੂ ਦਾ ਤਦਭਵ ਰੂਪ ਹੈ। ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਨਾ ਅਤੇ ਸਮਝਾਉਣਾ, ਜੋ ਅਗਜਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ ਗਿਆਨ ਸਮਝਾਉਂਦਾ ਹੈ ਉਹ ਗੁਰੂ ਹੈ, ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇੱਕ ਹੀ ਅਰਥ ਵਿੱਚ ਆਏ ਹਨ।[1] ਬਿਲਾਸ ਸੰਸਕ੍ਰਿਤ ਦੇ ਵਿਲਾਸ ਸ਼ਬਦ ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ ਬਹੁਤ ਲਸ (ਖੇਡਣਾ) ਖੇਲ, ਕ੍ਰੀੜਾ।[2] ਦੋਹਾਂ ਰਚਨਾਵਾਂ ਵਿਚ ਬਿਲਾਸ ਸ਼ਬਦ ਕ੍ਰੀੜਾ, ਖੇਡ ਅਤੇ ਲੀਲਾ[3] ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਪਰ ਕੁੱਝ ਥਾਵਾਂ ਤੇ ਇਹ ਚਰਿਤ, ਕੌਤਕ[4] ਦੇ ਅਰਥਾਂ ਵਿਚ ਅਤੇ ਕੁੱਝ ਥਾਵਾਂ ਤੇ ਬੁਧ ਬਿਲਾਸ[5], ਕਥਾ ਬਿਲਾਸ[6] ਅਤੇ ਬਚਨ ਬਿਲਾਸ[7] ਆਦਿ ਵਿਸ਼ੇਸ਼ਣਾਂ ਦੇ ਰੂਪ ਵਿਚ ਵੀ ਵਰਤਿਆ ਗਿਆ ਹੈ। ਕਾਨ੍ਹ ਸਿੰਘ ਨਾਭਾ ਅਨੁਸਾਰ ਪਾਤਸ਼ਾਹੀ ਤੋਂ ਭਾਵ ਹੈ ਸਿੱਖ ਮਤ ਅਨੁਸਾਰ ਗੁਰੁਤਾ ਅਤੇ ਸਤਿਗੁਰੂ ਦੀ ਅਮਲਦਾਰੀ ਜਾਂ ਸੱਚੀ ਬਾਦਸ਼ਾਹਤ ਵਾਲੇ ਦਸ ਸਤਿਗੁਰੂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਗੁਰੂ' ਲਈ ਪਾਤਸ਼ਾਹ ਸ਼ਬਦ ਵਰਤਿਆ ਗਿਆ ਹੈ :

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥[8]

ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ 'ਗੁਰੂ ਸਾਹਿਬ' ਨੂੰ ਵਾਰ-ਵਾਰ ਪਾਤਸ਼ਾਹ ਕਹਿ ਕੇ ਸੰਬੋਧਨ ਕੀਤਾ ਹੈ ਅਤੇ ਇਸ ਸੱਚੀ ਪਾਤਸ਼ਾਹੀ ਦੀ ਵਡਿਆਈ ਪੇਸ਼ ਕੀਤੀ ਹੈ :

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ॥[9]

'੧੦' ਦਾ ਅਰਥ ਹੈ ਸਿੱਖਮਤ ਦੇ ਦਸਵੇਂ ਗੁਰੂ, ਭਾਵ ਗੁਰੂ ਗੋਬਿੰਦ ਸਿੰਘ ਜੀ। ਇਸ ਤਰ੍ਹਾਂ ਸੰਖੇਪ

---

[1] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, 1999, ਪੰਨਾ 415.
ਯਥਾ- "ਗੁਰ ਅਪਨੇ ਬਲਿਹਾਰੀ" (ਸੋਰਠ ਮ: ੫), "ਸੁਖਸਾਗਰੁ ਗੁਰੁ ਪਾਇਆ" (ਸੋਰ ਮ: ੫), ਅਪਨਾ ਗੁਰੂ ਧਿਆਏ (ਸੋਰ ਮ: ੫)।

[2] ਉਹੀ, ਪੰਨਾ 876.

[3] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 1999, ਪੰਨਾ 261.

[4] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ (ਸੰਪਾ.), ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1989, ਪੰਨਾ 259.

[5] ਉਹੀ, ਛੰਦ 12, ਪੰਨਾ 250.

[6] ਉਹੀ, ਛੰਦ 1, ਪੰਨਾ 287.

[7] ਉਹੀ, ਛੰਦ 91, ਪੰਨਾ 341.

[8] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ,* ਪੰਨਾ 967.

[9] ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ,* ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਾਰ-੫ ਪਉੜੀ ੧੩, 2008, ਪੰਨਾ 58.

ਵਿਚ 'ਗੁਰਬਿਲਾਸ ਪਾਤਸ਼ਾਹੀ ੧੦' ਦਾ ਅਰਥ 'ਗੁਰੂ ਗੋਬਿੰਦ ਸਿੰਘ ਜੀ ਦੇ ਕੌਤਕ, ਲੀਲਾ ਅਤੇ ਚਰਿਤ' ਪ੍ਰਮਾਣਿਤ ਹੁੰਦੇ ਹਨ।

ਰਤਨ ਸਿੰਘ ਜੱਗੀ 'ਬਿਲਾਸ' ਕਾਵਿ-ਵਿਧਾ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ "ਭਾਰਤੀ ਦਰਸ਼ਨ ਅਤੇ ਧਰਮ-ਸਾਧਨਾ ਵਿਚ ਸੰਸਾਰ ਨੂੰ ਛਿਣ-ਭੰਗੁਰ ਸਮਝ ਕੇ ਇਸ ਵਿਚ ਵਿਚਰਨ ਕਰ ਰਹੇ ਪ੍ਰਾਣੀਆਂ ਨੂੰ ਵੀ ਸਥਾਈ ਨਹੀਂ ਮੰਨਿਆ ਗਿਆ। ਇਸ ਲਈ ਇਹ ਸੰਸਾਰ ਮਨੁੱਖ ਲਈ ਇੱਕ ਕ੍ਰੀੜਾ-ਸਥਲੀ ਹੈ, ਖੇਡ ਦਾ ਮੈਦਾਨ ਹੈ, ਜਿਥੇ ਖੇਡ ਦੇ ਖਤਮ ਹੋ ਜਾਣ 'ਤੇ ਸਭ ਨੇ ਆਪਣੇ-ਆਪਣੇ ਰਾਹ ਤੁਰ ਜਾਣਾ ਹੈ। ਇਸ ਤਰ੍ਹਾਂ ਇਹ ਸਾਰਾ ਜਗਤ ਖੇਡ ਤਮਾਸ਼ਾ ਹੈ ਅਤੇ ਇਸ ਖੇਡ ਵਿਚ ਹਿੱਸਾ ਲੈਣ ਵਾਲੇ ਆਉਂਦੇ ਜਾਂਦੇ ਰਹਿੰਦੇ ਹਨ। ਮਹਾਪੁਰਸ਼ ਵੀ ਇਸ ਸੰਸਾਰ ਵਿਚ ਆ ਕੇ ਜਗਤ-ਤਮਾਸ਼ਾ ਵੇਖਣ ਉਪਰੰਤ ਪ੍ਰਸਥਾਨ ਕਰ ਜਾਂਦੇ ਹਨ। ਉਨ੍ਹਾਂ ਦੇ ਚਰਿਤ ਜਾਂ ਜੀਵਨ ਲੀਲਾ ਨੂੰ 'ਬਿਲਾਸ' ਪਦ ਨਾਲ ਨਿਰਦਿਸ਼ਟ ਕੀਤਾ ਗਿਆ ਹੈ।"[10] ਉਹ 'ਗੁਰਬਿਲਾਸ' ਦਾ ਸਾਹਿਤਕ ਪਿਛੋਕੜ ਅਪਭ੍ਰੰਸ਼ ਦੇ 'ਵਿਲਾਸ' ਸਾਹਿਤ ਅਤੇ 'ਜਨਮਸਾਖੀ ਸਾਹਿਤ' ਨਾਲ ਜੋੜਦੇ ਹੋਏ ਦੱਸਦੇ ਹਨ "ਚਰਿਤ-ਕਾਵਿ ਦੀ ਪਰੰਪਰਾ ਦਾ ਆਰੰਭ ਅਪਭ੍ਰੰਸ਼ ਸਾਹਿਤ ਤੋਂ ਹੋਇਆ ਪ੍ਰਤੀਤ ਹੁੰਦਾ ਹੈ ਅਤੇ ਇਸ ਦੇ ਪਰਭਾਵ ਦੇ ਫਲਸਰੂਪ ਹਿੰਦੀ ਸਾਹਿਤ ਵਿਚ ਵੀ ਚਰਿਤ-ਕਾਵਿ ਦੀ ਪਰੰਪਰਾ ਚਲੀ ਹੈ . . . ਇਨ੍ਹਾਂ ਉਪਕਾਰਾਂ ਦੇ ਫਲਸਰੂਪ ਲੋਕੀਂ ਗੁਰੂ ਨਾਨਕ ਦੇ ਮਹਾਨ ਚਰਿਤ ਵੱਲ ਆਕਰਸ਼ਿਤ ਹੋਏ, ਉਨ੍ਹਾਂ ਦੀ ਵਿਚਾਰਧਾਰਾ ਤੋਂ ਪਰਭਾਵਿਤ ਹੋ ਕੇ ਉਨ੍ਹਾਂ ਦੇ ਸ਼ਰਧਾਲੂ ਬਣੇ, ਅਨੁਯਾਈ ਬਣ ਕੇ ਉਨ੍ਹਾਂ ਦਾ ਜਸ ਗਾਉਣ ਲੱਗੇ। ਸਾਹਿਤਿਕ ਰੁਚੀਆਂ ਵਾਲੇ ਅਨੁਯਾਈਆਂ ਨੇ ਉਨ੍ਹਾਂ ਦੇ ਚਰਿਤ ਬਾਰੇ ਆਪਣੀ ਭਾਵ-ਅਭਿਵਿਅਕਤੀ ਸ਼ੁਰੂ ਕੀਤੀ ਜੋ ਜਨਮ-ਸਾਖੀਆਂ ਦੇ ਰੂਪ ਵਿਚ ਸਾਡੇ ਸਾਹਮਣੇ ਆਈ। ਸਿੱਖ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਧਰਮ-ਸਾਧਨਾ ਦੇ ਸਰੂਪ ਵਿਚ ਮਹੱਤਵਪੂਰਨ ਪਰਿਵਰਤਨ ਲਿਆਉਣ ਵਾਲੇ ਦਸਮ ਗੁਰੂ ਸਨ। ਉਨ੍ਹਾਂ ਦੇ ਚਰਿਤ ਵਿਚ ਵਿਲੱਖਣ ਤੱਤ੍ਵ ਬਹੁਤ ਅਧਿਕ ਸਨ। ਉਨ੍ਹਾਂ ਦੇ ਕਾਰਨਾਮਿਆਂ ਅਤੇ ਉਪਕਾਰਾਂ ਨੇ ਲੋਕਾਂ/ਅਨੁਯਾਈਆਂ ਦੀ ਸੋਚਣੀ ਬਦਲ ਦਿੱਤੀ। ਲੋਕ-ਚੇਤਨਾ ਅਤੇ ਕਵੀ-ਮਨ ਨੂੰ ਹਲੂਣਾ ਦੇਣ ਵਾਲੀ ਇੱਕ ਸਖਸ਼ੀਅਤ ਸਾਹਮਣੇ ਆਈ ਇਸ ਲਈ ਉਨ੍ਹਾਂ ਦੇ ਚਰਿਤਾਂ, ਕੌਤਕਾਂ ਅਤੇ ਉਪਕਾਰਾਂ ਨੂੰ ਸੰਭਾਲਣ ਲਈ ਸਾਹਿਤਕਾਰਾਂ ਦੇ ਮਨ ਵਿਚ ਉਮੰਗ ਪੈਦਾ ਹੋਈ। ਉਹੀ ਉਮੰਗ ਉਨ੍ਹਾਂ ਰਚਨਾਵਾਂ ਦੇ ਰੂਪ ਵਿਚ ਸਾਹਮਣੇ ਆਈ ਜਿਨ੍ਹਾਂ ਨੂੰ 'ਗੁਰਬਿਲਾਸ' ਜਾਂ ਇਸ ਪ੍ਰਕਾਰ ਦਾ ਕੋਈ ਹੋਰ ਨਾਂ ਦਿੱਤਾ ਗਿਆ।"[11]

---

[10] ਰਤਨ ਸਿੰਘ ਜੱਗੀ (ਸੰਪਾ.), *ਸਿੱਖ ਪੰਥ ਵਿਸ਼ਵਕੋਸ਼*, ਪਟਿਆਲਾ: ਗੁਰ-ਰਤਨ ਪਬਲੀਸ਼ਰਜ਼, ਭਾਗ-I, 2005, ਪੰਨਾ 625.

[11] ਉਹੀ, ਪੰਨਾ 626.

ਜੈ ਭਗਵਾਨ ਗੋਯਲ 'ਵਿਲਾਸ' ਅਤੇ 'ਗੁਰਬਿਲਾਸ' ਸਾਹਿਤ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਦੇ ਹਨ 'ਹਿੰਦੀ ਵਿਚ ਚਾਲੀ ਤੋਂ ਵਧ ਅਜਿਹੇ ਕਾਵਿ ਗ੍ਰੰਥ ਉਪਲਬਧ ਹਨ ਜਿਨ੍ਹਾਂ ਨਾਲ 'ਵਿਲਾਸ' ਨਾਂ ਲਗਾ ਹੋਇਆ ਹੈ। ਸਤਾਰ੍ਹਵੀਂ ਸ਼ਤਾਬਦੀ ਤੋਂ ਉਨ੍ਹਵੀਂ ਸ਼ਤਾਬਦੀ ਤਕ ਅਜਿਹੇ ਕਾਵਿ ਗ੍ਰੰਥ ਲਿਖੇ ਜਾਂਦੇ ਰਹੇ। ਇਨ੍ਹਾਂ ਵਿਚ ਰੀਤੀ ਗ੍ਰੰਥ, ਤੱਤ ਗਿਆਨ ਨਾਲ ਸੰਬੰਧਿਤ, ਸ਼ਿੰਗਾਰ, ਭਗਤੀ, ਕੁਦਰਤ ਦਾ ਬਿਆਨ ਅਤੇ ਚਰਿਤ ਕਾਵਿ ਸ਼ੁਮਾਰ ਹਨ। ਸਪਸ਼ਟ ਹੈ ਕਿ ਵਿਲਾਸ-ਕਾਵਿ ਕਿਸੇ ਵਿਸ਼ੇਸ਼ ਸੁਭਾਅ ਦਾ ਲਖਾਇਕ ਨਹੀਂ ਹੈ। ਉਂਵ ਵਿਲਾਸ ਕਾਵਿ ਨੂੰ ਚਰਿਤ, ਰੂਪਕ, ਪਰਕਾਸ਼, ਰਾਸ ਆਦਿ ਵਾਂਗ ਚਰਿਤ ਕਾਵਿ ਹੀ ਸਮਝਿਆ ਜਾਂਦਾ ਹੈ। ਭਾਵੇਂ 'ਗੁਰਬਿਲਾਸ' ਵਿਚ ਇੱਕ ਥਾਂ ਤੇ 'ਵਿਲਾਸ' ਦੇ ਕੌਤਕ ਦੇ ਅਰਥ ਦਾ ਇਸ਼ਾਰਾ ਮਿਲਦਾ ਹੈ ਪਰ ਵਿਸ਼ੇ ਵਸਤੂ ਤੋਂ ਇਹ ਸਪਸ਼ਟ ਹੈ ਕਿ ਇਹ ਇੱਕ ਚਰਿਤ ਕਾਵਿ ਹੈ।'[12]

ਗੁਰਮੁਖੀ ਵਿਚ 'ਬਿਲਾਸ' ਸਿਰਲੇਖ ਦੀ ਵਰਤੋਂ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ। ਆਪ ਨੇ ਚੰਡੀ ਚਰਿਤ੍ਰ ਦਾ ਸਿਰਲੇਖ "ਅਥ ਚੰਡੀ ਚਰਿਤ੍ਰ ਉਕਤਿ ਬਿਲਾਸ" ਦਿੱਤਾ ਹੈ। 'ਗੁਰਬਿਲਾਸ ਪਾਤਸ਼ਾਹੀ ੧੦' ਦਾ ਸਾਹਿਤਕ ਪਿਛੋਕੜ ਹਿੰਦੀ ਅਤੇ ਬ੍ਰਜ ਦੇ 'ਵਿਲਾਸ' ਸਾਹਿਤ ਨਾਲ ਜੁੜਦਾ ਹੈ ਪਰ ਇਹ ਗ੍ਰੰਥ ਜੈ ਭਗਵਾਨ ਗੋਯਲ ਵਲੋਂ ਦੱਸੇ ਸ਼ਿੰਗਾਰ ਅਤੇ ਚਰਿਤ ਕਾਵਿ ਤੋਂ ਬਿਲਕੁਲ ਵੱਖਰੇ ਹਨ। ਰਾਸ ਸਾਹਿਤ ਵਿਚੋਂ ਮੁੱਖ ਰਚਨਾ 'ਪ੍ਰਿਥਵੀ ਰਾਜ ਰਾਸੋ' ਵਿਸ਼ੇ ਦੇ ਪਖੋਂ ਇੱਕ ਦੁਨਿਆਵੀ ਰਾਜੇ ਪ੍ਰਿਥਵੀ ਰਾਜ ਚੌਹਾਨ ਦਾ ਚਰਿੱਤਰ ਪੇਸ਼ ਕਰਦੀ ਹੈ। ਦੂਜੇ ਪਾਸੇ 'ਗੁਰਬਿਲਾਸ' ਦੇ ਕਵੀ ਵਾਰ-ਵਾਰ ਇਸ ਗੱਲ ਉੱਤੇ ਜੋਰ ਦਿੰਦੇ ਹਨ ਕਿ ਗੁਰੂ ਦੀ ਸ਼ਖਸੀਅਤ ਕਥਨ ਤੋਂ ਬਾਹਰੀ ਅਤੇ ਅਵਤਾਰੀ ਹੈ। ਦੂਜਾ 'ਗੁਰਬਿਲਾਸ' ਵਿਚ ਕਵੀ ਗੁਰੂ ਸ਼ਖਸੀਅਤ ਨੂੰ ਸਾਖੀ, ਕਥਾ ਅਤੇ ਉਪਦੇਸ਼ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਦੇ ਨਾਲ ਹੀ 'ਗੁਰਬਿਲਾਸ' ਗੁਰਮਤਿ ਦੇ ਤੱਤ ਗਿਆਨ, ਅਧਿਆਤਮ ਅਤੇ ਰਹਿਤ ਸੰਬੰਧੀ ਸਿਧਾਂਤ ਨੂੰ ਨਾ ਸਿਰਫ ਪੇਸ਼ ਕਰਦਾ ਹੈ ਸਗੋਂ ਉਨ੍ਹਾਂ ਨੂੰ ਸਮਰਥਾ ਅਨੁਸਾਰ ਤਰਤੀਬ-ਬੱਧ ਰੂਪ ਦਿੰਦਾ ਹੋਇਆ ਉਨ੍ਹਾਂ ਦੀ ਪ੍ਰੋੜਤਾ ਅਤੇ ਪਰਚਾਰ ਕਰਦਾ ਹੈ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ 'ਗੁਰਬਿਲਾਸ', ਚਰਿਤ-ਕਾਵਿ ਦੀਆਂ ਵਿਸ਼ੇਸ਼ਤਾਵਾਂ ਰੱਖਦੇ ਹੋਇਆਂ ਵੀ ਆਪਣੇ-ਆਪ ਵਿਚ ਇੱਕ ਨਿਵੇਕਲਾ ਸਾਹਿਤ ਹੈ।

ਸਿੱਖ ਪਰੰਪਰਾ ਵਿਚ ਇਨ੍ਹਾਂ ਗ੍ਰੰਥਾਂ ਤੋਂ ਬਿਨਾਂ ਕਵੀ ਸੋਹਨ ਵੱਲੋਂ ਸੰਮਤ 1775 ਬਿ. (ਸ਼ੱਕੀ) ਵਿਚ ਕੀਤੀ ਰਚਨਾ 'ਗੁਰਬਿਲਾਸ ਪਾਤਸ਼ਾਹੀ ੬' ਦਾ ਵੀ ਮੁੱਖ ਸਥਾਨ ਹੈ।[13] ਇਸੇ ਤਰ੍ਹਾਂ ਕਵੀ ਸੋਭਾ ਰਾਮ ਨੇ ਸੰਮਤ 1867 ਬਿ. (1810 ਈ.) ਵਿਚ 'ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ' ਦੀ ਰਚਨਾ ਕੀਤੀ।[14]

---

[12] सुख्खा सिँह, गुरविलास, जय भगवान गोयल (सँपा), पटियालाः भाषा विभाग पँजाब, 1970, पृष्ठ 1.
[13] ਰਤਨ ਸਿੰਘ ਜੱਗੀ (ਸੰਪਾ.), *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 626.
[14] ਉਹੀ

ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ ਕਿ ਪਹਿਲਾ 'ਗੁਰਬਿਲਾਸ' ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਅਤੇ ਦੂਜਾ 'ਗੁਰਬਿਲਾਸ' ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲਿਆਂ ਨਾਲ ਸੰਬੰਧਿਤ ਹੈ। ਇਸ ਕਰਕੇ ਗੁਰਬਿਲਾਸ ਦੇ ਨਾਲ ਲਿਖੇ ਪਾਤਸ਼ਾਹੀ ਪਦ ਅਤੇ ਛੇ ਜਾਂ ਦਸ ਆਦਿ ਅੰਕ ਦਾ ਆਪਣੀ ਵੱਖਰੀ ਪਛਾਣ ਲਈ ਵਿਸ਼ੇਸ਼ ਮਹੱਤਵ ਹੈ। ਇਸ ਕਰਕੇ ਗੁਰਸ਼ਰਨ ਕੌਰ ਜੱਗੀ ਦਾ ਵਿਚਾਰ ਸਹੀ ਜਾਪਦਾ ਹੈ "ਇਸ ਗ੍ਰੰਥ ਦਾ ਮੂਲ ਨਾਂ 'ਗੁਰਬਿਲਾਸ' ਹੈ ਪਰ ਚੂੰਕਿ ਇਹ ਦਸਵੇਂ ਗੁਰੂ ਸੰਬੰਧੀ ਲਿਖਿਆ ਗਿਆ ਹੈ, ਇਸ ਲਈ ਇਸ ਨੂੰ 'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਵੀ ਦਿੱਤਾ ਜਾਂਦਾ ਹੈ।"[15] 'ਗੁਰਬਿਲਾਸ ਪਾਤਸ਼ਾਹੀ ੧੦' ਤੋਂ ਬਿਨਾਂ ਗੁਰਬਿਲਾਸ ਸਾਹਿਤ ਵਿਚ ਗੁਰੂ ਸਾਹਿਬ ਨਾਲ ਸੰਬੰਧਿਤ ਬਾਵਾ ਸੁਮੇਰ ਸਿੰਘ ਰਚਿਤ 'ਪੋਥੀ ਗੁਰਬਿਲਾਸ ਕੀ' (1882 ਈ.) ਸ਼ਾਮਿਲ ਹੈ।

ਬਿਲਾਸ ਸਾਹਿਤ ਦਾ ਇੱਕ ਹੋਰ ਰੂਪ 'ਸ਼ਹੀਦ ਬਿਲਾਸ' ਸਿੱਖ ਸਾਹਿਤ ਵਿਚ ਸਾਹਮਣੇ ਆਇਆ ਹੈ। ਇਸ ਵੰਨਗੀ ਵਿਚ 'ਸ਼ਹੀਦ ਬਿਲਾਸ ਭਾਈ ਮਨੀ ਸਿੰਘ' ਅਤੇ 'ਸ਼ਹੀਦ-ਬਿਲਾਸ ਸੰਤ ਜਰਨੈਲ ਸਿੰਘ' ਸ਼ੁਮਾਰ ਹਨ। ਭਾਈ ਮਨੀ ਸਿੰਘ ਸ਼ਹੀਦ ਦੇ ਜੀਵਨ ਅਤੇ ਸ਼ਖਸੀਅਤ ਨਾਲ ਸੰਬੰਧਿਤ 'ਸ਼ਹੀਦ ਬਿਲਾਸ' ਦੀ ਰਚਨਾ ਸੇਵਾ ਸਿੰਘ ਨੇ ਭੱਟਾਖਰੀ ਵਿਚ ਕੀਤੀ। ਇਸ ਦਾ ਗੁਰਮੁਖੀ ਉਤਾਰਾ ਸੇਵਾ ਸਿੰਘ ਦੀ ਤੀਜੀ ਪੀੜ੍ਹੀ ਦੇ ਭੱਟ ਛੱਜੂ ਸਿੰਘ ਨੇ 1927 ਬਿ. (1870 ਈ.) ਵਿਚ ਕੀਤਾ ਹੈ।[16] ਦੂਜਾ 'ਸ਼ਹੀਦ-ਬਿਲਾਸ' ਸੰਤ ਜਰਨੈਲ ਸਿੰਘ ਜੀ ਦੀ ਸ਼ਹਾਦਤ ਅਤੇ ਸ਼ਖਸੀਅਤ ਸੰਬੰਧੀ ਵੱਖ-ਵੱਖ ਵਿਦਵਾਨਾਂ ਦੀ ਕਾਵਿ ਅਤੇ ਵਾਰਤਕ ਰਚਨਾ ਦਾ ਸੰਜੋਗ ਹੋਣ ਕਰਕੇ ਪਹਿਲੇ ਬਿਲਾਸ ਸਾਹਿਤ ਤੋਂ ਬਿਲਕੁਲ ਵੱਖਰੇ ਤਰ੍ਹਾਂ ਦੀ ਰਚਨਾ ਹੈ।[17] ਇਸ ਤਰ੍ਹਾਂ 'ਬਿਲਾਸ' ਸਾਹਿਤ-ਵਿਧਾ ਨੇ ਗੁਰਮੁਖੀ ਵਿਚ ਆ ਕੇ ਇੱਕ ਨਿਵੇਕਲਾ ਸਰੂਪ ਅਤੇ ਮਹੱਤਵ ਧਾਰਨ ਕੀਤਾ ਹੈ।

## ਰਚਨਾਕਾਰ ਅਤੇ ਰਚਨਾ ਕਾਲ

**'ਗੁਰਬਿਲਾਸ ਪਾਤਸ਼ਾਹੀ ੧੦' ਕ੍ਰਿਤ ਕੁਇਰ ਸਿੰਘ** : ਫੌਜਾ ਸਿੰਘ ਅਨੁਸਾਰ ਕੁਇਰ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਅੱਸੂ ਸੁਦੀ 11, ਸੰਮਤ 1808 ਬਿ. ਮੁਤਾਬਕ 1751 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਲਗਭਗ 43 ਵਰ੍ਹੇ ਬਾਅਦ ਕੀਤੀ।[18] ਰਤਨ ਸਿੰਘ ਜੱਗੀ ਨੇ

---

15 ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ IV.

16 ਗਰਜਾ ਸਿੰਘ (ਸੰਪਾ.), *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਸੇਵਾ ਸਿੰਘ, ਲੁਧਿਆਣਾ: ਪੰਜਾਬੀ ਸਾਹਿਤ ਅਕਾਦਮੀ, 1961.

17 ਗੁਰਤੇਜ ਸਿੰਘ ਅਤੇ ਸਵਰਨਜੀਤ ਸਿੰਘ (ਸੰਪਾ.), *ਸ਼ਹੀਦ-ਬਿਲਾਸ ਸੰਤ ਜਰਨੈਲ ਸਿੰਘ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2005.

18 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਫੌਜਾ ਸਿੰਘ, 'ਭੂਮਿਕਾ', ਪੰਨਾ VIII.

ਵੀ ਇਸ ਦਾ ਰਚਨਾ ਕਾਲ 1751 ਈ. ਹੀ ਮੰਨਿਆ ਹੈ[19], ਪਰ ਉਨ੍ਹਾਂ ਨੇ ਇਸ ਮਿਤੀ ਦੀ ਪ੍ਰੋੜਤਾ ਲਈ 'ਗੁਰਬਿਲਾਸ' ਵਿਚਲੇ ਰਚਨਾ ਕਾਲ ਸੰਬੰਧੀ ਛੰਦ ਦੀ ਕੋਈ ਵਿਆਖਿਆ ਪੇਸ਼ ਨਹੀਂ ਕੀਤੀ। ਕਵੀ ਨੇ ਗ੍ਰੰਥ ਸੰਪੂਰਨਤਾ ਦੀ ਮਿਤੀ ਇਸ ਤਰ੍ਹਾਂ ਦਿੱਤੀ ਹੈ :

ਸੰਮਤ ਬਸੁ ਇਕਾਦਸ ਤਾਹਿ ਮੈ, ਕੁਆਰ ਸੁ ਮਾਸ ਕੇ ਦਿਵਸ ਮੰਝਾਰੀ॥

ਅਠ ਦਸ ਸੰਮਤ ਪ੍ਰਥਮ ਬਰ, ਮਾਸ ਕੁਆਰ ਜੋ ਆਹਿ।

ਪੁਸਤਕ ਭਯੋ ਸੰਪੂਰਨੰ, ਚੰਦ ਤਨੁਜ ਦਿਨ ਮਾਹਿ॥[20]

ਭਾਈ ਵੀਰ ਸਿੰਘ ਨੇ ਇਸ ਛੰਦ ਦੇ ਅਧਾਰ ਤੇ ਇਸ 'ਗੁਰਬਿਲਾਸ' ਦਾ ਰਚਨਾ ਕਾਲ ਸੰਮਤ 1808 ਤੋਂ 1819 ਭਾਵ ਸੰਨ 1751 ਈ. ਤੋਂ 1762 ਈ. ਦੇ ਵਿਚਕਾਰਲਾ ਹੋਣ ਦਾ ਸੰਕੇਤ ਕੀਤਾ ਹੈ।[21] 'ਬਸੁ' ਦਾ ਅਰਥ ਹੈ ਅੱਠ (ਗਣ ਦੇਵਤਾ) ਅਤੇ ਇਕਾਦਸ ਭਾਵ 11 (1+10), ਜੋ ਮਿਲ ਕੇ ਬਣੇ 19 (8+11) ਅੱਸੂ। ਦੋਹਰਾ ਅੱਠ+ਦਸ ਭਾਵ 18 ਸੰਮਤ ਨੂੰ ਉੱਪਰ ਦੱਸੀ ਮਿਤੀ ਤੋਂ (ਪ੍ਰਥਮ ਬਰ) ਪਹਿਲਾਂ ਗਿਣੋ ਤਾਂ ਸੰਮਤ 1819 ਬਿ. ਬਣਦਾ ਹੈ।

ਸੁਰਜੀਤ ਹਾਂਸ ਨੇ ਇਸ 'ਗੁਰਬਿਲਾਸ' ਨੂੰ ਅਠਾਰਵੀਂ ਸਦੀ ਤੋਂ ਬਾਅਦ ਦੀ ਕਿਰਤ ਦੱਸਿਆ ਹੈ।[22] ਉਨ੍ਹਾਂ ਦਾ ਮੰਨਣਾ ਹੈ ਕਿ ਕੁਇਰ ਸਿੰਘ ਨੇ ਕਵੀ ਸੁੱਖਾ ਸਿੰਘ ਦੇ ਗੁਰਬਿਲਾਸ (1797 ਈ.) ਵਿਚੋਂ ਕਥਾ ਅਤੇ ਛੰਦ ਆਪਣੀ ਰਚਨਾ ਵਿਚ ਵਰਤੇ ਹਨ, ਇਸ ਕਰਕੇ ਇਹ ਗ੍ਰੰਥ ਅਠਾਰਵੀਂ ਸਦੀ ਤੋਂ ਬਾਅਦ ਰਚਿਆ ਗਿਆ ਹੈ। ਸੁਰਜੀਤ ਹਾਂਸ ਅਨੁਸਾਰ ਕੁਇਰ ਸਿੰਘ ਦੀ ਮੁਸਲਮਾਨਾਂ ਨਾਲ ਸੁਲ੍ਹਾ ਵਾਲੀ ਵਿਚਾਰਧਾਰਾ, ਸਿੱਖਾਂ ਦੀ ਰਾਜਸੀ ਤਾਕਤ ਅਤੇ ਤੁਰਕਾਂ ਦੀ ਆਪਸੀ ਫੁੱਟ ਦੇ ਸੰਕੇਤ ਇਸ ਰਚਨਾ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਕਾਲੀ ਬਣਾਉਦੇ ਹਨ। ਮਦਨਜੀਤ ਕੌਰ ਨੇ ਸੁਰਜੀਤ ਹਾਂਸ ਦੀ ਥਾਂ ਭਾਈ ਵੀਰ ਸਿੰਘ ਦੇ ਦੱਸੇ ਰਚਨਾ ਕਾਲ ਨੂੰ ਵਧੇਰੇ ਸਹੀ ਪਰਵਾਣ ਕੀਤਾ ਹੈ।[23] ਮਦਨਜੀਤ ਕੌਰ ਦਾ ਵਿਚਾਰ ਹੈ ਕਿ ਮੁਸਲਮਾਨਾਂ ਨਾਲ ਸੁਲ੍ਹਾ ਵਾਲਾ ਰਵਈਆ ਸਿੱਖ ਸਿਧਾਂਤ ਦਾ ਅਨੁਸਾਰੀ ਹੈ। ਉਨ੍ਹਾਂ ਦਾ ਮਤ ਹੈ ਕਿ ਅਠਾਰਵੀਂ ਸਦੀ ਵਿਚ ਅਫਗਾਨਾਂ ਵਲੋਂ ਦਿੱਲੀ ਹਕੂਮਤ ਉੱਪਰ ਕੀਤੇ ਹਮਲੇ ਤੋਂ ਤੁਰਕਾਂ ਦੀ ਆਪਸੀ ਫੁੱਟ ਜਾਹਰ ਹੋ ਚੁਕੀ ਸੀ ਅਤੇ 'ਦਲ

---

19 ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 628.

20 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪੰਨਾ 276.

21 ਵੀਰ ਸਿੰਘ, *ਦੇਵੀ ਪੂਜਨ ਪੜਤਾਲ*, ਅਮ੍ਰਿਤਸਰ: ਵਜ਼ੀਰ-ਏ-ਹਿੰਦ ਪ੍ਰੈਸ, 1963, ਪੰਨਾ 55.

22 Surjit Hans, *A Reconstruction of Sikh History from Sikh Literature*, Jalandhar: ABS Publication, 1988, p 206.

23 Recent Researches in Sikhism, Jasbir Singh Mann, Kharak Singh (Edt.), Madanjit Kaur, *Koer Singh's Gurbilas patshahi 10: An Eighteenth Century Sikh Literature,* Patiala: Punjabi University, 2002, p 165.

ਖਾਲਸਾ' ਜਥੇਬੰਦੀ ਤੋਂ ਸਿੱਖਾਂ ਦਾ ਰਾਜਸੀ ਤਾਕਤ ਵਜੋਂ ਉਭਾਰ ਸਪਸ਼ਟ ਵੇਖਿਆ ਜਾ ਸਕਦਾ ਸੀ।[24] ਕੁਇਰ ਸਿੰਘ ਆਪਣਾ ਸੰਬੰਧ ਭਾਈ ਮਨੀ ਸਿੰਘ ਨਾਲ ਜੋੜਦਾ ਹੈ। ਮਦਨਜੀਤ ਕੌਰ ਅਨੁਸਾਰ ਜੇਕਰ ਉਸ ਨੇ ਹੋਰ ਕਵੀਆਂ ਵਾਂਗ ਆਪਣੇ ਰਚਨਾ ਕਾਲ ਬਾਰੇ ਝੂਠ ਹੀ ਲਿਖਣਾ ਹੁੰਦਾ ਤਾਂ ਉਹ ਆਪਣੇ-ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਵੀ ਦੱਸ ਸਕਦਾ ਸੀ, ਜਿਨ੍ਹਾਂ ਦਾ ਜੀਵਨ ਉਹ ਬਿਆਨ ਕਰ ਰਿਹਾ ਹੈ। ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕੁਇਰ ਸਿੰਘ ਦੀ ਰਚਨਾ ਨੂੰ ਕਵੀ ਸੁੱਖਾ ਸਿੰਘ ਦੀ ਰਚਨਾ ਜਾਂ ਅਠਾਰਵੀਂ ਸਦੀ ਤੋਂ ਬਾਅਦ ਦੀ ਕਿਰਤ ਮੰਨਣਾ ਸਹੀ ਨਹੀਂ ਜਾਪਦਾ। ਸੰਖੇਪ ਵਿਚ ਕੁਇਰ ਸਿੰਘ ਦੀ ਰਚਨਾ 'ਗੁਰਬਿਲਾਸ ਪਾਤਸ਼ਾਹੀ ੧੦' ਦਾ ਰਚਨਾ ਕਾਲ 1751 ਈ. ਤੋਂ 1762 ਈ. ਦੇ ਵਿਚਕਾਰ ਦਾ ਮੰਨਿਆ ਜਾ ਸਕਦਾ ਹੈ।

**ਕਵੀ ਕੁਇਰ ਸਿੰਘ :** 'ਗੁਰਬਿਲਾਸ ਪਾਤਸ਼ਾਹੀ ੧੦' ਕਵੀ ਕੁਇਰ ਸਿੰਘ ਦੀ ਰਚਨਾ ਹੈ ਪਰ ਇਸ ਗ੍ਰੰਥ ਦਾ ਕਰਤਾ ਭਾਈ ਮਨੀ ਸਿੰਘ ਨੂੰ ਸਮਝਿਆ ਜਾਂਦਾ ਰਿਹਾ ਹੈ। ਰਚਨਾ ਵਿਚ ਇੱਕ ਵਾਰ ਕੁਇਰ ਸਿੰਘ, ਇੱਕ ਵਾਰ ਕੰਤ ਹਰਿ, ਦੋ ਵਾਰ ਬਿਸ਼ਨ ਹਰਿ ਅਤੇ ਦਸ ਵਾਰ ਮਨੀ ਸਿੰਘ ਦਾ ਜ਼ਿਕਰ ਆਉਂਦਾ ਹੈ। ਫੌਜਾ ਸਿੰਘ ਨੇ ਵਾਰ-ਵਾਰ ਮਨੀ ਸਿੰਘ ਦਾ ਨਾਂ ਆਉਣ ਨੂੰ ਹੀ, ਕਰਤਾ ਸੰਬੰਧੀ ਪਏ ਇਸ ਭੁਲੇਖੇ ਦਾ ਕਾਰਨ ਮੰਨਿਆ ਹੈ।[25] ਪਰ ਰਚਨਾ ਅੰਦਰਲੀ ਗਵਾਹੀ ਤੋਂ ਪਤਾ ਲਗਦਾ ਹੈ ਕਿ ਭਾਈ ਮਨੀ ਸਿੰਘ ਗ੍ਰੰਥ ਦੇ ਕਰਤਾ ਨਹੀਂ ਸਗੋਂ ਉਨ੍ਹਾਂ ਤੋਂ ਕਥਾ ਸੁਣ ਕੇ ਕੁਇਰ ਸਿੰਘ ਨੇ ਇਹ ਰਚਨਾ ਕੀਤੀ ਹੈ।[26] ਜਿਥੋਂ ਤੱਕ ਸ੍ਰੀ ਕੰਤ ਹਰਿ ਅਤੇ ਬਿਸ਼ਨ ਹਰਿ ਨਾਂਵਾਂ ਦਾ ਸਵਾਲ ਹੈ, ਰਤਨ ਸਿੰਘ ਜੱਗੀ ਅਨੁਸਾਰ "ਕਵੀ ਨੇ ਇਸ ਕਾਵਿ ਵਿਚ ਆਪਣੇ ਦੋ ਪਰਿਆਇਵਾਚੀ ਨਾਂ- ਬਿਸਨ ਹਰਿ ਅਤੇ ਸ੍ਰੀਕਾਂਤ ਹਰਿ- ਵਰਤੇ ਹਨ। ਇਹ ਦੋਵੇਂ ਨਾਂ 'ਕੋਇਰ ਸਿੰਘ' ਦੇ ਸਮਾਨਾਰਥ ਸਿੱਧ ਨਹੀਂ ਹੁੰਦੇ। ਸੰਭਵ ਹੈ ਕਵੀ ਦਾ ਨਾਂ ਭਾਈ ਮਨੀ ਸਿੰਘ ਨੇ ਅੰਮ੍ਰਿਤਪਾਨ ਕਰਨ ਵੇਲੇ ਬਿਸ਼ਨ ਸਿੰਘ ਰੱਖ ਦਿੱਤਾ ਹੋਵੇ।"[27] ਅੰਮ੍ਰਿਤ ਛੱਕਣ ਤੋਂ ਬਾਅਦ ਨਾਂ ਬਦਲਣ ਦੀ ਪਰੰਪਰਾ ਮੰਨੀ ਜਾਂਦੀ ਹੈ ਇਸ ਕਰਕੇ ਕੁਇਰ ਸਿੰਘ ਦਾ ਹੀ ਦੂਜਾ ਨਾਂ ਬਿਸ਼ਨ ਸਿੰਘ ਮੰਨਿਆ ਜਾ ਸਕਦਾ ਹੈ। ਫੌਜਾ ਸਿੰਘ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਸ੍ਰੀਕੰਤ ਹਰਿ ਨੂੰ ਬਿਸ਼ਨ ਹਰਿ ਦਾ ਹੀ ਪਰਿਆਏਵਾਚੀ ਦੱਸਦੇ ਹਨ। ਕੁਇਰ ਸਿੰਘ ਦੇ ਜੀਵਨ ਸੰਬੰਧੀ ਜਾਣਨ ਲਈ, ਉਸ ਵੱਲੋਂ ਰਚਨਾ ਅੰਦਰ ਦਿੱਤੀ ਗਈ ਸੀਮਤ ਜਾਣਕਾਰੀ ਹੀ ਸਾਡੇ

---

[24] Ibid, p 168.
[25] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ VIII.
[26] ਉਹੀ, ਛੰਦ 209, ਪੰਨਾ 276.
[27] ਰਤਨ ਸਿੰਘ ਜੱਗੀ (ਸੰਪਾ.), *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, *ਪੰਨਾ* 628.

ਲਈ ਇੱਕੋ-ਇੱਕ ਵਸੀਲਾ ਹੈ। ਇੱਕੀਵੇਂ ਅਧਿਆਇ ਵਿਚ ਕਵੀ ਨੇ ਆਪਣੇ-ਆਪ ਨੂੰ ਕੁਇਰ ਸਿੰਘ ਕਲਾਲ ਦੱਸਿਆ ਹੈ, ਜੋ ਕੰਬੋਆਂ ਦੇ ਮਹੱਲੇ ਵਿਚ ਰਹਿੰਦਾ ਹੈ :

ਕੁਇਰ ਸਿੰਘ ਕਲਾਲ ਅਤਿ ਜੋਈ। ਰਹੈ ਕੰਬੋਅਨ ਅੰਗਨ ਸੋਈ।
ਨਾਮ ਮਾਤ੍ਰੀ ਸਿੰਘ ਹੋ ਭਾਈ। ਪੂਰਬ ਖੰਡੇ ਪਾਹੁਲ ਨਾ ਲਈ॥
ਜਬ ਨੌਕਰੀ ਤੇ ਭਏ ਬੈਰਾਗੀ। ਸੁਨਤ ਸਾਖੀਅਨ ਮਨ ਅਨੁਰਾਗੀ।
ਮਨੀ ਸਿੰਘ ਏ ਬਚਨ ਅਲਾਏ। ਸੁਨੋ ਖਾਲਸਾ ਜੀ ਚਿਤ ਲਾਏ॥[28]

ਇਹ ਮਹੱਲਾ ਕਿਸ ਸ਼ਹਿਰ ਦਾ ਹੈ ਇਸ ਬਾਰੇ ਕਵੀ ਨੇ ਕੋਈ ਜਾਣਕਾਰੀ ਨਹੀਂ ਮਿਲਦੀ। ਰਤਨ ਸਿੰਘ ਜੱਗੀ ਅਨੁਸਾਰ ਵਿਦਵਾਨਾਂ ਦਾ ਅਨੁਮਾਨ ਹੈ ਕਿ ਇਹ ਮਹੱਲਾ ਲਾਹੌਰ ਸ਼ਹਿਰ ਦਾ ਹੋ ਸਕਦਾ ਹੈ।[29] ਇਹ ਅਨੁਮਾਨ ਲਾਹੌਰ ਵਿਖੇ ਭਾਈ ਮਨੀ ਸਿੰਘ ਦੀ ਸ਼ਹੀਦੀ ਬਾਰੇ ਕੁਇਰ ਸਿੰਘ ਦੇ ਅੱਖੀਂ ਡਿੱਠਾ ਹਾਲ ਦੱਸਣ ਦੇ ਆਧਾਰ 'ਤੇ ਵੀ ਲਾਇਆ ਹੋ ਸਕਦਾ ਹੈ। ਕੁਇਰ ਸਿੰਘ ਦੇ ਦੱਸਣ ਅਨੁਸਾਰ ਪਹਿਲਾਂ ਉਸ ਨੇ ਖੰਡੇ ਦੀ ਪਾਹੁਲ ਨਹੀਂ ਲਈ ਸੀ। ਉਹ ਨੌਕਰੀ ਛੱਡਣ ਪਿਛੋਂ ਬੈਰਾਗੀ ਹੋ ਗਿਆ। ਭਾਵ ਕੁਇਰ ਸਿੰਘ ਰਚਨਾ ਕਰਨ ਸਮੇਂ ਸਿੰਘ ਸਜ ਚੁਕਿਆ ਸੀ। ਉਹ ਕਿਸ ਮਹਿਕਮੇ ਵਿਚ ਨੌਕਰੀ ਕਰਦਾ ਸੀ, ਇਸ ਬਾਰੇ ਰਚਨਾ ਅੰਦਰ ਕੋਈ ਇਸ਼ਾਰਾ ਨਹੀਂ ਮਿਲਦਾ। ਭਾਈ ਮਨੀ ਸਿੰਘ ਪਾਸੋਂ ਗੁਰੂ ਜੀ ਦੀਆਂ ਸਾਖੀਆਂ ਸੁਣ ਕੇ ਉਸ ਦੇ ਮਨ ਵਿਚ ਸਿੱਖੀ ਪ੍ਰੇਮ ਪੈਦਾ ਹੋਇਆ। ਇਸ ਪ੍ਰੇਮ ਅਤੇ ਪ੍ਰੇਰਨਾ ਦਾ ਸਦਕਾ ਹੀ ਕਵੀ ਨੇ ਭਾਈ ਮਨੀ ਸਿੰਘ ਵੱਲੋਂ ਸੁਣਾਈ ਕਥਾ ਨੂੰ ਕਾਵਿ ਰੂਪ ਦਿੱਤਾ। ਕੁਇਰ ਸਿੰਘ ਦੀ ਇੱਕਮਾਤਰ ਰਚਨਾ 'ਗੁਰਬਿਲਾਸ ਪਾਤਸ਼ਾਹੀ ੧੦' ਹੀ ਮਿਲਦੀ ਹੈ। ਸਿੱਖ ਸ੍ਰੋਤਾਂ ਵਿਚ ਕੁਇਰ ਸਿੰਘ ਦੇ ਜਨਮ, ਅਕਾਲ ਚਲਾਣੇ ਅਤੇ ਪਰਿਵਾਰ ਬਾਰੇ ਹੋਰ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

**'ਗੁਰਬਿਲਾਸ ਪਾਤਸ਼ਾਹੀ ੧੦' ਕ੍ਰਿਤ ਸੁੱਖਾ ਸਿੰਘ :** ਕਵੀ ਸੁੱਖਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਲਗਭਗ 89 ਸਾਲ ਬਾਅਦ ਸੰਮਤ 1854 ਬਿ. ਅਨੁਸਾਰ ਸੰਨ 1797 ਈ. ਵਿਚ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਕੀਤੀ।[30] ਕਵੀ ਨੇ ਆਪਣੀ ਰਚਨਾ ਦਾ ਸਮਾਂ ਇਸ ਤਰ੍ਹਾਂ ਦੱਸਿਆ ਹੈ :

ਸੰਮਤ ਸਹਸ ਪੁਰਾਨ ਕਹਤ ਤਬ। ਅਰਧ ਸਹਸ ਫੁਨ ਚਾਰ ਗਨਤ ਸਬ॥

---

[28] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ, ਛੰਦ 208-9, ਪੰਨਾ 276.
[29] ਰਤਨ ਸਿੰਘ ਜੱਗੀ (ਸੰਪਾ.), *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 628.
[30] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ II.
[32] ਉਹੀ, ਪੰਨਾ 4.

ਕੁਆਰ ਵਦੀ ਪੰਚਮ ਰਵਿ ਵਾਰਾ। ਗੁਰ ਬਿਲਾਸ ਲੀਨੋ ਅਵਤਾਰਾ॥[31]

ਸਹਸ ਭਾਵ ਸੌ ਅਤੇ ਪੁਰਾਨ ਤੋਂ ਭਾਵ ਅਠਾਰ੍ਹਾਂ ਹੈ ਜੋ ਮਿਲ ਕੇ ਸੰਮਤ 1800 ਦਾ ਸੰਕੇਤ ਕਰਦੇ ਹਨ। ਅਰਧ ਸਹਸ (50) ਅਤੇ ਚਾਰ ਦਾ ਜੋੜ ਚੁਰੰਜਾ ਬਣਦਾ ਹੈ। ਅੱਸੂ ਮਹੀਨੇ ਦੇ ਹਨੇਰੇ ਪੱਖ ਦੇ ਪੰਜਵੇ ਦਿਨ, ਐਤਵਾਰ ਨੂੰ ਗੁਰਬਿਲਾਸ ਨੇ ਅਵਤਾਰ ਧਾਰਿਆ। ਇਸ ਤਰ੍ਹਾਂ ਇਸ ਗ੍ਰੰਥ ਦਾ ਰਚਨਾ ਕਾਲ ਸੰਮਤ 1854 ਬਿ. ਅੱਸੂ ਬਣਦਾ ਹੈ। ਰਤਨ ਸਿੰਘ ਜੱਗੀ[32] ਅਤੇ ਕ੍ਹਾਨ ਸਿੰਘ ਨਾਭਾ ਨੇ ਵੀ ਇਸ ਮਿਤੀ ਨੂੰ ਸਹੀ ਮੰਨਿਆ ਹੈ।[33]

**ਕਵੀ ਸੁੱਖਾ ਸਿੰਘ :** ਰਤਨ ਸਿੰਘ ਜੱਗੀ ਅਨੁਸਾਰ "ਇਤਿਹਾਸ ਵਿਚ ਤਿੰਨ ਸੁਖਾ ਸਿੰਘ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹਨ। ਇੱਕ ਉਹ ਜਿਸ ਨੇ ਭਾਈ ਮਹਿਤਾਬ ਸਿੰਘ ਨਾਲ ਮਿਲ ਕੇ ਮੱਸੇ ਰੰਘੜ ਦਾ, ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਕਰਕੇ, ਸਿਰ ਵੱਢਿਆ ਸੀ। ਦੂਜਾ ਜਨਮ-ਸਥਾਨ ਗੁਰੂ-ਧਾਮ, ਪਟਨਾ ਵਿਚ ਗ੍ਰੰਥੀ ਸੀ ਅਤੇ ਜਿਸ ਨੇ ਕੁੱਝ ਵਾਧੂ ਰਚਨਾਵਾਂ ਸਹਿਤ 'ਦਸਮ ਗ੍ਰੰਥ' ਦੀ ਇੱਕ ਬੀੜ ਤਿਆਰ ਕੀਤੀ ਸੀ। ਤੀਜਾ ਜਿਸ ਨੇ 'ਗੁਰਬਿਲਾਸ' ਦੀ ਰਚਨਾ ਕੀਤੀ। ਇਸ ਨੂੰ ਕਵੀ ਸੁੱਖਾ ਸਿੰਘ ਕਹਿਣਾ ਹੀ ਉਚਿਤ ਹੋਵੇਗਾ।"[34] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਕਵੀ ਸੁੱਖਾ ਸਿੰਘ ਦਾ ਜਨਮ 1825 ਬਿ. (1768 ਈ.) ਅਤੇ ਅਕਾਲ ਚਲਾਣਾ 1895 ਬਿ. (1838 ਈ.) ਵਿਚ ਹੋਇਆ। ਕਵੀ ਕੇਸਗੜ੍ਹ ਸਾਹਿਬ ਦਾ ਗਿਆਨੀ ਸੀ ਅਤੇ ਉਸ ਦੀ ਪਤਨੀ ਗੁਲਾਬ ਦੇਵੀ ਦਾ ਦਿਹਾਂਤ ਸੰਮਤ 1935 (1878 ਈ.) ਵਿਚ ਹੋਇਆ।'[35]

ਪਰ ਕਵੀ ਦੇ ਜਨਮ, ਅਕਾਲ ਚਲਾਣੇ ਅਤੇ ਗ੍ਰਿਹਸਥੀ ਹੋਣ ਸੰਬੰਧੀ ਇੱਕੋ-ਇੱਕ ਮਹਾਨ ਕੋਸ਼ ਵਾਲੀ ਸੂਚਨਾ ਉੱਪਰ ਹੀ ਨਿਰਭਰ ਕਰਨਾ ਪੈਂਦਾ ਹੈ। ਕਵੀ ਨੇ ਗ੍ਰੰਥ ਦੇ ਪਹਿਲੇ ਅਧਿਆਏ ਵਿਚ ਆਪਣੇ ਸੰਬੰਧੀ ਸੰਖੇਪ ਪਰ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਜਿਸ ਅਨੁਸਾਰ ਕਵੀ ਦੇ ਬਚਪਨ ਵਿਚ ਹੀ ਮਾਤਾ ਪਿਤਾ ਅਕਾਲ ਚਲਾਣਾ ਕਰ ਗਏ ਸਨ ਅਤੇ ਉਸ ਨੂੰ ਵਡੇ ਭਰਾ ਨੇ ਪਾਲਿਆ ਅਤੇ ਪੜ੍ਹਾਇਆ। ਕਵੀ ਆਪਣੇ ਭਰਾ ਦੇ ਨਾਲ ਪੂਰਬ ਦੀ ਤੀਰਥ ਯਾਤਰਾ ਲਈ ਗਿਆ ਪਰ ਨਾਨਕਮਤੇ ਪਹੁੰਚ ਕੇ ਉਸ ਦਾ ਭਰਾ ਵੀ ਚਲਾਣਾ ਕਰ ਗਿਆ :

ਤਾਤ ਮਾਤ ਪ੍ਰਭ ਪੁਰ ਗਏ ਬਾਰਕ ਬੈਸ ਮੰਝਾਰ।
ਬਡੈ ਭ੍ਰਾਤ ਪ੍ਰਤਿਪਾਰਿਯੋ ਲਿਖਨ ਪੜ੍ਹਨ ਦੈ ਪਯਾਰ॥

---

31 ਰਤਨ ਸਿੰਘ ਜੱਗੀ (ਸੰਪਾ.), *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 628.
32 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 209.
33 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਗੁਰਸ਼ਰਨ ਕੌਰ ਜੱਗੀ, ਪੰਨਾ 301.
34 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 301.
35 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 209.

ਲੈ ਭ੍ਰਾਤਾ ਪੂਰਬ ਕੀਯੋ ਦਰਸਨ ਕਾਜ ਪਯਾਨ।

ਨਾਨਕ ਮਤੇ ਸੁ ਆਇ ਕਰ ਤਿਨਹੂ ਤਜੇ ਪਰਾਨ॥ [36]

ਕਵੀ ਨੇ ਆਪਣੇ ਭਰਾ ਨੂੰ ਬੇਨਤੀ ਕੀਤੀ ਕਿ ਤੁਹਾਡੇ ਬਾਅਦ ਮੈ ਕਿਸ ਦਾ ਪੱਲਾ ਫੜ੍ਹਾਂ ਤਾਂ ਉਸ ਨੇ ਕਵੀ ਨੂੰ ਦੋਹਾਂ ਜਹਾਨਾਂ ਵਿਚ ਸਹਾਈ ਹੋਣ ਵਾਲੇ ਗੁਰੂ ਦੀ ਸ਼ਰਨ ਵਿਚ ਜਾਣ ਦਾ ਹੁਕਮ ਦਿੱਤਾ :

ਸਾਂਤ ਸਮੈ ਨਿਜ ਪੂਛਿਓ ਕਹੁ ਪਯਾਰੇ ਗਲ।

ਗੌਨ ਕਰਤ ਪਰਲੋਕ ਤੁਮ ਹਮ ਪਕਰਹਿ ਕਿਹ ਪਲ॥

ਕਹਾ ਬੰਧੁ ਗੁਰ ਕੋ ਗਹੁ ਪਲ। ਇਤ ਉਤ ਜਾ ਕੋ ਹੁਕਮ ਅਚਲ॥

ਕਵੀ ਨੇ ਭਰਾ ਦਾ ਹੁਕਮ ਮੰਨ ਕੇ ਪਟਨਾ ਸਾਹਿਬ ਵਿਖੇ ਸ਼ਰਨ ਲਈ। ਜਿਥੇ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਾਲ ਅਵਸਥਾ ਦੇ ਕੌਤਕ-ਅਸਥਾਨ ਦੇਖੇ ਅਤੇ ਸੰਗਤ ਵਿਚ ਸੁਖ-ਆਨੰਦ ਨਾਲ ਗਿਆਰਾਂ ਮਹੀਨੇ ਨਿਵਾਸ ਕੀਤਾ। ਇਸ ਤਰ੍ਹਾਂ ਕਵੀ ਨੇ ਇਤਿਹਾਸਕ ਸਥਾਨ ਦੀ ਸੇਵਾ ਦੇ ਨਾਲ-ਨਾਲ ਗੁਰਬਾਣੀ ਅਧਿਐਨ ਵੀ ਕੀਤਾ। ਕਵੀ ਨੂੰ ਗੁਰੂ ਜੀ ਨੇ ਸੁਪਨੇ ਵਿਚ ਦਰਸ਼ਨ ਦਿੱਤੇ ਅਤੇ ਕਵੀ ਨੇ ਸ਼ਸਤ੍ਰ ਨਾਮਮਾਲਾ ਦੇ ਅਰਥ ਗਿਆਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਹੁਕਮ ਕੀਤਾ ਕਿ ਸ਼ਸਤ੍ਰ ਨਾਮਮਾਲਾ ਦੇ ਅਰਥ ਇਸ ਦੇ ਵਿਚ ਹੀ ਮੌਜੂਦ ਹਨ ਜਿਨ੍ਹਾਂ ਨੂੰ ਤੂੰ ਧੀਰਜ ਨਾਲ ਜਾਣ ਲਵੇਂਗਾ :

ਸੁਪਨੈ ਮੈ ਦਰਸਨ ਭਯੋ ਕ੍ਰਿਪਾਸਿੰਧ ਕੋ ਆਨ।

ਸਸਤ੍ਰ ਨਾਮ ਕੀ ਮਾਲ ਕੋ ਮਾਂਗਿਓ ਪ੍ਰਭ ਪੈ ਗਯਾਨ॥

ਯੌ ਆਗਯਾ ਸਤਿਗੁਰ ਕੀ ਭਈ। ਇਹ ਕੇ ਅਰਥ ਇਸੀ ਮਹਿ ਅਹੀ।

ਢੂੰਢ ਲਹੇਂਗਾ ਧੀਰਜ ਨਾਲ। ਪੋਥੀ ਗ੍ਰੰਥ ਸਸਤ੍ਰ ਜੁਤ ਮਾਲ॥ [37]

ਪਟਨਾ ਸਾਹਿਬ ਵਿਖੇ ਗਿਆਰਾਂ ਮਹੀਨੇ ਰਹਿ ਕੇ ਸੁੱਖਾ ਸਿੰਘ ਆਨੰਦਪੁਰ ਸਾਹਿਬ ਆ ਗਿਆ। ਉਸ ਨੇ ਕੇਸਗੜ੍ਹ ਵਿਖੇ ਸੇਵਾ ਕਰਦਿਆਂ 'ਗੁਰਬਿਲਾਸ' ਦੀ ਰਚਨਾ ਕਰਨ ਬਾਰੇ ਆਪ ਦੱਸਿਆ ਹੈ :

ਪ੍ਰੇਮ ਕਥਾ ਕੇ ਕਾਰਨੇ ਭਗਤਿ ਭਾਉ ਉਰ ਧਾਰਿ।

ਏਕੁ ਸਮੈ ਇਨ ਦਾਸ ਨੇ ਉਚਰੀ ਲਾਇ ਪਿਆਰ॥

ਸੋਢੀ ਸੰਗਤਿ ਖਾਲਸਾ ਪੁਰ ਅਨੰਦ ਭਰਪੂਰ ...

ਪਗ ਪੰਕਜ ਗੜ ਕੇਸ ਕੇ ਬਡ ਚੌਕੀ ਸੁ ਗਿਆਨ।

---

36 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ, ਪੰਨਾ 3.

37 ਉਹੀ

ਤਿਨ ਮਹਿ ਕਿੰਕਰ ਜੰਤ ਇਹ ਸੁਖਾ ਸਿੰਘ ਪਹਿਚਾਨ॥

ਗੁਰ ਬਿਲਾਸ ਕੀ ਜਿਹ ਕਥਾ ਬਰਨੀ ਇਹ ਚਿਤ ਲਾਇ।

ਭੂਲ ਭੇਦ ਲਹਿ ਸੁਮਤਿ ਚਿਤ ਛਿਮਾ ਕਰੋ ਅਧਿਕਾਇ॥[38]

## ਸਾਹਿਤਕ ਪੱਖ

'ਗੁਰਬਿਲਾਸ ਪਾਤਸ਼ਾਹੀ ੧੦' ਆਪਣੀਆਂ ਹੋਰ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਸਾਹਿਤਕ ਪੱਖੋਂ ਵੀ ਅਮੀਰ ਗ੍ਰੰਥ ਹਨ। ਬੇਸ਼ਕ ਦੋਵਾਂ ਰਚਨਾਕਾਰਾਂ ਨੇ ਸਾਹਿਤਕ ਮਹੱਤਵ ਗੌਣ ਅਤੇ ਅਧਿਆਤਮਿਕ ਮਹੱਤਵ ਨੂੰ ਮੁਖ ਰੱਖਿਆ ਹੈ ਪਰ ਫਿਰ ਵੀ ਉਨ੍ਹਾਂ ਨੇ ਸਾਹਿਤਕ ਪੱਖੋਂ 'ਗੁਰਬਿਲਾਸ' ਵਿਚ ਕਿਸੇ ਤਰ੍ਹਾਂ ਦੀ ਘਾਟ ਨਹੀਂ ਰਹਿਣ ਦਿੱਤੀ।

**ਭਾਸ਼ਾ :** ਦੋਹਾਂ ਗ੍ਰੰਥਾਂ ਦੀ ਭਾਸ਼ਾ ਬ੍ਰਜ ਅਤੇ ਲਿਪੀ ਗੁਰਮੁਖੀ ਹੈ। ਇਸ ਬ੍ਰਜ ਭਾਸ਼ਾ ਉੱਤੇ ਆਮ ਤੌਰ ਤੇ ਪੰਜਾਬੀ ਦਾ ਪਰਭਾਵ ਸਾਫ ਦਿੱਸਦਾ ਹੈ। ਕਈ ਥਾਂ ਹਿੰਦੀ ਅਤੇ ਖੜੀ ਬੋਲੀ ਦਾ ਪਰਭਾਵ ਪਿਆ ਹੈ। ਕਵੀਆਂ ਨੇ ਕੁੱਝ ਛੰਦਾਂ ਵਿਚ ਠੇਠ ਪੰਜਾਬੀ ਦੀ ਵਰਤੋਂ ਵੀ ਕੀਤੀ ਹੈ। ਫੌਜਾ ਸਿੰਘ ਨੇ 'ਗੁਰਬਿਲਾਸ' ਦੀ ਬੋਲੀ ਨੂੰ ਬ੍ਰਜ ਅਤੇ ਪੰਜਾਬੀ ਦਾ ਮਿਲਗੋਭਾ ਦੱਸਿਆ ਹੈ।[39] ਕੁਇਰ ਸਿੰਘ ਨੇ ਖਾਸ ਕਰਕੇ ਸਿਰਖੰਡੀ ਛੰਦ ਵਿਚ ਠੇਠ ਪੰਜਾਬੀ ਰਾਹੀਂ ਯੁੱਧ ਦਾ ਬਹੁਤ ਹੀ ਪਰਭਾਵਸ਼ਾਲੀ ਰੂਪ ਪੇਸ਼ ਕੀਤਾ ਹੈ :

ਭੱਜੇ ਸੂਰ ਅਪਾਰੀ, ਭਾਜੜ ਪੈ ਗਈ।

ਭਜਦੇ ਜਾਂਦੇ ਮਾਰੇ, ਪਿਛਾਂ ਨਾ ਝਾਕਦੇ।

ਕੇਸ ਅੜੇ ਤਿਨ ਭਾਰੀ, ਕਹਦੇ ਰੱਖੀਐ।

ਭੱਜੈ ਸੂਰ ਅਪਾਰੀ ਖਾਨ ਪਠਾਂਣ ਜੋ।

ਪਾਯੋ ਫਲ ਤਿਨ ਭਾਰੀ, ਨੱਸੇ ਗੁਰੂ ਥੋਂ।

ਲੂਟ ਖਜਾਨਾ ਚਾਹੇ, ਮਾਰੇ ਤੜਫਦੇ।

ਦੀਨੀ ਦੇਹਿ ਤਿਨਾਹੀ ਗਏ ਬਿਯਾਹ ਨੂੰ।

ਕੜਕੇ ਫੇਰ ਕਮਾਣੀ ਧੀਰੀ ਧੱਕਿਆਂ॥[40]

---

[38] ਉਹੀ, ਪੰਨਾ 446.
[39] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ XXIV.
[40] ਉਹੀ, ਛੰਦ 135, ਪੰਨਾ 75-76.

ਕੁਇਰ ਸਿੰਘ ਨੇ ਕੁੱਲ 2938 ਛੰਦਾਂ ਵਿਚੋਂ 37 ਛੰਦ ਠੇਠ ਪੰਜਾਬੀ ਵਿਚ ਲਿਖੇ ਹਨ। ਜਿਨ੍ਹਾਂ ਵਿਚੋਂ 35 ਸਿਰਖੰਡੀ ਅਤੇ ਦੋ ਝੂਲਣੇ ਹਨ[41]। ਕਵੀ ਨੇ ਕਾਵਿ ਦੇ ਨਾਲ-ਨਾਲ ਪੰਜਾਬੀ ਵਾਰਤਕ ਦਾ ਵੀ ਇੱਕ ਨਮੂਨਾ ਪੇਸ਼ ਕੀਤਾ ਹੈ :

"ਛੱਤ੍ਰੀ ਬਿੱਪ੍ਰ ਸਬ ਅਕਾਲ ਕੇ ਕੀਤੇ ਹੋਏ ਹੈਨ। ਤਾਤੇ ਹੰਕ੍ਰਿਤ ਤਜਾਗੋ, ਸਰਬਤ ਜੀਅ ਵਿਚ ਅਕਾਲ ਹੈ। ਅਕਾਲ ਕੇ ਭਾਣੇ ਵਿਚ ਤੁਸਾਡੀ ਸੰਭਾਲ ਨਹੀਂ ਰਹੀ। ਇਸ ਪ੍ਰਕਾਰ ਸਮਾਂ ਤੇ ਨੇਤ ਵਿਚਾਰ ਕੇ ਸਾਹਬ ਕੇ ਵੇਖਣੇ ਨਾਲ ਪੰਡਿਤ ਕਾ ਮਨ ਦ੍ਰਉ ਗਯਾ।"[42]

ਕਵੀ ਸੁੱਖਾ ਸਿੰਘ ਦੀ ਭਾਸ਼ਾ ਬਾਰੇ ਗੁਰਸ਼ਰਨ ਕੌਰ ਜੱਗੀ ਦਾ ਵਿਚਾਰ ਹੈ 'ਕਵੀ ਵਜੋਂ ਅਤੇ ਚਰਿਤ-ਨਾਇਕ ਵਜੋਂ ਇਸ ਰਚਨਾ ਦੀ ਬ੍ਰਜ ਭਾਸ਼ਾ ਨਾਲ ਕੋਈ ਭਾਵਨਾਤਮਕ ਸਾਂਝ ਨਹੀਂ ਹੈ। ਉਸ ਯੁਗ ਦੀ ਸਾਹਿਤਿਕ ਰੁਝਾਨ ਅਨੁਸਾਰ ਹੀ ਕਵੀ ਸੁੱਖਾ ਸਿੰਘ ਨੇ ਇਸ ਗੁਰਬਿਲਾਸ ਦੀ ਰਚਨਾ ਬ੍ਰਜ ਭਾਸ਼ਾ ਵਿਚ ਕੀਤੀ।'[43] ਭਾਵੇਂ ਕਵੀ ਅਤੇ ਪਾਤਰਾਂ ਦੇ ਪੰਜਾਬੀ ਹੋਣ ਕਰਕੇ ਸਮੁੱਚੀ ਰਚਨਾ ਉੱਪਰ ਪੰਜਾਬੀ ਦਾ ਪਰਭਾਵ ਦਿੱਸਦਾ ਹੈ ਪਰ ਕਵੀ ਨੇ ਠੇਠ ਪੰਜਾਬੀ ਦੀ ਵਰਤੋਂ ਸਿਰਫ ਇੱਕ ਛੰਦ ਬੀਬੀ ਸੁਲੱਖਣੀ ਦੀ ਸੱਦ ਵਿਚ ਹੀ ਕੀਤੀ ਹੈ :

ਸਸੀਏ ਦਾੜੀਏ ਚਿਟੀਏ ਪਗੇ। ਲਾਂਉ (ਨਾਂਉ)[44] ਸੁਲਖਣੀ ਮੈ ਬਸਾਂ ਚਬੇ।
ਅਰਜ ਕਰੇਦੀ ਜੇ ਕੋਈ ਫਲ ਲਗੇ। ਨਿਤ ਨਾਮ ਜੇਪੇਦੀ ਚਲਿ ਆਈ ਅਗੇ॥[45]

ਕਵੀ ਕੁਇਰ ਸਿੰਘ ਨੇ ਪਾਤਰ ਅਤੇ ਥਾਂ ਅਨੁਸਾਰ ਫਾਰਸੀ ਦੇ ਸ਼ਬਦ ਵਰਤੇ ਹਨ। ਕਵੀ ਨੇ ਸਾਹਿਬਜ਼ਾਦਿਆਂ ਦੀ ਸਰਹੰਦ ਕਚਹਿਰੀ ਵਿਚ ਪੇਸ਼ੀ ਸਮੇਂ ਕਾਜੀ ਦੇ ਵਿਚਾਰਾਂ ਨੂੰ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ :

ਤਬ ਆਇ ਕਾਜੀ ਬਾਤ ਭਾਖੀ, "ਇਨੈ ਮਜਬ ਲਿਆਈਐ।
ਰਸੂਲ ਕੋ ਇਹ ਅਜਬ ਕੀਨਾ, ਖੁਦ ਖੁਦਾਇ ਬਤਾਈਐ।
ਭਿਸਤ ਕੀ ਜੁ ਆਸ ਰਾਖੈ, ਮਜਬ ਮੁਹਕਮ ਇਹੁ ਕਰੈ।
ਪਵਹਿ ਦੋਜਖ ਆਦਮੀ ਜੋ ਕਾਫਰੀ ਸੋਭਾ ਰਰੈ"॥[46]

---

41 ਉਹੀ, ਪੰਨਾ XXIV.
42 ਉਹੀ, ਛੰਦ 103, ਪੰਨਾ 117.
43 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ XXXV.
44 Manuscript number - 000347, Folio number - 0462, Stanza- 103, Punjab Digital Library, Sector 28-A, Chandigarh. or http://www.panjabdigilib.org
45 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਗੁਰਸ਼ਰਨ ਕੌਰ ਜੱਗੀ (ਸੰਪਾ.), ਛੰਦ 103, ਪੰਨਾ 365.
46 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਛੰਦ 239, ਪੰਨਾ 193.

ਇਸ ਤਰ੍ਹਾਂ ਜਿਥੇ ਮੁਗਲ ਪਾਤਰ ਦਾ ਵਾਰਤਾਲਾਪ ਆਇਆ ਉਥੇ ਕਵੀ ਨੇ ਦਰੋਗ, ਰਫਤ, ਪਿਦਰ, ਸੀਰਖੋਰ, ਚਸਮ ਅਤੇ ਦਸਤ ਆਦਿ ਫਾਰਸੀ ਸ਼ਬਦਾਂ ਦਾ ਤਤਸਮ/ਤਦਭਵ ਰੂਪ ਵਰਤਿਆ ਹੈ। ਸੁੱਖਾ ਸਿੰਘ ਦੀ ਬੋਲੀ ਵਿਚ ਅਰਬੀ ਫਾਰਸੀ ਸ਼ਬਦਾਵਲੀ ਸੰਬੰਧੀ ਗੁਰਸ਼ਰਨ ਕੌਰ ਜੱਗੀ ਦਾ ਵਿਚਾਰ ਹੈ "ਉਦੋਂ ਤਕ ਅਰਬੀ ਫਾਰਸੀ ਦੇ ਸ਼ਬਦ ਕਾਫੀ ਰਚਮਿਚ ਗਏ ਸਨ। ਕੋਈ ਤਤਸਮ ਰੂਪ ਵਿਚ ਵਰਤੇ ਜਾਂਦੇ ਸਨ ਅਤੇ ਕਈਆਂ ਨੇ ਆਪਣਾ ਮੁਹਾਂਦਰਾ ਪੰਜਾਬੀ ਭਾਸ਼ਾ ਦੀ ਪ੍ਰਕਿਰਤੀ ਅਨੁਸਾਰ ਢਾਲ ਕੇ ਤਦਭਵ ਰੂਪ ਧਾਰਨ ਕਰ ਲਿਆ ਸੀ। ਕਵੀ ਸੁੱਖਾ ਸਿੰਘ ਨੇ ਵੀ ਅਜਿਹੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ।"[47] ਸੁੱਖਾ ਸਿੰਘ ਦੀ ਰਚਨਾ ਵਿਚ ਅਰਬੀ ਫਾਰਸੀ ਦੇ ਸ਼ਬਦ ਸਹਿਜ-ਸੁਭਾਅ ਆਏ ਹਨ। ਕਵੀ ਨੇ ਗੁਰੂ ਜੀ ਵਲੋਂ ਔਰੰਗਜ਼ੇਬ ਨੂੰ ਭੇਜੇ ਗਏ 'ਜ਼ਫ਼ਰਨਾਮੇ' ਦਾ ਬਿਆਨ ਇਸ ਤਰ੍ਹਾਂ ਪੇਸ਼ ਕੀਤਾ ਹੈ :

ਤੇਰੈ ਘਰ ਇਨਸਾਫ ਨਹਿ ਸੁਨ ਬਚ ਯਾਰ ਬਿਚਾਰ।
ਸਾਹਿਬ ਸਦਾ ਅਦਾਲਤੀ ਜਾਨਤ ਸਭ ਸੰਸਾਰ॥
ਕਿਆਮਤ ਰੋਜ ਜਬ ਆਵਈ ਬੈਠਗੁ ਤਖਤ ਸੁਬਹਾਨ।
ਰੂਹਾਂ ਸਕਲ ਬੁਲਾਇ ਕੈ ਕਰਗ ਅਦਲ ਸੁਲਤਾਨ॥[48]

ਇਸ ਤੋਂ ਬਿਨਾਂ ਅਰਬੀ ਫਾਰਸੀ ਦੇ ਤਤਸਮ ਅਤੇ ਤਦਭਵ ਸ਼ਬਦ ਕੂੰਜਾ, ਬਾਂਗ, ਨਿਵਾਜ, ਦੀਨ, ਪਾਕਜਾਮਾ, ਪੀਰ, ਬੰਦਗੀ, ਕਾਜੀ, ਮੁਕਾਮ, ਮੁਕਦਸ, ਸੂਬਾ, ਵਜੀਰ, ਹਜਰਤ ਆਦਿ ਵੇਖੇ ਜਾ ਸਕਦੇ ਹਨ।

**ਅਲੰਕਾਰ** : 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਅਲੰਕਾਰਾਂ ਦੀ ਸੀਮਤ ਪਰ ਸੁੰਦਰ ਵਰਤੋਂ ਕੀਤੀ ਗਈ ਹੈ। ਉਪਮਾ ਅਤੇ ਰੂਪਕ ਅਲੰਕਾਰ ਦੀ ਵਧੇਰੇ ਵਰਤੋਂ ਕੀਤੀ ਗਈ ਹੈ। ਕੁਇਰ ਸਿੰਘ ਨੇ 'ਗੁਰੂ' ਦੀ ਵਡਿਆਈ ਨੂੰ ਅਲੰਕਾਰ ਰਾਹੀਂ ਇੰਝ ਪੇਸ਼ ਕੀਤਾ ਹੈ :

ਰੂਪਕ ਖੀਰ ਸਿੰਧ ਸਤਿਗੁਰ ਅਮਲ, ਲਾਲ ਰਤਨ ਕਰ ਪੂਰ।
ਮਰ ਜੀਅਰਾ ਮਨ ਕੀਜੀਏ, ਲਹੋ ਰਤਨ ਯੌ ਰੂਰ॥[49]

ਉਪਮਾ ਝੁਠੇ ਗੁਰੂ ਦੁਰਤ ਭਏ ਐਸੇ। ਜਿਮ ਤਮ ਨਸਤ ਪੇਖ ਰਵਿ ਕੈਸੇ।
ਸਿੰਧ ਸਾਤ ਹੂੰ ਪੁਨਿ ਜਸ ਛਾਯੋ। ਧੀਰਜ ਧਾਮ ਗੁਰੂ ਲਖ ਪਾਯੋ॥[50]

---

47 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ (ਸੰਪਾ.) ਪੰਨਾ XXXVI.
48 ਉਹੀ, ਪੰਨਾ 344.
49 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਛੰਦ 89, ਪੰਨਾ 56.
50 ਉਹੀ, ਛੰਦ 16, ਪੰਨਾ 49.

ਕਵੀ ਸੁੱਖਾ ਸਿੰਘ ਵੱਲੋਂ ਅਲੰਕਾਰਾਂ ਦੀ ਸੀਮਤ ਵਰਤੋਂ ਸੰਬੰਧੀ ਗੁਰਸ਼ਰਨ ਕੌਰ ਜੱਗੀ ਦਾ ਵਿਚਾਰ ਹੈ "ਕਵੀ ਸੁੱਖਾ ਸਿੰਘ ਨੂੰ ਅਲੰਕਾਰਾਂ ਦਾ ਪ੍ਰਯੋਗ ਕਰਨ ਦਾ ਅਵਸਰ ਨਹੀਂ ਮਿਲਿਆ, ਪਰ ਜਿਥੇ ਵੀ ਉਸ ਨੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ ਉਥੇ ਅਲੰਕਾਰ ਆਪਣੇ ਧਰਮ ਦਾ ਭਲੀ ਭਾਂਤ ਪਾਲਨ ਕਰਦੇ ਹਨ।"[51] ਕਵੀ ਨੇ ਅਰਥ ਸਪਸ਼ਟਤਾ ਲਈ ਉਪਮਾ ਅਤੇ ਰੂਪਕ ਆਦਿ ਅਲੰਕਾਰ ਦੀ ਸੁੰਦਰ ਵਰਤੋਂ ਕੀਤੀ ਹੈ :

ਉਪਮਾ ਸਿੰਧਜਰਾ ਜਿਮ ਸਾਜ ਅਣੀ ਘਨ ਸਿਆਮ ਸੁ ਉਪਰ ਕੀਨ ਤੀਆਰੇ।
ਸੇਰਨ ਕੇ ਦਲ ਘੇਰ ਲਯੋ ਜਨ ਕੈ ਮਿਰਗਾਵਲ ਕੋਪ ਹਜਾਰੇ॥[52] ਅਤੇ
ਕੋਪ ਭਯੋ ਜਨੁ ਪਬਹਿ ਪੈ ਹਰਿ ਮਾਰ ਧਰਾਧਰ ਦੀਸ ਫੀਰਾਈ।
ਕੈ ਬਨਤਾ ਪੁਤ ਕੌ ਡਰ ਕੈ ਇਹ ਨਾਗ ਧਸਿਯੋ ਗਿਰ ਭੀਤਰ ਜਾਈ।
ਸ੍ਰੋਨਤ ਧਾਰ ਚਲੀ ਪਥ ਉਰਧ ਸੋ ਉਪਮਾ ਬਰਨੀ ਨਹੀਂ ਜਾਈ।
ਕਾਟ ਸੁ ਕਾਲਕਾ ਸੀਸ ਮਖਾਸੁਰ ਜਿਉ ਧਰ ਸੌਨ ਕੀ ਧਾਰ ਵਹਾਈ॥[53]

ਰੂਪਕ ਤਬ ਖੜਗ ਗਹਿਓ ਮ੍ਰਿਗਰਾਜੁ ਬਲੀ।
ਬਲ (ਦਲ)[54]ਦੂਤਨ ਕੀ ਬਹੁ ਭਾਂਤਿ ਦਲੀ।
ਜਿਹ ਓਰ ਬਲੀ ਬਰੁ ਧਾਵਤ ਹੈ।
ਦਲ ਸਤ੍ਰਨ ਪਤ੍ਰ ਉਡਾਵਤ ਹੈ॥[55]

**ਕਾਵਿ ਰਸ** : 'ਗੁਰਬਿਲਾਸ' ਦੇ ਦੋਹਾਂ ਕਵੀਆਂ ਨੇ ਆਪਣੀ ਰਚਨਾ ਨੂੰ ਪਰਭਾਵਸ਼ਾਲੀ ਬਣਾਉਣ ਲਈ ਭਾਵ ਅਤੇ ਰਸ ਦੀ ਭਰਪੂਰ ਵਰਤੋਂ ਕੀਤੀ ਹੈ। ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਦੇ ਗੁਰਮਤਿ ਵਿਚ ਦਾਖਲ ਹੋਣ ਵੇਲੇ ਦੇ ਬਰਾਗੀ ਭਾਵ ਨੇ ਉਨ੍ਹਾਂ ਦੀ ਰਚਨਾ ਵਿਚ ਸ਼ਾਂਤ ਰਸ ਦਾ ਰੂਪ ਧਾਰਨ ਕੀਤਾ ਹੈ :

ਚਾਰ ਪਦਾਰਥ ਮੋਖ ਤੇ ਆਦਿ ਹੀ, ਦੇਤ ਹੈ ਭੀਖ ਜੁ ਜਾਚਕ ਚਾਰੀ।
ਮਾਗਧ ਚਾਰਨ ਸੂਤਨ ਕੋ ਪੁਨਿ ਦੇਵਤ ਦਾਨ ਜੁ ਮੋਖ ਪ੍ਰਕਾਰੀ॥[56] ਅਤੇ
ਯਾ ਭਵ ਸਾਗਰ ਬੂਢਤ ਤੇ ਗੁਰ ਨਾਮ ਦਯੋ ਸਤਿ ਪਾਰ ਸੁ ਕੀਨੇ।
ਆਪ ਤਰੇ ਜੁ ਸੰਗਤ ਕੇ ਪੁਨ ਭੈ ਸੁ ਨਿਵਾਹ(ਨਿਵਾਰ)[57]ਅਭੈ ਪਦ ਦੀਨੇ॥[58]

---

51 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ (ਸੰਪਾ.), ਪੰਨਾ XXXIII.
52 ਉਹੀ, ਪੰਨਾ 202.
53 ਉਹੀ, ਪੰਨਾ 231.
54 Manuscript Number - 000347, Folio no. - 0394, Stanza 34, Punjab Digital Library. or http://www.panjabdigilib.org
55 ਉਹੀ, ਪੰਨਾ 311.
56 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਛੰਦ 13, ਪੰਨਾ 49.

ਗੁਰੂ ਜੀ ਦੀ ਸ਼ਖਸੀਅਤ ਬਿਆਨ ਕਰਦੇ ਸਮੇਂ ਸੋਭਾ ਭਾਵ ਅਧੀਨ ਸ਼ਿੰਗਾਰ ਰਸ ਦੇ ਸੁੰਦਰ ਉਦਾਹਰਣ ਪੇਸ਼ ਕੀਤੇ ਗਏ ਹਨ :

ਬਾਮ ਕ੍ਰਿਪਾਨ ਛਕਾਇ ਕਟਾਰ, ਜਿਗਾ ਕਲਗੀ ਮੁਕਟੰ ਮਨਿ ਧਾਰੀ।
ਚਾਪ ਨਿਖੰਗ ਧਰੈ ਪਟ ਭੂਖਨ, ਕੰਕਨ ਅੰਗਦ ਕੀ ਰੁਚਿ ਸਾਰੀ।
ਸੋਢੀ ਮਸੰਦਨ ਭੇਟ ਦਈ ਇਤਨੀ ਇਤਨੀ ਜਿਤਨੀ ਕਹਿ ਸਾਰੀ।
ਪੰਚ ਹੀ ਮੁਹਰ ਸੋ ਗੋਦੜੀ ਖਜੋ ਮਨ ਅਸਟ ਗਜੰ ਰਥ ਆਯੂ ਧਾਰੀ॥[59]

ਅਤੇ

ਬਸਤ੍ਰ ਅਮੋਲਕ ਭੂਖਨ ਜੈਤੇ (ਜੇਤੇ)[60]। ਨਿਜ ਅੰਗਨ ਧਾਰੇ ਗੁਰ ਤੇਤੇ।
ਆਯੁਧ ਆਦਿ ਕ੍ਰਿਪਾਨ ਨਵੀਨੇ। ਭਿੰਨ ਭਿੰਨ ਬਰਨੋ ਰਸ ਭੀਨੇ ...
ਕਲਗੀ ਜਿਗਾ ਜਰਾਵਨ ਜਰੀ। ਬ੍ਰਹਮਾ ਆਪ ਹਾਥ ਜਨ ਘਰੀ॥[61]

'ਗੁਰਬਿਲਾਸ ਪਾਤਸ਼ਾਹੀ ੧੦' ਦੀ ਕਥਾ ਦਾ ਵੱਡਾ ਹਿੱਸਾ ਜੰਗਾਂ-ਜੁੱਧਾਂ ਨੂੰ ਬਿਆਨ ਕਰਦਾ ਹੈ ਇਸ ਕਰਕੇ ਵੀਰ ਰਸ ਦੇ ਬੇਮਿਸਾਲ ਉਦਾਹਰਣ ਮਿਲਦੇ ਹਨ :

ਪਾਇ ਕੈ ਗੁਰ ਆਯਸੰ ਤਬ ਬਜੀ ਭੇਰਿ ਅਪਾਰ।
ਸਰਨਾਯ ਗੋ ਮੁਖ ਝਾਲਰੰ ਮਿਰਦੰਗ ਨਾਦ ਅਪਾਰ ॥
ਮੁਚੰਗ ਔਰ ਉਪੰਗ ਤੇ ਬਰ ਪੰਚ ਤੂਰ ਬਖਾਨ।
ਜਨ ਪਾਂਡੁ ਪੁਤ੍ਰਨ ਕੈਰਵਨ ਸਭ ਖੇਤ੍ਰ ਕੁਰ ਅਸਥਾਨ॥[62] ਅਤੇ
ਸਿੰਘ ਪੌਰ ਘੌ ਆ ਦ੍ਰਿੜ ਭਯੋ ਸੁ ਜਾਨਿਯੈ।
ਹੋ ਸਾਰਦੂਲ ਜਯੋਂ ਗਜ ਬਧ ਹੇਤ ਪਛਾਨਿਐ॥[63]

ਇਸ ਤੋਂ ਬਿਨਾਂ ਕਰੁਣਾ, ਭਿਆਨਕ ਅਤੇ ਰੌਦਰ ਆਦਿ ਰਸ ਬੜੇ ਪਰਭਾਵਸ਼ਾਲੀ ਰੂਪ ਵਿਚ ਵਰਤੇ ਗਏ ਹਨ।

---

57 MN- 000347, Folio no. 0064, Stanza 208, Punjab Digital Library or http://www.panjabdigilib.org
58 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ (ਸੰਪਾ.), ਛੰਦ 209, ਪੰਨਾ 46.
59 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਛੰਦ 164, ਪੰਨਾ 47.
60 MN - 000347, Folio no. 0091, Stanza 186, Punjab Digital Library. or http://www.panjabdigilib.org
61 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ, ਛੰਦ 171-73, ਪੰਨਾ 69-70.
62 ਕੁਇਰ ਸਿੰਘ, *ਗੁਰਬਿਲਾਸ ਪਾਤਯਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਛੰਦ 108-9, ਪੰਨਾ 73.
63 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ (ਸੰਪਾ.), ਛੰਦ 189, ਪੰਨਾ 229.

**ਵਸਤੂ ਵਰਨਣ :** ਦੋਹਾਂ ਕਵੀਆਂ ਨੇ ਗੁਰੂ ਜੀ ਦੀ ਕਥਾ ਬਿਆਨ ਕਰਦੇ ਸਮੇਂ ਥਾਂ ਅਤੇ ਵਸਤੂ ਦਾ ਬੜਾ ਪਰਭਾਵਸ਼ਾਲੀ ਵਰਨਣ ਕੀਤਾ ਹੈ। ਜਿਸ ਨਾਲ ਵਾਕਿਆਤ ਦੇ ਪੂਰੇ ਨਜ਼ਾਰੇ ਪਾਠਕ ਦੀਆਂ ਅੱਖਾਂ ਸਾਹਮਣੇ ਆ ਜਾਂਦੇ ਹਨ। ਜੰਗ ਦੇ ਮੈਦਾਨ ਵਿਚ ਅਸਤਰ-ਸ਼ਸਤਰ ਦੀ ਹਰ ਵੰਨਗੀ, 'ਜੋ ਗੁਰੂ ਕਾਲ ਵਿਚ ਵਰਤੋਂ ਵਿਚ ਸੀ' ਦਾ ਬਿਆਨ ਕੀਤਾ ਗਿਆ ਹੈ। ਜਿਸ ਰਾਹ ਜਾਂ ਨਗਰ ਵਿਚੋਂ ਗੁਰੂ ਜੀ ਲੰਘੇ ਜਾਂ ਠਹਿਰੇ ਉਹ ਨਗਰ, ਰਾਹ, ਦਰਿਆ, ਪਹਾੜ, ਜੰਗਲ, ਮੈਦਾਨ ਅਤੇ ਮਾਰੂਥਲ ਦੇ ਜਿਉਂਦੇ ਜਾਗਦੇ ਦ੍ਰਿਸ਼ ਪੇਸ਼ ਕੀਤੇ ਗਏ ਹਨ। ਬਾਬਾ ਬਕਾਲਾ, ਮਥੁਰਾ, ਕਾਸ਼ੀ, ਪਟਨਾ, ਆਨੰਦਪੁਰ ਆਦਿ ਨਗਰ ਅਤੇ ਉਨ੍ਹਾਂ ਦੇ ਖ਼ੂਹ, ਬਾਗ ਤੇ ਗਲ਼ੀਆਂ ਆਦਿ ਦਾ ਸੁੰਦਰ ਵਰਨਣ ਕੀਤਾ ਹੈ। ਕਈ ਤਰ੍ਹਾਂ ਦੇ ਫੁੱਲਾਂ, ਫਲਾਂ ਅਤੇ ਰੁੱਖਾਂ ਦਾ ਵੇਰਵਾ ਦਿੱਤਾ ਗਿਆ ਹੈ। ਕਵੀ ਵੱਲੋਂ ਸਵੇਰ ਹੋਣ ਅਤੇ ਰਾਤ ਪੈਣ ਦਾ ਕੀਤਾ ਵਰਨਣ ਕੁਦਰਤ ਦੀ ਅਰੁਕ ਚਾਲ ਦੇ ਦਰਸ਼ਨ ਕਰਵਾਉਂਦਾ ਹੈ। ਇਹ ਵਰਨਣ ਕਿਤੇ ਵੀ ਕਥਾ ਸੂਤਰ ਵਿਚ ਅੜਿੱਕਾ ਨਹੀਂ ਬਣਦਾ ਸਗੋਂ ਗੁਰੂ ਜੀ ਦੇ ਜੀਵਨ ਅਤੇ ਲੀਲਾ ਨੂੰ ਹੋਰ ਨੇੜਿਓਂ ਦਰਸਾਉਣ ਵਿਚ ਸਹਾਈ ਸਾਬਤ ਹੁੰਦਾ ਹੈ।

**ਛੰਦ :** ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਦੋਹਰਾ-ਚੌਪਾਈ ਸ਼ੈਲੀ ਦੀ ਵਰਤੋਂ ਕੀਤੀ ਹੈ ਜਿਸ ਨੂੰ ਗੁਰਸ਼ਰਨ ਕੌਰ ਜੱਗੀ ਨੇ 'ਕੜਵਕ ਸ਼ੈਲੀ' ਦਾ ਨਾਂ ਦਿੱਤਾ ਹੈ।[64] 'ਗੁਰਬਿਲਾਸ ਪਾਤਸ਼ਾਹੀ ੧੦' ਦਾ ਮੁਖ ਨਿਸ਼ਾਨਾ ਗੁਰੂ ਗੋਬਿੰਦ ਸਿੰਘ ਜੀ ਦੇ ਸੰਪੂਰਨ ਜੀਵਨ ਅਤੇ ਆਦਰਸ਼ ਨੂੰ ਪੇਸ਼ ਕਰਨਾ ਹੈ। ਇਸ ਕਰਕੇ ਛੰਦ-ਵਿਧਾਨ ਅਤੇ ਕਥਾ-ਲੜੀ ਦੋਹਾਂ ਦਾ ਨਿਭਾਅ ਕਠਿਨ ਕਾਰਜ ਹੋ ਨਿਬੜਦਾ ਹੈ। ਜਿਵੇਂ ਕਿ ਜੰਗ ਦੇ ਮੈਦਾਨ ਵਿਚ ਵਾਰ-ਵਾਰ ਭਾਵ ਦੇ ਬਦਲਣ ਨਾਲ ਛੰਦ ਬਦਲਣਾ ਜਰੂਰੀ ਹੋ ਜਾਂਦਾ ਹੈ।

ਕੁਇਰ ਸਿੰਘ ਨੇ ਚੌਪਾਈ, ਦੋਹਰਾ ਅਤੇ ਸਵੈਯਾ ਛੰਦ ਹੀ ਜਿਆਦਾ ਵਰਤਿਆ ਹੈ। ਇਨ੍ਹਾਂ ਤੋਂ ਬਿਨਾਂ ਸੋਰਠਾ, ਗੀਆ, ਕਬਿੱਤ, ਸੰਕਰ, ਭੁਜੰਗ, ਛਪੈ, ਕਰ, ਸਲੋਕ, ਝੂਲਨਾ, ਬਿਜੈ, ਤ੍ਰਿਭੰਗੀ, ਰਸਾਵਲ, ਤੋਮਰ, ਭੁਜੰਗ ਪ੍ਰਯਾਤ, ਪਾਧੜੀ, ਸਿਰਖਿੰਡੀ, ਨਿਰਾਜ, ਸੰਗੀਤ ਚਾਚਰੀ, ਮੋਹਣੀ, ਅਚਕੜਾ, ਦੀਰਘ ਤ੍ਰਿਭੰਗੀ, ਬੇਲੀ ਬ੍ਰਿੰਦਮ, ਤਾਰਕ, ਅੜਿਲ, ਰਸਾਵਲ, ਕਲਸ ਅਤੇ ਮਧੁਭਾਰ ਸਮੇਤ 30 ਤਰ੍ਹਾਂ ਦੇ ਛੰਦ ਵਰਤੇ ਹਨ। ਗ੍ਰੰਥ ਵਿਚ ਕੁੱਲ ਛੰਦ 2938 ਹਨ।[65]

ਸੁੱਖਾ ਸਿੰਘ ਨੇ ਆਪਣੀ ਰਚਨਾ ਲਈ ਦੋਹਰਾ, ਚੌਪਾਈ ਅਤੇ ਸਵੈਯਾ ਦੇ ਨਾਲ-ਨਾਲ ਸੋਰਠਾ, ਅੜਿਲ, ਪਾਧੜੀ, ਝੂਲਨਾ, ਭੁੰਜੰਗ ਪ੍ਰਯਾਤ, ਰੂਆਵਲ, ਸੰਖਨਾਰੀ, ਮਧੁਭਾਰ, ਬਿਜੈ, ਨਰਾਜ, ਰਸਾਵਲ, ਤੋਟਕ, ਤੋਰਕ, ਤਿਲਕਾ ਅਤੇ ਕੁੰਡਲੀਆ ਆਦਿ ਛੰਦਾਂ ਨੂੰ ਵਰਤਿਆ ਹੈ। ਕਵੀ ਨੇ ਕਥਾ ਦੇ ਸਹਾਰੇ ਛੰਦ ਦਾ

---

[64] ਉਹੀ, ਪੰਨਾ XXXIV.

[65] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ, ਪੰਨਾ 277.
ਨੋਟ: ਅੰਤ ਵਿਚ ਲਿਖਾਰੀ ਵੱਲੋ ਲਿਖੇ ਗਏ ਦੋ ਛੰਦ ਇਸ ਗਿਣਤੀ ਤੋਂ ਵੱਖਰੇ ਹਨ।

ਕਮਾਲ ਪੇਸ਼ ਕਰਨ ਦੀ ਬਜਾਏ ਛੰਦ ਨੂੰ ਵਿਸ਼ੇ ਦੇ ਨਿਭਾਅ ਲਈ ਸਹਾਇਕ ਤੱਤ ਵਜੋਂ ਵਰਤਿਆ ਹੈ।ਸ਼ਾਇਦ ਇਸੇ ਕਾਰਨ ਹਰਿਭਜਨ ਸਿੰਘ ਨੇ ਕਵੀ ਸੁੱਖਾ ਸਿੰਘ ਦੇ ਛੰਦ-ਪ੍ਰਬੰਧ ਵਿਚ ਨਿਪੁੰਨਤਾ ਦੀ ਘਾਟ ਹੋਣ ਵੱਲ ਇਸ਼ਾਰਾ ਕੀਤਾ ਹੈ।[66]

## ਕਥਾਨਕ *

### 'ਗੁਰਬਿਲਾਸ ਪਾਤਸ਼ਾਹੀ ੧੦' ਕ੍ਰਿਤ ਕੁਇਰ ਸਿੰਘ

ਕੁਇਰ ਸਿੰਘ ਨੇ ਆਪਣੀ ਰਚਨਾ ਨੂੰ ਇੱਕੀ ਅਧਿਆਇਆਂ ਵਿਚ ਵੰਡਿਆ ਹੈ। ਜਿਸ ਦੀ ਕਥਾ-ਲੜੀ ਨੂੰ ਸੰਖੇਪ ਰੂਪ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਅਧਿਆਇ ਪਹਿਲਾ : ਮੁੱਢਲੀ ਕਥਾ (ਪੰਨਾ 1-9, ਛੰਦ 89)

ਮੰਗਲਾਚਰਨ ਤੋਂ ਬਾਅਦ ਕਵੀ ਨੇ ਭਾਈ ਮਨੀ ਸਿੰਘ ਦੀ ਸ਼ਹੀਦੀ ਦੀ ਸੰਖੇਪ ਕਥਾ ਬਿਆਨ ਕੀਤੀ ਹੈ। ਮੁੱਖ ਕਥਾ ਬਾਬਾ ਤੇਗ ਬਹਾਦਰ ਜੀ ਦੇ ਬਕਾਲੇ ਨਿਵਾਸ ਤੋਂ ਸ਼ੁਰੂ ਹੁੰਦੀ ਹੈ। ਅਠਵੇਂ ਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤਿ ਸਮਾਉਣ ਸਮੇਂ 'ਬਾਬਾ ਬਕਾਲੇ' ਦੇ ਹੁਕਮ ਸਦਕਾ ਸਿੱਖਾਂ ਨੇ ਬਕਾਲੇ ਵੱਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ। ਕਈ ਸੋਢੀ ਗੁਰੂ ਕਹਾਉਣ ਲੱਗੇ। ਮੱਖਣ ਸ਼ਾਹ ਲੁਬਾਣੇ ਦੇ ਰਾਹੀਂ ਤੇਗ ਬਹਾਦਰ ਜੀ ਗੁਰੂ ਪਰਗਟ ਹੋਏ। ਬਕਾਲੇ ਤੋਂ ਚਲ ਕੇ ਤੀਰਥ ਪਾਵਨ ਕਰਨ ਲਈ ਹਰਿਦੁਆਰ, ਨੇਮਖਾਰ, ਕਾਸ਼ੀ, ਪ੍ਰਯਾਗ ਹੁੰਦੇ ਹੋਏ ਆਪ ਨੇ ਪਟਨੇ ਨਿਵਾਸ ਕੀਤਾ।

ਅਧਿਆਇ ਦੂਜਾ : ਰਾਜਾ ਮਾਨ ਸਿੰਘ ਤੇ ਔਰੰਗਜ਼ੇਬ (ਪੰਨਾ 10-21, ਛੰਦ 127)

ਸ਼ਾਹ ਮਾਜਿੰਦਰਾ ਦਾ ਖਤ ਪੜ੍ਹ ਕੇ ਔਰੰਗਜ਼ੇਬ ਨੇ ਰਾਜਾ ਮਾਨ ਸਿੰਘ ਨੂੰ ਮਾਰਨ ਦੀ ਵਿਓਂਤ ਬਣਾਈ, ਉਸ ਨੂੰ ਬੰਗਾਲ ਜਾਣ ਦਾ ਹੁਕਮ ਦਿੱਤਾ। ਰਾਜਾ ਮਾਨ ਸਿੰਘ ਪਟਨੇ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਪਹੁੰਚਿਆ। ਮੁਹਿੰਮ ਪੂਰੀ ਕਰਕੇ ਰਾਜਾ ਵਾਪਸ ਮੁੜਿਆ। ਗੁਰੂ ਸਾਹਿਬ ਵੀ ਉਸ ਦੇ ਨਾਲ ਹੀ ਪੰਜਾਬ ਵੱਲ ਆ ਗਏ ਅਤੇ ਦਿੱਲੀ ਨੇੜੇ ਉਸ ਤੋਂ ਵੱਖ ਹੋਏ। ਮਾਲਵੇ ਵਿਚੋਂ ਦੀ ਹੁੰਦੇ ਹੋਏ ਮਾਝੇ ਪਹੁੰਚੇ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮਸੰਦਾਂ ਦੀ ਦੁਰਮਤਿ ਦੇਖ ਕੇ ਆਪ ਜੀ ਵੱਲਾ ਤੇ ਵਿਹਰਕੇ ਹੁੰਦੇ ਹੋਏ ਦੁਆਬੇ ਪਹੁੰਚੇ। ਸੋਭਪੁਰ ਗਏ ਅਤੇ ਅਖੀਰ ਮਾਖੋਵਾਲ ਜਾ ਟਿਕਾਣਾ ਕੀਤਾ। ਪ੍ਰਭੂ ਦੇ ਹੁਕਮ ਨਾਲ ਜ਼ੁਲਮ ਦੇ ਖਾਤਮੇ ਅਤੇ ਧਰਮ ਦੀ ਸਥਾਪਨਾ ਲਈ ਗੋਬਿੰਦ ਰਾਏ ਜੀ ਨੇ ਪਟਨੇ ਵਿਖੇ ਜਨਮ ਲਿਆ। ਪਾਣੀ ਭਰਣ ਵਾਲੀਆਂ ਨੇ ਗੋਬਿੰਦ ਰਾਏ ਜੀ ਬਾਰੇ ਉਲ੍ਹਾਮਾ ਦਿੱਤਾ। ਮਾਤਾ ਗੁਜਰੀ ਜੀ ਦੇ ਬਚਨ ਨਾਲ ਖੂਹ ਦਾ

---

* **ਨੋਟ:** ਇਥੇ ਦੋਹਾਂ ਕਵੀਆਂ ਵੱਲੋਂ ਪੇਸ਼ ਕੀਤੀ ਕਥਾ-ਲੜੀ ਨੂੰ ਇੰਨ-ਬਿੰਨ ਪੇਸ਼ ਕੀਤਾ ਜਾ ਰਿਹਾ। ਕਥਾਨਕ ਵਿਚਲੇ ਇਤਿਹਾਸਕ ਤੱਥਾਂ ਦੀ ਪੜਚੋਲ ਚੌਥੇ ਅਧਿਆਇ ਵਿਚ ਕੀਤੀ ਜਾਵੇਗੀ।

[66] हरिभजन सिंह, *गुरमुखी लिपी में हिंदी काव्य,* दिल्लीः एस.चँद एँड कँपनी, 1961, पृष्ठ 300,

ਪਾਣੀ ਖਾਰਾ ਹੋ ਗਿਆ। ਪਿਤਾ ਗੁਰੂ ਤੇਗ ਬਹਾਦਰ ਜੀ ਦਾ ਪੰਜਾਬ ਆਉਣ ਦਾ ਹੁਕਮ ਪਹੁੰਚਿਆ। ਗੋਬਿੰਦ ਰਾਏ ਜੀ ਪਟਨੇ ਦੀ ਸੰਗਤ ਤੋਂ ਖੁਸ਼ੀ ਸਹਿਤ ਵਿਦਾ ਹੋਏ ਅਤੇ ਕਾਸ਼ੀ ਪਹੁੰਚੇ। ਪ੍ਰਯਾਗ ਤੀਰਥ ਤੇ ਬ੍ਰਾਹਮਣਾਂ ਨੂੰ ਗੁਰੂ ਤੇਗ ਬਹਾਦਰ ਜੀ ਵੱਲੋਂ ਸਰਬੰਸ ਦਾਨ ਦੇਣ ਦੀ ਕਥਾ ਦੱਸੀ ਗਈ ਹੈ। ਗੋਬਿੰਦ ਰਾਏ ਜੀ ਨੇ ਸੰਗਤ ਨੂੰ ਦਰਸ਼ਨ ਦਿੱਤੇ, ਬ੍ਰਾਹਮਣਾਂ ਦੀ ਨਿਸ਼ਾ ਕਰਾਈ ਅਤੇ ਸੰਨਿਆਸੀਆਂ ਦਾ ਅਹੰਕਾਰ ਤੋੜਿਆ।

ਅਧਿਆਇ ਤੀਜਾ : ਕਾਸ਼ੀ ਤੋਂ ਅਜੁੱਧਿਆ (ਪੰਨਾ 22-30, ਛੰਦ 93)

ਕਾਸ਼ੀ ਤੋਂ ਅਯੁਧਿਆ, ਨਾਨਕਮਤੇ ਪਹੁੰਚੇ ਜਿਥੇ ਆਪ ਨੇ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਤੇ ਪੂਜਾ ਕੀਤੀ ਅਤੇ ਕੜਾਹ ਪ੍ਰਸਾਦਿ ਭੇਟ ਕੀਤਾ। ਮਥੁਰਾ ਹੁੰਦੇ ਹੋਏ ਲਖਨੌਰ ਪਹੁੰਚੇ ਜਿਥੇ ਪੀਰ ਆਰਿਫਦੀਨ ਨਾਲ ਮੁਲਾਕਾਤ ਹੋਈ। ਗੁਰੂ ਤੇਗ ਬਹਾਦਰ ਜੀ ਦਾ ਹੁਕਮ ਲੈ ਕੇ ਆਏ ਚਾਰ ਸਿੱਖ ਗੋਬਿੰਦ ਰਾਏ ਜੀ ਨੂੰ ਆਪਣੇ ਨਾਲ ਲੈ ਕੇ ਚਲ ਪਏ। ਰੋਪੜ, ਕੀਰਤਪੁਰ ਹੁੰਦੇ ਹੋਏ ਆਪ ਮਾਖੋਵਾਲ ਪਹੁੰਚੇ ਅਤੇ ਸਤਲੁਜ ਨਾਲ ਜੁੜੀ ਰਿਸ਼ੀ ਵਸ਼ਿਸ਼ਟ ਅਤੇ ਵਿਸ਼ਵਾਮਿਤਰ ਦੀ ਪੌਰਾਣਕ ਕਥਾ ਸੁਣੀ।

ਅਧਿਆਇ ਚੌਥਾ : ਵਿੱਦਿਆ ਪ੍ਰਾਪਤੀ ਅਤੇ ਕਸ਼ਮੀਰੀ ਪੰਡਿਤ (ਪੰਨਾ 31-47, ਛੰਦ 169)

ਗੁਰੂ ਤੇਗ ਬਹਾਦਰ ਜੀ ਨੇ ਆਪ ਨੂੰ ਹਰ ਤਰ੍ਹਾਂ ਦੀ ਵਿੱਦਿਆ ਸਿਖਾਈ। ਕਸ਼ਮੀਰੀ ਸੰਗਤ ਨੇ ਗੁਰੂ ਸਾਹਿਬ ਨੂੰ ਔਰਗਜ਼ੇਬ ਦੇ ਜ਼ੁਲਮ ਦੀ ਕਹਾਣੀ ਸੁਣਾਈ। ਗੋਬਿੰਦ ਰਾਏ ਜੀ ਨੇ ਗੁਰੂ ਪਿਤਾ ਨੂੰ ਸ਼ਹੀਦੀ ਦੇਣ ਲਈ ਬਚਨ ਕੀਤੇ। ਗੁਰੂ ਤੇਗ ਬਹਾਦਰ ਜੀ ਗੁਪਤ ਰੂਪ ਵਿਚ ਦੁਆਬੇ ਅਤੇ ਮਾਲਵੇ ਵਿਚ ਗੁਰਮਤਿ ਪ੍ਰਚਾਰ ਲਈ ਵਿਚਰਨ ਲੱਗੇ। ਧਰਤੀ ਨੇ ਗਊ ਦਾ ਰੂਪ ਧਾਰ ਕੇ ਮੁਗਲਾਂ ਦੇ ਜ਼ੁਲਮ ਤੋਂ ਬਚਾਉਣ ਲਈ ਅਰਦਾਸ ਕੀਤੀ। ਗੁਰੂ ਜੀ ਦਿੱਲੀ ਦੇ ਨੇੜੇ ਇੱਕ ਬਾਗ ਵਿਚ ਜਾ ਪਹੁੰਚੇ ਅਤੇ ਇੱਕ ਆਜੜੀ ਨੂੰ ਆਪਣੀ ਮੁੰਦਰੀ ਅਤੇ ਦੁਸ਼ਾਲਾ ਦੇ ਕੇ ਮਠਿਆਈ ਲੈਣ ਭੇਜਿਆ। ਜਿਸ ਨੂੰ ਦੇਖ ਕੇ ਆਪ ਦੀ ਗ੍ਰਿਫਤਾਰੀ ਹੋਈ।

ਕਾਜ਼ੀ ਅਤੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਇਸਲਾਮ ਕਬੂਲ ਕਰਨ, ਕਰਾਮਾਤ ਵਿਖਾਉਣ ਜਾਂ ਮੌਤ ਦੀ ਸਜ਼ਾ ਵਿਚੋਂ ਕੋਈ ਇੱਕ ਰਾਹ ਚੁਣਨ ਦੀ ਪੇਸ਼ਕਸ਼ ਕੀਤੀ। ਕੈਦ ਵਿਚ ਇੱਕ ਸਿੱਖ ਆਪ ਦੇ ਨਾਲ ਰਿਹਾ। ਔਰੰਗਜ਼ੇਬ ਵੱਲੋਂ ਧੀ ਦਾ ਡੋਲ਼ਾ ਅਤੇ ਲਾਹੌਰ ਦੀ ਸੂਬੇਦਾਰੀ ਦੇਣ ਦੀ ਪੇਸ਼ਕਸ਼ ਕੀਤੀ ਗਈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ। ਮਾਤਾ ਜੀ ਪਾਸ ਲਾਹੌਰ ਦੇ ਇੱਕ ਖੱਤਰੀ ਨੇ ਆਪਣੀ ਪੁੱਤਰੀ ਦਾ ਵਿਆਹ ਗੋਬਿੰਦ ਰਾਏ ਜੀ ਨਾਲ ਕਰਨ ਦੀ ਬੇਨਤੀ ਕੀਤੀ। ਨਵਾਂ ਲਾਹੌਰ ਵਸਾ ਕੇ ਵਿਆਹ ਕੀਤਾ ਗਿਆ। ਦਿੱਲੀ ਤੋਂ ਗੁਰੂ ਜੀ ਦੀ ਸ਼ਹੀਦੀ ਦਾ ਸਮਾਚਾਰ ਪਹੁੰਚਿਆ। ਗੋਬਿੰਦ ਰਾਏ ਜੀ ਨੇ ਮਜ਼ਹਬੀ ਸਿੱਖ ਨੂੰ ਹੁਕਮ ਦਿੱਤਾ। ਸਿੱਖ ਨੌਵੇਂ ਗੁਰੂ ਜੀ ਦਾ ਸਰੀਰ (ਧੜ) ਲੈ ਕੇ ਸਰਹੰਦ ਅਤੇ ਕੀਰਤਪੁਰ ਹੁੰਦੇ ਹੋਏ ਆਨੰਦਪੁਰ ਆਣ

ਪਹੁੰਚਿਆ ਅਤੇ ਅੰਤਿਮ ਸੰਸਕਾਰ ਕੀਤਾ। ਗੋਬਿੰਦ ਰਾਏ ਦੀ ਦਸਤਾਰਬੰਦੀ ਕੀਤੀ ਗਈ ਅਤੇ ਭਾਈ ਰਾਮ ਕੁਯਰ ਨੇ ਆਪ ਨੂੰ ਗੁਰਿਆਈ ਦਾ ਤਿਲਕ ਲਾਇਆ।

ਅਧਿਆਇ ਪੰਜਵਾਂ : ਰਾਜ ਸਾਜ (ਪੰਨਾ 48-62, ਛੰਦ 168)

ਆਪ ਦਮਦਮੇ ਤਖਤ 'ਤੇ ਵਿਰਾਜੇ ਅਤੇ ਨਗਾਰਾ ਬਣਾਉਣ ਦਾ ਹੁਕਮ ਦਿੱਤਾ। ਰਾਜਾ ਭੀਮ ਚੰਦ ਦਰਸ਼ਨ ਕਰਨ ਆਇਆ, ਪਰਸਾਦੀ ਹਾਥੀ ਦੇਖ ਕੇ ਉਹ ਲੋਭੀ ਹੋ ਗਿਆ ਅਤੇ ਉਸ ਨੇ ਪੁੱਤਰ ਦੀ ਕੁੜਮਾਈ ਦੇ ਬਹਾਨੇ ਗੁਰੂ ਜੀ ਤੋਂ ਹਾਥੀ ਮੰਗਿਆ। ਗੁਰੂ ਜੀ ਦਾ ਜਵਾਬ ਸੁਣ ਕੇ ਉਸ ਨੇ ਸਿੱਧਾ ਹੀ ਹਾਥੀ ਦੇਣ, ਆਨੰਦਪੁਰ ਖਾਲੀ ਕਰਨ ਜਾਂ ਯੁੱਧ ਲਈ ਤਿਆਰ ਰਹਿਣ ਦੀ ਧਮਕੀ ਦੇ ਦਿੱਤੀ। ਨਾਹਨ ਦੇ ਰਾਜੇ ਪ੍ਰਿਥਵੀ ਪ੍ਰਕਾਸ਼ (ਮੇਦਨੀ ਪ੍ਰਕਾਸ਼) ਨੇ ਗੁਰੂ ਜੀ ਨੂੰ ਆਪਣੀ ਰਿਆਸਤ ਵਿਚ ਪਧਾਰਨ ਲਈ ਬੇਨਤੀ ਕੀਤੀ। ਮਾਤਾ ਜੀ ਨੇ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ ਨਾਹਨ ਵੱਲ ਕੂਚ ਦਾ ਹੁਕਮ ਦਿੱਤਾ। ਰਾਜੇ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ ਅਤੇ ਗੁਰੂ ਸਾਹਿਬ ਨੇ ਜਮਨਾ ਦੇ ਕਿਨਾਰੇ ਪਾਉਂਟੇ ਨਗਰ ਦੀ ਸਥਾਪਨਾ ਕੀਤੀ। ਸੰਗਤ ਦਰਸ਼ਨਾਂ ਲਈ ਪਹੁੰਚਣ ਲੱਗੀ ਅਤੇ ਰਾਜਾ ਫਤੇ ਸ਼ਾਹ ਵੀ ਦਰਸ਼ਨ ਲਈ ਆਇਆ।

ਅਧਿਆਇ ਛੇਵਾਂ : ਭੰਗਾਣੀ ਯੁੱਧ (ਪੰਨਾ 63-80, ਛੰਦ 187)

ਗੁਰੂ ਜੀ ਸਵੇਰ ਵੇਲੇ ਕ੍ਰਿਸ਼ਨਾਵਤਾਰ ਦੀ ਰਚਨਾ ਕਰਦੇ ਅਤੇ ਦਿਨੇ ਸ਼ਿਕਾਰ ਖੇਡਦੇ ਸਨ। ਭੀਮ ਚੰਦ ਆਪਣੇ ਪੁੱਤਰ ਦੀ ਬਰਾਤ ਸਮੇਤ ਸ੍ਰੀਨਗਰ ਪਹੁੰਚਣ ਲਈ ਪਾਉਂਟਾ ਦੇ ਰਾਹ ਲੰਘਣ ਲਈ ਆਇਆ। ਗੁਰੂ ਜੀ ਨੇ ਸਿਰਫ ਮੰਤਰੀ ਅਤੇ ਰਾਜਕੁਮਾਰ (ਲਾੜਾ) ਨੂੰ ਲੰਘਣ ਦੀ ਪ੍ਰਵਾਨਗੀ ਦਿੱਤੀ। ਆਪ ਨੇ ਸਿੱਖਾਂ ਹੱਥ ਫਤੇਸ਼ਾਹ ਨੂੰ ਸ਼ਗਨ ਭੇਜਿਆ। ਪਹਾੜੀਆਂ ਦੇ ਹਮਲੇ ਦੀ ਖਬਰ ਸੁਣ ਕੇ ਤਨਖ਼ਾਹਦਾਰ ਪੰਜ ਸੌ ਪਠਾਣ ਬੇਈਮਾਨ ਹੋ ਗਏ ਅਤੇ ਪੰਜ ਸੌ ਉਦਾਸੀ ਡਰਦੇ ਭੱਜ ਗਏ। ਸਿਰਫ ਮਹੰਤ ਕਿਰਪਾਲ ਦਾਸ ਹੀ ਰਹਿ ਗਿਆ। ਇੱਕ ਪਾਸੇ ਬਾਈ ਧਾਰ ਦੇ ਰਾਜੇ ਆਏ ਦੂਜੇ ਪਾਸੇ ਗੁਰੂ ਜੀ ਦੇ ਯੋਧਿਆਂ ਵਿਚ ਸੰਗੋਸ਼ਾਹ, ਕਿਰਪਾਰਾਮ, ਜੀਤਮੱਲ, ਗੰਗਾਰਾਮ, ਮਾਹਰੂ, ਕਾਹਰੂ, ਦਯਾਰਾਮ ਆਦਿ ਸਨ। ਜੰਗ ਵਿਚ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਆਨੰਦਪੁਰ ਵੱਲ ਚਾਲੇ ਪਾਏ ਅਤੇ ਰਸਤੇ ਵਿਚ ਕੀਰਤਪੁਰ ਵਿਖੇ ਕੜਾਹ ਪ੍ਰਸਾਦਿ ਭੇਟਾ ਕੀਤਾ।

ਅਧਿਆਇ ਸੱਤਵਾਂ : ਆਨੰਦਪੁਰ ਦੀ ਆਬਾਦੀ : ਰਾਜਾ ਭੀਮ ਚੰਦ ਦੀ ਖਿਮਾ-ਪ੍ਰਾਰਥਨਾ (ਪੰਨਾ 81-90, ਛੰਦ 107)

ਭੀਮ ਚੰਦ ਨੇ ਆਨੰਦਪੁਰ ਆ ਕੇ ਮਾਫ਼ੀ ਮੰਗੀ। ਜੰਮੂ ਦੇ ਫੌਜਦਾਰ ਮੀਆਂ ਖਾਨ ਨੇ ਅਲਫ ਖਾਂ ਨੂੰ ਕਰ ਉਗਰਾਹੁਣ ਲਈ ਭੇਜਿਆ। ਕੁੱਝ ਪਹਾੜੀਏ ਵੀ ਉਸ ਦੇ ਨਾਲ ਸਨ। ਭੀਮ ਚੰਦ ਦੀ ਸਹਾਇਤਾ ਲਈ

ਕੀਤੀ ਬੇਨਤੀ ਨੂੰ ਪ੍ਰਵਾਨ ਕਰਕੇ ਗੁਰੂ ਜੀ ਨੇ ਨਦੌਣ ਦੇ ਜੰਗ ਵਿਚ ਅਲਫ ਖਾਂ ਨੂੰ ਹਰਾ ਕੇ ਭਜਾ ਦਿੱਤਾ। ਗੁਰੂ ਜੀ ਵਾਪਸ ਮੁੜ ਆਏ ਪਰ ਭੀਮ ਚੰਦ ਵੈਰੀ ਨਾਲ ਸੁਲ੍ਹਾ ਕਰਨ ਚਲਾ ਗਿਆ। ਗੁਰੂ ਜੀ ਨੇ ਦੇਵੀ ਪਰਗਟਾਉਣ ਦਾ ਫੈਸਲਾ ਕੀਤਾ। ਸਭ ਨੇ ਉਜੈਨ ਦੇ ਦੱਤਾ ਨੰਦ ਨੂੰ ਪੂਜਾ ਲਈ ਬੁਲਾਉਣ ਦਾ ਸੁਝਾਅ ਦਿੱਤਾ। ਗੁਰੂ ਜੀ ਦੇ ਹੁਕਮ ਨਾਲ ਦੱਤਾ ਨੰਦ ਨੇ ਸਤਲੁਜ ਕੰਢੇ ਦੇਵੀ ਪੂਜਾ ਸ਼ੁਰੂ ਕੀਤੀ।

ਅਧਿਆਇ ਅਠਵਾਂ : ਦੇਵੀ ਦਾ ਪਰਗਟ ਹੋਣਾ (ਪੰਨਾ 91-107, ਛੰਦ 168)

ਦੇਵੀ ਪੂਜਾ ਦੇ ਤਿੰਨ ਸਾਲ ਬੀਤ ਗਏ ਪਰ ਦੇਵੀ ਪਰਗਟ ਨਾ ਹੋਈ। ਦੱਤਾ ਨੰਦ ਨੇ ਗੁਰੂ ਜੀ ਵੱਲੋਂ ਸ਼ਿਕਾਰ ਖੇਡੇ ਜਾਣ ਨੂੰ ਇਸ ਦਾ ਕਾਰਨ ਦੱਸਿਆ। ਇਹ ਸੁਣਕੇ ਗੁਰੂ ਜੀ ਨੇ ਮਾਰੇ ਹੋਏ ਜਾਨਵਰ ਮੁੜ ਜਿੰਦਾ ਕਰ ਦਿੱਤੇ। ਇਕਾਂਤ ਵਾਸਤੇ ਦੇਵੀ ਪੂਜਾ ਨੈਣਾ ਦੇ ਟਿੱਲੇ ਉੱਤੇ ਸ਼ੁਰੂ ਕੀਤੀ ਗਈ। ਗੁਰੂ ਜੀ ਨੇ ਆਪ ਪੂਜਾ ਕਰਨੀ ਸ਼ੁਰੂ ਕੀਤੀ ਅਤੇ ਦੱਤਾ ਨੰਦ ਪਹਾੜੀ ਤੋਂ ਥੱਲੇ ਭੱਜ ਗਿਆ। ਚੌਥੇ ਸਾਲ ਦੇਵੀ ਪਰਗਟ ਹੋਈ। ਦੇਵੀ ਨੇ ਗੁਰੂ ਜੀ ਨੂੰ ਇੱਕ ਖੰਡਾ, ਤੁਰਕ ਨਾਸ ਅਤੇ ਖਾਲਸਾ ਸਾਜਨ ਦਾ ਵਰ ਦਿੱਤਾ। ਗੁਰੂ ਜੀ ਨੇ ਲੰਗਰਾਂ ਦੀ ਪਰਖ ਕੀਤੀ। ਸਿਰਫ ਰਾਮ ਕੁਯਰ ਦੀ ਸੇਵਾ ਸੱਚੀ ਸਾਬਤ ਹੋਈ। ਮਰਾਸੀਆਂ ਨੇ ਮਸੰਦਾਂ ਦੇ ਦੁਰਾਚਾਰ ਦਾ ਸਾਂਗ ਪੇਸ਼ ਕੀਤਾ। ਮਸੰਦਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਗਈਆਂ। ਮਸੰਦ ਬਖਤ ਮੱਲ ਨੂੰ ਮਾਤਾ ਜੀ ਦੇ ਕਹਿਣ ਤੇ ਬਖਸ਼ ਦਿੱਤਾ।

ਅਧਿਆਇ ਨੌਵਾਂ : ਖ਼ਾਲਸਾ ਪੰਥ ਦੀ ਰਚਨਾ (ਪੰਨਾ 108-120, ਛੰਦ 142)

ਕੇਸਗੜ੍ਹ ਦੇ ਅਸਥਾਨ ਤੇ ਗੁਰੂ ਜੀ ਨੇ ਵਿਸਾਖੀ ਦੇ ਦਿਨ ਸੰਗਤ ਵਿਚੋਂ ਸੀਸ ਭੇਟਾ ਬਦਲੇ ਪੰਜ ਸਿੱਖਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ ਅਤੇ ਫਿਰ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਨਵਾਂ ਪੰਥ ਸਾਜਿਆ, ਨਵੀਂ ਰਹਿਤ ਥਾਪੀ। ਬ੍ਰਾਹਮਣ ਅਤੇ ਪਹਾੜੀ ਰਾਜੇ ਖਾਲਸਾ ਪੰਥ ਵਿਚ ਸ਼ਾਮਲ ਨਾ ਹੋਏ। ਗੁਰੂ ਸਾਹਿਬ ਨੇ ਸੰਗਤ ਨੂੰ ਖਾਲਸਾ ਸਜਣ ਲਈ ਹੁਕਮਨਾਮੇ ਭੇਜੇ।

ਅਧਿਆਇ ਦਸਵਾਂ : ਸਿੱਖ ਸੰਗਤਾਂ ਨੂੰ ਸੱਦਾ ਅਤੇ ਪਹਾੜੀ ਰਾਜਿਆਂ ਦੀ ਬੇਮੁਖਤਾ (ਪੰਨਾ 121-140, ਛੰਦ 203)

ਦਿਵਾਲੀ ਨੂੰ ਆਨੰਦਪੁਰ ਵਿਖੇ ਵੱਡਾ ਇਕੱਠ ਹੋਇਆ। ਸਿੰਘਾਂ ਨੇ ਇਲਾਕੇ ਦੇ ਪਿੰਡਾਂ ਵਿਚੋਂ ਲੱਕੜਾਂ ਅਤੇ ਘਾਹ-ਪੱਠੇ ਦੀ ਉਗਰਾਹੀ ਕੀਤੀ। ਭੀਮ ਚੰਦ ਔਰੰਗਜ਼ੇਬ ਪਾਸ ਫਰਿਆਦੀ ਹੋਇਆ। ਔਰੰਗਜ਼ੇਬ ਦੇ ਹੁਕਮ ਤੇ ਅਸਤਰ ਖਾਨ ਦਸ ਲੱਖ ਫੌਜ ਲੈ ਕੇ ਆਨੰਦਪੁਰ ਵੱਲ ਚਲ ਪਿਆ। ਸਰਹੰਦ ਦੀ ਸੰਗਤ ਨੇ ਹਮਲੇ ਬਾਬਤ ਗੁਰੂ ਜੀ ਵੱਲ ਸੁਨੇਹਾ ਭੇਜਿਆ। ਤੁਰਕ, ਪਹਾੜੀ, ਸੂਬਾ ਲਾਹੌਰ ਅਤੇ ਸੂਬਾ ਸਰਹੰਦ ਦੀ ਫੌਜ ਨੇ ਆਨੰਦਪੁਰ ਤੇ ਹਮਲਾ ਕੀਤਾ। ਗੁਰੂ ਜੀ ਨੇ ਵੈਰੀ ਦੇ ਹਮਲੇ ਬੇਅਸਰ ਕਰ ਦਿੱਤੇ। ਸੂਬਾ ਲਾਹੌਰ ਵੱਲੋਂ ਭੀਮ

ਚੰਦ ਦੇ ਮੰਤਰੀ ਨੂੰ ਜੰਗ ਦਾ ਅਸਲ ਕਾਰਨ ਪੁਛਣ ਤੇ ਉਸ ਨੇ ਪਰਸਾਦੀ ਹਾਥੀ ਦਾ ਪ੍ਰਸੰਗ ਸੁਣਾਇਆ। ਇਥੇ ਕਵੀ ਨੇ ਨੌਵੇਂ ਗੁਰੂ ਜੀ ਦੀ ਆਸਾਮ ਯਾਤਰਾ ਅਤੇ ਰਾਜੇ ਦੇ ਘਰ ਗੁਰੂ ਬਚਨਾਂ ਨਾਲ ਪੁੱਤਰ ਪੈਦਾ ਹੋਣ ਤੋਂ ਲੈ ਕੇ ਪਰਸਾਦੀ ਹਾਥੀ ਭੇਟਾ ਕਰਨ ਦੀ ਸਾਖੀ ਦੱਸੀ ਹੈ। ਸਿੰਘਾਂ ਨੇ ਫਤਿਹਗੜ੍ਹ, ਦਮਦਮਾ, ਹੋਲਗੜ੍ਹ ਅਤੇ ਕੇਸਗੜ੍ਹ ਕਿਲਿਆਂ ਅੰਦਰ ਮੋਰਚੇਬੰਦੀ ਕੀਤੀ। ਮਾਤਾ ਗੁਜਰੀ ਜੀ, ਮਹਲ ਜੀਤ ਕੌਰ ਅਤੇ ਸੁੰਦਰੀ ਜੀ ਤਿੰਨ ਸਾਹਿਬਜਾਦਿਆਂ ਸਮੇਤ ਆਗੰਮਪੁਰੇ ਵਿਚ ਰਹੇ। ਇੱਕ ਰਾਤ ਸਿੰਘਾਂ ਨੇ ਦੁਸ਼ਮਣ ਫੌਜ ਤੇ ਹਮਲਾ ਕਰਕੇ ਦੁਸ਼ਮਣ ਦਾ ਭਾਰੀ ਨੁਕਸਾਨ ਕੀਤਾ ਅਤੇ ਉਹ ਹਾਰ ਕੇ ਭੱਜ ਤੁਰੇ।

ਅਧਿਆਇ ਗਿਆਰਵਾਂ : ਪਹਾੜੀਆਂ ਦਾ ਮਸਤ ਹਾਥੀ ਉੱਤੇ ਲੋਹਗੜ੍ਹ ਦਾ ਜੰਗ (ਪੰਨਾ 141-150, ਛੰਦ 97)

ਜਬਰਦਸਤ ਖਾਂ ਅਤੇ ਪਹਾੜੀਆਂ ਨੇ ਕਿਲ੍ਹਾ ਲੋਹਗੜ੍ਹ ਦਾ ਦਰਵਾਜਾ ਮਸਤ ਹਾਥੀ ਤੋਂ ਤੁੜਵਾਉਣ ਦੀ ਵਿਉਂਤ ਬਣਾਈ। ਗੁਰੂ ਜੀ ਨੇ ਦੁਨੀ ਚੰਦ ਮਸੰਦ ਨੂੰ ਹਾਥੀ ਦੇ ਮੁਕਾਬਲੇ ਲਈ ਭੇਜਣ ਦਾ ਐਲਾਨ ਕੀਤਾ ਪਰ ਉਹ ਡਰਦਾ ਆਪਣੇ ਪੰਜ ਸੌ ਸਾਥੀਆਂ ਸਮੇਤ ਰਾਤ ਨੂੰ ਭੱਜ ਗਿਆ। ਬਚਿੱਤਰ ਸਿੰਘ ਤਿਆਰ ਹੋਇਆ ਅਤੇ ਉਸ ਨੇ ਹਾਥੀ ਨੂੰ ਮਾਰ ਭਜਾਇਆ। ਰਾਜਾ ਕੇਸਰੀ ਜਸਵਾਰ ਉਦੈ ਸਿੰਘ ਦੇ ਹੱਥੋਂ ਮਾਰਿਆ ਗਿਆ ਅਤੇ ਦੁਸ਼ਮਣ ਫੌਜ ਭੱਜ ਗਈ। ਗੁਰੂ ਜੀ ਨੇ ਸਿੰਘਾਂ ਨੂੰ ਭੱਜੇ ਜਾਂਦੇ ਦੁਸ਼ਮਣ ਦਾ ਪਿੱਛਾ ਕਰਨੋ ਰੋਕ ਲਿਆ।

ਅਧਿਆਇ ਬਾਰ੍ਹਵਾਂ : ਹੁਸੈਨੀ ਬਧ (ਪੰਨਾ 151-154, ਛੰਦ 45)

ਡਰੇ ਹੋਏ ਔਰੰਗਜ਼ੇਬ ਨੇ ਚੌਮਾਸੇ ਪਿਛੋਂ ਦੁਬਾਰਾ ਹਮਲਾ ਕਰਨ ਦਾ ਹੁਕਮ ਦਿੱਤਾ। ਦਿਲਾਵਰ ਖਾਨ ਨੇ ਆਪਣੇ ਪੁੱਤਰ ਨੂੰ ਫੌਜ ਦੇ ਕੇ ਆਨੰਦਪੁਰ ਵੱਲ ਭੇਜਿਆ ਜੋ ਸਿੰਘਾਂ ਦਾ ਸ਼ੋਰ ਸੁਣ ਕੇ ਬਿਨਾਂ ਲੜੇ ਹੀ ਭੱਜ ਗਿਆ ਅਤੇ ਜਾਂਦਾ ਹੋਇਆ ਬਰਵਾ ਪਿੰਡ ਉਜਾੜ ਗਿਆ। ਦਿਲਾਵਰ ਖਾਨ ਨੇ ਆਪਣੇ ਗੁਲਾਮ ਹੁਸੈਨੀ ਨੂੰ ਫੌਜ ਦੇ ਕੇ ਭੇਜਿਆ ਪਰ ਉਹ ਪਹਾੜੀ ਰਾਜਿਆਂ ਨਾਲ ਉਲਝ ਕੇ ਰਸਤੇ ਵਿਚ ਹੀ ਮਾਰਿਆ ਗਿਆ।

ਅਧਿਆਇ ਤੇਰ੍ਹਵਾਂ : ਸ਼ਾਹਜਾਦਾ ਮੁਅਜ਼ਮ ਦੀ ਆਮਦ (ਪੰਨਾ 155-158, ਛੰਦ 41)

ਗੁਰੂ ਜੀ ਨੇ ਸਿਕਲੀਗਰਾਂ ਤੋਂ ਸ਼ਸਤਰਾਂ ਦੀ ਸੋਧ-ਸੁਧਾਈ ਕਰਵਾ ਕੇ ਸ਼ਸਤਰਾਂ ਦੀ ਪੂਜਾ ਕੀਤੀ। ਸ਼ਾਹਜਾਦਾ ਮੁਅੱਜ਼ਮ ਦੇ ਹਮਲੇ ਦੀ ਖਬਰ ਸੁਣਕੇ ਬੇਵਿਸ਼ਵਾਸੇ ਲੋਕ ਆਨੰਦਪੁਰ ਛੱਡ ਕੇ ਭੱਜਣ ਲੱਗੇ। ਸ਼ਾਹਜਾਦਾ ਸਰਹੰਦ ਪਹੁੰਚਿਆ ਤਾਂ ਸਿਆਣੇ ਮਨੁੱਖਾਂ ਦੇ ਸਮਝਾਉਣ ਤੇ ਉਹ ਸਿਧਾ ਲਾਹੌਰ ਚਲਾ ਗਿਆ। ਬਾਦਸ਼ਾਹ ਵੱਲੋਂ ਬੇਗਮ ਖਾਂ ਆਦਿ ਚਾਰ ਹੋਰ ਅਹਿਦੀਏ ਭੇਜੇ ਗਏ। ਇਨ੍ਹਾਂ ਅਹਿਦੀਆਂ ਹੱਥੋਂ ਆਨੰਦਪੁਰ ਛੱਡ ਕੇ ਭੱਜਣ ਵਾਲੇ ਬੇਮੁਖਾਂ ਦੀ ਬਹੁਤ ਦੁਰਗਤ ਹੋਈ।

ਅਧਿਆਇ ਚੌਦ੍ਹਵਾਂ : ਸ਼ਾਹੀ ਫ਼ੌਜਾਂ ਦੀ ਚੜ੍ਹਾਈ ਤੇ ਜੰਗ (ਪੰਨਾ 159-165, ਛੰਦ 73)

ਸਿੰਘਾਂ ਦਾ ਬੋਲਬਾਲਾ ਹੁੰਦਾ ਵੇਖ ਕੇ ਪਹਾੜੀ ਰਾਜੇ ਦੁਬਾਰਾ ਔਰੰਗਜ਼ੇਬ ਕੋਲ ਫਰਿਆਦੀ ਹੋਏ। ਗੁਰੂ ਜੀ ਨੇ ਤਨਖ਼ਾਹਦਾਰ ਸੂਰਮੇ ਭਰਤੀ ਕੀਤੇ। ਬਾਈ ਧਾਰ ਦੇ ਰਾਜੇ ਅਤੇ ਮੁਗਲ ਫੌਜ ਨੇ ਆਨੰਦਪੁਰ ਨੂੰ ਘੇਰਾ ਪਾ ਕੇ ਰਸਦ ਪਾਣੀ ਰੋਕ ਦਿੱਤਾ। ਗੁਰੂ ਜੀ ਨੇ ਸਿੰਘਾਂ ਨੂੰ ਪੰਜ ਤੀਰ ਦੇ ਕੇ ਸਤਲੁਜ ਲੈ ਆਉਣ ਲਈ ਕਿਹਾ। ਪਰ ਸਿੰਘਾਂ ਦੇ ਮਨ ਵਿਚ ਸ਼ੰਕਾ ਆ ਗਿਆ। ਰਸਦ ਲਈ ਸਿੰਘਾਂ ਨੇ ਇੱਕ ਨੇੜਲਾ ਪਿੰਡ ਲੁੱਟ ਕੇ ਗੁਜਾਰਾ ਕੀਤਾ। ਇੱਕ ਸਿੱਖ ਵੱਲੋਂ ਭੇਟ ਕੀਤਾ ਪਾਰਸ ਗੁਰੂ ਜੀ ਨੇ ਦਰਿਆ ਵਿਚ ਸੁੱਟ ਦਿੱਤਾ।

ਅਧਿਆਇ ਪੰਦ੍ਹਰਵਾਂ : ਉਹੀ (ਪੰਨਾ 166-172, ਛੰਦ 86)

ਗਰੂ ਜੀ ਨੇ ਭਗਤ ਸਿੰਘ ਦੀ ਭੁੱਲ ਬਖਸ਼ ਦਿੱਤੀ। ਝੂਠਾ ਬਿਬਾਣ ਸਜਾ ਕੇ ਭੱਜ ਰਹੀ ਪਿਸ਼ੌਰੀ ਸੰਗਤ ਦਾ ਨਿਸ਼ਚਾ ਗੁਰੂ ਜੀ ਨੇ ਬਚਾ ਲਿਆ। ਸਿੰਘਾਂ ਤੇ ਮਾਤਾ ਨੇ ਆਨੰਦਪੁਰ ਛੱਡਣ ਲਈ ਬੇਨਤੀ ਕੀਤੀ। ਦੁਸ਼ਮਣ ਨੇ ਸਹੁੰਆਂ ਖਾ ਕੇ ਕਿਹਾ ਕਿ ਆਨੰਦਪੁਰ ਖਾਲੀ ਕਰੋ ਤੇ ਜਿਥੇ ਜੀਅ ਕਰੇ ਆਰਾਮ ਨਾਲ ਚਲੇ ਜਾਵੋ। ਗੁਰੂ ਜੀ ਨੇ ਕੂਚ ਦਾ ਨਾਟਕ ਕਰਕੇ ਦੁਸ਼ਮਣ ਦੇ ਮਨ ਦੀ ਖੋਟ ਜਾਹਿਰ ਕਰ ਦਿੱਤੀ। ਔਰੰਗਜ਼ੇਬ ਦੀ ਕਸਮਾਂ ਵਾਲੀ ਚਿੱਠੀ ਆਈ। ਗੁਰੂ ਜੀ ਨੇ ਕੂਚ ਦਾ ਹੁਕਮ ਦਿੱਤਾ। ਖਜਾਨਾ ਸਿੰਘਾਂ ਵਿਚ ਵੰਡ ਦਿੱਤਾ ਬਾਕੀ ਅਗਨ, ਅਕਾਸ਼ ਅਤੇ ਸਤਲੁਜ ਦੀ ਭੇਟ ਕੀਤਾ। ਇੱਕ ਸਿੱਖ ਨੇ ਕੀਮਤੀ ਕੰਗਣ ਭੇਟ ਕੀਤਾ ਜਿਸ ਨੂੰ ਗੁਰੂ ਜੀ ਨੇ ਦਰਿਆ ਵਿਚ ਸੁੱਟ ਦਿੱਤਾ।

ਅਧਿਆਇ ਸੋਲ੍ਹਵਾਂ : ਜ਼ਫ਼ਰਨਾਮੇ ਦਾ ਪ੍ਰਸੰਗ (ਪੰਨਾ 173-201, ਛੰਦ 332)

ਇੱਕ ਰਾਜੇ ਦੀ ਸਾਖੀ ਦਿੱਤੀ ਹੈ ਜਿਸ ਨੇ ਪਤਨੀ ਵੱਲੋਂ ਪਾਏ ਗੁਰੂ ਦੇ ਵਾਸਤੇ ਦੀ ਕਦੀ ਉਲੰਘਣਾ ਨਹੀਂ ਕੀਤੀ। ਦੂਜੀ ਸਾਖੀ ਵਿਚ ਸਿੱਖ ਗੁਰੂ ਜੀ ਪਾਸੋਂ ਆਪਣੇ ਨਾਸ ਦਾ ਵਰ ਮੰਗਦਾ ਹੈ। ਤੀਜੀ ਕਥਾ ਭਾਈ ਫੇਰੂ ਦੀ ਹੈ ਜਿਸ ਨੇ ਛੇਵੇਂ ਗੁਰੂ ਜੀ ਦੀ ਦਿੱਤੀ ਟੋਪੀ ਅਤੇ ਗੁਰਦਿਤਾ ਜੀ ਦੇ ਧੂੰਣੇ ਦੀ ਸੇਵਾ ਹੀ ਮੰਗੀ। ਗੁਰੂ ਜੀ ਨੇ ਮਾਝੇ ਵਿਚ ਜਾ ਕੇ ਸੇਵਾ ਦਾ ਹੁਕਮ ਦਿੱਤਾ। ਅੱਗੇ ਕਥਾ ਸੰਗਲੀ ਫਿਰ ਆਨੰਦਪੁਰ ਦੇ ਕੂਚ ਨਾਲ ਜਾ ਜੁੜਦੀ ਹੈ। ਸਿਆਹੀ ਟਿੱਬੀ ਪਹੁੰਚਣ ਤੇ ਦੁਸ਼ਮਣ ਨੇ ਹਮਲਾ ਕਰ ਦਿੱਤਾ ਜਿਸ ਨੂੰ ਰੋਕਣ ਲਈ ਉਦੈ ਸਿੰਘ ਆਪਣੇ ਜਥੇ ਸਮੇਤ ਸ਼ਹੀਦ ਹੋਇਆ। ਗੁਰੂ ਜੀ ਚਾਲੀ ਸਿੰਘਾਂ ਸਮੇਤ ਚਮਕੌਰ ਪਹੁੰਚੇ। ਦੁਸ਼ਮਣ ਨੇ ਪਿੰਡ ਨੂੰ ਘੇਰ ਲਿਆ। ਸਿੰਘਾਂ ਨੇ ਗੜ੍ਹੀ ਵਿਚ ਮੋਰਚੇ ਸੰਭਾਲ ਲਏ। ਪੰਜ-ਪੰਜ ਸਿੰਘਾਂ ਦਾ ਜਥਾ ਗੜ੍ਹੀ ਵਿਚੋਂ ਨਿਕਲ਼ ਕੇ ਲੜਦਾ ਹੋਇਆ ਸ਼ਹੀਦੀ ਪ੍ਰਾਪਤ ਕਰਦਾ। ਇਥੇ ਅਜੀਤ ਸਿੰਘ ਦੇ ਵਿਆਹ ਅਤੇ ਹਠੀ ਸਿੰਘ ਦੇ ਜਨਮ ਦੀ ਕਥਾ ਲਿਖੀ ਹੈ। ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋਏ। ਗੁਰੂ ਜੀ ਨੇ 'ਕਲਗੀ ਜਿਗਾ' ਸੰਤ ਸਿੰਘ ਨੂੰ ਦਿੱਤਾ। ਦੁਸ਼ਮਣ ਨੂੰ ਵੰਗਾਰ ਕੇ ਗੜ੍ਹੀ ਵਿਚੋਂ ਨਿਕਲ਼ੇ ਅਤੇ ਮਾਛੀਵਾੜੇ ਦੇ

ਜੰਗਲ ਵਿਚ ਪਹੁੰਚੇ। ਗੁਰੂ ਜੀ ਇੱਕ ਸਿੱਖ ਦੇ ਘਰ ਭਿਖਾਰੀ ਦੇ ਭੇਸ ਵਿਚ ਗਏ। ਮਾਤਾ ਗੁਜਰੀ, ਦੋਵੇਂ ਗੁਰੂ ਕੇ ਮਹਲ ਅਤੇ ਛੋਟੇ ਸਾਹਿਬਜ਼ਾਦੇ ਵੀ ਚਮਕੌਰ ਹੀ ਸਨ। ਮਾਤਾ, ਸਾਹਿਬਜ਼ਾਦੇ ਗ੍ਰਿਫਤਾਰ ਕਰਕੇ ਸਰਹੰਦ ਲਿਆਂਦੇ ਗਏ ਅਤੇ ਗੁਰੂ ਕੇ ਮਹਲ ਵਿਛੜ ਗਏ। ਸਰਹੰਦ ਸੂਬੇ ਦੀ ਕਚਹਿਰੀ ਵਿਚ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ। ਮਾਤਾ ਗੁਜਰੀ ਨੇ ਆਪਣੇ ਪੇਟ ਵਿਚ ਕਟਾਰ ਮਾਰ ਲਈ ਅਤੇ ਧਰਤੀ ਵਿਚ ਸਮਾ ਗਏ। ਰਸਤੇ ਵਿਚ ਗਨੀ ਖਾਂ ਤੇ ਨਬੀ ਖਾਂ ਨੇ ਗੁਰੂ ਜੀ ਦੀ ਸੇਵਾ ਕੀਤੀ ਅਤੇ ਹੁਕਮਨਾਮਾ ਪ੍ਰਾਪਤ ਕੀਤਾ। ਗੁਰੂ ਜੀ ਮਾਲਵੇ ਦੇ ਕਾਂਗੜ ਨਗਰ ਪਹੁੰਚੇ ਅਤੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ।

ਅਧਿਆਇ ਸਤਾਰ੍ਹਵਾਂ : ਭਾਈ ਦਯਾ ਸਿੰਘ ਜੀ ਔਰੰਗਜ਼ੇਬ ਪਾਸ ਜ਼ਫ਼ਰਨਾਮਾ ਲੈ ਕੇ ਗਏ

(ਪੰਨਾ 202-209, ਛੰਦ 87)

ਗੁਰੂ ਜੀ ਨੇ ਦਯਾ ਸਿੰਘ ਨੂੰ ਜ਼ਫ਼ਰਨਾਮਾ ਦੇ ਕੇ ਔਰੰਗਜ਼ੇਬ ਕੋਲ ਭੇਜਿਆ। ਦਯਾ ਸਿੰਘ ਦਿੱਲੀ, ਆਗਰਾ ਤੋਂ ਹੁੰਦੇ ਹੋਏ ਅਹਿਮਦਾਬਾਦ ਪਹੁੰਚੇ। ਸੰਗਤ ਨੇ ਸਹਾਇਤਾ ਕੀਤੀ। ਪਰ ਮੇਲ ਨਾ ਹੋ ਸਕਿਆ। ਦਯਾ ਸਿੰਘ ਨੇ ਗੁਰੂ ਜੀ ਪਾਸ ਬੇਨਤੀ ਲਿਖ ਭੇਜੀ। ਗੁਰੂ ਜੀ ਨੇ ਜਵਾਬ ਵਿਚ ਪੰਜ ਹੁਕਮ ਲਿਖ ਕੇ ਭੇਜੇ। ਦਯਾ ਸਿੰਘ ਨੇ ਜ਼ਫ਼ਰਨਾਮਾ ਔਰੰਗਜ਼ੇਬ ਨੂੰ ਦਿੱਤਾ। ਜ਼ਫ਼ਰਨਾਮਾ ਪੜ੍ਹ ਕੇ ਉਸ ਦੀ ਮੌਤ ਹੋ ਗਈ। ਗੁਰੂ ਜੀ ਕੋਟਕਪੂਰੇ ਗਏ। ਆਪ ਨੇ ਕਪੂਰੇ ਤੋਂ ਕਿਲ੍ਹਾ ਮੰਗਿਆ। ਉਸ ਦੇ ਮਨ੍ਹਾ ਕਰਨ ਤੇ ਗੁਰੂ ਜੀ ਅੱਗੇ ਚਲ ਪਏ। ਸੰਗਤ ਦਰਸ਼ਨ ਵਾਸਤੇ ਇਕੱਠੀ ਹੋ ਗਈ। ਦੂਜੇ ਪਾਸੇ ਪਹਾੜੀਆਂ ਤੇ ਸੂਬੇ ਸਰਹੰਦ ਦੀ ਫੌਜ ਵੀ ਸੂਹ ਕਢਦੀ ਆਣ ਪਹੁੰਚੀ। ਸਵਾ ਪਹਰ ਭਾਰੀ ਯੁੱਧ ਪਿਛੋਂ ਵੈਰੀ ਪਾਣੀ ਲਈ ਵਾਪਸ ਮੁੜ ਗਏ। ਦੋ ਸਿੰਘ ਹਾਲੇ ਜਿਉਂਦੇ ਸਨ ਉਨ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਬੇਦਾਵਾ ਪਾੜਿਆ। ਆਪ ਨੇ ਸ਼ਹੀਦ ਸਿੰਘਾਂ ਦਾ ਸੰਸਕਾਰ ਕੀਤਾ ਅਤੇ ਉਸ ਅਸਥਾਨ ਨੂੰ ਮੁਕਤਸਰ ਤੀਰਥ ਥਾਪਿਆ।

ਅਧਿਆਇ ਅਠਾਰ੍ਹਵਾਂ : ਤਲਵੰਡੀ ਸਾਬੋ, ਦਮਦਮਾ ਸਾਹਿਬ (ਪੰਨਾ 210-225, ਛੰਦ 189)

ਮੁਕਤਸਰ ਤੋਂ ਗੁਰੂ ਜੀ ਬਠਿੰਡੇ ਪਹੁੰਚੇ, ਸੰਗਤ ਨਾਲ ਮੇਲ ਹੋਇਆ। ਮਹਿਰਾਜ ਪਹੁੰਚੇ ਅਤੇ ਭਾਈ ਭਗਤੂ ਨੂੰ ਰਾਜ ਦਾ ਵਰ ਦਿੱਤਾ। ਗੁਰੂ ਜੀ ਤਲਵੰਡੀ ਗਏ, ਡੱਲਾ ਸਰਦਾਰ, ਸੰਗਤ ਅਤੇ ਖਾਲਸੇ ਆਣ ਮਿਲੇ। ਦੀਵਾਨ ਸਜੇ, ਗੁਰੂ ਜੀ ਨੇ ਬੁਰਜ ਅਤੇ ਸਰੋਵਰ ਦੀ ਕਾਰ ਸੇਵਾ ਕਰਵਾਈ। ਦਮਦਮੇ ਨੂੰ ਗੁਰੂ ਕੀ ਕਾਸ਼ੀ ਦਾ ਵਰ ਦਿੱਤਾ। ਗੁਰੂ ਜੀ ਦੇ ਨਾਲ ਦੱਖਣ ਜਾਣੋਂ ਡਰਦੇ ਦਰਬਾਰੀ ਤੇ ਸਿਪਾਹੀ ਰਾਤੀਂ ਭੱਜ ਗਏ। ਗੁਰੂ ਜੀ ਨੇ ਦੱਖਣ ਵੱਲ ਕੂਚ ਕੀਤਾ। ਭਾਈ ਰੂਪੇ ਨੇ ਆਪ ਨੂੰ ਠੰਢਾ ਜਲ ਛਕਾਇਆ ਅਤੇ ਲੰਗਰ ਦਾ ਵਰ ਮੰਗਿਆ। ਮਾਛੀ ਸਿੱਖ ਅਤੇ ਭਾਈ ਬੱਠਾ ਨੂੰ ਧਰਮਸਾਲ ਦਾ ਬਚਨ ਦਿੱਤਾ। ਆਪ ਰਾਜਪੁਤਾਨੇ ਪਹੁੰਚੇ। ਇੱਕ ਸਿੱਖ ਨੇ ਆਪਣੀ ਪੁੱਤਰੀ ਦਾ ਪਹਿਲਾਂ ਕੀਤੇ ਪ੍ਰਣ ਅਨੁਸਾਰ ਆਪ ਨਾਲ ਵਿਆਹ ਕਰਨ ਦੀ ਬੇਨਤੀ

ਕੀਤੀ ਅਤੇ ਗੁਰੂ ਜੀ ਨੇ ਪ੍ਰਵਾਨ ਕੀਤਾ। ਭਾਈ ਦਯਾ ਸਿੰਘ ਮਿਲੇ ਅਤੇ ਔਰਗਜ਼ੇਬ ਦੀ ਮੌਤ ਦੀ ਖਬਰ ਦਿੱਤੀ। ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਚਿੱਠੀ ਲਿਖੀ। ਆਪ ਨਾਲ ਬਘੌਰ ਸ਼ਹਿਰ ਵਾਸੀਆਂ ਨੇ ਅਕਾਰਨ ਹੀ ਯੁੱਧ ਛੇੜ ਦਿੱਤਾ। ਨਗਰ ਦੇ ਰਾਜੇ ਮਾਰੇ ਗਏ ਅਤੇ ਗੁਰੂ ਸਾਹਿਬ ਨੇ ਦਿੱਲੀ ਵੱਲ ਕੂਚ ਕੀਤਾ।

ਅਧਿਆਇ ਉੱਨੀਵਾਂ : ਸ਼ਾਹਜਾਦਾ ਤਾਰਾ ਆਜ਼ਮ ਮਾਰਿਆ (ਪੰਨਾ 226-232, ਛੰਦ 69)

ਬਹਾਦਰ ਸ਼ਾਹ ਨੇ ਗੁਰੂ ਜੀ ਤੋਂ ਸ਼ਰਨ ਮੰਗੀ। ਤਾਰਾ ਆਜ਼ਮ ਭਾਰੀ ਫੌਜ ਲੈ ਕੇ ਦਿੱਲੀ ਵੱਲ ਵਧਿਆ ਅਤੇ ਬਹਾਦਰ ਸ਼ਾਹ ਨਾਲ ਚੰਬਲ ਨਦੀ ਦੇ ਨੇੜੇ ਯੁੱਧ ਹੋਇਆ। ਗੁਰੂ ਜੀ ਦੀ ਕਿਰਪਾ ਨਾਲ ਬਹਾਦਰ ਸ਼ਾਹ ਜਿੱਤ ਕੇ ਦਿੱਲੀ ਦਾ ਬਾਦਸ਼ਾਹ ਬਣ ਗਿਆ।

ਅਧਿਆਇ ਵੀਹਵਾਂ : ਦਿੱਲਿਓਂ ਅਬਚਲ ਨਗਰ, ਨਾਂਦੇੜ (ਪੰਨਾ 233-255, ਛੰਦ 248)

ਗੁਰੂ ਜੀ ਨੇ ਦਿੱਲੀ ਨੇੜੇ ਪਹੁੰਚ ਕੇ ਜਮਨਾ ਕੰਢੇ ਡੇਰਾ ਕੀਤਾ ਜਿਥੋਂ ਸ਼ਹਿਰ ਦੀ ਸੰਗਤ ਆਪ ਨੂੰ ਧਰਮਸਾਲ ਲੈ ਆਈ। ਸ਼ਾਹ ਦਾ ਸੁਨੇਹਾ ਆਉਣ ਤੇ ਆਪ ਆਗਰੇ ਵੱਲ ਚਲ ਪਏ। ਮਥੁਰਾ, ਗੋਕੁਲ ਅਤੇ ਬ੍ਰਿੰਦਾਵਣ ਹੁੰਦੇ ਹੋਏ ਆਗਰੇ ਪਹੁੰਚੇ। ਸ਼ਾਹੀ ਦਰਬਾਰ ਅੰਦਰ ਗਏ ਜਿਥੇ ਉਸ ਨੇ ਸਤਿਕਾਰ ਵਜੋਂ ਕਲਗੀ, ਜਿਗਾ, ਧੁਖਧੁਖੀ ਅਤੇ ਖ਼ਿਲਤ ਪੇਸ਼ ਕੀਤੀ। ਬਹਾਦਰ ਸ਼ਾਹ ਨੇ ਗੁਰੂ ਜੀ ਦੇ ਕਹਿਣ ਤੇ ਦੱਖਣ ਜਾਣ ਦੀ ਤਿਆਰੀ ਕੀਤੀ। ਸੰਗਤ ਵਿਚ ਦਰਸ਼ਨ ਲਈ ਆਏ ਪੀਰ, ਦੀਵਾਨ ਅਤੇ ਕਾਜ਼ੀ ਦੇ ਸ਼ੰਕੇ ਦੂਰ ਕੀਤੇ। ਰੌਸ਼ਨ ਸਿੰਘ ਨੇ ਸ਼ੇਰ ਮਾਰਿਆ। ਆਪ ਨੇ ਹਾਥੀਆਂ ਦੀ ਲੜਾਈ ਵੇਖੀ। ਚਾਰ ਮਹੀਨੇ ਆਗਰੇ ਰਹਿ ਕੇ ਜੈਪੁਰ ਪਹੁੰਚੇ ਜਿਥੇ ਜੰਡ ਤੇ ਪਿਪਲ ਦੀ ਕਥਾ ਰਾਹੀਂ ਖਾਲਸਾ ਰਾਜ ਦਾ ਬਚਨ ਦਿੱਤਾ। ਫਿਰ ਆਪ ਪਟਨੇ ਗਏ। ਅੰਬੇਰ, ਜੋਧਪੁਰ, ਜੈਸਲਮੇਰ, ਚਿਤੌੜ, ਗੋਪਾਲਗੜ੍ਹ ਤੋਂ ਹੁੰਦੇ ਹੋਏ ਬੁਰਹਾਨਪੁਰ ਪਹੁੰਚੇ ਜਿਥੇ ਹਠੀ ਸਿੰਘ ਨੂੰ ਦੇਖ ਕੇ ਆਪ ਦਾ ਮਨ ਦ੍ਰਵ ਗਿਆ। ਇਥੋਂ ਆਪ ਨਾਂਦੇੜ ਆਣ ਪਹੁੰਚੇ। ਇੱਕ ਪਠਾਣ ਆਪ ਦੇ ਦਰਸ਼ਨਾਂ ਲਈ ਆਇਆ ਜਿਸ ਨੂੰ ਆਪ ਨੇ ਆਪਣੇ ਕੋਲ ਹੀ ਰੱਖ ਲਿਆ

ਅਧਿਆਇ ਇੱਕੀਵਾਂ : ਅੰਤਿਮ ਸਮਾਚਾਰ (ਪੰਨਾ 256-277, ਛੰਦ 218)

ਰਹਿਰਾਸ ਤੋਂ ਬਾਅਦ ਅਰਾਮ ਕਰਦੇ ਸਮੇਂ ਪਠਾਣ ਨੇ ਗੁਰੂ ਜੀ ਨੂੰ ਜਮਦਾੜ ਮਾਰ ਕੇ ਸਖਤ ਜ਼ਖਮੀ ਕਰ ਦਿੱਤਾ। ਸ਼ਾਹ ਵੱਲੋਂ ਫਿਰੰਗੀ ਵੈਦ ਪਹੁੰਚਿਆ ਅਤੇ ਉਸ ਨੇ ਜਖ਼ਮ ਧੋ ਕੇ ਸੀਤਾ। ਗਿਆਰਵੇਂ ਦਿਨ ਆਪ ਕੁੱਝ ਰਾਜ਼ੀ ਹੋਏ ਅਤੇ ਇਸ਼ਨਾਨ ਕਰਕੇ ਸੰਗਤ ਨੂੰ ਦਰਸ਼ਨ ਦਿੱਤੇ। ਪੰਜਾਬ ਦੀ ਸੰਗਤ ਵੱਲੋਂ ਭੇਟਾ ਕੀਤੀ ਕਮਾਨ ਖਿਚਣ ਸਮੇਂ ਜਖ਼ਮ ਦੇ ਟਾਂਕੇ ਟੁੱਟ ਗਏ। ਆਪ ਨੇ ਬੰਦਾ ਸਿੰਘ ਨੂੰ ਪੰਜ ਸਿੰਘ ਦੇ ਕੇ ਪੰਜਾਬ ਭੇਜਿਆ। ਸੋਲ੍ਹਾਂ ਦਿਨ ਬੀਤੇ ਕਲਗੀ ਜਿਗਾ ਸਜਾ ਕੇ ਚਿਖਾ ਤਿਆਰ ਕਰਵਾਈ, ਇੱਕ ਸਿੰਘ ਨੂੰ ਅੱਗ ਲਗਾਉਣ ਦਾ ਹੁਕਮ ਦਿੱਤਾ ਅਤੇ ਕਨਾਤ ਵਿਚੋਂ ਸਭ ਨੂੰ ਬਾਹਰ ਜਾਣ ਲਈ ਕਿਹਾ। ਉਥੇ ਹੁਣ ਉਦਾਸੀਆਂ

ਦੀ ਧਰਮਸਾਲ ਹੈ ਅਤੇ ਸਿੰਘ ਸ਼ਸਤ੍ਰਾਂ ਦੀ ਸੇਵਾ ਕਰਦਾ ਹੈ। ਅੰਤ ਵਿਚ ਅਠਾਰਵੀਂ ਸਦੀ ਦੇ ਲਾਹੌਰ ਦਾ ਹਾਲ ਅਤੇ ਭਾਈ ਮਨੀ ਸਿੰਘ ਦੀ ਸ਼ਹੀਦੀ ਬਾਰੇ ਦੱਸਿਆ ਗਿਆ ਹੈ।

**'ਗੁਰਬਿਲਾਸ ਪਾਤਸ਼ਾਹੀ ੧੦' ਕ੍ਰਿਤ ਸੁੱਖਾ ਸਿੰਘ**

ਸੁੱਖਾ ਸਿੰਘ ਨੇ ਕੁਇਰ ਸਿੰਘ ਵੱਲੋਂ ਪੇਸ਼ ਕੀਤੀ ਗਈ ਕਥਾ ਲੜੀ ਵਿਚ ਚਾਲੀ ਦੇ ਲਗਭਗ ਨਵੀਆਂ ਸਾਖੀਆਂ ਸ਼ਾਮਿਲ ਕੀਤੀਆਂ ਹਨ ਅਤੇ ਇਤਿਹਾਸਕ ਲੜੀ ਦੀਆਂ ਛੁੱਟ ਗਈਆਂ ਕੜੀਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਅਕਾਰ ਪੱਖੋਂ ਇਹ ਗ੍ਰੰਥ ਕੁਇਰ ਸਿੰਘ ਦੀ ਰਚਨਾ ਨਾਲੋਂ ਕਾਫੀ ਵੱਡਾ ਹੈ। ਇਸ ਗ੍ਰੰਥ ਵਿਚ ਕੁੱਲ 5409 ਛੰਦ ਦਰਜ ਹਨ ਜਿਨ੍ਹਾਂ ਨੂੰ ਇਕੱਤੀ ਅਧਿਆਇਆਂ ਵਿਚ ਵੰਡਿਆ ਗਿਆ ਹੈ।

ਅਧਿਆਇ ਪਹਿਲਾ : ਜੋਤੀ ਜੋਤਿ ਰਾਜ ਅਭਿਖੇਕ (ਨੌਵੇਂ ਗੁਰੂ) (ਪੰਨਾ 1-16, ਛੰਦ 189)

ਮੰਗਲਾਚਰਣ ਤੋਂ ਬਾਅਦ, ਕਵੀ ਗੁਰੂ ਕਿਰਪਾ ਰਾਹੀਂ ਸ਼ਸਤ੍ਰ ਨਾਮਮਾਲਾ ਦੇ ਅਰਥਾਂ ਦੀ ਹੋਈ ਪ੍ਰਾਪਤੀ ਬਾਰੇ ਦੱਸਦਾ ਹੈ। ਆਪਣੇ ਸੰਖੇਪ ਜੀਵਨ ਬਿਉਰੇ ਪਿਛੋਂ ਗ੍ਰੰਥ ਰਚਨਾ ਦਾ ਸਮਾਂ ਅਤੇ ਉਦੇਸ਼ ਦੱਸਿਆ ਹੈ। ਗੁਰੂ ਨਾਨਕ ਜੀ ਤੋਂ ਗੁਰੂ ਹਰਿਰਾਏ ਜੀ ਤੱਕ ਸੰਖੇਪ ਵਰਨਣ ਕਰਦਿਆਂ ਔਰੰਗਜ਼ੇਬ ਦੇ ਸੱਦੇ ਤੇ ਗੁਰੂ ਹਰਿ ਕ੍ਰਿਸ਼ਨ ਜੀ ਦੇ ਦਿੱਲੀ ਰਾਜੇ ਦੇ ਮਹਿਲ ਨਿਵਾਸ ਕਰਨ ਤੋਂ ਮੁਖ ਕਥਾ ਸ਼ੁਰੂ ਹੁੰਦੀ ਹੈ। ਆਪ ਨੇ ਰਾਣੀ ਦੇ ਮਨ ਦੀ ਬੁੱਝ ਕੇ ਉਸ ਨੂੰ ਸਿੱਖੀ ਧਾਰਨ ਕਰਵਾਈ। ਗੁਰੂ ਹਰਿ ਕ੍ਰਿਸ਼ਨ ਜੀ 'ਬਾਬਾ ਬਕਾਲੇ' ਦਾ ਬਚਨ ਕਰ ਕੇ ਜੋਤੀ-ਜੋਤਿ ਸਮਾ ਗਏ ਅਤੇ ਮੱਖਣ ਸ਼ਾਹ ਲੁਬਾਣੇ ਰਾਹੀਂ ਬਾਬਾ ਤੇਗ ਬਹਾਦਰ ਜੀ ਨੌਵੇਂ ਗੁਰੂ ਪਰਗਟ ਹੋਏ। ਮਾਤਾ ਨਾਨਕੀ ਜੀ ਨੇ ਸਿੱਖਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸਾਖੀਆਂ ਅਤੇ ਭਵਿੱਖਤ ਬਚਨ ਦੱਸੇ। ਧੀਰਮਲ ਦੀ ਈਰਖਾ, ਝਗੜਾ ਕਰਨ ਤੇ ਵੀ ਗੁਰੂ ਤੇਗ ਬਹਾਦਰ ਜੀ ਸ਼ਾਂਤ ਰਹੇ ਅਤੇ ਉਸ ਨੂੰ 'ਆਦਿ ਗ੍ਰੰਥ' ਜੀ ਦੀ ਬੀੜ ਵਾਪਸ ਮੋੜ ਦਿੱਤੀ। ਆਪ ਨੇ ਦੁਆਬੇ ਅਤੇ ਕੀਰਤਪੁਰ ਹੁੰਦਿਆਂ ਹੋਇਆਂ ਮਾਖੋਵਾਲ ਸ਼ਹਿਰ ਦੀ ਸਥਾਪਨਾ ਕੀਤੀ ਅਤੇ ਮਾਖੋ ਦੈਂਤ ਨੂੰ ਕੱਢ ਦਿੱਤਾ।

ਅਧਿਆਇ ਦੂਜਾ : ਰਾਜਾ ਹਰੀ ਚੰਦ ਕਥਾ, ਤੀਰਥ ਮਹਾਤਮ (ਪੰਨਾ 17-29, ਛੰਦ 148)

ਗੁਰੂ ਤੇਗ ਬਹਾਦਰ ਜੀ ਤੀਰਥ ਯਾਤਰਾ ਲਈ ਕੁਰੁਕਸ਼ੇਤਰ, ਹਰਿਦੁਆਰ, ਨਾਨਕਮਤਾ, ਨੀਮਖਾਰ, ਪਰਯਾਗ, ਕਾਸ਼ੀ ਆਦਿ ਨਗਰਾਂ ਦੀ ਸੰਗਤ ਨੂੰ ਮਿਲਦੇ ਹੋਏ ਪਟਨੇ ਪਹੁੰਚੇ। ਸੰਗਤ ਨੂੰ ਆਪ ਨੇ ਰਾਜਾ ਹਰੀਸ਼ ਚੰਦਰ ਦੀ ਕਥਾ ਸੁਣਾਈ। ਰਾਜਾ ਮਾਨ ਸਿੰਘ ਆਪ ਨੂੰ ਬੇਨਤੀ ਕਰਕੇ ਪੂਰਬ ਦੇਸ ਆਪਣੇ ਨਾਲ ਲੈ ਗਿਆ ਅਤੇ ਬਾਕੀ ਪਰਿਵਾਰ ਪਟਨੇ ਹੀ ਠਹਿਰ ਗਿਆ।

ਅਧਿਆਇ ਤੀਜਾ : ਮਦ੍ਰਦੇਸ਼ ਕੋ ਆਗਮਨ, ਕਾਸ਼ੀ ਪ੍ਰਵੇਸ਼ (ਪੰਨਾ 30-47, ਛੰਦ 218)

ਗੋਬਿੰਦ ਰਾਏ ਜੀ ਨੇ ਪਟਨੇ ਵਿਖੇ ਜਨਮ ਲਿਆ। ਆਪ ਨੂੰ ਪਰਮਾਤਮਾ ਨੇ ਤੁਰਕਾਂ ਦਾ ਜ਼ੁਲਮ ਮੁਕਾਉਣ ਲਈ ਮਾਤਲੋਕ ਭੇਜਿਆ। ਮਾਮਾ ਕ੍ਰਿਪਾਲ ਚੰਦ ਨੇ ਇਹ ਸ਼ੁਭ ਸੁਨੇਹਾ ਢਾਕੇ ਗੁਰੂ ਤੇਗ ਬਹਾਦਰ ਜੀ ਵੱਲ ਘੱਲਿਆ। ਗੁਰੂ ਜੀ ਨੇ ਖੁਸ਼ੀ ਪਰਗਟ ਕੀਤੀ ਅਤੇ ਕੁੱਝ ਸਮਾਂ ਠਹਿਰ ਕੇ ਆਉਣ ਦਾ ਸਮਾਚਾਰ ਦਿੱਤਾ। ਜਦੋਂ ਤਿੰਨ ਸਾਲ ਦੇ ਹੋਏ ਤਾਂ ਗੋਬਿੰਦ ਰਾਏ ਜੀ ਨੇ ਸ਼ਸਤ੍ਰਾਂ ਨਾਲ ਖੇਡਣਾ ਸ਼ੁਰੂ ਕੀਤਾ। ਗੋਬਿੰਦ ਰਾਏ ਜੀ ਨੇ ਇੱਕ ਸਿੱਖ ਪਰਿਵਾਰ ਦੀ ਨੂੰਹ ਨੂੰ ਪੰਜ ਪੁੱਤਰਾਂ ਦੀ ਅਸੀਸ ਦਿੱਤੀ। ਮਾਤਾ ਗੁਜਰੀ ਜੀ ਦੇ ਬਚਨਾਂ ਨਾਲ ਖੂਹ ਦਾ ਪਾਣੀ ਖਾਰਾ ਹੋ ਗਿਆ। ਗੁਰੂ ਤੇਗ ਬਹਾਦਰ ਜੀ ਨੇ ਪਰਿਵਾਰ ਨੂੰ ਪੰਜਾਬ ਆਉਣ ਲਈ ਹੁਕਮਨਾਮਾ ਭੇਜਿਆ। ਗੋਬਿੰਦ ਰਾਏ ਜੀ ਪੰਜਾਬ ਵੱਲ ਚਲ ਪਏ। ਕਾਂਸ਼ੀ ਪਹੁੰਚੇ ਅਤੇ ਪਰਯਾਗ ਤੀਰਥ ਤੇ ਨੌਵੇਂ ਗੁਰੂ ਜੀ ਵੱਲੋਂ ਸਰਬੰਸ ਦਾਨ ਕਰਨ ਦੇ ਪ੍ਰਣ ਦੀ ਸਾਖੀ ਸੁਣੀ। ਦਰਸ਼ਨ ਕਰਕੇ ਬ੍ਰਾਹਮਣ ਨਿਹਾਲ ਹੋਏ ਅਤੇ ਸਿੱਖ ਬਣ ਗਏ।

ਅਧਿਆਇ ਚੌਥਾ : ਸ੍ਰੀ ਆਨੰਦਪੁਰ ਪ੍ਰਵੇਸ਼ (ਪੰਨਾ 48-56, ਛੰਦ 104)

ਕਾਸ਼ੀ ਤੋਂ ਮਥੁਰਾ ਹੁੰਦੇ ਹੋਏ ਗੋਬਿੰਦ ਰਾਏ ਜੀ ਨੇ ਨਾਨਕਮਤੇ ਧਰਮਸਾਲ ਵਿਚ ਪਰਸ਼ਾਦ ਭੇਟਾ ਕੀਤਾ। ਹਰਿਦੁਆਰ, ਬਰਖਤ ਹੋ ਕੇ ਲਖਨੌਰ ਪਹੁੰਚੇ ਜਿਥੇ ਅਰਫਦੀਨ ਨਾਲ ਮੇਲ ਹੋਇਆ। ਆਨੰਦਪੁਰ ਤੋਂ ਨੌਵੇਂ ਗੁਰੂ ਜੀ ਦਾ ਹੁਕਮਨਾਮਾ ਆਉਣ ਤੇ ਆਪ ਕੀਰਤਪੁਰ ਹੁੰਦੇ ਹੋਏ ਆਨੰਦਪੁਰ ਪਹੁੰਚੇ ਅਤੇ ਸਿੱਖਾਂ ਪਾਸੋਂ ਸਤਲੁਜ ਦੀ ਪੌਰਾਣਕ ਕਥਾ ਸੁਣੀ।

ਅਧਿਆਇ ਪੰਜਵਾਂ : ਜੋਤੀ-ਜੋਤਿ ਅਭਿਖੇਕ (ਦਸਮ ਗੁਰੂ) (ਪੰਨਾ 57-90, ਛੰਦ 443)

ਗੋਬਿੰਦ ਰਾਏ ਜੀ ਦਾਦੀ ਮਾਤਾ ਨਾਨਕੀ ਅਤੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਮਿਲੇ। ਸਿੱਖਿਆ ਸ਼ੁਰੂ ਹੋਈ। ਕਸ਼ਮੀਰੀ ਸੰਗਤ ਨੇ ਗੁਰੂ ਜੀ ਪਾਸ ਔਰੰਗਜ਼ੇਬ ਦੇ ਜ਼ੁਲਮ ਤੋਂ ਬਚਾਉਣ ਲਈ ਬੇਨਤੀ ਕੀਤੀ। ਗੁਰੂ ਜੀ ਸ਼ਹੀਦੀ ਦੇਣ ਲਈ ਦਿੱਲੀ ਵੱਲ ਚਲ ਪਏ। ਮਾਤਾ ਜੀ ਪਾਸ ਲਾਹੌਰ ਦੇ ਸਿੱਖ ਨੇ ਆਪਣੀ ਧੀ ਦਾ ਰਿਸ਼ਤਾ ਗੋਬਿੰਦ ਰਾਏ ਲਈ ਲੈਣ ਦੀ ਬੇਨਤੀ ਕੀਤੀ। ਆਨੰਦਪੁਰ ਦੇ ਨੇੜੇ ਇੱਕ ਨਵੀਂ ਬਸਤੀ ਵਸਾ ਕੇ ਵਿਆਹ ਕੀਤਾ ਗਿਆ। ਗੋਬਿੰਦ ਰਾਏ ਜੀ ਨੇ ਤੀਰ ਮਾਰ ਕੇ ਚਸ਼ਮਾ ਪਰਗਟ ਕੀਤਾ। ਦਿੱਲੀ ਕੈਦਖਾਨੇ ਵਿਚੋਂ ਨੌਵੇਂ ਗੁਰੂ ਜੀ ਦਾ ਪੱਤਰ ਪਹੁੰਚਿਆ। ਸਿੱਖ ਨੇ ਗੋਬਿੰਦ ਰਾਏ ਜੀ ਨੂੰ ਆਜੜੀ ਰਾਹੀਂ ਗਰਿਫਤਾਰੀ ਦੀ ਕਥਾ ਸੁਣਾਈ। ਔਰੰਗਜ਼ੇਬ ਨੇ ਆਪ ਨੂੰ ਦੀਨ ਕਬੂਲ ਕਰਨ ਲਈ ਕਿਹਾ। ਗੁਰੂ ਜੀ ਨੇ ਸ਼ਹਾਦਤ ਦਿੱਤੀ। ਗੋਬਿੰਦ ਰਾਏ ਜੀ ਨੇ ਰੰਘਰੇਟਾ ਸਿੱਖ ਦਿੱਲੀ ਭੇਜਿਆ ਜੋ ਨੌਵੇਂ ਗੁਰੂ ਦਾ ਸਰੀਰ ਆਨੰਦਪੁਰ ਲੈ ਕੇ ਆਇਆ। ਮਸੰਦਾਂ ਨੇ ਮਾਤਾ ਨਾਨਕੀ ਜੀ ਨੂੰ ਪੋਤਰੇ ਨੂੰ ਰਾਜ ਤਿਲਕ ਦੇਣ ਦੀ ਬੇਨਤੀ ਕੀਤੀ। ਦਮਦਮੇ ਦੇ ਸਥਾਨ ਤੇ ਗੋਬਿੰਦ ਰਾਏ ਜੀ ਨੂੰ ਰਾਮ ਕੁਇਰ ਜੀ ਨੇ ਰਾਜ ਤਿਲਕ ਦਿੱਤਾ। ਗੁਰੂ ਜੀ ਨੇ ਨਗਾਰਾ ਬਣਾਉਣ ਦਾ ਹੁਕਮ

ਦਿੱਤਾ। ਰਾਜਾ ਭੀਮ ਚੰਦ ਦਰਸ਼ਨ ਕਰਨ ਲਈ ਆਇਆ ਪਰਸਾਦੀ ਹਾਥੀ ਨੂੰ ਵੇਖ ਕੇ ਬੇਈਮਾਨ ਹੋ ਗਿਆ, ਉਸ ਦੇ ਹਾਥੀ ਮੰਗਣ ਤੇ ਗੁਰੂ ਜੀ ਨੇ ਮਨ੍ਹਾ ਕਰ ਦਿੱਤਾ। ਭੀਮ ਚੰਦ ਨੇ ਯੁੱਧ ਦਾ ਡਰਾਵਾ ਦਿੱਤਾ। ਨਾਹਨਪਤੀ ਮਹੀ ਪ੍ਰਕਾਸ਼ (ਮੇਦਨੀ ਪ੍ਰਕਾਸ਼) ਨੇ ਬੇਨਤੀ ਕੀਤੀ ਕਿ ਨਾਹਨ ਦੀ ਧਰਤੀ ਨੂੰ ਪਵਿੱਤਰ ਕਰੋ। ਮਾਤਾ ਅਤੇ ਮਹੀ ਪ੍ਰਕਾਸ਼ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਜੀ ਨੇ ਨਾਹਨ ਵੱਲ ਕੂਚ ਕੀਤਾ।

ਅਧਿਆਇ ਛੇਵਾਂ : ਭੰਗਾਣੀ ਜੁੱਧ ਬਿਜਯ (ਪੰਨਾ 91-117, ਛੰਦ 338)

ਰਾਜੇ ਦੇ ਘਰ ਚਰਨ ਪਾਏ ਅਤੇ ਜਮਨਾ ਕੰਢੇ ਪਾਂਉਟਾ ਨਗਰ ਵਸਾਇਆ। ਕਿਲ੍ਹਾ ਬਣਵਾਇਆ, ਘੋੜੇ ਖਰੀਦੇ ਅਤੇ ਤਨਖ਼ਾਹਦਾਰ ਪਠਾਣ ਸਿਪਾਹੀ ਭਰਤੀ ਕੀਤੇ। ਆਪ ਨੇ ਮਹੀ ਪ੍ਰਕਾਸ਼ ਅਤੇ ਫਤੇ ਸ਼ਾਹ ਦੀ ਸੁਲ੍ਹਾ ਕਰਵਾਈ। ਗੁਰੂ ਜੀ ਕ੍ਰਿਸ਼ਨਾਵਤਾਰ ਦੀ ਰਚਨਾ ਕਰਦੇ ਅਤੇ ਸ਼ਿਕਾਰ ਖੇਡਦੇ। ਆਪ ਦਾ ਕੀਮਤੀ ਕੰਗਣ ਜਮਨਾ ਵਿਚ ਡਿੱਗਣ ਦੀ ਸਾਖੀ। ਕਪਾਲਮੋਚਨ ਦੇ ਮੇਲੇ ਤੇ ਮੂਰਖਾਂ ਨੂੰ ਸਜ਼ਾ ਅਤੇ ਸਿੱਖਾਂ ਨੂੰ ਸਿਰੋਪੇ ਦਿੱਤੇ। ਗੁਰੂ ਜੀ ਨੇ ਭੀਮ ਚੰਦ ਦੇ ਪੁੱਤਰ ਦੀ ਜੰਵ ਰੋਕੀ, ਸਿਰਫ ਲਾੜੇ ਨੂੰ ਲੰਘਣ ਦਿੱਤਾ। ਫਤੇਸ਼ਾਹ ਦੇ ਘਰ ਭੀਮ ਚੰਦ ਨੇ ਗੁਰੂ ਜੀ ਵੱਲੋਂ ਭੇਜੇ ਸਿੱਖਾਂ ਨੂੰ ਮਾਰਨ ਦੀ ਅਸਫਲ ਕੋਸ਼ਿਸ਼ ਕੀਤੀ। ਵਿਆਹ ਪਿਛੋਂ ਪਹਾੜੀਆਂ ਨੇ ਗੁਰੂ ਜੀ ਉੱਪਰ ਚੜ੍ਹਾਈ ਕਰ ਦਿੱਤੀ। ਗੁਰੂ ਜੀ ਦੇ ਤਨਖ਼ਾਹ ਤੇ ਰੱਖੇ ਪੰਜ ਸੌ ਪਠਾਣ ਵੈਰੀ ਨਾਲ ਜਾ ਰਲੇ ਅਤੇ ਪੰਜ ਸੌ ਉਦਾਸੀ ਭੱਜ ਗਏ, ਮਹੰਤ ਕਿਰਪਾਲ ਦਾਸ ਹੀ ਰਹਿ ਗਿਆ। ਭੰਗਾਣੀ ਦੇ ਯੁੱਧ ਵਿਚ ਵੈਰੀ ਖੇਮੇ ਵਿਚੋਂ ਫਤੇ ਸ਼ਾਹ ਭੱਜ ਗਿਆ, ਭੀਖਨ ਖਾਂ ਅਤੇ ਹਰੀ ਚੰਦ ਆਦਿ ਸੂਰਮੇ ਮਾਰੇ ਗਏ। ਗੁਰੂ ਜੀ ਵੱਲੋਂ ਜੀਤਮਲ ਅਤੇ ਸੰਗੋਸ਼ਾਹ ਸ਼ਹੀਦ ਹੋਏ। ਜੰਗ ਜਿਤ ਕੇ ਆਪ ਨੇ ਆਨੰਦਪੁਰ ਵਾਪਸੀ ਲਈ ਕੂਚ ਕੀਤਾ।

ਅਧਿਆਇ ਸੱਤਵਾਂ : ਨਾਦੌਣ ਜੁੱਧ, ਖਾਨਜ਼ਾਦੇ ਕੋ ਆਗਮਨ (ਪੰਨਾ 118-125, ਛੰਦ 100)

ਆਨੰਦਪੁਰ ਨਗਰ ਵਸਾਇਆ। ਰਾਜਾ ਭੀਮ ਚੰਦ ਨੇ ਆ ਕੇ ਮੁਆਫੀ ਮੰਗੀ। ਜੰਮੂ ਦੇ ਮੀਆਂ ਖਾਂ ਦਾ ਭੇਜਿਆ ਅਲਫ ਖਾਨ ਅਤੇ ਰਾਜਾ ਕਟੋਚ ਨੇ ਮਿਲ ਕੇ ਭੀਮ ਚੰਦ ਉੱਪਰ ਚੜ੍ਹ ਆਏ। ਭੀਮ ਚੰਦ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ। ਗੁਰੂ ਜੀ ਨੇ ਨਦੌਣ ਯੁੱਧ ਵਿਚ ਦਿਆਲ ਕਟੋਚ ਨੂੰ ਮਾਰਿਆ ਅਤੇ ਵੈਰੀ ਹਾਰ ਕੇ ਭੱਜ ਗਿਆ। ਭੀਮ ਚੰਦ ਨੇ ਗੁਰੂ ਜੀ ਤੋਂ ਚੋਰੀ ਦੁਸ਼ਮਣ ਨਾਲ ਸੁਲ੍ਹਾ ਕਰ ਲਈ। ਆਨੰਦਪੁਰ ਵੱਲ ਵਾਪਸੀ ਦੌਰਾਨ ਆਪ ਨੇ ਆਲਸੂਨ ਪਿੰਡ ਨੂੰ ਲੁਟ ਲਿਆ। ਦਿਲਾਵਰ ਖਾਨ ਦਾ ਪੁੱਤਰ ਆਨੰਦਪੁਰ ਵੱਲ ਹਮਲਾਵਰ ਹੋ ਕੇ ਆਇਆ ਪਰ ਸਿੱਖਾਂ ਦੀ ਲਲਕਾਰ ਸੁਣ ਕੇ ਹੀ ਭੱਜ ਗਿਆ ਅਤੇ ਜਾਂਦਾ ਹੋਇਆ ਬਰੂਆ ਪਿੰਡ ਉਜਾੜ ਗਿਆ। ਦਿਲਾਵਰ ਖਾਨ ਨੇ ਫੇਰ ਆਪਣੇ ਗੁਲਾਮ ਹੁਸੈਨੀ ਨੂੰ ਫੌਜ ਦੇ ਕੇ ਭੇਜਿਆ। ਪਰ ਹੁਸੈਨੀ ਆਨੰਦਪੁਰ ਪਹੁੰਚਣ ਤੋਂ ਪਹਿਲਾਂ ਰਸਤੇ ਵਿਚ ਹੀ ਮਾਰਿਆ ਗਿਆ।

ਅਧਿਆਇ ਅਠਵਾਂ : ਦੇਵੀ ਚਰਿਤ੍ਰ ਆਗਮਨ (ਪੰਨਾ 126-135, ਛੰਦ 123)

ਗੁਰੂ ਜੀ ਨੇ ਬ੍ਰਾਹਮਣਾਂ ਲਈ ਮਾਸ ਅਤੇ ਸ਼ਰਾਬ ਦੇ ਭੋਜਨ ਦਾ ਕੌਤਕ ਕੀਤਾ। ਦੇਵੀ ਪੂਜਾ ਲਈ ਸਭ ਨੇ ਉਜੈਨ ਦੇ ਦੱਤਾ ਨੰਦ ਦੀ ਸਲਾਹ ਦਿੱਤੀ। ਗੁਰੂ ਜੀ ਦੇ ਹੁਕਮ ਨਾਲ ਦੱਤਾ ਨੰਦ ਨੇ ਆਨੰਦਪੁਰ ਦੇ ਨੇੜੇ ਸਤਲੁਜ ਕੰਢੇ ਦੇਵੀ ਪੂਜਾ ਸ਼ੁਰੂ ਕੀਤੀ।

ਅਧਿਆਇ ਨੌਵਾਂ : ਕਾਲਕਾ ਪਰਗਟ ਹੋਣਾ (ਪੰਨਾ 136-145, ਛੰਦ 126)

ਹਵਨ ਚਲਦੇ ਨੂੰ ਦੋ ਸਾਲ ਬੀਤ ਗਏ। ਦੱਤਾ ਨੰਦ ਵੱਲੋਂ ਸ਼ਿਕਾਰ ਨੂੰ ਪਾਪ ਕਹਿਣ ਤੇ ਗੁਰੂ ਜੀ ਨੇ ਮੋਏ ਪਸ਼ੂ ਜਿੰਦਾ ਕਰ ਦਿੱਤੇ। ਛੇ ਮਹੀਨੇ ਹੋਰ ਬੀਤ ਗਏ, ਫਿਰ ਦੱਤਾ ਨੰਦ ਨੇ ਇਕਾਂਤ ਵਾਲੀ ਜਗ੍ਹਾ ਨੈਣਾ ਦੇਵੀ ਦੀ ਪਹਾੜੀ ਤੇ ਹਵਨ ਸ਼ੁਰੂ ਕੀਤਾ। ਸਿੱਖ ਨੇ ਸ਼ੇਰ ਦਾ ਸ਼ਿਕਾਰ ਕਰਕੇ ਗੁਰੂ ਜੀ ਨੂੰ ਭੇਂਟ ਕੀਤਾ। ਆਪ ਨੇ ਸ਼ੇਰ ਦੀ ਖੱਲ ਖੋਤੇ ਨੂੰ ਪਵਾ ਕੇ, ਗੁਰੂ ਵੱਲੋਂ ਦੱਸੇ ਰਾਹ ਉੱਤੇ ਚਲਣ ਦੀ ਸਿੱਖਿਆ ਦਿੱਤੀ।

ਅਧਿਆਇ ਦਸਵਾਂ : ਕਾਲੀ ਆਗਮਨ (ਪੰਨਾ 146-159, ਛੰਦ 170)

ਗੁਰੂ ਜੀ ਆਪ ਦੇਵੀ ਪੂਜਾ ਕਰਨ ਲੱਗੇ। ਸਿੱਖ ਨੇ ਅੰਬ ਦਾ ਬੂਟਾ ਭੇਟ ਕੀਤਾ ਜਿਸ ਨੂੰ ਲਗਾਉਣ ਲਈ ਆਪ ਨੇ ਨੈਣਾ ਦੇ ਪਹਾੜ ਤੋਂ ਹੀ ਤੀਰ ਚਲਾ ਕੇ ਥਾਂ ਦੱਸੀ। ਦੇਵੀ ਪਰਗਟ ਹੋਈ ਅਤੇ ਉਸ ਨੇ ਆਪ ਨੂੰ ਖੜਗ, ਤੁਰਕ ਨਾਸ ਅਤੇ ਰਾਜ ਦਾ ਵਰ ਦਿੱਤਾ। ਬ੍ਰਾਹਮਣ ਨੇ ਆਪ ਦੀ ਸੋਭਾ ਕੀਤੀ ਅਤੇ ਦਾਨ ਕਰਨ ਲਈ ਕਿਹਾ।

ਅਧਿਆਇ ਗਿਆਰ੍ਹਵਾਂ : ਗ੍ਰਿਹ ਸੋਧ ਮਸੰਦ ਵਧ (ਪੰਨਾ 160-170, ਛੰਦ 132)

ਸੰਗਤ ਨੂੰ ਆਨੰਦਪੁਰ ਆਉਣ ਲਈ ਹੁਕਮਨਾਮੇ ਭੇਜੇ। ਮਸੰਦ ਮੈਯਾ ਤੇ ਸੁਚੈਯਾ ਗੁਰੂ ਦਾ ਧਨ ਘਰੇਲੂ ਕੰਮਾਂ ਵਿਚ ਵਰਤਣ ਲੱਗ ਪਏ ਸਨ। ਗੁਰੂ ਜੀ ਨੇ ਲੰਗਰਾਂ ਦੀ ਪਰਖ ਕੀਤੀ। ਭਾਈ ਬੁਢੇ ਕੇ ਅਤੇ ਇੱਕ ਹੋਰ ਸਿੱਖ ਦਾ ਲੰਗਰ ਹੀ ਸੱਚੇ ਸਾਬਤ ਹੋਏ। ਉਦਾਸੀ ਵੱਲੋਂ ਉਤਾਰਾ ਕੀਤੇ 'ਸ੍ਰੀ ਆਦਿ ਗ੍ਰੰਥ' ਉੱਪਰ ਮਸੰਦ ਨੰਦ ਚੰਦ ਨੇ ਕਬਜਾ ਕਰ ਲਿਆ। ਗੁਰੂ ਜੀ ਨੇ ਮਸੰਦਾਂ ਨੂੰ ਸਖਤ ਸਜ਼ਾਵਾਂ ਦੇ ਕੇ ਮਾਰਿਆ। ਕੁੱਝ ਪਰਦੇਸ ਭੱਜੇ ਅਤੇ ਕੁੱਝ ਚਰਨ ਫੜ ਕੇ ਬਚ ਗਏ। ਨੰਦ ਚੰਦ ਕਰਤਾਰਪੁਰ ਸੋਢੀਆਂ ਪਾਸ ਚਲਾ ਗਿਆ ਅਤੇ ਮਾਰਿਆ ਗਿਆ।

ਅਧਿਆਇ ਬਾਰ੍ਹਵਾਂ : ਸੁਭ ਪੰਥ ਪ੍ਰਗਾਸ (ਪੰਨਾ 171-185, ਛੰਦ 186)

ਗੁਰੂ ਜੀ ਨੇ ਕੇਸਗੜ੍ਹ ਵਿਖੇ ਸੰਗਤ ਤੋਂ ਪੰਜ ਸਿਰਾਂ ਦੀ ਮੰਗ ਕੀਤੀ। ਪੰਜਾਂ ਨੂੰ ਖੰਡੇ ਬਾਟੇ ਦੀ ਪਾਹੁਲ ਦੇ ਕੇ ਸਿੰਘ ਸਜਾਇਆ ਅਤੇ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਛਕਿਆ। ਬ੍ਰਾਹਮਣ ਅਤੇ ਪਹਾੜੀ ਰਾਜੇ ਖਾਲਸਾ

ਪੰਥ ਦਾ ਵਿਰੋਧ ਕਰਨ ਲੱਗੇ। ਗੁਰੂ ਜੀ ਨੇ ਸਰਬਤ ਸੰਗਤ ਨੂੰ ਖਾਲਸਾ ਪੰਥ ਵਿਚ ਸ਼ਾਮਿਲ ਹੋਣ ਲਈ ਹੁਕਮਨਾਮੇ ਭੇਜੇ।

ਅਧਿਆਇ ਤੇਰ੍ਹਵਾਂ : ਸਿੱਖ ਪਠਾਣ ਦੀ ਸਾਖੀ (ਪੰਨਾ 186-196, ਛੰਦ 132)

ਆਨੰਦਪੁਰ ਆ ਰਹੀ ਸੰਗਤ ਨੂੰ ਬਜਰੂੜ ਵਾਸੀਆਂ ਨੇ ਲੁੱਟ ਲਿਆ। ਗੁਰੂ ਜੀ ਨੇ ਬਜਰੂੜ ਤੇ ਹੱਲਾ ਕਰਕੇ ਦੋਸ਼ੀਆਂ ਨੂੰ ਸਜ਼ਾ ਦਿੱਤੀ। ਸਰਹੰਦ ਦੇ ਇੱਕ ਪਠਾਣ ਅਤੇ ਸਿੱਖ ਦਾ ਝਗੜਾ ਹੋਣ ਤੇ ਗੁਰੂ ਨੇ ਸਿੱਖ ਦੀ ਅਣਭੋਲ ਭੁੱਲ ਹੁੰਦਿਆਂ ਵੀ ਉਸ ਦੀ ਪੈਜ ਰੱਖ ਲਈ। ਪਠਾਣ ਨੂੰ ਮੌਤ ਦੀ ਯਾਦ ਨਾਲ ਮਨ ਦੀ ਸਥਿਰਤਾ ਸਮਝਾਈ।

ਅਧਿਆਇ ਚੌਦ੍ਹਵਾਂ : ਰਾਜੇ ਔ ਤੁਰਕਾਨ ਸਿਉ ਪ੍ਰਥਮ ਜੁੱਧ (ਪੰਨਾ 197-214, ਛੰਦ 211)

ਦਿਵਾਲੀ 'ਤੇ ਬਾਲਣ ਅਤੇ ਘਾਹ-ਪੱਠੇ ਦੀ ਥੁੜ ਕਰਕੇ ਸਿੰਘਾਂ ਨੇ ਇਲਾਕੇ ਵਿਚੋਂ ਸਖ਼ਤੀ ਨਾਲ ਉਗਰਾਹੀ ਕੀਤੀ। ਰਾਜਾ ਭੀਮ ਚੰਦ ਨੇ ਔਰੰਗਜ਼ੇਬ ਕੋਲ ਆਨੰਦਪੁਰ ਖਾਲੀ ਕਰਵਾ ਕੇ ਦੇਣ ਲਈ ਬੇਨਤੀ ਕੀਤੀ। ਔਰੰਗਜ਼ੇਬ ਨੇ ਸੂਬਾ ਲਾਹੌਰ ਨੂੰ ਪਹਾੜੀਆਂ ਦੀ ਮਦਦ ਲਈ ਭੇਜਿਆ। ਸਰਹੰਦ ਦੀ ਸੰਗਤ ਨੇ ਗੁਰੂ ਜੀ ਨੂੰ ਫੌਜ ਬਾਰੇ ਸੁਨੇਹਾ ਭੇਜਿਆ। ਫੌਜ ਨੇ ਹਮਲਾ ਕੀਤਾ, ਗੁਰੂ ਜੀ ਨੇ ਵੈਰੀ ਨੂੰ ਕਰਾਰਾ ਜਵਾਬ ਦਿੱਤਾ। ਭੀਮ ਚੰਦ ਦੇ ਮੰਤਰੀ ਨੇ ਸੂਬੇ ਨੂੰ ਨੌਵੇਂ ਗੁਰੂ ਜੀ ਵੱਲੋਂ ਆਸਾਮ ਦੇ ਰਾਜੇ ਨੂੰ ਪੁੱਤਰ ਬਖਸ਼ਣ ਅਤੇ ਉਸ ਰਾਜਕੁਮਾਰ ਵੱਲੋਂ ਦਸਵੇਂ ਗੁਰੂ ਜੀ ਨੂੰ ਹਾਥੀ ਅਤੇ ਹੋਰ ਕੀਮਤੀ ਸੁਗਾਤਾਂ ਭੇਟ ਕਰਨ ਬਾਰੇ ਦੱਸਿਆ ਜਿਨ੍ਹਾਂ ਦੇ ਲੋਭ ਕਾਰਨ ਹੀ ਭੀਮ ਚੰਦ ਨੇ ਵੈਰ ਸ਼ੁਰੂ ਕੀਤਾ ਸੀ।

ਅਧਿਆਇ ਪੰਦ੍ਹਰਵਾਂ : ਖਾਲਸੇ ਦੀ ਬਿਜੈ (ਪੰਨਾ 215-234, ਛੰਦ 244)

ਗੁਰੂ ਜੀ ਨੇ ਸਵਾ ਕੋਹ ਤੋਂ ਤੀਰ ਮਾਰਿਆ। ਲੋਹਗੜ ਦੇ ਜਥੇਦਾਰ ਸ਼ੇਰ ਸਿੰਘ ਅਤੇ ਨਾਹਰ ਸਿੰਘ ਨੇ ਰਾਤ ਨੂੰ ਦੁਸ਼ਮਣ ਤੇ ਹਮਲਾ ਕਰਕੇ ਦੁਸ਼ਮਣ ਦਾ ਭਾਰੀ ਨੁਕਸਾਨ ਕੀਤਾ। ਦੁਸ਼ਮਣ ਨੇ ਸ਼ਰਾਬੀ ਹਾਥੀ ਰਾਹੀਂ ਲੋਹਗੜ੍ਹ ਦਾ ਦਰਵਾਜਾ ਤੋੜਣ ਦਾ ਵਿਚਾਰ ਬਣਾਇਆ। ਗੁਰੂ ਜੀ ਨੇ ਹਾਥੀ ਦਾ ਮੁਕਾਬਲਾ ਕਰਨ ਲਈ ਮਸੰਦ ਦੁਨੀ ਚੰਦ ਨੂੰ ਚੁਣਿਆ ਪਰ ਉਹ ਡਰਦਾ ਰਾਤ ਨੂੰ ਭੱਜ ਗਿਆ। ਗੁਰੂ ਜੀ ਦੇ ਹੁਕਮ ਨਾਲ ਬਚਿੱਤਰ ਸਿੰਘ ਨੇ ਹਾਥੀ ਨੂੰ ਮਾਰ ਭਜਾਇਆ। ਰਾਜਾ ਕੇਸਰੀ ਚੰਦ ਉਦੈ ਸਿੰਘ ਹੱਥੋਂ ਮਾਰਿਆ ਗਿਆ ਅਤੇ ਸੂਬਾ ਲਾਹੌਰ ਹਾਰ ਕੇ ਨੱਸ ਗਿਆ। ਗੁਰੂ ਜੀ ਨੇ ਸਿੰਘਾਂ ਨੂੰ ਭੱਜਦੇ ਵੈਰੀ ਦਾ ਪਿੱਛਾ ਕਰਨੋਂ ਵਰਜਿਆ।

ਅਧਿਆਇ ਸੋਲ੍ਹਵਾਂ : ਸਹਜਾਦੇ ਕੋ ਆਗਮਨ (ਪੰਨਾ 235-249, ਛੰਦ 185)

ਔਰੰਗਜ਼ੇਬ ਨੂੰ ਰਾਜ ਖੁਸਣ ਦਾ ਖਤਰਾ ਭਾਸਣ ਲਗਾ ਅਤੇ ਚੌਮਾਸੇ ਪਿਛੋਂ ਸ਼ਾਹਜਾਦੇ ਨੂੰ ਹਮਲੇ ਦਾ ਹੁਕਮ ਦਿੱਤਾ। ਔਰੰਗਜ਼ੇਬ ਮਰਾਸੀਆਂ ਤੋਂ ਸਿੰਘਾਂ ਦੇ ਆਪਸੀ ਪ੍ਰੇਮ-ਇਤਫਾਕ ਦੀ ਨਕਲ ਵੇਖ ਕੇ ਹੈਰਾਨ

ਰਹਿ ਗਿਆ। ਗੁਰੂ ਜੀ ਨੇ ਮਾਰਵਾੜੀਆਂ ਤੋਂ ਸ਼ਸਤ੍ਰਾਂ ਦੀ ਸੁਧਾਈ ਕਰਵਾਈ। ਸ਼ਸਤ੍ਰਾਂ ਦੀ ਪੂਜਾ ਕੀਤੀ ਅਤੇ ਦੇਵੀ ਦੁਰਗਾ ਦੀ ਉਸਤਤ ਕੀਤੀ। ਜੰਗ ਦਾ ਅਭਿਆਸ ਕਰਵਾਇਆ। ਦਿੱਲੀ ਦੀ ਸੰਗਤ ਨੇ ਸ਼ਾਹਜਾਦੇ ਦੀ ਚੜ੍ਹਾਈ ਦਾ ਸਮਾਚਾਰ ਦਿੱਤਾ। ਲੋਕ ਡਰ ਕੇ ਸ਼ਹਿਰ ਵਿਚੋਂ ਭੱਜਣ ਲੱਗੇ। ਸਰਹੰਦ ਵਿਖੇ ਦਿੱਲੀ ਦੇ ਖੱਤਰੀ ਸਿੱਖਾਂ ਅਤੇ ਭਾਈ ਨੰਦ ਲਾਲ ਨੇ ਸ਼ਾਹਜ਼ਾਦੇ ਨੂੰ ਗੁਰੂ ਜੀ ਤੇ ਹਮਲੇ ਤੋਂ ਵਰਜਿਆ। ਉਹ ਬਿਨਾਂ ਹਮਲਾ ਕੀਤੇ ਲਾਹੌਰ ਚਲਾ ਗਿਆ। ਬਾਦਸ਼ਾਹ ਨੇ ਮਿਰਜਾਬੇਗ ਆਦਿ ਚਾਰ ਹੋਰ ਅਹਿਦੀਏ ਭੇਜੇ ਜਿਨ੍ਹਾਂ ਨੇ ਗੁਰੂ ਤੋਂ ਭੱਜੇ ਹੋਇਆਂ ਨੂੰ ਹੀ ਦੁਖ ਦਿੱਤੇ।

ਅਧਿਆਇ ਸਤਾਰ੍ਹਵਾਂ : ਸਿੱਖ ਸਾਖੀ (ਪੰਨਾ 250-264, ਛੰਦ 198)

ਗੁਰੂ ਜੀ ਨੇ ਰੌਸ਼ਨ ਸਿੰਘ ਵੱਲੋਂ ਬਾਣੀ ਦੀ ਕੀਤੀ ਜਾਂਦੀ ਚੋਰੀ ਰੋਕ ਦਿੱਤੀ। ਆਪ ਨੇ ਰਾਮ ਕੁਇਰ ਦਾ ਸ਼ੰਕਾ ਦੂਰ ਕੀਤਾ। ਮੁਨਸ਼ੀ ਆਸਾ ਸਿੰਘ ਵੱਲੋਂ ਗਰੀਬ ਸਿੱਖ ਦੀ ਮਦਾਦ ਲਈ ਉਸ ਨੂੰ ਸ਼ਾਬਾਸ਼ ਦਿੱਤੀ। ਇੱਕ ਜੱਟ ਦੀ ਸਿੰਘਾਂ ਖਿਲਾਫ ਝੂਠੀ ਹਾਲ ਪਾਰਿਆ ਦੀ ਸਾਖੀ। ਜੋਗਾ ਸਿੰਘ ਨੇ ਗੁਰੂ ਜੀ ਦਾ ਹੁਕਮ ਪਾਲਿਆ ਅਤੇ ਆਪ ਨੇ ਉਸ ਦੀ ਲਾਜ ਰੱਖੀ। ਬਾਜੀਗਰ ਦਾ ਗੁਰਸ਼ਬਦ ਗਾਇਨ ਸੁਣ ਕੇ ਆਪ ਨੇ ਬਹੁਤ ਸਤਿਕਾਰ ਅਤੇ ਇਨਾਮ ਦਿੱਤਾ।

ਅਧਿਆਇ ਅਠਾਰ੍ਹਵਾਂ : ਨਿਰਮੋਹ ਕਲਮੋਟ ਕੋ ਜੁੱਧ (ਪੰਨਾ 265-272, ਛੰਦ 80)

ਪੰਮੇ ਬ੍ਰਾਹਮਣ ਨੇ ਆਟੇ ਦੀ ਗਾਂ ਬਣਾ ਕੇ ਆਨੰਦਪੁਰ ਦੇ ਨੇੜੇ ਰਖਵਾ ਦਿੱਤੀ। ਗੁਰੂ ਜੀ ਸ਼ਹਿਰ ਛੱਡ ਕੇ ਨਿਰਮੋਹ ਵੱਲ ਚੱਲ ਪਏ ਪਰ ਵੈਰੀ ਨੇ ਆਪ ਤੇ ਹਮਲਾ ਕਰ ਦਿੱਤਾ। ਵੈਰੀ ਨੇ ਆਪ ਉੱਪਰ ਘਾਤ ਲਾ ਕੇ ਤੋਪ ਨਾਲ ਹਮਲਾ ਕੀਤਾ ਜਿਸ ਨਾਲ ਇੱਕ ਹਜੂਰੀਆ ਸਿੰਘ ਸ਼ਹੀਦ ਹੋ ਗਿਆ। ਆਪ ਨੇ ਦੋਵੇਂ ਤੋਪਚੀ ਮਾਰ ਮੁਕਾਏ। ਗੁਰੂ ਜੀ ਦਾ ਬਿਸਾਲੀ ਦੇ ਰਾਜੇ ਨਾਲ ਮੇਲ ਹੋਇਆ ਅਤੇ ਬਿਸਾਲੀ ਨਿਵਾਸ ਕੀਤਾ। ਗੁਰੂ ਜੀ ਨੇ ਸੰਗਤ ਨੂੰ ਲੁੱਟਣ ਵਾਲੇ ਕਲਮੋਟ ਪਿੰਡ ਤੇ ਚੜ੍ਹਾਈ ਕਰਕੇ ਦੋਸ਼ੀ ਸੋਧੇ।

ਅਧਿਆਇ ਉਨ੍ਹੀਵਾਂ : ਸਾਖੀ ਚਰਿਤ੍ਰ ਚੋਰ (ਪੰਨਾ 273-286, ਛੰਦ 165)

ਗੁਰੂ ਜੀ ਨੇ ਆਨੰਦਪੁਰ ਸ਼ਹਿਰ ਨੂੰ ਫੇਰ ਆਬਾਦ ਕੀਤਾ ਅਤੇ ਸਾਰੀ ਪ੍ਰਬੰਧ ਠੀਕ ਕੀਤੀ। ਨਾਰਦ ਮੁਨੀ ਅਨਿਲ ਪੰਛੀ ਦੇ ਖੰਭਾਂ ਦੀ ਭੇਟਾ ਲਿਆਏ। ਇਨ੍ਹਾਂ ਖੰਭਾਂ ਲੱਗੇ ਤੀਰਾਂ ਵਾਂਗ ਗੁਰਬਾਣੀ ਸਿੱਖ ਨੂੰ ਗੁਰੂ ਦੇ ਦੇਸ ਲੈ ਜਾਂਦੀ ਹੈ। ਗੁਰੂ ਜੀ ਨੇ ਲਾਲ ਸਿੰਘ ਦਾ ਢਾਲ ਦੀ ਖੂਬਸੂਰਤੀ ਅਤੇ ਤਾਕਤ ਸੰਬੰਧੀ ਅਹੰਕਾਰ ਦੂਰ ਕੀਤਾ। ਮਾਤਾ ਨੇ ਗੁਰੂ ਜੀ ਦਾ ਸਿਰ-ਸਦਕਾ ਇੱਕ ਬ੍ਰਾਹਮਣ ਨੂੰ ਦੇ ਦਿੱਤਾ ਪਰ ਸਿੰਘਾਂ ਨੇ ਕਿਹਾ ਕਿ ਇਹ ਖਾਲਸੇ ਦਾ ਹੱਕ ਹੈ। ਗੁਰੂ ਜੀ ਨੇ ਹਜੂਰੀ ਸਿੰਘਾਂ ਨੂੰ ਪਤਾਸੇ ਦੀ ਕੋਮਲਤਾ, ਮਿਠਾਸ ਅਤੇ ਪੱਥਰ ਦੀ

ਕਠੋਰਤਾ ਦੀ ਸਾਖੀ ਰਾਹੀਂ ਸਿੱਖਿਆ ਦਿੱਤੀ। ਬ੍ਰਾਹਮਣ ਦੀ ਫਰਿਆਦ ਸੁਣ ਕੇ ਸਾਹਿਬਜਾਦਾ ਅਜੀਤ ਸਿੰਘ ਨੂੰ ਹੁਕਮ ਕੀਤਾ। ਬ੍ਰਾਹਮਣ ਨੂੰ ਉਸ ਦੀ ਨਾਰੀ ਦਿਵਾਈ ਅਤੇ ਪਾਪੀ ਪਠਾਣ ਨੂੰ ਮੌਤ ਦੀ ਸਜ਼ਾ ਦਿੱਤੀ।

ਅਧਿਆਇ ਵੀਹਵਾਂ : ਆਨੰਦ ਗੜ੍ਹ ਜੁੱਧ (ਪੰਨਾ 287-308, ਛੰਦ 259)

ਪਹਾੜੀ ਰਾਜਿਆਂ ਨੇ ਫੇਰ ਔਰਗਜ਼ੇਬ ਕੋਲ ਫਰਿਆਦ ਕੀਤੀ। ਉਸ ਨੇ ਗੁਰੂ ਜੀ ਦੇ ਖਿਲਾਫ ਵੱਡੀ ਫੌਜ ਭੇਜਣ ਦਾ ਹੁਕਮ ਦਿੱਤਾ। ਦਿੱਲੀ ਦੀ ਸੰਗਤ ਨੇ ਖਬਰ ਪਹੁੰਚਾਈ। ਗੁਰੂ ਜੀ ਨੇ ਕਈ ਸਿੰਘ ਪ੍ਰੇਮ ਕਰਕੇ ਅਤੇ ਕਈ ਤਨਖ਼ਾਹ ਤੇ ਰੱਖੇ। ਬਾਈਧਾਰ, ਸਰਹੰਦ ਅਤੇ ਲਾਹੌਰ ਦੇ ਸੂਬਿਆਂ ਨੇ ਮਿਲ ਕੇ ਆਨੰਦਪੁਰ ਉੱਪਰ ਹਮਲਾ ਕਰ ਦਿੱਤਾ ਅਤੇ ਘੇਰਾ ਪਾ ਲਿਆ। ਸਿੰਘ ਮੋਰਚਿਆਂ ਵਿਚ ਲੜਦੇ ਹਨ, ਉਦਾਸੀ ਸਾਧੂ ਅਤੇ ਮਾਈਆਂ ਜਲ-ਪਰਸ਼ਾਦਾ ਪਹੁੰਚਾਉਣ ਦੀ ਸੇਵਾ ਕਰਦੇ ਹਨ। ਸਿੰਘਾਂ ਨੇ ਗੁਰੂ ਜੀ ਕੋਲ ਉਦਾਸੀ ਘਨੱਈਆ ਦੀ ਵੈਰੀਆਂ ਨੂੰ ਜਲ ਪਿਲਾਉਣ ਕਰਕੇ ਸ਼ਿਕਾਇਤ ਕੀਤੀ। ਪਰ ਆਪ ਨੇ ਘਨਈਆ ਜੀ ਨੂੰ ਸ਼ਾਬਾਸ਼ੀ ਦਿੱਤੀ। ਗੁਰੂ ਜੀ ਨੇ ਸਿੰਘਾਂ ਨੂੰ ਪੰਜ ਤੀਰ ਦੇ ਕੇ ਸਤਲੁਜ ਨੂੰ ਲੈ ਆਉਣ ਲਈ ਬਚਨ ਕੀਤਾ ਪਰ ਸਿੰਘਾਂ ਦੇ ਸ਼ੰਕੇ ਕਾਰਨ ਅਜਿਹਾ ਨਾ ਹੋ ਸਕਿਆ। ਸਿੰਘ ਰੁਖਾਂ ਦੇ ਪੱਤੇ ਤੇ ਸੱਕ ਖਾ ਕੇ ਗੁਜਾਰਾ ਕਰਨ ਲਈ ਮਜਬੂਰ ਹੋ ਗਏ। ਉਨ੍ਹਾਂ ਨੇ ਰਾਤ ਨੂੰ ਘੇਰਾ ਤੋੜ ਕੇ ਇੱਕ ਪਿੰਡ ਲੁਟ ਲਿਆ। ਇੱਕ ਸਿੱਖ ਨੇ ਗੁਰੂ ਜੀ ਨੂੰ ਪਾਰਸ ਭੇਟ ਕੀਤਾ ਪਰ ਆਪ ਨੇ ਪਾਰਸ ਨਦੀ ਵਿਚ ਸੁੱਟ ਦਿੱਤਾ। ਮਾਤਾ ਜੀ ਅਤੇ ਸਿੰਘਾਂ ਨੇ ਆਨੰਦਪੁਰ ਖਾਲੀ ਕਰਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕੁੱਝ ਦਿਨ ਰੁਕਣ ਲਈ ਕਿਹਾ। ਔਰੰਗਜ਼ੇਬ ਨੇ ਸੁਰੱਖਿਅਤ ਲਾਂਘੇ ਬਾਰੇ ਕਸਮਾਂ ਲਿਖ ਕੇ ਖਤ ਭੇਜਿਆ। ਕੁੱਝ ਸਿੰਘਾਂ ਨੇ ਆਪ ਨੂੰ ਬੇਦਾਵਾ ਲਿਖ ਦਿੱਤਾ। ਗੁਰੂ ਜੀ ਨੇ ਕੂਚ ਕਰਨ ਤੋਂ ਪਹਿਲਾਂ ਕੀਮਤੀ ਸਮਾਨ ਆਕਾਸ਼, ਧਰਤੀ, ਪਾਣੀ ਨੂੰ ਭੇਟਾ ਕਰ ਦਿੱਤਾ।

ਅਧਿਆਇ ਇੱਕ੍ਹੀਵਾਂ : ਆਨੰਦਪੁਰ ਪਯਾਨ, ਚਮਕੌਰ ਜੁੱਧ (ਪੰਨਾ 309-334, ਛੰਦ 300)

ਗੁਰਧਾਮਾਂ ਦੀ ਸੇਵਾ ਉਦਾਸੀ ਗੁਰਬਖਸ਼ ਨੂੰ ਸੌਂਪ ਕੇ ਗੁਰੂ ਜੀ ਨੇ ਕੂਚ ਕੀਤਾ। ਵੈਰੀ ਨੇ ਕਸਮਾਂ ਭੁਲਾ ਕੇ ਹਮਲਾ ਕਰ ਦਿੱਤਾ। ਉਦੈ ਸਿੰਘ ਨੇ ਸਾਥੀਆਂ ਸਮੇਤ ਸ਼ਹੀਦੀ ਪਾਈ। ਗੁਰੂ ਜੀ ਬੂਰਮਾਜਰਾ ਹੁੰਦੇ ਹੋਏ ਚਮਕੌਰ ਪਹੁੰਚੇ। ਜਿਮੀਦਾਰ ਨੇ ਫੌਜ ਨੂੰ ਆਪ ਦੇ ਚਮਕੌਰ ਵਿਚ ਹੋਣ ਦੀ ਖਬਰ ਪਹੁੰਚਾ ਦਿੱਤੀ। ਮੁਗਲ ਅਤੇ ਪਹਾੜੀ ਫੌਜ ਨੇ ਘੇਰਾ ਪਾਇਆ। ਸਿੰਘਾਂ ਨੇ ਗੜ੍ਹੀ ਦੀ ਮੋਰਚੇਬੰਦੀ ਕਰ ਲਈ। ਅਜੀਤ ਸਿੰਘ ਅਤੇ ਜੁਝਾਰ ਸਿੰਘ ਸਮੇਤ ਚਾਲੀ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਸ਼ਹੀਦ ਹੋਏ। ਗੁਰੂ ਜੀ ਸੰਤ ਸਿੰਘ ਨੂੰ ਕਲਗੀ, ਜਿਗਾ ਅਤੇ ਸਭ ਹਥਿਆਰ ਸਜਾ ਕੇ ਗੜ੍ਹੀ 'ਚੋਂ ਕੰਧ ਪਾੜ੍ਹ ਕੇ ਨਿਕਲ਼ ਗਏ। ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਬ੍ਰਾਹਮਣ ਮਸੰਦ ਦੇ ਨਾਲ ਉਸ ਦੇ ਪਿੰਡ ਚਲੇ ਗਏ। ਧਨ ਦੇ ਲੋਭ ਵਿਚ ਉਸ ਨੇ ਮੋਰਿੰਡੇ ਫੜਾ ਦਿੱਤੇ ਜਿਥੋਂ ਸਰਹੰਦ ਲਿਆਂਦੇ ਗਏ। ਗੁਰੂ ਜੀ ਦੇ ਦੋਵੇਂ

ਮਹਲ ਬਰਾੜਾਂ ਦੀ ਸਹਾਇਤਾ ਨਾਲ ਅੱਗੇ ਚਲੇ ਗਏ। ਸਾਹਿਬਜ਼ਾਦੇ ਕਚਹਿਰੀ ਵਿਚ ਪੇਸ਼ ਕੀਤੇ ਗਏ। ਇਸਲਾਮ ਕਬੂਲ ਨਾ ਕਰਨ ਤੇ ਸ਼ਹੀਦ ਕੀਤੇ ਗਏ। ਟੋਡਰਮੱਲ ਰਾਹੀਂ ਪਤਾ ਲਗਣ ਤੇ ਮਾਤਾ ਜੀ ਨੇ ਹੀਰਾ ਚਟ ਕੇ ਸਰੀਰ ਤਿਆਗ ਦਿੱਤਾ।

ਅਧਿਆਇ ਬਾਈਵਾਂ : ਦਯਾ ਸਿੰਘ ਕੋ ਜ਼ਫ਼ਰਨਾਮਾ ਦੇ ਕਰ ਸਾਹ ਪਾਸ ਭੇਜਣਾ, ਮੁਕਤਸਰ ਜੁੱਧ

(ਪੰਨਾ 335-356, ਛੰਦ 253)

ਸਤਲੁਜ ਦਰਿਆ ਦੇ ਕੰਢੇ ਗੁਰੂ ਜੀ ਨੂੰ ਪਛਾਣ ਕੇ ਇੱਕ ਪਾਲੀ ਰੌਲਾ ਪਾਉਣ ਲਗਾ। ਆਪ ਨੇ ਕੀਮਤੀ ਖੰਜਰ ਦੇ ਕੇ ਉਸ ਨੂੰ ਚੁੱਪ ਕਰਾ ਦਿੱਤਾ। ਆਪ ਮਾਛੀਵਾੜੇ ਪਹੁੰਚੇ। ਗੁਲਾਬ ਅਤੇ ਪੰਜਾਬ ਮਸੰਦਾਂ ਨੇ ਡਰਦਿਆਂ ਦਰਵਾਜੇ ਬੰਦ ਕਰ ਲਏ। ਆਪ ਜੀ ਇੱਕ ਬ੍ਰਾਹਮਣ ਮਸੰਦ ਦੇ ਘਰ ਗਏ। ਗੁਲਾਬ ਤੇ ਪੰਜਾਬ ਨੇ ਆ ਕੇ ਮੁਆਫੀ ਮੰਗੀ। ਨੂਰਪੁਰ ਦੇ ਕਾਜੀ ਅਤੇ ਸਯਦ ਸਤਿਕਾਰ ਸਹਿਤ ਆ ਕੇ ਮਿਲੇ। ਗਨੀ ਖਾਂ ਅਤੇ ਨਬੀ ਖਾਂ ਨੇ ਗੁਰੂ ਜੀ ਨੂੰ ਸੂਬੇ ਦੇ ਘੇਰੇ ਵਿਚੋਂ ਕਢਿਆ। ਕਨੈਚ ਵਿਖੇ ਆਪ ਨੇ ਗਨੀ ਖਾਂ ਨਬੀ ਖਾਂ ਨੂੰ ਹੁਕਮਨਾਮਾ ਬਖਸ਼ਿਆ। ਇਥੋਂ ਆਪ ਕਾਂਗੜ ਪਹੁੰਚੇ ਅਤੇ ਬਰਾੜ ਦੇਸ ਖਾਲਸਾ ਸਜਿਆ। ਧਰਮ ਸਿੰਘ ਦੀ 'ਗੁਪਤ ਸਿੰਘ' ਨਾਲ ਵਾਰਤਾਲਾਪ ਹੋਈ। ਕਾਂਗੜ ਵਿਖੇ ਗੁਰੂ ਜੀ ਨੇ ਜ਼ਫਰਨਾਮਾ ਲਿਖਿਆ। ਭਾਈ ਦਯਾ ਸਿੰਘ ਜ਼ਫਰਨਾਮਾ ਔਰੰਗਜ਼ੇਬ ਕੋਲ ਪਹੁੰਚਾਉਣ ਲਈ ਰਵਾਨਾ ਹੋਏ। ਦਿੱਲੀ, ਆਗਰਾ, ਗੁਲੇਰ, ਸਿਰੋਜ, ਉਜੈਨ, ਸ਼ੇਰਗੜ, ਬੁਰਹਾਨਪੁਰ, ਔਰੰਗਾਬਾਦ ਹੁੰਦੇ ਹੋਏ ਅਹਿਮਦਾਬਾਦ ਪਹੁੰਚੇ। ਸੰਗਤ ਅਤੇ ਭਾਈ ਜੇਠਾ ਸਿੰਘ ਨੇ ਆਪ ਦਾ ਸਹਿਯੋਗ ਕੀਤਾ। ਇੱਕ ਨੌਕਰ ਦੀ ਸਹਾਇਤਾ ਨਾਲ ਦਯਾ ਸਿੰਘ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਪਹੁੰਚਾਇਆ ਜਿਸ ਨੂੰ ਪੜ੍ਹ ਕੇ ਉਸ ਦੀ ਮੌਤ ਹੋ ਗਈ। ਗੁਰੂ ਜੀ ਨੇ ਕਪੂਰੇ ਨੂੰ ਕਿਲ੍ਹਾ ਦੇਣ ਲਈ ਕਿਹਾ ਪਰ ਕਪੂਰਾ ਡਰ ਗਿਆ। ਗੁਰੂ ਜੀ ਲੱਖੀ ਜੰਗਲ ਦੇ ਇਲਾਕੇ ਪਹੁੰਚੇ ਅਤੇ ਸੰਗਤ ਨੂੰ ਦਰਸ਼ਨ ਦਿੱਤੇ। ਇਥੇ ਸੂਬਾ ਸਰਹੰਦ ਦੀ ਫੌਜ ਨੇ ਹਮਲਾ ਕਰ ਦਿੱਤਾ। ਯੁੱਧ ਪਿਛੋਂ ਮੁਗਲ ਪਾਣੀ ਲਈ ਵਾਪਸ ਮੁੜ ਗਏ ਅਤੇ ਮੈਦਾਨ ਸਿੰਘਾਂ ਨੇ ਰੱਖ ਲਿਆ। ਪੰਜ ਸਿੰਘ ਜੋ ਹਾਲੇ ਜਿੰਦਾ ਸਨ ਉਨ੍ਹਾਂ ਨੇ ਬੇਨਤੀ ਕਰਕੇ ਆਨੰਦਪੁਰ ਵਿਖੇ ਲਿਖੇ ਗਏ ਬੇਦਾਵੇ ਨੂੰ ਪੜਵਾ ਦਿੱਤਾ। ਗੁਰੂ ਜੀ ਨੇ ਮੁਕਤਸਰ ਨੂੰ ਤੀਰਥ ਥਾਪਿਆ।

ਅਧਿਆਇ ਤੇਈਵਾਂ : ਦਮਦਮੇ ਕਮਰ ਖੋਲ, ਦੱਛਨ ਕੋ ਪਯਾਨ (ਪੰਨਾ 357-370, ਛੰਦ 166)

ਮੁਕਤਸਰ ਤੋਂ ਗੁਰੂ ਜੀ ਲੱਖੀ ਜੰਗਲ ਰਾਹੀਂ ਬਠਿੰਡੇ ਪਹੁੰਚੇ ਅਤੇ ਕਿਲੇ ਵਿਚੋਂ ਦੈਂਤ ਕਢਿਆ। ਆਪ ਤਲਵੰਡੀ ਪਹੁੰਚੇ, ਡੱਲਾ ਅਤੇ ਬੈਰਾੜ ਸਿੱਖ ਆਦਿ ਖਾਲਸਾ ਸਜੇ। ਆਪ ਨੇ ਉੱਚਾ ਦਮਦਮਾ ਬਣਵਾਇਆ, ਸਰੋਵਰ ਦੀ ਕਾਰ ਕਰਵਾਈ ਅਤੇ ਤਲਵੰਡੀ ਨੂੰ ਗੁਰੂ ਕੀ ਕਾਸ਼ੀ ਦਾ ਵਰ ਦਿੱਤਾ। ਡੱਲੇ ਦੀ ਬੇਨਤੀ ਤੇ ਆਪ ਨੇ ਮੀਂਹ ਪਵਾਇਆ। ਸੰਗਤ ਦੀ ਲੁਟ ਰੋਕਣ ਲਈ ਹਥਿਆਰਬੰਦ ਹੋਣ ਦਾ ਹੁਕਮ ਕੀਤਾ। ਬੀਬੀ ਸੁਲਖਣੀ

ਨੂੰ ਦੋ ਪੁੱਤਰ ਬਖਸ਼ੇ। ਦੱਖਣ ਜਾਣ ਦੀ ਤਿਆਰੀ ਵੇਖ ਕੇ ਦਰਬਾਰੀ, ਬੈਰਾੜ ਅਤੇ ਡੱਲਾ ਰਾਤ ਨੂੰ ਡਰਦੇ ਭੱਜ ਗਏ। ਸਿਰਫ ਖਾਲਸਾ ਆਪ ਦੇ ਨਾਲ ਰਿਹਾ।

ਅਧਿਆਇ ਚੌਵ੍ਹੀਵਾਂ : ਦਮਦਮੇ ਪਯਾਨ, ਕ੍ਰੀਚਕ ਭੂਮ, ਬਘੌਰ ਜੁੱਧ (ਪੰਨਾ 371-382, ਛੰਦ 136)

ਗੁਰੂ ਜੀ ਸੰਗਤਪੁਰਾ ਅਤੇ ਸਰਸਾ ਹੁੰਦੇ ਹੋਏ ਮਾਰੂਥਲ ਦੇ ਦੇਸ ਪਹੁੰਚੇ। ਦਾਦੂ ਸਾਧ ਨਾਲ ਮੇਲ ਹੋਇਆ। ਇੱਕ ਸਿੱਖ ਨੇ ਕੀਤੇ ਸੰਕਲਪ ਅਨੁਸਾਰ ਆਪਣੀ ਧੀ ਦਾ ਵਿਆਹ ਗੁਰੂ ਜੀ ਨਾਲ ਕਰਨ ਦੀ ਬੇਨਤੀ ਕੀਤੀ। ਆਪ ਨੇ ਬੇਨਤੀ ਪ੍ਰਵਾਨ ਕੀਤੀ। ਦਯਾ ਸਿੰਘ ਆਣ ਮਿਲੇ। ਦੂਤ ਨੇ ਔਰੰਗਜ਼ੇਬ ਦੀ ਮੌਤ ਦਾ ਸਮਾਚਾਰ ਦਿੱਤਾ। ਗੁਰੂ ਜੀ ਨਾਲ ਬਘੌਰ ਨਗਰ ਵਾਸੀਆਂ ਨੇ ਯੁੱਧ ਛੇੜ ਦਿੱਤਾ। ਦੋਵੇਂ ਰਾਵ ਭਰਾ ਮਾਰੇ ਗਏ ਅਤੇ ਗੁਰੂ ਜੀ ਬਘੌਰ ਦਾ ਕਿਲ੍ਹਾ ਵੇਖ ਕੇ ਦਿੱਲੀ ਵੱਲ ਚੱਲ ਪਏ।

ਅਧਿਆਇ ਪੰਜ੍ਹੀਵਾਂ : ਸੁਲਤਾਨੀ ਜੰਗ, ਦਿੱਲੀ ਪ੍ਰਵੇਸ਼ (ਪੰਨਾ 383-394, ਛੰਦ 142)

ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਸਹਾਇਤਾ ਲਈ ਬੇਨਤੀ ਪੱਤਰ ਲਿਖਿਆ। ਗੁਰੂ ਜੀ ਨੇ ਸ਼ਾਹ ਨੂੰ ਯੁੱਧ ਲੜਨ ਦੀ ਪ੍ਰੇਰਨਾ ਕੀਤੀ ਅਤੇ ਧਰਮ ਸਿੰਘ ਸਮੇਤ ਜਥਾ ਭੇਜਿਆ। ਤਾਰਾ ਆਜ਼ਮ ਅਤੇ ਬਹਾਦਰ ਸ਼ਾਹ ਵਿਚ ਚੰਬਲ ਦੇ ਨੇੜੇ ਯੁੱਧ ਹੋਇਆ। ਗੁਰੂ ਜੀ ਨੇ ਗੁਪਤ ਰੂਪ ਵਿਚ ਤਾਰਾ ਆਜ਼ਮ ਨੂੰ ਤੀਰ ਮਾਰ ਕੇ ਬਹਾਦਰ ਸ਼ਾਹ ਨੂੰ ਜਿਤਾਇਆ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਆਗਰੇ ਆਉਣ ਲਈ ਬੇਨਤੀ ਕੀਤੀ। ਆਪ ਦਿੱਲੀ ਪਹੁੰਚੇ, ਜਮੁਨਾ ਦੇ ਕੰਢੇ ਡੇਰਾ ਕੀਤਾ। ਦਿੱਲੀ ਦੀ ਸੰਗਤ ਅਤੇ ਗੁਰੂ ਕੇ ਮਹਲ ਦਰਸ਼ਨ ਕਰਕੇ ਨਿਹਾਲ ਹੋਏ।

ਅਧਿਆਇ ਛੱਬੀਵਾਂ : ਮਾਰਗ ਪਯਾਨ, ਸ਼ਾਹ ਕੀ ਮੁਲਾਕਾਤ (ਪੰਨਾ 395-412, ਛੰਦ 214)

ਦਿੱਲੀ ਤੋਂ ਕੂਚ ਕੀਤਾ ਅਤੇ ਮਥੁਰਾ, ਗੋਕੁਲ ਹੁੰਦੇ ਹੋਏ ਆਗਰੇ ਪਹੁੰਚ ਕੇ ਖਾਨੇਖਾਨਾ ਨੂੰ ਮਿਲੇ। ਬਹਾਦਰ ਸ਼ਾਹ ਨੂੰ ਮਿਲਣ ਦਰਬਾਰ ਗਏ ਅਤੇ ਆਪ ਨੂੰ ਸ਼ਾਹ ਨੇ ਕਲਗੀ, ਜਿਗਾ, ਧੁਖਧੁਖੀ, ਚੋਲ਼ਾ ਸਤਿਕਾਰ ਵਜੋਂ ਭੇਟ ਕੀਤਾ ਅਤੇ ਚੌਮਾਸਾ ਇਥੇ ਠਹਿਰਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਤੀਰਅੰਦਾਜ਼ੀ ਦਾ ਕਮਾਲ ਵਿਖਾਇਆ। ਆਪ ਨੇ ਹਾਥੀਆਂ ਦੀ ਲੜਾਈ ਵੇਖੀ। ਪੀਰ ਅਤੇ ਕਾਜ਼ੀ ਨੂੰ ਆਪਾ ਰਹਿਤ ਬੰਦਗੀ ਦਾ ਗੁਰ ਦੱਸਿਆ। ਰੌਸ਼ਨ ਸਿੰਘ ਨੇ ਖੂੰਖਾਰ ਸ਼ੇਰ ਨੂੰ ਮਾਰ ਕੇ ਸ਼ਾਹ ਨੂੰ ਹੈਰਾਨ ਕਰ ਦਿੱਤਾ। ਬਹਾਦਰ ਸ਼ਾਹ ਨੇ ਆਪ ਨੂੰ ਰਾਜਪੂਤਾਨੇ ਵੱਲ ਨਾਲ ਚਲਣ ਲਈ ਬੇਨਤੀ ਕੀਤੀ।

ਅਧਿਆਇ ਸਤਾਈਵਾਂ : ਆਗਰੇ ਪਯਾਨ, ਬਿਜੈ ਸ਼ਾਹ ਗਮਨ (ਪੰਨਾ 413-418, ਛੰਦ 67)

ਨਰਾਤੇ ਅਤੇ ਬਿਜੈ ਦਸਮੀ ਪੂਜ ਕੇ ਗੁਰੂ ਜੀ ਚਲ ਪਏ। ਸਾਹਿਬਜ਼ਾਦਾ ਜੋਰਾਵਰ ਸਿੰਘ ਆ ਕੇ ਮਿਲੇ ਅਤੇ ਮਾਤਾ ਸੁੰਦਰੀ ਜੀ ਵੱਲੋਂ ਹਠ ਕਰਨ 'ਤੇ ਗੁਰੂ ਜੀ ਦੇ ਸਖਤ ਬਚਨ ਹੋਏ। ਆਪ ਸ਼ਾਹ ਨੂੰ ਜਾ ਰਲੇ ਅਤੇ ਅਜਮੇਰ, ਜੋਧਪੁਰ, ਚਿਤੌੜ ਆਦਿ ਨਗਰ ਘੇਰੇ। ਚਿਤੌੜਗੜ੍ਹ ਜੋਰਾਵਰ ਸਿੰਘ ਦਾ ਝਗੜਾ ਹੋ ਗਿਆ। ਗੁਰੂ ਜੀ ਨਰਮਦਾ ਨਦੀ ਕੰਢੇ ਪਹੁੰਚੇ। ਪਿਛੋਂ ਦੁਬਾਰਾ ਜੰਗ ਛਿੜ ਗਿਆ ਅਤੇ ਭਾਈ ਮਹਾਂ ਸਿੰਘ ਨੂੰ ਗੋਲ਼ੀ ਲੱਗ ਗਈ। ਗੁਰੂ ਜੀ ਨੇ ਤਾਪਤੀ ਨਦੀ ਕੰਢੇ ਬੁਰਹਾਨਪੁਰ ਜਾ ਟਿਕਾਣਾ ਕੀਤਾ।

ਅਧਿਆਇ ਅਠਾਈਵਾਂ : ਨਾਂਦੇੜ ਪ੍ਰਵੇਸ਼ (ਪੰਨਾ 419-431, ਛੰਦ 142)

ਬਿਬੇਕੀ ਸਾਧੂ ਨਾਲ ਮੇਲ ਹੋਇਆ ਜਿਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਢਾਕੇ ਤੋਂ ਵਾਪਸੀ ਸਮੇਂ ਇਸ ਪਾਸੇ ਭੇਜਿਆ ਸੀ। ਬਹਾਦਰ ਸ਼ਾਹ ਨੇ ਨਾਲ ਚਲਣ ਦੀ ਬੇਨਤੀ ਕੀਤੀ। ਅੱਗੇ ਪਿਆਨਾ ਕਰਕੇ ਗੋਦਾਵਰੀ ਕੰਢੇ, ਨਾਂਦੇੜ ਪਹੁੰਚੇ। ਦੱਖਣ ਅਧੀਨ ਕਰਕੇ ਬਹਾਦੁਰਸ਼ਾਹ ਨੇ ਆਪ ਨੂੰ ਵਾਪਸ ਚਲਣ ਲਈ ਬੇਨਤੀ ਕੀਤੀ। ਆਪ ਨੇ ਕੁੱਝ ਸਮਾਂ ਰੁਕ ਕੇ ਆਉਣ ਦਾ ਬਚਨ ਕੀਤਾ। ਸਿੱਖ ਨੇ ਆਪ ਨੂੰ ਹੀਰਾ ਭੇਟ ਕੀਤਾ। ਹੀਰਾ ਨਦੀ ਵਿਚ ਸੁੱਟ ਦਿੱਤਾ ਅਤੇ ਸਿੱਖ ਨੂੰ ਸੁਮੱਤ ਬਖਸ਼ੀ।

ਅਧਿਆਇ ਉਣੱਤ੍ਰੀਵਾਂ : ਉਹੀ (ਪੰਨਾ 432-438, ਛੰਦ 142)

ਦੋ ਪਠਾਣ ਦਰਸ਼ਨਾਂ ਲਈ ਆਏ। ਗੁਰੂ ਜੀ ਨੇ ਕਟਾਰ ਪਠਾਣ ਨੂੰ ਦਿੱਤੀ। ਸ਼ਾਮ ਨੂੰ ਗੁਰੂ ਜੀ ਦੇ ਆਰਾਮ ਕਰਦੇ ਸਮੇਂ ਉਸ ਨੇ ਕਟਾਰ ਨਾਲ ਤਿੰਨ ਵਾਰ ਕਰਕੇ ਆਪ ਨੂੰ ਜਖ਼ਮੀਂ ਕਰ ਦਿੱਤਾ। ਸਿੰਘਾਂ ਨੇ ਜਖ਼ਮ ਧੋ ਕੇ ਸੀਤਾ ਅਤੇ ਸ਼ਾਹੀ ਵੈਦ ਪਹੁੰਚ ਗਿਆ। ਦਸ ਦਿਨ ਬਾਅਦ ਠੀਕ ਹੋ ਗਏ ਪਰ ਵਿਲਾਇਤੀ ਕਮਾਨ ਖਿੱਚਣ ਸਮੇਂ ਟਾਂਕੇ ਖੁਲ ਗਏ। ਚਾਲੀ ਦਿਨ ਦੀਵਾਨ ਲਾਇਆ ਅਤੇ ਸੰਗਤ ਨੂੰ ਪਰਮਾਤਮਾ ਦੇ ਹੁਕਮ ਵਿਚ ਖੁਸ਼ ਰਹਿਣ ਲਈ ਕਿਹਾ। ਆਪ ਨੇ ਤੁਰਕ ਦੀ ਸਮਾਧ ਵਾਲੇ ਥਾਂ ਤੋਂ ਚੌਂਕੀ, ਧੂਪ ਆਦਿ ਕਢ ਕੇ ਉਸ ਨੂੰ ਆਪਣਾ ਥਾਂ ਦੱਸਿਆ। ਉਸ ਜਗ੍ਹਾ ਤੇ ਕਨਾਤ ਲਵਾ ਕੇ ਚਿਖਾ ਤਿਆਰ ਕਰਵਾਈ।

ਅਧਿਆਇ ਤੀਹਵਾਂ : ਜੋਤੀ ਜੋਤਿ ਸਮਾਣੇ (ਪੰਨਾ 439-447, ਛੰਦ )

ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਚਰਨੀਂ ਲਾ ਕੇ ਆਪ ਚਿਖਾ ਤੇ ਵਿਰਾਜ ਗਏ। ਅਗਲੇ ਦਿਨ ਸਾਧੂ ਸੈਨਮਧਾਰ ਨੇ ਸਿੰਘਾਂ ਨੂੰ ਗੁਰੂ ਜੀ ਦੇ ਚੜਦੀਕਲਾ ਵਿਚ ਹੋਣ ਬਾਰੇ ਦੱਸਿਆ। ਆਪ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਅੰਮ੍ਰਿਤਸਰ, ਪਟਨੇ, ਦਿੱਲੀ, ਪੱਛਮ ਦੇਸ, ਦੁਆਬੇ, ਮਾਲਵੇ ਅਤੇ ਦੱਖਣ ਦੇਸ ਲਈ ਸਿੰਘਾਂ ਦੀ ਜਿੰਮੇਵਾਰੀ ਲਾਈ ਅਤੇ ਬਾਜ ਸਿੰਘ ਨੂੰ ਬੰਦਾ ਸਿੰਘ ਦੇ ਨਾਲ ਪੰਜਾਬ ਭੇਜਿਆ। ਅਬਚਲ ਨਗਰ ਦੀ ਸੇਵਾ ਭਾਈ ਸੰਤੋਖ ਸਿੰਘ ਨੂੰ ਸੌਂਪੀ।

ਅਧਿਆਇ ਇਕੱਤੀਵਾਂ : ਸਾਖੀ ਬਾਲੇ ਰਾਇ ਜਨਵਾਰੇਸਵਰ ਕੀ (ਪੰਨਾ 448-451, ਛੰਦ 31)

ਗੁਰੂ ਜੀ ਨੇ ਜਨਵਾਰੇ ਦੇ ਬਾਲਾਰਾਏ ਤੇ ਰੁਸਤਮਰਾਏ ਨੂੰ ਸਿਤਾਰਾ ਦੇ ਕਿਲੇ ਚੋਂ ਮੁਕਤ ਕਰਾਇਆ। ਕੇਸਗੜ ਦੇ ਸੇਵਾਦਾਰ ਸੁੱਖਾ ਸਿੰਘ ਦੀ ਰਚਨਾ ਨੂੰ ਸੰਤ ਜਨਾਂ ਨੇ 'ਗੁਰਬਿਲਾਸ' ਦਾ ਨਾਂ ਦਿੱਤਾ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਦੀ ਕਥਾ ਦਾ ਮੂਲ ਸੂਤਰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਹੈ ਇਸ ਕਰਕੇ ਕਥਾਨਕ ਦਾ ਬਹੁਤਾ ਹਿੱਸਾ ਮਿਲਦਾ-ਜੁਲਦਾ ਹੈ, ਸਗੋਂ ਕਈ ਵਾਰੀ ਸੁੱਖਾ ਸਿੰਘ ਨੇ ਕੁਇਰ ਸਿੰਘ ਦੀ ਰਚਨਾ ਵਿਚੋਂ ਪੰਕਤੀਆਂ ਅਤੇ ਕਈ ਵਾਰ ਪੂਰਾ ਪ੍ਰਸੰਗ ਹੀ ਇੰਨ-ਬਿੰਨ ਆਪਣੀ ਰਚਨਾ ਲਈ ਵਰਤ ਲਿਆ ਹੈ। ਪਰ ਫੇਰ ਵੀ ਦੋਹਾਂ ਦੇ ਕਥਾਨਕ ਵਿਚ ਮਹੱਤਪੂਰਨ ਵੱਖਰੇਵੇਂ ਮੌਜੂਦ ਹਨ। ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ ਲਗਭਗ 50 ਨਵੀਆਂ ਸਾਖੀਆਂ ਖੋਜ ਕੇ ਦਰਜ ਕੀਤੀਆਂ ਹਨ।

## ਸਮਕਾਲੀ ਹਾਲਾਤ

ਸਾਹਿਤ ਅਧਿਐਨ ਲਈ ਸਾਹਿਤਕਾਰ ਦੇ ਸਮਕਾਲੀ ਹਾਲਾਤ ਨੂੰ ਜਾਣਨਾ ਅਤੇ ਸਮਝਣਾ ਮੁੱਢਲੀ ਸ਼ਰਤ ਮੰਨੀ ਜਾਂਦੀ ਹੈ। ਧਰਮ-ਸ਼ਾਸਤਰੀ ਅਧਿਐਨ ਲਈ ਇਸ ਦੀ ਹੋਰ ਵੀ ਉਚੇਚੀ ਲੋੜ ਹੁੰਦੀ ਹੈ ਜਿਸ ਬਾਰੇ ਚਰਚਾ ਧਰਮ-ਸ਼ਾਸਤਰ ਦੀ ਜਾਣ-ਪਛਾਣ ਵਾਲੇ ਅਧਿਆਏ ਵਿਚ ਕੀਤੀ ਜਾਵੇਗੀ। ਇਥੇ ਸਿਰਫ ਸਮਕਾਲੀ ਹਾਲਾਤ ਦਿੱਤੇ ਜਾਣਗੇ।

**ਮੱਧਯੁਗ** : ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ੧0' ਦੀ ਰਚਨਾ ਅਠਾਰਵੀਂ ਸਦੀ ਵਿਚ ਕੀਤੀ ਹੈ। ਇਹ ਸਮਾਂ ਪੰਜਾਬ ਅਤੇ ਭਾਰਤ ਵਿਚ 'ਮੱਧਯੁਗ' ਦੇ ਤਹਿਤ ਗਿਣਿਆ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿਚ ਪ੍ਰਾਚੀਨ ਅਤੇ ਆਧੁਨਿਕ ਯੁਗ ਦੇ ਵਿਚਕਾਰਲੇ ਭਾਗ ਨੂੰ ਕਾਲ ਵੰਡ ਦੀ ਭਾਸ਼ਾ ਵਿਚ ਮੱਧਯੁਗ ਦਾ ਨਾਂ ਦਿੱਤਾ ਗਿਆ ਹੈ। ਕੇ. ਐਸ. ਲਾਲ ਦੇ ਮਤ ਅਨੁਸਾਰ ਸਤਵੀ ਸਦੀ ਵਿਚ ਹਰਸ਼ਵਰਧਨ ਦੇ ਰੂਪ ਵਿਚ ਆਖਰੀ ਹਿੰਦੂ ਰਾਜ ਤੋਂ ਬਾਅਦ, ਅਰਬ ਵਿਚ ਇਸਲਾਮ ਦੇ ਜਨਮ ਤੇ ਏਸ਼ੀਆ ਵਿਚ ਫੈਲਾਅ ਤੋਂ ਪ੍ਰਾਚੀਨ ਯੁਗ ਦਾ ਅੰਤ ਅਤੇ ਮੱਧਯੁਗ ਦੀ ਸ਼ੁਰੂਆਤ ਮੰਨੀ ਜਾ ਸਕਦੀ ਹੈ।[67] ਵੱਖ-ਵੱਖ ਇਤਿਹਾਸਕਾਰਾਂ ਨੇ ਇਤਿਹਾਸ ਦੀ ਇਸ ਵੰਡ ਨੂੰ ਵੱਖ-ਵੱਖ ਨਾਂ ਦਿੱਤੇ ਹਨ। ਜਿਵੇਂ ਕਈ ਪੱਛਮੀ ਇਤਿਹਾਸਕਾਰ ਹਿੰਦੂ, ਮੁਗਲ ਅਤੇ ਬ੍ਰਿਟਿਸ਼ ਯੁਗ ਦਾ ਨਾਂ ਦਿੰਦੇ ਹਨ। ਪਰ ਕਈ ਭਾਰਤੀ ਇਤਿਹਾਸਕਾਰ ਇਸ ਵੰਡ ਨੂੰ ਸੁਨਹਰੀ ਯੁਗ, ਕਾਲਾ ਯੁਗ ਅਤੇ ਸੁਰਮਈ ਯੁਗ ਦਾ ਨਾਂ ਦਿੰਦੇ ਹਨ। ਯੁਗਾਂ ਦੀ ਇਹ ਵੰਡ ਕੁੱਝ ਖਾਸ ਗੁਣਾਂ, ਲਛਣਾਂ ਅਤੇ ਤਬਦੀਲੀਆਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਅਠਾਰਵੀਂ ਸਦੀ ਦੇ ਹਾਲਾਤ ਜਾਣਨ ਤੋਂ ਪਹਿਲਾਂ ਸਮੁੱਚੇ ਮੱਧਯੁਗ ਦੇ ਗੁਣ ਲਛਣ ਜਾਣਨੇ ਕੁਥਾਏਂ ਨਹੀਂ ਹੋਣਗੇ। ਕੇ. ਐਸ. ਲਾਲ ਅਨੁਸਾਰ ਤਾਨਾਸ਼ਾਹੀ,

---

[67] K.S.Lal, *The Legacy of Muslim Rule in India,* New delhi: Voice of India, 1992, p1.

ਜਾਗੀਰਦਾਰੀ, ਧਰਮ ਯੁੱਧ, ਨਾਬਰਾਬਰੀ, ਸੰਚਾਰ ਸਾਧਨਾਂ ਤੇ ਪਾਬੰਦੀ, ਜੋਤਿਸ਼, ਤਾਰਾ ਵਿਗਿਆਨ, ਰਸਾਇਣ ਵਿਗਿਆਨ, ਜਾਦੂ, ਕਰਾਮਾਤ ਅਤੇ ਅੰਧਵਿਸ਼ਵਾਸ ਆਦਿ ਮੱਧ ਯੁਗ ਦੇ ਮੁੱਖ ਲਛਣ ਹਨ। ਮੱਧ ਯੁਗ ਦੀ ਸ਼ੁਰੂਆਤ ਭਾਰਤ ਉੱਪਰ ਵਿਦੇਸ਼ੀ ਹਮਲਿਆਂ ਨਾਲ ਹੋਈ। ਸਮਾਂ ਪਾ ਕੇ ਇਹ ਹਮਲਾਵਰ ਭਾਰਤ ਦੇ ਪੱਕੇ ਸ਼ਾਸਕ ਬਣ ਗਏ ਅਤੇ ਸੋਲ੍ਹਵੀਂ ਸਦੀ ਵਿਚ ਬਾਬਰ ਨੇ ਮੁਗਲ ਸਲਤਨਤ ਦੀ ਨੀਂਹ ਰੱਖੀ, ਜਿਸ ਦਾ ਅੰਤ ਮੱਧ ਯੁਗ ਦੇ ਅੰਤਲੇ ਕਾਲ ਦਾ ਸੰਕੇਤ ਸਮਝਿਆ ਜਾ ਸਕਦਾ ਹੈ। ਇਨ੍ਹਾਂ ਵਿਦੇਸ਼ੀ ਹਾਕਮਾਂ ਦਾ ਸਭ ਤੋਂ ਪਹਿਲਾ ਖਾਸਾ ਇਨ੍ਹਾਂ ਦੀ ਤਾਨਾਸ਼ਾਹੀ ਸੀ ਜਿਸ ਵਿਚ ਬਾਦਸ਼ਾਹ ਦੀ ਸ਼ਕਤੀ ਅਸੀਮ ਸੀ ਅਤੇ ਸਾਧਾਰਨ ਮਨੁੱਖ ਦੀ ਅਜਾਦੀ ਨਾਹ ਦੇ ਬਰਾਬਰ ਸੀ। ਇਹ ਹਮਲਾਵਰ ਮੁਖ ਰੂਪ ਵਿਚ ਦੋ ਮਨੋਰਥ ਲੈ ਕੇ ਭਾਰਤ ਆਉਂਦੇ ਸਨ। ਪਹਿਲਾ ਰਾਜ ਦੀਆਂ ਹੱਦਾਂ ਵਧਾਉਣ ਲਈ ਅਤੇ ਦੂਜਾ ਇਸਲਾਮ ਦੇ ਫੈਲਾਅ ਲਈ। ਨਤੀਜੇ ਵਜੋਂ ਲੋੜ ਪੈਣ ਤੇ ਧਰਮ ਦੇ ਨਾਂ 'ਤੇ ਜਹਾਦ ਕੀਤੇ ਗਏ ਅਤੇ ਮੁਸਲਮਾਨ ਧਾਰਮਿਕ ਆਗੂਆਂ ਨੇ ਇਸਲਾਮਕ ਸਿਧਾਂਤ ਦੇ ਖਿਲਾਫ ਤਾਨਾਸ਼ਾਹੀ ਦੀ ਹਿਮਾਇਤ ਕੀਤੀ।[68] ਮੱਧਯੁਗ ਦੀ ਜਾਗੀਰਦਾਰੀ ਛੋਟੇ ਕਮਜੋਰ ਕਿਸਾਨਾਂ ਨੂੰ ਰੱਖਿਆ ਦੇਣ ਬਦਲੇ ਜਾਗੀਰਦਾਰ ਦੀ ਗੁਲਾਮੀ ਵਰਗੀ ਹਾਲਤ ਵਿਚ ਬੰਨਣ ਵਾਲਾ ਪ੍ਰਬੰਧ ਸੀ। ਪਰ ਭਾਰਤ ਵਿਚ ਜਾਗੀਰਾਂ ਵਧੇਰੇ ਕਰਕੇ ਫੌਜੀ ਅਫਸਰਾਂ ਅਤੇ ਬਾਦਸ਼ਾਹ ਦੇ ਰਿਸ਼ਤੇਦਾਰਾਂ ਨੂੰ ਇਨਾਮ ਵਜੋਂ ਦਿੱਤੀਆਂ ਜਾਂਦੀਆਂ ਸਨ ਜਿਸ ਕਰਕੇ ਇਹ ਜਾਗੀਰਦਾਰੀ ਨਾਲੋਂ ਅਫਸਰਸ਼ਾਹੀ ਵਧੇਰੇ ਜਾਪਦੀ ਸੀ।[69]

ਵਿਦੇਸ਼ੀ ਹਕੂਮਤ, ਜਾਗੀਰਦਾਰੀ ਅਤੇ ਬ੍ਰਾਹਮਣਵਾਦ ਨੇ ਮਨੁੱਖੀ ਬਰਾਬਰਤਾ ਅਤੇ ਭਾਈਚਾਰੇ ਨੂੰ ਖਤਮ ਕਰਕੇ ਰੱਖ ਦਿੱਤਾ ਸੀ। ਹਕੂਮਤ ਆਪਣੇ ਰਾਜਸੀ ਤਾਨਸ਼ਾਹੀ ਅਤੇ ਕੱਟੜ ਧਾਰਮਿਕ ਖਾਸੇ ਕਰਕੇ ਸੁਤੰਤਰ ਵਿਚਾਰਾਂ ਵੱਲ ਅਸਹਿਨਸ਼ੀਲ ਸੀ। ਹਿੰਦੂ ਧਰਮ ਦੇ ਲੋਕ ਨਵੇਂ ਮੌਲਿਕ ਵਿਚਾਰਾਂ ਦੇ ਵਿਰੋਧੀ ਸਾਬਿਤ ਹੋਏ ਸਨ। ਭਗਤੀ ਲਹਿਰ ਦੇ ਕਈ ਸੰਤਾਂ ਦੀਆਂ ਸਿੱਖਿਆਵਾਂ ਦੇ ਖਿਲਾਫ ਇਹ ਦੋਵੇਂ ਫਿਰਕੇ ਇੱਕ-ਮਤ ਹੁੰਦੇ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਇਸੇ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ। ਮੱਧਯੁਗ ਵਿਚ ਜੋਤਿਸ਼ ਵਿੱਦਿਆ ਉੱਤੇ ਲੋਕਾਂ ਦਾ ਡੂੰਘਾ ਵਿਸ਼ਵਾਸ ਸੀ। ਹਿੰਦੂ ਜਨਤਾ ਦੇ ਨਾਲ-ਨਾਲ ਮੁਗਲ ਵੀ ਆਪਣੇ ਅਕੀਦੇ ਦੇ ਉਲਟ ਜੋਤਿਸ਼ ਦੀ ਸਹਾਇਤਾ ਲੈਂਦੇ ਸਨ। ਲੋਕਾਂ ਦੇ ਦਿਲਾਂ ਵਿਚ ਕਰਮਾਤਾਂ ਬਾਰੇ ਪੱਕਾ ਵਿਸ਼ਵਾਸ ਬੱਝਿਆ ਹੋਇਆ ਸੀ। ਇਸਲਾਮਕ ਸਿਧਾਂਤ ਦੇ ਖਿਲਾਫ ਬਹੁਤ ਸਾਰੇ ਸੂਫੀ ਫਕੀਰ, ਮਸਾਇਕ ਆਦਿ ਨੂੰ ਵਲੀ ਮੰਨਿਆ ਜਾਂਦਾ ਸੀ ਜੋ ਕਰਾਮਾਤ ਵਿਖਾਉਣ ਦੇ ਸਮਰਥ ਮੰਨੇ ਜਾਂਦੇ ਸਨ। ਇਹ ਹਿੰਦੂਆਂ ਨੂੰ ਇਸਲਾਮ ਵਿਚ ਤਬਦੀਲ ਕਰਨ ਦਾ ਵਸੀਲਾ ਸਮਝੇ ਜਾਣ ਕਰਕੇ ਬੜੇ ਜੋਰ ਸ਼ੋਰ ਨਾਲ ਪ੍ਰਚਾਰੀਆਂ ਜਾਂਦੀਆਂ

---

68 Ibid, p2.
69 Ibid, p3.

ਸਨ। ਆਮ ਲੋਕਾਈ ਵਿਚ ਭੂਤ ਪ੍ਰੇਤ, ਟੂਣੇ ਆਦਿ ਦਾ ਅੰਧਵਿਸ਼ਵਾਸ ਆਮ ਵੇਖਿਆ ਜਾਂਦਾ ਸੀ। ਸਿੱਖਿਆ ਪ੍ਰਾਪਤੀ ਸਿਰਫ ਅਮੀਰ ਲੋਕਾਂ ਵੱਲੋਂ ਨਿਜੀ ਉਪਰਾਲੇ ਰਾਹੀਂ ਹੀ ਹਾਸਿਲ ਕੀਤੀ ਜਾਂਦੀ ਸੀ ਅਤੇ ਆਮ ਆਦਮੀ ਦੀ ਸਿੱਖਿਆ ਲਈ ਸਰਕਾਰ ਅਜਿਹਾ ਕੋਈ ਉਪਰਾਲਾ ਨਹੀਂ ਕਰਦੀ ਸੀ।

ਮੱਧਯੁਗ ਦੀ ਜੀਵਨ ਸ਼ੈਲੀ ਵਿਚ ਅਮੀਰਾਂ, ਜਾਗੀਰਦਾਰਾਂ ਅਤੇ ਬਾਦਸ਼ਾਹਾਂ ਦਾ ਜੀਵਨ ਦਾ ਮੁਖ ਕਾਰਜ ਜੰਗ ਲੜਣਾ ਅਤੇ ਵੇਹਲੇ ਸਮੇਂ ਸ਼ਿਕਾਰ ਖੇਡਣਾ ਸੀ। ਆਮ ਜਨਤਾ ਦਾ ਜੀਵਨ ਸ਼ਾਸਕਾਂ ਅਤੇ ਹਮਲਾਵਰਾਂ ਦੀਆਂ ਨਿਤ ਦੀਆਂ ਵਧੀਕੀਆਂ ਕਰਕੇ ਨਰਕ ਬਣਿਆ ਹੋਇਆ ਸੀ। ਔਰਤਾਂ ਦੀ ਹਾਲਤ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਵਿਚ ਬਹੁਤ ਮਾੜੀ ਸੀ। ਪਰਦਾ, ਸਤੀ ਅਤੇ ਬਹੁਵਿਆਹ ਦਾ ਰਿਵਾਜ ਸੀ। ਸ਼ਰਾਬ, ਅਫੀਮ, ਭੰਗ ਅਤੇ ਪਾਨ ਆਦਿ ਨਸ਼ਿਆਂ ਦੀ ਬਿਨਾਂ ਰੋਕ ਟੋਕ ਵਰਤੋਂ ਕੀਤੀ ਜਾਂਦੀ ਸੀ।

**ਅਠਾਰਵੀਂ ਸਦੀ :** ਮੱਧਯੁਗ ਦੇ ਸਮੁੱਚੇ ਹਾਲਾਤ ਬਾਰੇ ਜਾਣਨ ਤੋਂ ਬਾਅਦ ਅਠਾਰਵੀਂ ਸਦੀ ਦੇ ਪੰਜਾਬ ਦੇ ਤਤਕਾਲੀ ਹਾਲਾਤ ਬਾਰੇ ਸੰਖੇਪ ਜਾਣਕਾਰੀ ਸਾਡੇ ਖੋਜਕਾਰਜ ਲਈ ਸਹਾਈ ਸਾਬਤ ਹੋਵੇਗੀ। ਅਠਾਰਵੀਂ ਸਦੀ ਦਾ ਪਹਿਲਾ ਅੱਧ ਲਗਭਗ ਕੁਇਰ ਸਿੰਘ ਅਤੇ ਪਿਛਲਾ ਅੱਧ ਸੁੱਖਾ ਸਿੰਘ ਦੇ ਜੀਵਨ ਅਤੇ ਰਚਨਾ ਨਾਲ ਜੁੜਿਆ ਹੋਇਆ ਹੈ। ਇਸ ਸਦੀ ਦੇ ਪਹਿਲੇ ਸਾਲਾਂ ਵਿਚ ਸਿੱਖ ਧਰਮ ਲਈ ਕਈ ਮਹੱਤਵਪੂਰਨ ਘਟਨਾਵਾਂ ਵਾਪਰੀਆਂ। ਪਹਾੜੀ ਰਾਜੇ ਅਤੇ ਮੁਗਲ ਹਕੂਮਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪੂਰੇ ਪਰਿਵਾਰ ਅਤੇ ਬੇਅੰਤ ਸਿੰਘਾਂ ਨੂੰ ਸ਼ਹੀਦ ਕਰਕੇ ਖਾਲਸਾ ਪੰਥ ਉੱਪਰ ਜੁਲਮਾਂ ਦਾ ਨਵਾਂ ਇਤਿਹਾਸ ਰਚ ਦਿੱਤਾ। ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਵੇਲੇ ਖਾਲਸਾ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਨੇ ਸਿੱਖ ਰਾਜ ਦੀ ਪ੍ਰਾਪਤੀ ਲਈ ਭਾਵਨਾ ਅਤੇ ਵਿਸ਼ਵਾਸ ਨੂੰ ਹੋਰ ਪੀਡਾ ਕਰ ਦਿੱਤਾ। ਉਸ ਦੇ ਸਮੇਂ ਵਿਚ ਵੱਡੀ ਗਿਣਤੀ ਵਿਚ ਪੰਜਾਬ ਦੇ ਹਿੰਦੂ ਅਤੇ ਮੁਸਲਮਾਨ ਖਾਲਸਾ ਪੰਥ ਵਿਚ ਸ਼ਾਮਿਲ ਹੋਏ।[70] ਬੰਦਾ ਸਿੰਘ ਨੇ ਲੋਹਗੜ੍ਹ ਨੂੰ ਰਾਜਧਾਨੀ ਬਣਾਇਆ, ਗੁਰੂ ਜੀ ਦੇ ਨਾਂ ਤੇ ਸਿੱਕੇ ਅਤੇ ਮੋਹਰਾਂ ਚਲਾਈਆਂ।[71] ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਗ੍ਰਿਫਤਾਰੀ ਪਿਛੋਂ 5 ਮਾਰਚ 1716 ਈ. ਨੂੰ ਬੰਦਾ ਸਿੰਘ ਅਤੇ ਸਾਥੀ ਸਿੰਘਾਂ ਦੀ ਦਿੱਲੀ ਵਿਖੇ ਸ਼ਹਾਦਤ ਹੋਈ।

ਸਿੱਖਾਂ ਵਾਸਤੇ ਬਹੁਤ ਦੁਖਦਾਈ ਸਮਾਂ ਸ਼ੁਰੂ ਹੋਇਆ। ਮੌਕਾ-ਪ੍ਰਸਤ ਅਤੇ ਕੱਚੇ ਵਿਸ਼ਵਾਸ ਵਾਲੇ ਸਿੱਖੀ ਤੋਂ ਬੇਮੁਖ ਹੋ ਰਹੇ ਸਨ। ਪਰ ਮਾਤਾ ਸੁੰਦਰੀ ਜੀ ਦੇ ਹੁਕਮ ਨਾਲ ਭਾਈ ਮਨੀ ਸਿੰਘ ਨੇ ਮਾਝੇ ਨੂੰ ਸਿੱਖ ਸਰਗਰਮੀਆਂ ਦਾ ਕੇਂਦਰ ਬਣਾਇਆ ਅਤੇ ਸਿੱਖ ਸੰਗਤ ਨੂੰ ਮੁੜ ਲਾਮਬੰਦ ਕੀਤਾ। ਅੰਮ੍ਰਿਤਸਰ ਸਾਹਿਬ

[70] ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਭਗਤ ਸਿੰਘ (ਅਨੁ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 2003, ਪੰਨਾ 86.

[71] ਉਹੀ, ਪੰਨਾ 87.

ਵਿਖੇ ਦਿਵਾਲੀ ਅਤੇ ਵਿਸਾਖੀ ਦਾ ਜੋੜਮੇਲਾ ਸ਼ੁਰੂ ਹੋਇਆ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਰਬਤ ਸੰਗਤ 'ਗੁਰਮਤਾ' ਕਰਕੇ ਪੰਥਕ ਕਾਰਜਾਂ ਲਈ ਸੇਧ ਪ੍ਰਾਪਤ ਕਰਦੀ ਸੀ। ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸੰਕਲਪ ਦੀ ਸੂਝ ਅਤੇ ਅਮਲ ਦਾ ਪਸਾਰ ਸ਼ੁਰੂ ਹੋਇਆ। ਸਿੱਖੀ ਵਿਚ ਸੰਨ੍ਹ ਲਾਉਣ ਦੀਆਂ ਅਖੌਤੀ ਗੁਰੂਆਂ ਅਤੇ ਸੰਪਰਦਾਵਾਂ ਵੱਲੋਂ ਅਸਫਲ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ ਜਿਨ੍ਹਾਂ ਵਿਚ ਗੁਲਾਬ ਰਾਈਏ, ਗੰਗੂ ਸ਼ਾਹੀਏ, ਹੰਦਾਲੀਏ (ਨਿਰੰਜਨੀਏ) ਸ਼ਾਮਲ ਸਨ।[72] ਕੁੱਝ ਇਤਿਹਾਸਕਾਰ ਮਾਤਾ ਸੁੰਦਰੀ ਜੀ ਦੇ ਪਾਲਕ ਪੁੱਤਰ ਅਜੀਤ ਸਿੰਘ ਨੂੰ ਵੀ ਇਸੇ ਵੰਨਗੀ ਵਿਚ ਗਿਣਦੇ ਹਨ। ਦੂਜੇ ਪਾਸੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੇ 'ਸ਼ਬਦ ਗੁਰੂ' ਨੂੰ ਸਮਰਪਿਤ ਹੋ ਕੇ ਵਿਆਖਿਆ ਅਤੇ ਕਥਾ ਦੀ ਪਰੰਪਰਾ ਚਲਾਈ। ਉਦਾਸੀ ਅਤੇ ਨਿਰਮਲਾ ਸੰਪਰਦਾਵਾਂ ਨੇ ਸ਼ੁਧ ਭਾਵਨਾ ਨਾਲ ਸਿੱਖ ਗੁਰਧਾਮਾਂ ਦੀ ਸੇਵਾ ਸੰਭਾਲ ਕੀਤੀ। ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਝਗੜੇ ਨੂੰ ਖਤਮ ਕਰਨ ਵਿਚ ਭਾਵੇਂ ਬੰਦਈ ਆਗੂ ਮਹੰਤ ਸਿੰਘ ਮਾਰਿਆ ਗਿਆ ਪਰ ਭਾਈ ਮਨੀ ਸਿੰਘ ਤੇ ਹੋਰ ਸਿੰਘਾਂ ਦੀ ਦਾਨਾਈ ਸਦਕਾ ਸਿੱਖ ਪੰਥ ਮੁੜ ਇੱਕਮੁੱਠ ਹੋ ਗਿਆ।

1726 ਈ. ਵਿਚ ਜ਼ਕਰੀਆ ਖਾਨ ਨੇ ਲਾਹੌਰ ਦਾ ਸੂਬੇਦਾਰ ਬਣਕੇ ਸਿੱਖਾਂ ਉੱਪਰ ਜੁਲਮ ਸ਼ੁਰੂ ਕਰ ਦਿੱਤੇ। ਸਿੱਖ ਜੰਗਲਾਂ ਵਿਚ ਜਾਣ ਲਈ ਮਜਬੂਰ ਸਨ। ਭੁੱਖ ਪਿਆਸ ਅਤੇ ਅਤਿਆਚਾਰ ਦੇ ਬਦਲੇ ਵਿਚ ਸਿੰਘਾਂ ਨੇ ਸਰਕਾਰੀ ਖਜਾਨਾ ਅਤੇ ਮਾਲ ਲੁੱਟਣਾ ਸ਼ੁਰੂ ਕਰ ਦਿੱਤਾ। ਸੂਬਾ ਲਾਹੌਰ ਵੱਲੋ ਸਿੱਖਾਂ ਨੂੰ ਦਿੱਤੀ ਨਵਾਬੀ ਸੰਗਤ ਨੇ ਕਪੂਰ ਸਿੰਘ ਫੈਜ਼ਲਪੁਰੀਏ ਨੂੰ ਦਿੱਤੀ। ਸਰਕਾਰ ਨਾਲ ਵਕਤੀ ਸੁਲ੍ਹਾ ਕਰਕੇ ਸਿੱਖਾਂ ਨੇ ਸ਼ਕਤੀ ਇਕੱਤਰ ਕੀਤੀ ਅਤੇ ਦਲ ਬਣਾਏ। ਸਿੱਖਾਂ ਉੱਪਰ ਮੁੜ ਸਖਤੀ ਸ਼ੁਰੂ ਹੋਈ ਅਤੇ 1737 ਈ. ਵਿਚ ਲਾਹੌਰ ਵਿਖੇ ਭਾਈ ਮਨੀ ਸਿੰਘ ਦੀ ਸ਼ਹਾਦਤ ਹੋਈ। 1739 ਈ. ਵਿਚ ਨਾਦਰਸ਼ਾਹ ਦਾ ਹੱਲਾ ਹੋਇਆ ਅਤੇ ਉਸ ਦੇ ਮਸ਼ਵਰੇ ਤੇ ਜ਼ਕਰੀਆ ਖਾਨ ਨੇ ਸਿੱਖਾਂ ਉੱਪਰ ਵਧੇਰੇ ਸਖਤੀ ਸ਼ੁਰੂ ਕਰ ਦਿੱਤੀ। ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ ਅਤੇ ਉਹ ਜੰਗਲਾਂ ਅਤੇ ਬੀਕਾਨੇਰ ਆਦਿ ਦੁਰੇਡੇ ਮਾਰੂ ਇਲਾਕਿਆਂ ਵੱਲ ਜਾਣ ਲਈ ਮਜਬੂਰ ਹੋਏ। ਮੱਸੇ ਰੰਘੜ ਵਲੋਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਉਸ ਦਾ ਸਿਰ ਵੱਢ ਕੇ ਲਿਆ। ਭਾਈ ਤਾਰੂ ਸਿੰਘ, ਸੁਬੇਗ ਸਿੰਘ ਅਤੇ ਸ਼ਾਹਬਾਜ ਸਿੰਘ ਦੀਆਂ ਲਾਸਾਨੀ ਸ਼ਹਾਦਤਾਂ ਹੋਈਆਂ। ਜਕਰੀਏ ਦੇ ਫੌਜਦਾਰ ਲਖਪਤ ਰਾਏ ਨੇ ਸਿੱਖਾਂ ਨੂੰ ਕਾਹਨੂੰਵਾਨ ਦੇ ਇਲਾਕੇ ਵਿਚ ਘੇਰ ਲਿਆ। ਇਸ ਯੁੱਧ ਵਿਚ 7000 ਸਿੰਘ ਮਾਰੇ ਗਏ ਅਤੇ 3000 ਫੜੇ ਗਏ ਜੋ ਲਾਹੌਰ ਲਿਜਾ ਕੇ ਸ਼ਹੀਦ ਕੀਤੇ ਗਏ। 1746 ਈ. ਨੂੰ ਵਾਪਰੀ ਇਸ ਘਟਨਾ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।[73] ਜਕਰੀਆ ਖਾਨ

---

[72] ਉਹੀ, ਪੰਨਾ 110-11.
[73] ਉਹੀ, ਪੰਨਾ 129.

ਦੀ ਮੌਤ ਪਿਛੋਂ ਉਸ ਦੇ ਪੁੱਤਰਾਂ ਦੇ ਝਗੜੇ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਨਾਲ ਪੰਜਾਬ ਵਿਚ ਰਾਜ ਪ੍ਰਬੰਧ ਬਹੁਤ ਖਰਾਬ ਹੋ ਗਈ। ਦਿੱਲੀ ਅਤੇ ਲਾਹੌਰ ਦੀ ਕਮਜੋਰੀ ਦਾ ਫਾਇਦਾ ਸਿੱਖਾਂ ਨੇ ਆਪਣੀ ਤਾਕਤ ਵਿਚ ਵਾਧਾ ਕਰਕੇ ਲਿਆ। 29 ਮਾਰਚ 1748 ਈ. ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਦਲ ਖਾਲਸਾ ਨੂੰ ਮੁੜ ਸੰਗਠਿਤ ਕਰਕੇ ਜੱਸਾ ਸਿੰਘ ਆਹਲੂਵਾਲੀਏ ਨੂੰ ਇਸ ਦਾ ਮੁਖੀ ਥਾਪਿਆ ਅਤੇ ਖਾਲਸਾ ਰਾਜ ਦਾ ਐਲਾਨ ਕੀਤਾ ਗਿਆ। ਅਬਦਾਲੀ ਦੇ ਦੂਜੇ ਹਮਲੇ ਪਿਛੋਂ ਕੌੜਾ ਮਲ ਰਾਹੀਂ ਮੀਰ ਮਨੂੰ ਨੇ ਸਿੱਖਾਂ ਨਾਲ ਸਮਝੌਤਾ ਕਰਕੇ ਉਨ੍ਹਾਂ ਨੂੰ ਬਾਰਾਂ ਪਿੰਡਾਂ ਦੀ ਜਾਗੀਰ ਅਤੇ ਰਾਮਰੌਣੀ ਉਸਾਰਨ ਦੀ ਪ੍ਰਵਾਨਗੀ ਦਿੱਤੀ। ਇਸ ਸੁਖਾਵੇਂ ਸਮੇਂ ਖਾਲਸੇ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ। 1751 ਈ. ਦੇ ਅਬਦਾਲੀ ਦੇ ਹਮਲੇ ਅਤੇ ਮੀਰ ਮਨੂੰ ਦੀ ਅਧੀਨਗੀ ਦੇ ਨਤੀਜੇ ਵਜੋਂ ਪੰਜਾਬ ਮੁਗਲ ਹਕੂਮਤ ਦੀ ਬਜਾਏ ਅਬਦਾਲੀ ਦੀ ਅਫਗਾਨੀ ਸਲਤਨਤ ਵਿਚ ਸ਼ਾਮਿਲ ਹੋ ਗਿਆ। ਮੀਰ ਮਨੂੰ ਨੇ ਮੁੜ ਸਿੱਖਾਂ ਉੱਪਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਸਿੰਘ ਜੰਗਲਾਂ ਨੂੰ ਚਲੇ ਗਏ ਪਰ ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਪਿੰਡਾਂ ਵਿਚੋਂ ਫੜ ਕੇ ਲਾਹੌਰ ਵਿਖੇ ਬੜੀ ਬੇਰਹਿਮੀ ਨਾਲ ਸ਼ਹੀਦ ਕੀਤਾ ਜਾਣ ਲਗਾ। ਪਰ ਬਹਾਦਰ ਸਿੰਘਣੀਆਂ ਨੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ। ਉਨ੍ਹਾਂ ਦੇ ਇਹ ਸ਼ਬਦ ਅਖਾਣ ਬਣ ਗਏ :

ਮੰਨੂ ਸਾਡੀ ਦਾਤਰੀ, ਅਸੀ ਮੰਨੂ ਦੇ ਸੋਏ।
ਜਿਉਂ ਜਿਉਂ ਮੰਨੂ ਵੱਢਦਾ, ਅਸੀ ਦੂਣ ਸਵਾਏ ਹੋਏ।

4 ਨਵੰਬਰ 1753 ਈ. ਨੂੰ ਮੀਰ ਮੰਨੂ ਦੀ ਮੌਤ ਪਿਛੋਂ ਹਕੂਮਤ ਦੀ ਪਕੜ ਢਿੱਲੀ ਪੈ ਗਈ। ਅਬਦਾਲੀ ਦੇ 1757 ਈ. ਵਿਚ ਕੀਤੇ ਚੌਥੇ ਹਮਲੇ ਪਿੱਛੋਂ ਸਿੱਖਾਂ ਨੇ ਪੰਜਾਬ ਉੱਪਰ ਹੱਕ ਜਤਾਉਦਿਆਂ ਛੋਟੇ-ਛੋਟੇ ਰਾਜ ਬਣਾ ਲਏ ਸਨ। ਅਬਦਾਲੀ ਅਤੇ ਉਸ ਦੇ ਪੁੱਤਰ ਤੈਮੂਰ ਨਾਲ ਸਿੰਘਾਂ ਨੇ ਕਈ ਛਾਪੇਮਾਰ ਲੜਾਈਆਂ ਕੀਤੀਆਂ। ਇਸ ਸਮੇਂ ਦੌਰਾਨ ਸਿੱਖਾਂ ਨੂੰ ਠੇਸ ਪਹੁੰਚਾਉਣ ਲਈ ਕਈ ਵਾਰ ਵੈਰੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਕੀਤੀ। ਘਰਬਾਰੀ ਸਿੱਖਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਕਤਲੋਗਾਰਤ ਕੀਤੀ। ਅਦੀਨਾ ਬੇਗ ਨਾਲ ਮਿਲਕੇ ਸਿੱਖਾਂ ਨੇ ਜਲੰਧਰ ਦਾ ਇਲਾਕਾ ਦੁਰਾਨੀਆਂ ਤੋਂ ਛੁਡਾਇਆ। ਅਦੀਨਾ ਬੇਗ ਨੇ ਪੰਜਾਬ ਦਾ ਵਾਹਿਦ ਮਾਲਿਕ ਬਣਨ ਲਈ ਮਰਾਠਿਆਂ ਦੀ ਸਹਾਇਤਾ ਲਈ ਪਰ ਸਿੱਖਾਂ ਤੋਂ ਬਿਨਾਂ ਪੰਜਾਬ ਅੰਦਰ ਹੋਰ ਕੋਈ ਟਿਕ ਨਾ ਸਕਿਆ। ਅਬਦਾਲੀ ਦੇ ਪੰਜਵੇਂ ਹਮਲੇ ਦੌਰਾਨ 1761 ਈ. ਦੀ ਪਾਣੀਪਤ ਦੀ ਲੜਾਈ ਵਿਚ ਹਾਰ ਕੇ ਮਰਾਠਾ ਤਾਕਤ ਉੱਤਰ ਭਾਰਤ ਚੋਂ ਖਤਮ ਹੋ ਗਈ। ਅਬਦਾਲੀ ਦੇ ਦਿੱਲੀ ਹੁੰਦਿਆਂ ਸਿੱਖਾਂ ਨੇ ਲਾਹੌਰ ਅਤੇ ਮੁਲਤਾਨ ਨੂੰ ਝੁਕਾਅ ਦਿੱਤਾ ਅਤੇ ਮੁੜਦੇ ਹੋਏ ਅਬਦਾਲੀ ਤੋਂ 2200 ਹਿੰਦੂ ਇਸਤਰੀਆਂ ਸਮੇਤ ਲੁਟਿਆ ਹੋਇਆ ਸਮਾਨ ਛੁਡਾ ਲਿਆ। ਆਲਾ ਸਿੰਘ

ਵੱਲੋਂ ਅਬਦਾਲੀ ਦੀ ਅਧੀਨਗੀ ਮੰਨਣ ਕਰਕੇ ਸਿੱਖਾਂ ਨੇ ਉਸ ਨੂੰ ਤਨਖ਼ਾਹ ਲਾਈ। ਸਿੰਘਾਂ ਨੇ ਲਾਹੌਰ ਜਿੱਤ ਕੇ ਜੱਸਾ ਸਿੰਘ ਆਹਲੂਵਾਲੀਏ ਨੂੰ ਸੁਲਤਾਨ-ਉਲ-ਕੌਮ ਦਾ ਖਿਤਾਬ ਦਿੱਤਾ ਅਤੇ ਖਾਲਸਾ ਰਾਜ ਦਾ ਸਿੱਕਾ ਚਲਾਇਆ। ਜਿਸ ਉੱਪਰ ਇਹ ਸਤਰਾਂ ਉਕਰੀਆਂ ਹੋਈਆਂ ਸਨ :

ਦੇਗ ਓ ਤੇਗ ਓ ਫਤਿਹ ਨੁਸਰਤ ਬੇ-ਦਰੰਗ

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਅਬਦਾਲੀ ਨੇ ਸਿੱਖਾਂ ਨੂੰ ਖਤਮ ਕਰਨ ਲਈ ਛੇਵਾਂ ਹਮਲਾ ਕੀਤਾ ਅਤੇ 5 ਫਰਵਰੀ 1762 ਈ. ਨੂੰ ਮਲੇਰਕੋਟਲੇ ਨੇੜੇ ਸਿੱਖਾਂ ਨੂੰ ਘੇਰ ਲਿਆ। ਸਿੱਖਾਂ ਨੇ ਬਹਾਦਰੀ ਨਾਲ ਮੁਕਾਬਲਾ ਕੀਤਾ ਪਰ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਸਮੇਤ ਦਸ ਹਜਾਰ ਤੋਂ ਵੀਹ ਹਜਾਰ ਦੇ ਲਗਭਗ ਸਿੱਖ ਸ਼ਹੀਦ ਹੋ ਗਏ। ਇਸ ਘਟਨਾ ਨੂੰ 'ਵੱਡਾ ਘਲੂਘਾਰਾ' ਕਹਿਕੇ ਯਾਦ ਕੀਤਾ ਜਾਂਦਾ ਹੈ।[74] ਅਬਦਾਲੀ ਨੇ ਇੱਕ ਵਾਰ ਫੇਰ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ। ਸਿੱਖਾਂ ਨੇ ਹੋਰ ਵਧੇਰੇ ਰੋਹ ਨਾਲ ਜੇਤੂ ਮੁਹਿੰਮਾਂ ਸ਼ੁਰੂ ਕਰ ਦਿੱਤੀਆਂ ਅਤੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲਿਆ।ਅਬਦਾਲੀ ਦੇ ਸਤਵੇਂ ਹਮਲੇ ਪਿਛੋਂ ਸਿੰਘਾਂ ਨੇ 10 ਅਪ੍ਰੈਲ 1765 ਈ. ਨੂੰ ਅੰਮ੍ਰਿਤਸਰ ਵਿਖੇ ਗੁਰਮਤਾ ਕਰਕੇ ਲਾਹੌਰ ਉੱਪਰ ਕਬਜਾ ਕਰ ਲਿਆ।

ਅਬਦਾਲੀ ਅਠਵਾਂ ਹਮਲਾ ਕਰਕੇ ਮੁੜਦਿਆਂ ਹਾਲੇ ਜੇਹਲਮ ਕੋਲ ਹੀ ਪਹੁੰਚਿਆ ਸੀ ਕਿ ਪੰਜਾਬ ਉੱਪਰ ਸਿੱਖਾਂ ਨੇ ਦੁਬਾਰਾ ਕਬਜਾ ਕਰ ਲਿਆ। ਸਿੰਘਾਂ ਨੇ ਦਲ ਖਾਲਸਾ ਜਥੇਬੰਦੀ ਅਧੀਨ ਬਾਰਾਂ ਮਿਸਲਾਂ, ਆਹਲੂਵਾਲੀਆ, ਸਿੰਘਪੁਰੀਆ, ਸ਼ੁਕਰਚੱਕੀਆ, ਨਿਸ਼ਾਨਵਾਲੀਆ, ਭੰਗੀ, ਕਨ੍ਹੱਈਆ, ਡੱਲ੍ਹੇਵਾਲੀਆ, ਸ਼ਹੀਦ, ਕਰੋੜਸਿੰਘੀਆ, ਫੂਲਕੀਆਂ ਅਤੇ ਰਾਮਗੜ੍ਹੀਆਂ ਵਿਚ ਵੰਡ ਕੇ ਆਪੋ-ਆਪਣੀਆਂ ਰਿਆਸਤਾਂ ਕਾਇਮ ਕਰਨੀਆਂ ਸ਼ੁਰੂ ਕੀਤੀਆਂ। ਸਭ ਮਿਸਲਾਂ ਦਿਵਾਲੀ ਅਤੇ ਵਿਸਾਖੀ ਨੂੰ ਅੰਮ੍ਰਿਤਸਰ ਦੇ ਦਰਸ਼ਨ ਅਤੇ ਇਸ਼ਨਾਨ ਲਈ ਇਕੱਤਰ ਹੁੰਦੀਆਂ ਸਨ। ਵੱਡੀ ਮੁਹਿੰਮ ਵੇਲੇ ਦਲ ਖਾਲਸਾ ਦੀ ਅਗਵਾਈ ਵਿਚ ਸਭ ਮਿਸਲਾਂ ਇਕੱਠੀਆਂ ਲੜਦੀਆਂ ਅਤੇ ਜਿੱਤਿਆ ਇਲਾਕਾ ਆਪਸ ਵਿਚ ਵੰਡ ਲੈਂਦੀਆਂ ਸਨ। ਸੁਲਖਣ ਸਿੰਘ ਸਰਹੱਦੀ ਅਨੁਸਾਰ "ਇਹਨਾਂ ਦਾ ਪ੍ਰਬੰਧ ਬੇਹੱਦ ਲੋਕਰਾਜੀ ਸੀ ਅਤੇ ਭਾਵੁਕਤਾ ਦੀ ਪੱਧਰ ਉੱਤੇ ਇੱਕਸਾਰਤਾ ਦੀ ਕਾਰਜ ਸ਼ੀਲਤਾ ਸੀ। ਸਿੱਖ ਸਿਪਾਹੀ ਆਪਣੇ ਗੁਰੂ ਵਾਸਤੇ ਲੜਦੇ ਅਤੇ ਕੁਰਬਾਨ ਹੁੰਦੇ ਸਨ।"[75] ਸਿੱਖਾਂ ਨੇ ਗੰਗਾ ਜਮਨਾ ਦੇ ਮੈਦਾਨ ਤੋਂ ਲੈ ਕੇ ਜੇਹਲਮ ਤੱਕ ਦੇ ਇਲਾਕੇ ਨੂੰ ਰਾਖੀ ਪ੍ਰਬੰਧ ਦੇ ਅਧੀਨ ਲਿਆਂਦਾ। ਦਿੱਲੀ ਵਿਖੇ 1783 ਈ. ਵਿਚ ਬਘੇਲ ਸਿੰਘ ਨੇ ਗੁਰੂ ਸਾਹਿਬ ਦੀਆਂ ਯਾਦਗਾਰਾਂ ਦੀ ਨਿਸ਼ਾਨਦੇਹੀ ਕਰਕੇ

---

[74] ਉਹੀ, ਪੰਨਾ 161.
[75] ਸੁਲੱਖਣ ਸਿੰਘ ਸਰਹੱਦੀ, *ਆਨੰਦਪੁਰ ਤੋਂ ਲਾਹੌਰ ਤੱਕ*, ਲੁਧਿਆਣਾ: ਲਾਹੌਰ ਬੁਕ ਸ਼ਾਪ, 2005, ਪੰਨਾ 159.

ਗੁਰਧਾਮਾਂ ਦੀ ਉਸਾਰੀ ਕਰਵਾਈ। ਅਬਦਾਲੀ ਪਿਛੋਂ ਉਸ ਦੇ ਪੁੱਤਰ ਤੈਮੂਰ ਸ਼ਾਹ ਅਤੇ ਪੋਤਰੇ ਸ਼ਾਹ ਜਮਾਨ ਨੇ ਪੰਜਾਬ ਉੱਪਰ ਹੱਕ ਜਮਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ। ਸੰਨ 1796-97 ਈ. ਤੱਕ ਪਹੁੰਚਦਿਆਂ ਸਿੱਖ ਮਿਸਲਾਂ ਦੇ ਮੋਢੀ ਜਥੇਦਾਰ ਚਲਾਣੇ ਕਰ ਚੁਕੇ ਸਨ ਅਤੇ ਉਨ੍ਹਾਂ ਦੇ ਵੰਸ਼ਜ ਰਾਜ ਕਰ ਰਹੇ ਸਨ। ਮਿਸਲਾਂ ਵਿਚ ਆਪਸੀ ਸਰਹੱਦਾਂ ਨੂੰ ਲੈ ਕੇ ਖ਼ੂਨੀ ਟਕਰਾਅ ਸ਼ੁਰੂ ਹੋ ਗਏ ਸਨ। ਮਿਸਲਦਾਰ ਸਰਦਾਰ ਰਜਵਾੜਾਸ਼ਾਹੀ ਵਾਲੇ ਔਗੁਣਾਂ ਵਿਚ ਫਸ ਰਹੇ ਸਨ।[76] ਕਵੀ ਸੁੱਖਾ ਸਿੰਘ ਦੇ ਰਚਨਾ ਕਾਲ ਭਾਵ 1797 ਈ. ਤੱਕ ਸਿੱਖ ਮਿਸਲਾਂ 'ਦਲ ਖਾਲਸਾ' ਵਾਲੀ ਪੰਥਕ ਲੀਹ ਤੋਂ ਲਹਿ ਚੁਕੀਆਂ ਸਨ ਅਤੇ 'ਬ੍ਰਿਟਿਸ਼ ਈਸਟ ਇੰਡੀਆ ਕੰਪਨੀ' ਵਰਗੀਆਂ ਤਾਕਤਾਂ ਪੰਜਾਬ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਣ ਲਗੀਆਂ ਸਨ। ਰਣਜੀਤ ਸਿੰਘ ਨੇ ਕਈ ਹੋਰ ਮਿਸਲਾਂ ਨੂੰ ਜਿੱਤ ਕੇ ਸੰਨ 1799 ਈ. ਵਿਚ ਲਾਹੌਰ ਉਪੱਰ ਕਬਜ਼ਾ ਕੀਤਾ ਅਤੇ ਪੰਜਾਬ ਨੂੰ ਤਾਕਤਵਰ ਰਾਜ ਵਜੋਂ ਸਥਾਪਤ ਕੀਤਾ।

---

[76] ਉਹੀ, ਪੰਨਾ 168.

ਧਰਮ ਨੂੰ ਸਹੀ ਅਰਥਾਂ ਵਿਚ ਸਮਝਣ ਲਈ ਵਰਤੀਆਂ ਜਾਂਦੀਆਂ ਵਿਧੀਆਂ ਵਿਚੋਂ ਧਰਮ-ਸ਼ਾਸਤਰੀ ਵਿਧੀ ਦਾ ਮਹੱਤਵਪੂਰਨ ਸਥਾਨ ਹੈ। ਧਰਮ-ਸ਼ਾਸਤਰ ਦੇ ਅਧਿਐਨ ਤੋਂ ਪਹਿਲਾਂ 'ਧਰਮ' ਬਾਰੇ ਸੰਖੇਪ ਜਾਣ-ਪਛਾਣ ਕਰਨੀ ਜਰੂਰੀ ਜਾਪਦੀ ਹੈ। ਇਤਿਹਾਸਕ ਤੌਰ ਤੇ ਧਰਮ ਦਾ ਮੁੱਢ ਕਦੋਂ ਬੱਝਾ, ਇਹ ਦੱਸ ਸਕਣਾ ਔਖਾ ਕੰਮ ਹੈ। ਜਦੋਂ ਤੋਂ ਮਨੁੱਖ ਜਾਤਿ ਨੇ ਹੋਸ਼ ਸੰਭਾਲੀ ਹੈ ਅਤੇ ਆਪਣੇ ਆਲੇ ਦੁਆਲੇ ਬਾਰੇ ਸੋਚਣਾ ਸਮਝਣਾ ਸ਼ੁਰੂ ਕੀਤਾ ਹੈ ਉਦੋਂ ਤੋਂ ਹੀ ਧਰਮ ਕਿਸੇ ਨਾ ਕਿਸੇ ਰੂਪ ਵਿਚ ਉਸ ਦੇ ਨਾਲ ਹੈ। ਬੀਤ ਚੁਕੀਆਂ ਸਭਿਆਤਾਵਾਂ ਦੇ ਰਹਿੰਦ-ਖੁਹੰਦ ਵਿਚੋਂ ਉਨ੍ਹਾਂ ਦੇ ਵਿਸ਼ਵਾਸਾਂ ਅਤੇ ਪੂਜਾ ਆਦਿ ਸੰਬੰਧੀ ਸਬੂਤ ਮਿਲਦੇ ਹਨ। ਜਦੋਂ ਤੋਂ ਮਨੁੱਖ ਨੇ ਲਿਖਣ-ਪੜ੍ਹਣ ਦੀ ਕਲਾ ਸਿੱਖੀ ਹੈ ਉਸ ਵੇਲੇ ਤੋਂ ਹੁਣ ਤੱਕ ਧਰਮ ਇਸ ਦਾ ਮੁੱਖ ਵਿਸ਼ਾ ਰਿਹਾ ਹੈ। ਸਗੋਂ 'ਵੇਦ' ਦੇ ਰੂਪ ਵਿਚ ਲਿਖਤ ਦਾ ਸਭ ਤੋਂ ਪੁਰਾਣਾ ਸਰੂਪ ਪੂਰੇ ਤੌਰ ਤੇ ਧਰਮ ਨੂੰ ਸਮਰਪਿਤ ਹੈ। ਆਦਿ ਕਾਲ ਤੋਂ ਲੈ ਕੇ ਆਧੁਨਿਕ ਯੁਗ ਤੱਕ ਧਰਮ ਨੇ ਰਾਜਨੀਤਿਕ, ਆਰਥਿਕ, ਵਿਦਿਅਕ ਅਤੇ ਸਮਾਜਿਕ ਆਦਿ ਹਰ ਖੇਤਰ ਵਿਚ ਮਨੁੱਖ ਦੀ ਅਗਵਾਈ ਕੀਤੀ ਹੈ। ਸੰਸਾਰ ਦੇ ਬਹੁਗਿਣਤੀ ਲੋਕ ਆਪਣੇ ਸਮੁੱਚੇ ਜੀਵਨ ਦਾ ਆਧਾਰ ਧਰਮ ਨੂੰ ਹੀ ਮੰਨਦੇ ਹਨ। ਧਰਮ ਤੋਂ ਮੁਨਕਰ ਕਹਾਉਣ ਵਾਲੇ ਲੋਕ ਵੀ ਆਪਣੇ ਸਮਾਜਿਕ ਜੀਵਨ ਦੀਆਂ ਬਹੁਤੀਆਂ ਰਹੁ-ਰੀਤਾਂ ਧਾਰਮਿਕ ਰੀਤ ਅਨੁਸਾਰ ਹੀ ਕਰਦੇ ਹਨ। ਧਰਮ ਦੇ ਪੈਰੋਕਾਰਾਂ ਤੋਂ ਇਲਾਵਾ ਦਰਸ਼ਨ ਅਤੇ ਵਿਗਿਆਨ ਨਾਲ ਸੰਬੰਧਿਤ ਅਧਿਐਨ-ਵਿਧੀ ਦੇ ਸ਼੍ਰੋਮਣੀ ਵਿਦਵਾਨ ਧਰਮ ਦੇ ਸਰੂਪ ਅਤੇ ਮਹੱਤਵ ਬਾਰੇ ਅਧਿਐਨ ਵਿਚ ਡੂੰਘੀ ਦਿਲਚਸਪੀ ਰੱਖਦੇ ਹਨ।

'ਧਰਮ' ਦੇ ਅਰਥ ਨੂੰ ਸਮਝਣ ਲਈ ਇਸ ਦੇ ਕੋਸ਼ਗੱਤ ਅਰਥ ਸਾਡੇ ਲਈ ਸਹਾਈ ਸਾਬਤ ਹੁੰਦੇ ਹਨ। 'ਧਰਮ' ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਧਰ੍ਮਹ੍' ਦਾ ਤਦਭਵ ਰੂਪ ਹੈ। ਸੰਸਕ੍ਰਿਤ-ਹਿੰਦੀ ਕੋਸ਼ ਅਨੁਸਾਰ ਇਸ ਦੇ ਅਰਥ ਹਨ :- ਕਰਤਵ, ਜਾਤਿ, ਸੰਪਰਦਾਇ ਆਦਿ ਦੇ ਪ੍ਰਚਲਿਤ ਆਚਾਰ ਦਾ ਪਾਲਨ, ਕਾਨੂੰਨ, ਪ੍ਰਚਲਨ, ਦਸਤੂਰ, ਪ੍ਰਥਾ, ਅਧਯਾਦੇਸ਼, ਅਨੁਵਿਧੀ। ਧਾਰਮਿਕ ਜਾਂ ਨੈਤਿਕ ਗੁਣ, ਭਲਾਈ, ਨੇਕੀ, ਚੰਗੇ ਕੰਮ।[1] ਰਤਨ ਸਿੰਘ ਜੱਗੀ ਅਨੁਸਾਰ 'ਸੰਸਕ੍ਰਿਤ ਦੀ 'ਧ੍ਰੀ' ਧਾਤੂ ਤੋਂ ਵਿਉਤਪੰਨ ਹੋਣ ਕਾਰਣ ਧਰਮ ਸ਼ਬਦ ਦਾ ਅਰਥ ਹੁੰਦਾ ਹੈ ਧਾਰਣ ਕਰਨਾ।'[2] ਕਾਨ੍ਹ ਸਿੰਘ ਨਾਭਾ ਅਨੁਸਾਰ ਧਰਮ ਦਾ ਅਰਥ "ਜੋ ਸੰਸਾਰ ਨੂੰ ਧਾਰਨ ਕਰਦਾ ਹੈ। ਜਿਸ ਦੇ ਆਧਾਰ ਵਿਸ਼੍ਵ ਹੈ, ਉਹ ਪਵਿੱਤਰ ਨਿਯਮ। ਸ਼ੁਭ ਕਰਮ। ਮਜਹਬ ਦੀਨ। ਰਿਵਾਜ, ਰਸਮ, ਕੁਲ ਅਥਵਾ ਦੇਸ਼ ਦੀ ਰੀਤਿ। ਫ਼ਰਜ਼, ਡ੍ਯੂਟੀ। ਨ੍ਯਾਯ, ਇਨਸਾਫ਼। ਪਰਕ੍ਰਿਤਿ, ਸੁਭਾਵ।"[3]

---

[1] वामन शिवराम आप्टे, *संस्कृत–हिन्दी कोश*, दिल्लीः मोती लाल बनारसी दास पब्लिशर्स प्राईवेट लिमिटेड, 1996, पृष्ठ 489.

[2] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ਪਟਿਆਲਾ: ਗੁਰਰਤਨ ਪਬਲੀਸ਼ਰਜ਼, 2005, ਪੰਨਾ 991.

[3] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1999, ਪੰਨਾ 662.

ਹੈ। 'ਸੰਸ੍ਕ੍ਰਿਤਸ੍ਯ ਸ਼ਬ੍ਦਗਤ ਸੰਕਲ੍ਪਨਾਨਾਂ ਕੋਸ਼' ਅਨੁਸਾਰ ਧਰ੍ਮਹ੍ (धर्मः) ਦਾ ਅਰਥ ਹੈ 'ਪਰਲੋਕ, ਈਸ਼ਵਰ ਆਦਿ ਦੇ ਸੰਬੰਧ ਵਿਚ ਵਿਸ਼ੇਸ਼ ਤਰ੍ਹਾਂ ਦਾ ਵਿਸ਼ਵਾਸ ਅਤੇ ਉਪਾਸਨਾ ਦੀ ਵਿਸ਼ੇਸ਼ ਪ੍ਰਣਾਲੀ। ਸਵਰਗ, ਸ਼ੁਭ ਫਲ ਜਾਂ ਉੱਤਮ ਭਲਾਈ ਲਈ ਨਿਸ਼ਕਾਮ ਕੀਤਾ ਜਾਣ ਵਾਲਾ ਕੰਮ। ਕਿਸੇ ਜਾਤੀ, ਵਰਗ, ਪਦ, ਆਦਿ ਦੇ ਲਈ ਨਿਰਧਾਰਿਤ ਕੀਤਾ ਹੋਇਆ ਕੰਮ ਜਾਂ ਵਿਹਾਰ। ਉਹ ਸਮਾਜ ਜੋ ਦੈਵਿਕ ਸ਼ਕਤੀ ਵਿਚ ਵਿਸ਼ਵਾਸ ਰੱਖਦਾ ਹੈ।'[4] ਬੁੱਧ ਧਰਮ ਵਿਚ ਧਰਮ ਵਾਸਤੇ 'ਧੱਮ' ਸ਼ਬਦ ਵਰਤਿਆ ਗਿਆ ਹੈ। 'Concise Pali - English Dictionary' ਅਨੁਸਾਰ ਧੱਮ (Dhamma) ਦੇ ਅਰਥ "doctrine; nature; truth; the norm; morality; good conduct"[5] ਹਨ।

ਪੱਛਮੀ ਸੰਸਾਰ ਵਿਚ ਧਰਮ ਦਾ ਸਮਾਨਾਰਥੀ ਸ਼ਬਦ 'ਰਿਲੀਜਨ' (Religion) ਵਰਤਿਆ ਜਾਂਦਾ ਹੈ। 'Oxford Dictionary' ਅਨੁਸਾਰ "Religion - belief in superhuman controlling power, esp. in personal God or gods entitled to obedience. Study of religious belief. Particular system of faith and worship."[6] ਐਫ. ਮੈਕਸ ਮੂਲਰ ਨੇ ਆਪਣੀ ਪੁਸਤਕ Natural Religion ਵਿਚ ਵੱਖ-ਵੱਖ ਵਿਦਵਾਨਾਂ ਦੇ ਹਵਾਲੇ ਨਾਲ ਰਿਲੀਜਨ ਦੇ ਨਿਰੁਕਤਕ ਅਰਥਾਂ ਬਾਰੇ ਦੋ ਮੁੱਖ ਵਿਚਾਰ ਪੇਸ਼ ਕੀਤੇ ਹਨ 'ਪਹਿਲੇ ਖਿਆਲ ਅਨੁਸਾਰ ਰਿਲੀਜਨ ਸ਼ਬਦ ਲੈਟਿਨ ਦੇ 'ਨਿਲੀਜਿਅਰ (*neliger*) ਜਿਸ ਦਾ ਅਰਥ ਸੰਭਾਲ ਨਾ ਕਰਨਾ ਹੈ' ਦੇ ਉਲਟ ਰਿਲੀਜਿਅਰ (*religere*) ਤੋਂ ਵਿਉਤਪਤ ਹੋਇਆ ਹੈ ਜਿਸ ਦਾ ਅਰਥ ਸੰਭਾਲ ਕਰਨਾ, ਸਤਿਕਾਰ ਕਰਨਾ ਅਤੇ ਸ਼ਰਧਾ ਰੱਖਣਾ ਹਨ। ਦੂਜਾ ਖਿਆਲ ਜੋ ਰਿਲੀਜਨ ਦਾ ਮੂਲ ਲੈਟਿਨ ਦੇ ਰਿਲੀਜੇਅਰ (religare) ਵਿਚੋਂ ਲਭਦਾ ਹੈ ਜਿਸ ਦਾ ਅਰਥ ਬੰਨ੍ਹਣਾ ਜਾਂ ਰੋਕਣਾ 'ਭਾਵ ਅਸੀ ਰੱਬ ਨਾਲ ਬੱਝੇ ਹਾਂ ਅਤੇ ਉਸ ਨਾਲ ਪਵਿੱਤਰ ਇਕਰਾਰ ਰਾਹੀਂ ਜੁੜੇ ਹੋਏ ਹਾਂ' ਹੈ।'[7] ਆਧੁਨਿਕ ਧਰਮ-ਅਧਿਐਨ ਵਿਚ ਰਿਲੀਜਿਅਰ ਅਤੇ ਰਿਲੀਜੇਅਰ ਦੋਹਾਂ ਨਿਰੁਕਤਕ ਅਰਥਾਂ ਨੂੰ ਸਾਂਝੇ ਰੂਪ ਵਿਚ ਵਰਤਿਆ ਜਾਂਦਾ ਹੈ।

ਇਸਲਾਮਕ ਪਰੰਪਰਾ ਵਿਚ ਧਰਮ ਲਈ 'ਦੀਨ' ਸ਼ਬਦ ਵਰਤਿਆ ਗਿਆ ਹੈ ਜਿਸ ਦੇ ਅਰਥ ਹਨ "ਜੀਵਨ ਪ੍ਰਣਾਲੀ, ਸੱਤਾ। ਆਗਿਆਪਾਲਣ, ਅਧੀਨ, ਬੰਦਗੀ। ਵਿਧੀ-ਵਿਧਾਨ, ਨਿਯਮ, ਪ੍ਰਣਾਲੀ, ਜਿਸ ਦੀ ਪਾਲਣਾ ਕੀਤੀ ਜਾਵੇ। ਜਾਂਚ-ਪੜਤਾਲ, ਫੈਸਲਾ, ਭਲੇ ਬੁਰੇ ਕੰਮ ਦਾ ਬਦਲਾ।"[8]

---

4 संस्कृतशब्दबन्धः, *धर्मः*, www.cfilt.iitb.ac.in (Center For Indian Language Technology).

5 A.P.Buddhadatta Mahathera, *Concise Pali-English Dictionary*, Delhi: Moti Lal Banarsi Das Publishers Private Ltd., 2002, p 132

6 Julia Elliot (Ed.) *Oxford Dictionary & Thesaurus*, Oxford University Press, 2007, p 638.

7 F.Max Muller, *Natural Religion*, New York: Longmans, Green, and Co., 1907, p 33-36.

8 ਸੱਯਦ ਅਬੁਲ ਆਲਾ ਮੌਦੂਦੀ (ਟੀਕਾ.), ਰਮਜ਼ਾਨ ਸਈਦ (ਅਨੁ.), *ਕੁਰਾਨ ਮਜੀਦ*, ਮਲੇਰਕੋਟਲਾ: ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, 2002, ਪੰਨਾ 1234.

ਧਰਮ ਦੇ ਇਨ੍ਹਾਂ ਕੋਸ਼ਗੱਤ ਅਰਥਾਂ ਤੋਂ ਪਤਾ ਲਗਦਾ ਹੈ ਕਿ ਧਰਮ ਜਿਥੇ ਸਾਧਾਰਣ ਅਰਥਾਂ ਵਿਚ ਮਨੁੱਖ ਅਤੇ ਸਮਾਜ ਨੂੰ ਅਨੁਸ਼ਾਸਤ ਕਰਨ ਵਾਲਾ ਨਿਯਮ ਹੈ ਉਥੇ ਅਸਲ/ਵਿਸ਼ਾਲ ਅਰਥਾਂ ਵਿਚ ਧਰਮ ਕੁਦਰਤ ਅਤੇ ਬ੍ਰਹਿਮੰਡ ਦਾ ਆਧਾਰ ਤੱਤ ਹੈ। ਧਰਮ ਰਾਹੀਂ ਮਨੁੱਖ ਬ੍ਰਹਮੰਡੀ ਪਰਮਾਤਮਾ/ਪਵਿੱਤਰਤਾ ਤੋਂ ਆਸਰਾ ਲੈਂਦਾ ਹੈ ਅਤੇ ਉਸ ਨਾਲ ਸੰਬੰਧ ਜੋੜਦਾ ਹੈ। ਇਸ ਦੇ ਨਾਲ ਸ਼ਰਧਾ, ਵਿਸ਼ਵਾਸ ਅਤੇ ਰਹਿਤ ਜਿਵੇਂ ਨੈਤਿਕਤਾ ਅਤੇ ਚੰਗਿਆਈ ਨੂੰ ਧਾਰਨ ਕਰਨਾ, ਪਾਪ ਅਤੇ ਬੁਰਿਆਈ ਤਿਆਗ ਕਰਨਾ ਆਦਿ ਸੰਕਲਪ ਜੁੜੇ ਹੋਏ ਹਨ। ਜਿਨ੍ਹਾਂ ਦੇ ਬਦਲੇ ਮੌਜੂਦਾ ਅਤੇ ਅਗਲੇ ਜੀਵਨ ਵਿਚ ਸੁੱਖ, ਆਨੰਦ ਅਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਸੰਸਾਰ ਦੇ ਵੱਖੋ-ਵੱਖ ਧਰਮਾਂ ਦੇ ਬਾਨੀ ਆਪਣੀ 'ਸਿੱਖਿਆ' ਵਿਚ 'ਧਰਮ' ਦੀ ਕੇਂਦਰੀ ਭਾਵਨਾ ਉੱਪਰ ਰੌਸ਼ਨੀ ਪਾਉਂਦੇ ਹਨ। ਵੈਦਿਕ ਪਰੰਪਰਾ ਦੇ ਧਾਰਮਿਕ ਗ੍ਰੰਥ 'ਰਿਗ ਵੇਦ' ਵਿਚ ਧਰਮ ਲਈ *ਰਿਤ* ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸ ਦੇ ਅਰਥਾਂ ਬਾਰੇ William K. Mahoney ਦਾ ਵਿਚਾਰ ਹੈ ਕਿ "Earlier Vedic texts tend to describe that unified integrative principle with the term *Rta,* as a rich and multivalent Sanskrit word often translated into English by such phrase as 'universal law' or 'cosmic order'. *Rta* is that hidden structure on which the divine, physical, and moral worlds are founded, through which they are inextricably connected, and by which they are sustained. The cosmic order which holds all things together, *Rta* has also been translated as 'truth'.[9] ਵੈਦਿਕ ਸੂਤਰਾਂ ਵਿਚ ਧਰਮ ਨੂੰ ਦੁੱਖਾਂ ਤੋਂ ਛੁਟਕਾਰੇ ਅਤੇ ਪਵਿੱਤਰ ਰਾਹ ਦੇ ਅਰਥਾਂ ਵਿਚ ਵੀ ਪੇਸ਼ ਕੀਤਾ ਗਿਆ ਹੈ। 'ਰਿਗਵੇਦ' ਵਿਚ ਬੇਨਤੀ ਕੀਤੀ ਗਈ ਹੈ "O Indra … Lead us beyond all pain and grief along the path of holy Law"[10]। 'ਗੀਤਾ' ਵਿਚ ਵਰਨ-ਆਸ਼ਰਮ ਦੇ ਕਰਤੱਵ ਨੂੰ 'ਧਰਮ' ਦੱਸਿਆ ਗਿਆ ਹੈ।[11] ਈਸਾਈ ਧਰਮ ਦੀ 'ਪਵਿੱਤਰ ਬਾਈਬਲ' ਵਿਚ ਉਪਦੇਸ਼ ਕੀਤਾ ਗਿਆ ਹੈ "ਪਿਤਾ ਪਰਮੇਸ਼ਰ ਦੀਆਂ ਨਜ਼ਰਾਂ ਵਿਚ ਸੁੱਚਾ ਅਤੇ ਸੱਚਾ ਧਰਮ ਇਹ ਹੈ : ਅਨਾਥਾਂ ਅਤੇ ਵਿਧਵਾਵਾਂ ਦੀ ਉਨ੍ਹਾਂ ਦੇ ਦੁੱਖ ਵਿਚ ਮਦਦ ਕਰਨਾ ਅਤੇ ਆਪਣੇ ਆਪ

---

[9] William K Mahony, *The Artful Universe: An Intriduction to the Vedic Religious Imagination,* Albany: State University of New York, 1998, p 3.

[10] *Rig Veda*, Hymn CXXXIII. Indra. Verse 6.

[11] ਅਮਰ ਕੋਮਲ (ਅਨੁ., ਸੰਪਾ.),ਸ੍ਰੀਮਦ੍ ਭਗਵਦ੍ ਗੀਤਾ, ਬਰਨਾਲਾ: ਗਿਆਨ-ਚੇਤਨਾ ਪ੍ਰਕਾਸ਼ਨ, 2001, ਪੰਨਾ 177-78.
*ਸ਼੍ਰੇਆਨ੍ ਸ੍ਵ ਧਰ੍ਮਹ ਵਿਗੁਣਹ, ਪਰ ਧਰ੍ਮਾਤ੍ ਸੁਅਨ੍ ਸ੍ਥਿਤਾਤ੍।*
*ਸ੍ਵ ਧਰ੍ਮੇਂ ਨਿਧਨਮ੍ ਸ਼੍ਰੇਯਹ, ਪਰ ਧਰ੍ਮਹ ਭਯ ਆ ਵਹਹ॥*

ਨੂੰ ਸੰਸਾਰ ਦੀ ਬੁਰਾਈ ਤੋਂ ਨਿਹਕਲੰਕ ਰੱਖਣਾ।"[12] ਇਸਲਾਮ ਧਰਮ ਦੇ ਪਵਿੱਤਰ ਗ੍ਰੰਥ 'ਕੁਰਾਨ ਮਜੀਦ' ਦਾ ਫੁਰਮਾਨ ਹੈ "ਜਿਹੜਾ ਨੇਕ ਅਮਲ ਕਰੇਗਾ, ਭਾਵੇਂ ਪੁਰਖ ਹੋਵੇ ਜਾਂ ਇਸਤਰੀ, ਪਰ ਸ਼ਰਤ ਇਹ ਹੈ ਕਿ ਹੋਵੇ ਉਹ ਈਮਾਨ ਵਾਲਾ, ਤਾਂ ਇਹੋ ਜਿਹੇ ਲੋਕ ਹੀ ਸਵਰਗ ਵਿਚ ਦਾਖਲ ਹੋਣਗੇ ਅਤੇ ਉਹਨਾਂ ਦਾ ਭੋਰਾ ਭਰ ਵੀ ਹੱਕ ਨਹੀਂ ਮਾਰਿਆ ਜਾਵੇਗਾ।"[13]

ਬੁੱਧ ਧਰਮ ਦੇ ਬਾਨੀ ਮਹਾਤਮਾ ਗੌਤਮ ਬੁਧ ਨੇ 'ਧੱਮਪਦ' ਵਿਚ ਦੱਸਿਆ ਹੈ "ਸਾਰੀਆਂ ਵਸਤੂਆਂ ਅਨਾਤਮ ਹਨ, ਜੋ ਗਿਆਨ ਦੁਆਰਾ ਇਸ ਤੱਥ ਨੂੰ ਜਾਣਦਾ ਹੈ ਉਹ ਸਾਰੇ ਦੁਖਾਂ ਤੋਂ ਖਲਾਸ ਹੁੰਦਾ ਹੈ : ਇਹੋ ਪਵਿੱਤਰਤਾ (ਨਿਰਵਾਣ) ਦਾ ਮਾਰਗ ਹੈ।"[14] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਦਾ ਜਾਪ ਅਤੇ ਨਿਰਮਲ ਕਰਮ ਨੂੰ ਸਰਬੋਤਮ ਧਰਮ ਦੱਸਿਆ ਹੈ।[15]

ਸੰਖੇਪ ਵਿਚ 'ਧਰਮ' ਇੱਕ ਅਜਿਹੀ ਜੀਵਨ-ਜੁਗਤ ਹੈ ਜੋ ਸਾਨੂੰ ਵਿਸ਼ਵਾਸ, ਨੇਕੀ, ਗਿਆਨ, ਪਵਿੱਤਰਤਾ ਅਤੇ ਪਰਮੇਸ਼ਰ ਨਾਲ ਜੋੜਦੀ ਹੈ। ਧਰਮ ਮਨੁੱਖ ਦੇ ਬਾਹਰੀ ਅਤੇ ਅੰਦਰੂਨੀ ਜੀਵਨ ਨੂੰ ਅਨੁਸ਼ਾਸਿਤ ਕਰਕੇ ਉਸ ਨੂੰ ਦੁੱਖ ਅਤੇ ਪਾਪ ਦੇ ਖਾਤਮੇ ਵਾਸਤੇ ਕਾਰਜਸ਼ੀਲ ਕਰਦਾ ਹੈ। ਧਰਮ ਦੇ ਇਨ੍ਹਾਂ ਪਵਿੱਤਰ ਬਚਨਾਂ ਨੇ ਮਨੁੱਖਤਾ ਨੂੰ ਅਗਿਆਨ ਦੇ ਘੋਰ ਹਨੇਰੇ ਵਿਚੋਂ ਕੱਢ ਕੇ ਸਭਿਅਤਾ ਦੇ ਸ਼ਾਨਦਾਰ ਇਤਿਹਾਸ ਦੀ ਸਿਰਜਣਾ ਕੀਤੀ ਹੈ।

## 'ਧਰਮ-ਸ਼ਾਸਤਰ'

'ਧਰਮ-ਸ਼ਾਸਤਰ' ਦੋ ਸ਼ਬਦਾਂ ਧਰਮ ਅਤੇ ਸ਼ਾਸਤਰ ਦੇ ਸੰਜੋਗ ਤੋਂ ਬਣਿਆ ਹੈ। ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਾਸਤਰ ਦੇ ਅਰਥ ਹਨ "ਉਹ ਪੁਸਤਕ ਜੋ ਅਨੁਸ਼ਾਸਨ (ਹੁਕਮ) ਦੇਵੇ. ਆਗਯਾ ਕਰਨ ਵਾਲਾ ਗ੍ਰੰਥ।"[16] ਉਨ੍ਹਾਂ ਨੇ ਸ਼ਾਸਤਰ ਦਾ ਸੰਬੰਧ ਸੰਸਕ੍ਰਿਤ ਦੇ ਸ਼ਾਸ੍ ਨਾਲ ਜੋੜਦਿਆਂ ਇਸ ਦੇ ਅਰਥ-"(ਧਾ) ਤਅ਼ਰੀਫ਼ ਕਰਨਾ. ਵਡਿਆਉਣਾ. ਉਪਦੇਸ਼ ਕਰਨਾ. ਹਿਤ ਦੀ ਬਾਤ ਕਹਿਣੀ. ਹੁਕਮ ਦੇਣਾ. ਦੰਡ ਦੇਣਾ. ਤਾੜਨਾ"[17] ਦੱਸੇ ਹਨ।

---

12 ਪਵਿੱਤਰ ਬਾਈਬਲ (ਨਵਾਂ ਅਨੁਵਾਦ), *ਯਾਕੂਬ 1:27*, ਬੰਗਲੌਰ: ਬਾਈਬਲ ਸੋਸਾਇਟੀ ਆਫ ਇੰਡੀਆ, 2008, ਪੰਨਾ 427.

13 ਸੱਯਦ ਅਬੁਲ ਆਲਾ ਮੌਦੂਦੀ (ਟੀਕਾ.), ਰਮਜ਼ਾਨ ਸਈਦ (ਅਨੁ.), *ਕੁਰਾਨ ਮਜੀਦ*, ਮਲੇਰਕੋਟਲਾ: ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, 2002, ਸੂਰਾ 4: ਆਯਤ 125, ਪੰਨਾ 167.

14 ਐਲ.ਐਮ. ਜੋਸ਼ੀ ਅਤੇ ਸ਼ਾਰਧਾ ਗਾਂਧੀ (ਸੰਪਾ.,ਅਨੁ.), *ਧੱਮਪਦ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2004, ਪੰਨਾ 130.
*ਸੱਭੇ ਧੱਮਾ ਅਨੱਤਾ ਤਿ ਯਦਾ ਪੱਞਾਯ।*
*ਅਥ ਨਿੱਬਿੰਦਤਿ ਦੁਕਖੇ, ਏਸ ਮੱਗੋ ਸ੍ਵਿਦਧਿਯਾ॥279॥*

15 ਸ੍ਰੀ ਗੁਰੂ ਗ੍ਰੰਥ ਸਾਹਿਬ, *ਗਉੜੀ ਸੁਖਮਨੀ ਮ: ੫*, ਪੰਨਾ 266.

16 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 175.

17 ਉਹੀ

ਸੰਸਕ੍ਰਿਤ-ਹਿੰਦੀ ਕੋਸ਼ ਅਨੁਸਾਰ ਸ਼ਾਸ੍ਤ੍ਰਮ੍ ( **शास्त्रम्** ) ਦਾ ਅਰਥ '( **शास् + ष्ट्रन्**) ਆਦੇਸ਼, ਆਗਿਆ। ਪਾਵਨ ਸਿੱਖਿਆ, ਵੇਦ ਦਾ ਆਦੇਸ਼। ਗਿਆਨ ਦਾ ਕੋਈ ਵਿਭਾਗ। ਕਿਸੇ ਵਿਸ਼ੇ ਦਾ ਸਿਧਾਂਤਕ ਪਹਿਲੂ। (ਵਿ.) ਸ਼ਾਸਤਰੀ ਨਿਯਮਾਂ ਦੇ ਅਨੁਕੂਲ। -ਵਕ੍ਤ੍ਰੀ (ਪੁਂ.) ਸ਼ਾਸਤਰੀ ਪੁਸਤਕਾਂ ਦਾ ਵਿਆਖਿਆਤਾ। -ਵਾਦ: ਸ਼ਾਸਤਰ ਦੇ ਆਧਾਰ ਉੱਤੇ ਦਿੱਤਾ ਗਿਆ ਤਰਕ।"[18] ਹੈ। ਹਿੰਦੀ ਸ਼ਬਦ ਸੰਕਲਪਨਾ ਕੋਸ਼ ਅਨੁਸਾਰ ਸ਼ਾਸਤਰ ਦੇ ਅਰਥ ਹਨ "ਜਨ-ਸਾਧਾਰਨ ਦੇ ਹਿੱਤ ਦੇ ਲਈ ਵਿਧਾਨ ਦੱਸਣ ਵਾਲੇ ਧਾਰਮਿਕ ਗ੍ਰੰਥ। ਵਿਗਿਆਨ, ਸਾਇੰਸ, ਵਿੱਦਿਆ ਇਲਮ- ਕਿਸੇ ਵਿਸ਼ੇ ਖਾਸਕਰ ਜੜ੍ਹ ਪਦਾਰਥਾਂ ਅਤੇ ਲੌਕਿਕ ਵਿਸ਼ਿਆਂ ਦੀਆਂ ਜਾਣੀਆਂ ਗੱਲਾਂ ਅਤੇ ਤੱਤਾਂ ਦਾ ਉਹ ਵਿਵੇਚਨ ਜੋ ਇੱਕ ਸੁਤੰਤਰ ਸ਼ਾਸਤਰ ਦੇ ਰੂਪ ਵਿਚ ਹੋਵੇ।"[19]

ਉਪਰੋਕਤ ਕੋਸ਼ਗੱਤ ਅਰਥਾਂ ਤੋਂ ਪਤਾ ਲਗਦਾ ਹੈ ਕਿ ਸ਼ਾਸਤਰ ਕਿਸੇ ਵਿਸ਼ੇ ਦੇ ਸੁਤੰਤਰ, ਵਿਧੀਪੂਰਨ ਅਤੇ ਤੱਤਸਾਰੀ ਅਧਿਐਨ ਨੂੰ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਸ਼ਾਸਤਰ 'ਧਰਮ' ਦੇ ਸਿਧਾਂਤਾਂ ਅਨੁਸਾਰ ਜੀਵਨ ਜੀਉਣ ਦਾ ਢੰਗ, ਧਰਮ ਦੇ 'ਤੱਤ' ਦੇ ਅਧਿਐਨ ਸੰਬੰਧੀ ਅਨੁਸ਼ਾਸਨ ਅਤੇ ਵਿਧੀ ਪ੍ਰਦਾਨ ਕਰਦਾ ਹੈ। ਧਰਮ-ਸ਼ਾਸਤਰ ਆਪਣੇ ਧਾਰਮਿਕ ਸਿਧਾਂਤ ਦੀ ਵਡਿਆਈ ਅਤੇ ਪ੍ਰੋੜ੍ਹਤਾ ਕਰਦਾ ਹੈ। 'ਧਰਮ-ਸ਼ਾਸਤਰ' ਧਰਮ ਦੇ ਸਿਧਾਂਤਾਂ ਨੂੰ ਸਮੇਂ ਅਤੇ ਸਥਾਨ ਦੇ ਅਨੁਕੂਲ, ਤਾਰਕਿਕ ਵਿਧੀ ਰਾਹੀਂ ਪੇਸ਼ ਕਰਕੇ ਉਸ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਹਿੱਸਾ ਪਾਉਂਦਾ ਹੈ। ਇਸ ਤਰ੍ਹਾਂ ਧਰਮ-ਸ਼ਾਸਤਰ ਧਰਮ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਅਤੇ ਅਮਲ ਨਾਲ ਸੰਬੰਧਿਤ ਹੈ। ਧਰਮ ਦੀ ਪ੍ਰੋੜ੍ਹਤਾ ਅਤੇ ਪ੍ਰਚਾਰ ਦਾ ਇਹ ਕਾਰਜ ਧਰਮ ਦੀ ਮੂਲ ਭਾਵਨਾ ਅਤੇ ਤਰਕ ਦੇ ਦੁਆਲੇ ਉਸਾਰਿਆ ਜਾਂਦਾ ਹੈ।

ਧਰਮ ਦੀ ਉਸਾਰੀ ਮੁੱਖ ਰੂਪ ਵਿਚ ਦੋ ਥੰਮਾਂ ਗੁਰੂ/ਪੈਗੰਬਰ/ਮਹਾਤਮਾ/ਰਿਸ਼ੀ ਦੀ 'ਸਿੱਖਿਆ' ਅਤੇ ਉਸ ਦੇ 'ਆਦਰਸ਼ ਜੀਵਨ' ਉੱਪਰ ਹੁੰਦੀ ਹੈ। ਤੱਤ ਰੂਪ ਵਿਚ ਇਹ ਦੋਵੇਂ ਥੰਮ ਬਾਨੀ ਦੇ ਦੈਵੀ ਅਨੁਭਵ ਦਾ ਪਰਗਟਾਵਾ ਜਾਂ ਦੂਜੇ ਸ਼ਬਦਾਂ ਵਿਚ ਵਿਆਖਿਆ ਹੀ ਹੁੰਦੇ ਹਨ। ਅੱਗੇ ਇਨ੍ਹਾਂ ਦੋਹਾਂ ਤੱਤਾਂ ਦੀ ਵਿਆਖਿਆ ਵੀ ਨਾਲ ਹੀ ਸ਼ੁਰੂ ਹੋ ਜਾਂਦੀ ਹੈ। ਇਸ ਕਰਕੇ ਧਰਮ ਦੀ ਵਿਆਖਿਆ ਜਾਂ ਉਸ ਨੂੰ ਸਮਝਣ ਦੀ ਪਰੰਪਰਾ ਵੀ ਧਰਮ ਜਿੰਨੀ ਹੀ ਪੁਰਾਣੀ ਹੈ। ਨਵੇਂ ਯੁੱਗ ਅਤੇ ਨਵੀਆਂ ਚੁਣੌਤੀਆਂ ਦੇ ਸਨਮੁਖ ਹਰ ਧਰਮ ਨੂੰ ਸਮਕਾਲੀ ਪ੍ਰਸੰਗ ਅਨੁਸਾਰ ਵਿਆਖਿਆ ਦੀ ਲੋੜ ਪੈਂਦੀ ਹੈ। ਇਸ ਲੋੜ ਦੀ ਪੂਰਤੀ ਲਈ ਲੋਕਾਂ ਦੇ ਬਦਲੇ ਗਿਆਨ ਪ੍ਰਬੰਧ ਅਨੁਸਾਰ ਡੂੰਘੇ ਅਧਿਐਨ ਅਤੇ ਸਮਰਪਣ ਰਾਹੀਂ ਨਵੀਆਂ ਰਚਨਾਵਾਂ ਸਾਹਮਣੇ ਆਉਂਦੀਆਂ ਹਨ।

---

[18] वामन शिवराम आप्टे, *सस्कृत–हिन्दी कोश,* पृष्ठ 1344.

[19] www.cfilt.iitb.ac.in शास्त्र

ਭਾਰਤ ਵਿਚ ਧਰਮ ਅਤੇ ਧਾਰਮਿਕ ਸਾਹਿਤ ਦਾ ਇਤਿਹਾਸ ਸੰਸਾਰ ਵਿਚ ਸਭ ਤੋਂ ਵੱਧ ਪੁਰਾਣਾ ਹੈ। ਪੁਰਾਤਨ ਯੁੱਗ ਵਿਚ ਭਾਰਤ ਅੰਦਰ ਧਰਮ ਦੀਆਂ ਦੋ ਮੁੱਖ ਧਾਰਾਵਾਂ ਸ਼੍ਰਮਣ ਅਤੇ ਵੈਦਿਕ ਪ੍ਰਚੱਲਿਤ ਹੋਈਆਂ ਹਨ। ਵੈਦਿਕ ਪਰੰਪਰਾ ਨੇ 'ਧਰਮ-ਸ਼ਾਸਤਰ' ਦੇ ਵਿਕਾਸ ਵਿਚ ਖਾਸ ਯੋਗਦਾਨ ਪਾਇਆ ਹੈ। ਪਰ 'ਧਰਮ-ਸ਼ਾਸਤਰ' ਸ਼ਬਦ ਨੇ ਵੈਦਿਕ ਧਰਮ ਦੀਆਂ ਹੱਦਾਂ ਨੂੰ ਟੱਪ ਕੇ ਦੂਜੇ ਧਰਮਾਂ ਦੀ ਸ਼ਬਦਾਵਲੀ ਵਿਚ ਵੀ ਆਪਣੀ ਥਾਂ ਬਣਾਈ ਹੈ। ਇਸਾਈ ਧਰਮ ਦੀ ਪਵਿੱਤਰ ਬਾਈਬਲ ਨੂੰ ਭਾਰਤ ਵਿਚ ਇਸਾਈ ਧਰਮ-ਸ਼ਾਸਤਰ ਅਤੇ ਬੋਧੀ ਧਰਮ ਗ੍ਰੰਥਾਂ ਨੂੰ ਬੋਧੀ ਧਰਮ-ਸ਼ਾਸਤਰ ਆਖਿਆ ਜਾਂਦਾ ਹੈ। ਸ਼ੁਰੂ ਵਿਚ ਸ਼ਾਸਤਰ ਸ਼ਬਦ ਦੀ ਵਰਤੋਂ ਸਿਰਫ ਧਾਰਮਿਕ ਗ੍ਰੰਥਾਂ ਲਈ ਹੀ ਕੀਤੀ ਜਾਂਦੀ ਸੀ ਪਰ ਹੌਲੀ ਹੌਲੀ ਵਿਆਕਰਣ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਵਿਸ਼ਿਆਂ ਦਾ ਪ੍ਰਮਾਣਿਕ ਅਤੇ ਵਿਧੀਪੂਰਨ ਅਧਿਐਨ ਵੀ ਸ਼ਾਸਤਰ ਅਖਵਾਉਣ ਲੱਗ ਪਿਆ। ਪਾਣਿਨੀ ਦਾ ਵਿਆਕਰਣ-ਸ਼ਾਸਤਰ, ਕੌਟਿਲਯ ਦਾ ਅਰਥ-ਸ਼ਾਸਤਰ, ਵਾਤਸਾਯਨ ਦਾ ਕਾਮ-ਸ਼ਾਸਤ੍ਰ ਆਦਿ ਇਸਦੀਆਂ ਉਘੀਆਂ ਉਦਾਹਰਣਾਂ ਹਨ।

ਭਾਰਤੀ ਪਰੰਪਰਾ ਵਿਚ ਧਰਮ-ਸ਼ਾਸਤਰ ਅਤੇ ਮੀਮਾਂਸਾ ਨੂੰ ਸਮਾਨਾਰਥੀ ਸਮਝਿਆ ਜਾਂਦਾ ਹੈ। ਮੀਮਾਂਸਾ ਦੇ ਕੋਸ਼ਗੱਤ ਅਰਥ ਹਨ- 'ਖੋਜ, ਪੜਤਾਲ, ਪੁੱਛਗਿੱਛ ਅਤੇ ਡੂੰਘੀ ਵਿਚਾਰ। ਭਾਰਤ ਦੇ ਛੇ ਮੁੱਖ ਦਰਸ਼ਨ ਸ਼ਾਸਤ੍ਰਾਂ ਵਿਚੋਂ ਇਕ।'[20] ਸੁਰੇਂਦਰ ਨਾਥ ਦਾਸ ਗੁਪਤਾ ਉੱਤਰ ਮੀਮਾਂਸਾ ਦੇ ਮੁੱਖ ਨਿਸ਼ਾਨੇ ਬਾਰੇ ਦੱਸਦੇ ਹਨ- 'ਬ੍ਰਹਮ ਬਾਰੇ ਕਿਵੇਂ ਜਾਣਿਆ ਜਾਵੇ, ਜਿਸ ਤੋਂ ਜਨਮ ਅਤੇ ਅੰਤ ਚਲਤਾ ਹੈ, ਜਿਸ ਦਾ ਸਦਕਾ 'ਵੇਦ' ਸਾਹਮਣੇ ਆਏ ਹਨ। ਵਿਰੋਧੀਆਂ ਦੇ ਖਿਲਾਫ ਉਪਨਿਸ਼ਦਾਂ ਦੇ ਮੱਤ ਨੂੰ ਸਹੀ ਦਰਸਾਉਣਾ, ਵਿਰੋਧੀ ਸਿਧਾਂਤ ਉੱਤੇ ਸੱਟ ਮਾਰਨੀ ਅਤੇ ਉਪਨਿਸ਼ਦਾਂ ਦੀਆਂ ਅੰਦਰੂਨੀ ਪਾਠ-ਵਿਆਖਿਆ ਸੰਬੰਧੀ ਸਮੱਸਿਆਵਾਂ ਦਾ ਹੱਲ ਕਰਨਾ।'[21] ਦਰਸ਼ਨ ਸਿੰਘ 'ਮੀਮਾਂਸਾ' ਅਤੇ 'ਥਿਆਲੋਜੀ' ਦੀ ਤੁਲਨਾ ਕਰਦਿਆਂ ਦੱਸਦੇ ਹਨ "ਮੀਮਾਂਸਾ ਵੈਦਿਕ ਧਰਮ ਵਿਚ ਤਰਕ ਦੀ ਵਰਤੋਂ ਰਾਹੀਂ ਵੈਦਿਕ ਗ੍ਰੰਥਾਂ ਦੇ ਚਿੰਤਨ ਆਧਾਰਿਤ ਵਿਆਖਿਆ ਦੀ ਵਿਧੀ ਹੈ। ਇਸ ਨੂੰ ਬ੍ਰਹਮ ਵਿੱਦਿਆ ਵੀ ਕਿਹਾ ਜਾ ਸਕਦਾ ਹੈ ਜੋ ਕਿ ਕਾਫੀ ਹੱਦ ਤੱਕ theos + logos = theology ਦੇ ਅਰਥਾਂ, ਮਨੋਰਥਾਂ ਦੇ ਨੇੜੇ ਢੁਕਦਾ ਹੈ।"[22] ਪੱਛਮੀ ਸੰਸਾਰ ਵਿਚ ਧਰਮ-ਸ਼ਾਸਤਰ ਦਾ ਸਮਾਨਾਰਥੀ ਸ਼ਬਦ ਥਿਆਲੋਜੀ ਵਰਤਿਆ ਜਾਂਦਾ ਹੈ। ਸਾਧਾਰਨ ਅਰਥਾਂ ਵਿਚ 'ਥਿਆਲੋਜੀ' ਧਰਮ ਦਾ ਵਿਵੇਕਸ਼ੀਲ ਅਧਿਐਨ ਕਿਹਾ ਜਾ ਸਕਦਾ ਹੈ। ਪਰ ਇਸ ਦੇ ਅਰਥ ਅਤੇ ਕਾਰਜ ਖੇਤਰ ਸਮੇਂ ਅਤੇ ਸਥਾਨ ਅਨੁਸਾਰ ਵੱਖੋ-ਵੱਖਰੇ ਦੇਖੇ ਜਾ ਸਕਦੇ ਹਨ। ਅੰਗਰੇਜ਼ੀ ਦਾ ਸ਼ਬਦ Theology ਆਪਣੇ ਨਿਰੁਕਤੀ ਮੂਲਕ

---

[20] वामन शिवराम आप्टे, *सस्कृत–हिन्दी कोश*, 1996, पृष्ठ 359.

[21] Surendernath Das Gupta, *History of Indian philosophy*, Vol 1st, Cambridge University press, 1957,p70.

[22] ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2008, ਪੰਨਾ 98.

ਅਰਥਾਂ ਵਿਚ ਦੋ ਯੂਨਾਨੀ ਸ਼ਬਦਾਂ Theos ਅਤੇ Logos ਤੋਂ ਬਣਿਆ ਹੈ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ : ਦੇਵਤਾ (Gods) ਅਤੇ ਸ਼ਬਦ ਜਾਂ ਬਾਣੀ (utterance reasoning)।[23] ਲੈਟਿਨ ਵਿਚ ਇਸ ਦੇ (theologia) ਅਰਥ "reasoning or discussion concerning the deity" ਮੰਨੇ ਗਏ ਹਨ। Austin Cline ਦੇ ਅਨੁਸਾਰ Theology describes the study, writing, research, or speaking on the nature of gods, especailly in relation to human experience.[24] ਜਾਨ ਮੈਕਿਉਰੀ ਅਨੁਸਾਰ "Theology may defined as the study which, through participation in and reflection upon a religious faith, seeks to express the content of this faith in the clearest and most coherent language available."[25]

ਅੰਗਰੇਜ਼ੀ ਵਿਚ 'Theology' ਸ਼ਬਦ ਲਗਭਗ ਚੌਦ੍ਹਵੀਂ ਸਦੀ ਵਿਚ ਪ੍ਰਚੱਲਿਤ ਹੋਇਆ। ਇਸ ਦਾ ਯੂਨਾਨੀ ਰੂਪ 'Theologia' ਦੇਵਤਾ ਉੱਪਰ ਚਰਚਾ ਦੇ ਅਰਥਾਂ ਵਿਚ ਸਮਝਿਆ ਜਾਂਦਾ ਰਿਹਾ ਹੈ। ਚੌਥੀ ਸਦੀ ਈਸਾ ਪੂਰਵ ਪਲੈਟੋ ਨੇ ਇਸ ਨੂੰ ਫਲਸਫੇ ਦੀ ਇੱਕ ਸ਼ਾਖਾ ਵਜੋਂ ਵਰਤਿਆ ਜਿਥੇ ਇਸ ਦੇ ਅਰਥ ਖੁੱਲ੍ਹੇ ਰੂਪ ਵਿਚ ਪਰਾਭੌਤਿਕ ਵਿਗਿਆਨ ਬਣਦੇ ਸਨ। ਯੂਨਾਨ ਦੀਆਂ ਮੁੱਢਲੀਆਂ ਈਸਾਈ ਲਿਖਤਾਂ ਵਿਚ 'Theologia' ਨੂੰ ਸੰਕੋਚਵੇਂ ਰੂਪ ਵਿਚ ਰੱਬ ਦੇ ਤੱਤ ਸਰੂਪ ਲਈ ਸ਼ਰਧਾ, ਪ੍ਰੇਰਿਤ ਗਿਆਨ ਅਤੇ ਸਿੱਖਿਆ ਲਈ ਵਰਤਿਆ ਗਿਆ। ਚੌਦ੍ਹਵੀਂ ਸਦੀ ਵਿਚ ਜਦੋਂ ਇਹ ਸ਼ਬਦ ਅੰਗਰੇਜੀ ਵਿਚ 'Theology' ਵਜੋਂ ਪ੍ਰਚੱਲਿਤ ਹੋਇਆ ਤਦ ਇਸ ਦੇ ਅਰਥ ਲਗਭਗ ਅਜੋਕੇ ਈਸਾਈ ਥਿਆਲੋਜੀ ਵਰਗੇ ਬਣ ਚੁੱਕੇ ਸਨ। ਸਤਾਰ੍ਹਵੀਂ ਸਦੀ ਤੋਂ ਬਾਅਦ ਈਸਾਈ ਧਰਮ ਤੋਂ ਬਿਨਾਂ ਹੋਰ ਧਰਮਾਂ ਦੇ ਵਿਧੀਪੂਰਨ ਅਧਿਐਨ ਲਈ ਵੀ ਇਹ ਸ਼ਬਦ ਵਰਤਿਆ ਜਾਣ ਲੱਗ ਪਿਆ ਸੀ। ਅਜੋਕੇ ਸਮੇਂ ਵਿਚ ਥਿਆਲੋਜੀ ਸ਼ਬਦ ਨੂੰ ਧਰਮ ਤੋਂ ਇਲਾਵਾ ਸਮਾਜ ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਨਾਲ ਜੋੜ ਕੇ ਉਨ੍ਹਾਂ ਦੇ ਅਧਿਐਨ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਤਰ੍ਹਾਂ ਪੱਛਮੀ ਮੁਲਕਾਂ ਵਿਚ ਥਿਆਲੋਜੀ ਅਤੇ ਭਾਰਤ ਵਿਚ ਸ਼ਾਸਤਰੀ ਅਧਿਐਨ ਸਿਰਫ ਧਰਮ ਨਾਲ ਹੀ ਸੰਬੰਧਿਤ ਨਾ ਰਹਿ ਕੇ ਵੱਖ-ਵੱਖ ਵਿਸ਼ਿਆਂ ਦੇ ਸੁਤੰਤਰ ਅਧਿਐਨ ਦੇ ਰੂਪ ਵਿਚ ਪ੍ਰਚਲਿਤ ਹੋ ਗਿਆ ਹੈ। ਭਾਰਤ ਅੰਦਰ ਪੱਛਮੀ ਤਰਜ਼ 'ਤੇ ਯੂਨੀਵਰਸਿਟੀਆਂ ਵਿਚ ਹੋਰ ਵਿਸ਼ਿਆਂ ਦੇ ਨਾਲ-ਨਾਲ ਧਰਮ-ਅਧਿਐਨ ਵਿਸ਼ੇ ਉੱਪਰ ਵੀ ਖੋਜ-ਕਾਰਜ ਹੋ ਰਿਹਾ ਹੈ। ਅਕਾਦਮਿਕ ਖੇਤਰ ਵਿਚ ਧਰਮ ਦੇ ਤੱਤਸਾਰ

---

[23] ਉਹੀ, ਪੰਨਾ 95.

[24] Austin Cline, *What is theology* (article), www.about.com, date 22 march 2011.

[25] John Macquarrie, *Principles of Christian Theology*, SCM Press Ltd., London, 1997, p. 1.

ਸੰਬੰਧੀ ਤਾਰਕਿਕ, ਵਿਧੀਪੂਰਨ ਅਤੇ ਧਰਮ ਦੇ ਅਨੁਸਾਰੀ ਖੋਜ-ਅਧਿਐਨ ਨੂੰ ਧਰਮ-ਸ਼ਾਸਤਰੀ ਅਧਿਐਨ ਕਿਹਾ ਜਾਂਦਾ ਹੈ।

**ਧਰਮ-ਸ਼ਾਸਤਰ ਅਤੇ ਤਰਕ**

ਧਰਮ-ਸ਼ਾਸਤਰ ਦੇ ਸੰਬੰਧ ਵਿਚ ਜਿਥੇ ਤਰਕ ਦਾ ਵਿਸ਼ੇਸ਼ ਮਹੱਤਵ ਹੈ ਉਥੇ ਇਸ ਦੀ ਵਰਤੋਂ ਬਾਰੇ ਭੁਲੇਖਾ ਪੈ ਜਾਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਧਰਮ-ਸ਼ਾਸਤਰ ਵਿਚ ਵਿਸ਼ਵਾਸ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਅਤੇ ਤਰਕ ਨੂੰ ਦੂਜੇ ਥਾਂ ਉੱਪਰ ਰੱਖਿਆ ਜਾਂਦਾ ਹੈ। ਤਰਕ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ ਨਿਗਮਨ ਅਤੇ ਆਗਮਨ। ਧਰਮ-ਸ਼ਾਸਤਰ ਦੀ ਪਰੰਪਰਾ ਵਿਚ ਨਿਗਮਨ ਤਰਕ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ ਜੋ ਬਹੁਗਿਣਤੀ ਪ੍ਰਾਪਤ ਸਿੱਟਿਆਂ ਤੋਂ ਨਵੇਂ ਸੀਮਤ ਸਿੱਟੇ ਪ੍ਰਾਪਤ ਕਰਨ ਦੀ ਵਿਧੀ ਹੈ। ਆਗਮਨ-ਤਰਕ ਮੂਲ-ਰੂਪ ਵਿਚ ਉਸ ਵਿਧੀ ਦਾ ਨਾਮ ਹੈ ਜਿਸ ਦੀ ਵਰਤੋਂ ਕਰਕੇ ਵਿਗਿਆਨੀ ਕੁਦਰਤ ਦੇ ਨੇਮਾਂ ਦੀ ਸਥਾਪਨਾ ਕਰਦੇ ਹਨ।"[26] ਅਜੋਕੇ ਦੌਰ ਵਿਚ ਇਸ ਤਰਕ ਦੀ ਵਰਤੋਂ ਸਿਰਫ ਹਿਸਾਬ ਅਤੇ ਭੌਤਿਕ ਵਿਗਿਆਨ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਹ ਤਰਕ ਕਿਸੇ ਸਿੱਟੇ ਦੇ ਨਿਸ਼ਚਿਤ ਹੋਣ ਦੇ ਵਿਸ਼ਵਾਸ ਨੂੰ ਪੂਰਨ ਭਰੋਸੇਯੋਗ ਨਹੀਂ ਸਮਝਦਾ ਸਗੋਂ ਇਸ ਨੂੰ ਸੰਭਾਵਨਾ ਦੇ ਰੂਪ ਵਿਚ ਹੀ ਪਰਗਟ ਕਰੇਗਾ।[27] ਦੂਜੇ ਪਾਸੇ ਧਰਮ-ਸ਼ਾਸਤਰ ਵਿਚ ਜਿਸ ਤਰਕ ਦੀ ਵਰਤੋਂ ਕੀਤੀ ਜਾਂਦੀ ਹੈ ਉਹ ਕੁੱਝ ਵਿਸ਼ੇਸ਼ ਦਲੀਲਾਂ ਨੂੰ ਬਿਨਾਂ ਸ਼ਰਤ ਭਰੋਸੇਯੋਗ ਮੰਨ ਕੇ ਚਲਦਾ ਹੈ। ਇਹ ਵਿਸ਼ੇਸ਼ ਦਲੀਲਾਂ ਅਸਲ ਵਿਚ ਧਰਮ ਦੇ ਉਹ ਮੂਲ ਵਿਸ਼ਵਾਸ ਹੁੰਦੇ ਹਨ ਜਿਨ੍ਹਾਂ ਉੱਪਰ ਧਰਮ ਦਾ ਬਾਕੀ ਸਾਰਾ ਢਾਂਚਾ ਖੜਾ ਹੁੰਦਾ ਹੈ। ਇਹ ਤਰਕ ਆਧੁਨਿਕ ਆਗਮਨ ਤਰਕ ਵਾਂਗ ਸਰੀਰਕ ਇੰਦ੍ਰਿਆਂ ਅਤੇ ਅਕਲ ਨੂੰ ਪ੍ਰਧਾਨਤਾ ਦੇਣ ਦੀ ਬਜਾਏ ਇਨ੍ਹਾਂ ਨੂੰ ਦੈਵੀ ਅਨੁਭਵ ਰਾਹੀਂ ਪ੍ਰਾਪਤ ਗਿਆਨ ਦੇ ਅਧੀਨ ਮੰਨਦਾ ਹੈ।

**ਧਰਮ-ਸ਼ਾਸਤਰ, ਧਰਮ-ਦਰਸ਼ਨ ਅਤੇ ਦਰਸ਼ਨ**

ਧਰਮ-ਸ਼ਾਸਤਰ, ਧਰਮ-ਦਰਸ਼ਨ ਅਤੇ ਦਰਸ਼ਨ ਵਿਚ ਵਿਸ਼ਾ, ਵਿਧੀਪੂਰਨ ਸਰੂਪ ਅਤੇ ਤਰਕ ਦੀ ਵਰਤੋਂ ਆਦਿ ਕੁੱਝ ਲਛਣ ਸਾਂਝੇ ਹਨ ਇਸ ਦੇ ਬਾਵਜੂਦ ਧਰਮ-ਸ਼ਾਸਤਰ ਦੀ ਆਪਣੀ ਵੱਖਰੀ ਪਛਾਣ ਅਤੇ ਮਹੱਤਵ ਹੈ। ਧਰਮ-ਦਰਸ਼ਨ ਤਰਕ ਦੇ ਨਾਲ ਮਾਨਸਿਕ ਉਡਾਰੀ ਨੂੰ ਪ੍ਰਮੁੱਖਤਾ ਦਿੰਦਾ ਹੈ ਪਰ ਧਰਮ-ਸ਼ਾਸਤਰ ਤਰਕ, ਗਿਆਨ-ਇੰਦ੍ਰੀਆਂ ਅਤੇ ਮਾਨਸਿਕ ਉਡਾਰੀ ਨੂੰ ਦੈਵੀ ਅਨੁਭਵ ਅਤੇ ਇਲਹਾਮ/ਦੈਵੀ-ਬਾਣੀ ਦੇ ਅਧੀਨ ਮੰਨਦਾ ਹੈ।

---

26 ਵਜ਼ੀਰ ਸਿੰਘ, ਹਰਨਾਮ ਸਿੰਘ, *ਤਰਕ ਗਿਆਨ ਦੇ ਮੁਢਲੇ ਨੇਮ,* ਦੂਸਰਾ ਭਾਗ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1969, ਪੰਨਾ 15.

27 ਉਹੀ, ਪੰਨਾ 8.

ਭਾਰਤੀ ਪਰੰਪਰਾ ਵਿਚ ਸ਼ਾਸਤਰ ਅਤੇ ਦਰਸ਼ਨ ਸ਼ਬਦਾਂ ਨੂੰ ਸਮਾਨਾਰਥੀ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ। ਖਟ ਸ਼ਾਸਤਰਾਂ ਨੂੰ ਛੇ ਦਰਸ਼ਨ ਕਿਹਾ ਜਾਣਾ ਇਸ ਦੀ ਉੱਘੀ ਮਿਸਾਲ ਹੈ ਪਰ ਇਹ ਛੇ ਸ਼ਾਸਤਰ ਯੂਨਾਨੀ ਦਰਸ਼ਨ ਵਾਂਗ ਸੁਤੰਤਰ ਦਰਸ਼ਨ ਨਹੀਂ ਸਗੋਂ ਵਿਸ਼ੇਸ਼ ਧਾਰਮਿਕ ਵਿਸ਼ਵਾਸ ਦੇ ਧਾਰਨੀ ਅਤੇ ਪ੍ਰਚਾਰਕ ਹਨ। ਸ. ਨ. ਦਾਸ ਗੁਪਤਾ ਇਸ ਤੱਥ ਦੀ ਪ੍ਰੋੜਤਾ ਕਰਦਿਆਂ ਲਿਖਦੇ ਹਨ "The *Purva Mimamsa* (from the root man to think- rational, conclusion ) cannot properly be spoken of as a system of philosophy. It is a systematized code of principles in accordance with which the Vedic texts are to be interpreted for proposes of sacrifices."[28] ਵਜ਼ੀਰ ਸਿੰਘ ਦਰਸ਼ਨ ਦੇ ਸਮਾਨਾਂਤਰ ਧਰਮ-ਸ਼ਾਸਤਰ ਦੀ ਮਹੱਤਾ ਨੂੰ ਉਜਾਗਰ ਕਰਦਿਆਂ ਲਿਖਦੇ ਹਨ "ਫ਼ਲਸਫ਼ੇ ਵਿਚ ਨਿਰਪੱਖ ਤਾਰਕਿਕ ਵਿਸ਼ਲੇਸ਼ਣ ਹੈ, ਇਸ ਦੀ ਕਿਆਸਕਾਰੀ ਵਿਵੇਕਸ਼ੀਲਤਾ ਦਾ ਪੱਲਾ ਨਹੀਂ ਛੱਡਦੀ, ਅਤੇ ਇਸ ਦਾ ਉਦੇਸ਼ ਕਿਸੇ ਕੌਮ ਨੂੰ ਮੁਕਤੀ ਦੁਆਉਣਾ ਨਹੀਂ। ਧਰਮ-ਮੀਮਾਂਸਾ ਤੇ ਅਧਿਆਤਮਿਕ ਚਿੰਤਨ ਦੇ ਮਨੋਰਥ, ਇਸ ਦੀ ਤੁਲਨਾ ਵਿਚ, ਵਧੇਰੇ ਵਿਹਾਰਕ, ਵਧੇਰੇ ਉਪਯੋਗੀ ਤੇ ਆਸ਼ਾਜਨਕ ਹਨ।"[29]

ਧਰਮ-ਦਰਸ਼ਨ ਦਾ ਕਿਸੇ ਵਿਸ਼ੇਸ਼ ਧਰਮ ਨਾਲ ਸੰਬੰਧ ਨਹੀਂ ਹੁੰਦਾ। ਇਹ 'ਧਰਮ' ਦੇ ਅਰਥ, ਸਰੂਪ ਅਤੇ ਆਧਾਰ ਬਾਰੇ ਚਰਚਾ ਕਰਦਾ ਹੈ। ਧਰਮ-ਦਰਸ਼ਨ ਸੰਸਾਰ ਦੇ ਮੁੱਖ ਧਰਮਾਂ ਦੇ ਦਾਰਸ਼ਨਿਕ ਕਿਸਮ ਦੇ ਵਿਚਾਰਾਂ ਦਾ ਅਧਿਐਨ ਕਰਦਾ ਹੈ।[30] ਧਰਮ-ਦਰਸ਼ਨ ਆਪਣੇ ਵਿਸ਼ੇ ਪ੍ਰਤੀ ਨਿਰਲੇਪ ਪਹੁੰਚ ਅਪਣਾਉਂਦਾ ਹੋਇਆ ਆਪਣੇ ਸਿੱਟਿਆਂ ਸੰਬੰਧੀ ਕਿਸੇ ਪਹਿਲਾਂ ਨਿਰਧਾਰਤ ਵਿਸ਼ਵਾਸ ਵੱਲ ਜਵਾਬਦੇਹ ਨਹੀਂ ਹੁੰਦਾ। ਦੂਜੇ ਪਾਸੇ ਧਰਮ-ਸ਼ਾਸਤਰ ਧਰਮ ਨੂੰ ਹੀ ਸੰਸਾਰ ਦਾ ਆਸਰਾ ਮੰਨਦਾ ਹੈ। ਧਰਮ-ਸ਼ਾਸਤਰ ਤੋਂ ਨਿਰਲੇਪਤਾ ਦੀ ਆਸ ਨਹੀਂ ਕੀਤੀ ਜਾ ਸਕਦੀ। ਧਰਮ-ਸ਼ਾਸਤਰ ਆਪਣੇ ਵਿਸ਼ੇਸ਼ ਧਰਮ ਨਾਲ ਡੂੰਘੀ ਸਾਂਝ ਰੱਖਦਾ ਹੈ ਅਤੇ ਧਰਮ ਦੇ ਮੂਲ ਵਿਸ਼ਵਾਸਾਂ ਨੂੰ ਬਿਨਾਂ ਸ਼ਰਤ ਪ੍ਰਵਾਨ ਕਰਦਾ ਹੈ। ਧਰਮ-ਸ਼ਾਸਤਰ ਨਾ ਸਿਰਫ ਆਪਣੇ ਧਾਰਮਿਕ ਵਿਸ਼ਵਾਸਾਂ ਦੇ ਅਨੁਸਾਰੀ ਸਿੱਟੇ ਪੇਸ਼ ਕਰਦਾ ਹੈ ਸਗੋਂ ਉਨ੍ਹਾਂ ਦੀ ਪੁਰਜ਼ੋਰ ਪ੍ਰੋੜਤਾ ਅਤੇ ਪਰਚਾਰ ਕਰਦਾ ਹੈ।

'ਤੁਲਨਾਤਮਕ ਧਰਮ ਅਧਿਐਨ' ਧਰਮ-ਦਰਸ਼ਨ ਦਾ ਹੀ ਇੱਕ ਰੂਪ ਹੈ ਜੋ ਵੱਖ-ਵੱਖ ਧਰਮਾਂ ਦਾ ਨਿਰਪੱਖ ਅਤੇ ਵਿਗਿਆਨਿਕ ਅਧਿਐਨ ਪੇਸ਼ ਕਰਦਾ ਹੈ। ਧਰਮ-ਸ਼ਾਸਤਰੀ ਅਧਿਐਨ ਤੋਂ ਇਸ ਨਿਰਪੱਖਤਾ

---

28 Surendernath Das Gupta, *History of Indian philosophy,* Vol 1st, p. 68.
29 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995, ਪੰਨਾ 122.
30 रेमन्द्र, *धर्म–दर्शन,* दिल्ली: मोतीलाल बनारसीदास, 2006, पृष्ठ 21.

ਦੀ ਆਸ ਨਹੀਂ ਕੀਤੀ ਜਾ ਸਕਦੀ। ਧਰਮ-ਸ਼ਾਸਤਰ ਦਾ ਕਾਰਜ ਆਪਣੇ ਵਿਸ਼ਵਾਸ ਨੂੰ ਪੱਕਾ ਕਰਨਾ ਅਤੇ ਵਿਰੋਧੀ ਦੇ ਸ਼ੰਕਿਆਂ/ਹਮਲਿਆਂ ਦਾ ਜਵਾਬ ਦੇਣਾ ਹੈ। ਧਰਮ-ਸ਼ਾਸਤਰ ਸਾਧਾਰਣ ਅਰਥਾਂ ਵਿਚ ਧਰਮ ਦੀ ਵਿਆਖਿਆ ਨਾਲ ਸੰਬੰਧਿਤ ਹੈ ਪਰ ਧਰਮ-ਸ਼ਾਸਤਰ ਵੱਲੋਂ ਧਰਮ ਦਾ ਵਿਧੀਪੂਰਵਕ ਅਤੇ ਤਾਰਕਿਕ ਅਧਿਐਨ ਇਸ ਨੂੰ ਕਥਾ ਅਤੇ ਵਿਆਖਿਆ ਤੋਂ ਵੱਖ ਕਰਦਾ ਹੈ।

## ਵੱਖ-ਵੱਖ ਧਰਮਾਂ ਵਿਚ ਧਰਮ-ਸ਼ਾਸਤਰ

ਸੰਸਾਰ ਦੇ ਵੱਖੋ-ਵੱਖ ਧਰਮਾਂ ਵਿਚ ਧਰਮ-ਸ਼ਾਸਤਰ ਦੇ ਸਮਾਨਾਰਥੀ ਸ਼ਬਦ ਅਤੇ ਮਿਲਦੇ-ਜੁਲਦੇ ਸੰਕਲਪ ਪਾਏ ਜਾਂਦੇ ਹਨ। ਜਿਨ੍ਹਾਂ ਵਿਚੋਂ 'ਵੈਦਿਕ ਧਰਮ-ਸ਼ਾਸਤਰ', 'ਜੈਨ ਮੀਮਾਂਸਾ', 'ਈਸਾਈ ਥਿਆਲੋਜੀ', 'ਇਲਮ-ਅਲ-ਕਲਾਮ' ਅਤੇ 'ਗੁਰ ਦਰਸ਼ਨ' ਆਦਿ ਸੰਬੰਧੀ ਸੰਖੇਪ ਜਾਣਕਾਰੀ ਇਸ ਤਰ੍ਹਾਂ ਹੈ:

**ਵੈਦਿਕ ਧਰਮ-ਸ਼ਾਸਤਰ** : ਵੈਦਿਕ ਧਰਮ ਦਾ ਆਧਾਰ 'ਵੇਦ' ਹਨ। "'ਵੇਦ' ਸ਼ਬਦ ਦਾ ਅਰਥ ਹੈ ਗਿਆਨ। 'ਵੇਦ' ਸ਼ਬਦ ਤੋਂ ਹੀ 'ਵਿੱਦਿਆ' ਸ਼ਬਦ ਬਣਿਆ ਹੈ। 'ਵੇਦ' ਨੂੰ ਬ੍ਰਹਮ ਦੀ ਰਚਨਾ ਅਤੇ ਰਿਸ਼ੀਆਂ ਨੂੰ ਮੰਤਰ ਦ੍ਰਸ਼ਟਾ ਮੰਨਿਆ ਜਾਂਦਾ ਹੈ।'[31] ਹਰਪਾਲ ਸਿੰਘ ਪੰਨੂ ਅਨੁਸਾਰ "ਵੇਦਾਂ ਦੀ ਵਿਆਖਿਆ ਦੀਆਂ ਅਨੇਕ ਪ੍ਰਣਾਲੀਆਂ ਹਨ ਪਰ ਸਭ ਵਿਆਖਿਆਵਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। 1. ਅਧਿਆਤਮਿਕ (ਧਾਰਮਿਕ, ਆਤਮਿਕ) 2. ਅਧਿਦੈਵਿਕ (ਦੇਵਤਿਆਂ ਬਾਰੇ) 3.ਅਧਿਯਜਨਿਕ (ਕਰਮ-ਕਾਂਡ ਬਾਰੇ)।"[32]

ਵੈਦਿਕ ਧਰਮ ਦਾ ਸਾਹਿਤ ਆਕਾਰ ਪੱਖੋਂ ਬਹੁਤ ਵੱਡਾ, ਰਚਨਾ ਕਾਲ ਪੱਖੋਂ ਕਈ ਸਦੀਆਂ ਵਿਚ ਫੈਲਿਆ ਹੋਇਆ ਹੈ। "ਉਪਨਿਸ਼ਦਾਂ ਦੀ ਸਿੱਖਿਆ ਨੂੰ 'ਵੇਦਾਂਤ' ਕਿਹਾ ਗਿਆ ਹੈ। ਇਸ ਦਾ ਅਰਥ ਹੈ ਵੇਦਾਂ ਦੀ ਮੱਤ ਦਾ ਸਿਖਰ, ਅੰਤ। ਤਰਤੀਬ ਅਨੁਸਾਰ ਵੀ ਉਪਨਿਸ਼ਦ ਵੇਦਾਂ ਦਾ ਅਖੀਰਲਾ ਭਾਗ ਹਨ। ਵੇਦ ਦੇ ਪਿਛੇ ਬ੍ਰਾਹਮਣ ਗ੍ਰੰਥ ਹੁੰਦਾ ਹੈ, ਫਿਰ ਆਰਣਯਕ ਗ੍ਰੰਥ ਤੇ ਫਿਰ ਅੰਤ ਵਿਚ ਉਪਨਿਸ਼ਦ।"[33] ਦਰਸ਼ਨ ਸਿੰਘ ਦਾ ਕਥਨ ਹੈ "ਵੇਦਾਂ ਸੰਬੰਧੀ ਇਹ ਮਨੌਤ ਸਰਬ-ਪ੍ਰਵਾਨਿਤ ਹੈ ਕਿ ਵੇਦਾਂ ਦੇ ਮੰਤਰ ਭਾਗਾਂ ਦੀ ਵਿਆਖਿਆ ਉਨ੍ਹਾਂ ਦੇ ਬ੍ਰਾਹਮਣ, ਆਰਣਇਕ ਅਤੇ ਉਪਨਿਸ਼ਦ ਭਾਗਾਂ ਵਿਚ ਵੱਖਰੇ ਦ੍ਰਿਸ਼ਟੀਕੋਣ ਤੋਂ ਹੋਈ ਹੈ। ਪਿਛੋਂ ਇਹਨਾਂ ਵਿਆਖਿਆ ਪ੍ਰਣਾਲੀਆਂ ਵਿਚ ਹੀ ਛੇ ਦਰਸ਼ਨਾਂ ਦਾ ਵਿਕਾਸ ਹੋਇਆ।"[34] ਇਨ੍ਹਾਂ ਛੇ ਵੈਸ਼ੇਸ਼ਿਕ, ਨਯਾਯ, ਸਾਂਖਯ, ਯੋਗ, ਮੀਮਾਂਸਾ ਅਤੇ ਵੇਦਾਂਤ ਸ਼ਾਸਤਰਾਂ ਦੀ ਵਰਗ-ਵੰਡ ਸੰਬੰਧੀ ਸ਼ਾਂਤੀ ਨਾਥ

---

[31] ਹਰਪਾਲ ਸਿੰਘ ਪੰਨੂ, *ਭਾਰਤ ਦੇ ਪੁਰਾਤਨ ਧਰਮ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2000, ਪੰਨਾ 12.
[32] ਉਹੀ, ਪੰਨਾ 13.
[33] ਉਹੀ, ਪੰਨਾ 72.
[34] ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਨਾ 98.

ਗੁਪਤਾ ਦਾ ਵਿਚਾਰ ਹੈ ਕਿ 'ਪ੍ਰਚਲਿਤ ਛੇ ਦਰਸ਼ਨ ਪ੍ਰਣਾਲੀਆਂ ਨੂੰ ਪ੍ਰਮਾਣ ਦੇ ਆਧਾਰ ਉੱਤੇ ਦੋ ਭਾਗਾਂ ਸ਼੍ਰੋਤ ਅਤੇ ਤਾਰਕਿਕ ਵਿਚ ਵੰਡਿਆ ਜਾਂਦਾ ਹੈ। ਭਾਵੇਂ ਕਿ ਸਾਰੇ ਦੋਹਾਂ ਨੂੰ ਪ੍ਰਮਾਣ ਮੰਨਦੇ ਹਨ ਪਰ ਜਿਹੜੇ ਸ਼ਰੁਤੀ ਨੂੰ ਮੁੱਖ ਪ੍ਰਮਾਣ ਅਤੇ ਤਰਕ ਨੂੰ ਗੌਣ ਕਹਿੰਦੇ ਹਨ ਉਹ ਸ਼੍ਰੋਤ ਹਨ ਜਿਵੇਂ ਪੂਰਵ ਮੀਮਾਂਸਾ ਦੇ ਆਗੂ ਜੈਮਿਨੀ, ਪਾਣਿਨੀ ਅਤੇ ਵੇਦ ਵਿਆਸ। ਇਨ੍ਹਾਂ ਤੋਂ ਛੁਟ ਬਾਕੀ ਸਾਰੇ ਸ਼ਾਸਤਰੀ ਤਾਰਕਿਕ ਹਨ।'[35]

'ਪੂਰਵ-ਮੀਮਾਂਸਾ' ਵਿਚ 'ਵੇਦ' ਨੂੰ ਕਰਮ-ਕਾਂਡ ਪ੍ਰਧਾਨ ਮੰਨਿਆ ਗਿਆ ਹੈ। ਅਤੇ ਕਰਮ ਦੇ ਫਲ ਵਜੋਂ ਸਵਰਗ ਦੀ ਪ੍ਰਾਪਤੀ ਨੂੰ ਮਨੁੱਖ ਦਾ ਉਦੇਸ਼ ਦੱਸਿਆ ਗਿਆ ਹੈ। 'ਉੱਤਰ-ਮੀਮਾਂਸਾ' ਦਾ ਕਰਤਾ ਬਾਦਰਾਯਣ ਹੈ। ਇਸ ਨੂੰ ਵੇਦਾਂਤ ਸੂਤਰ ਵੀ ਕਿਹਾ ਜਾਂਦਾ ਹੈ। ਉੱਤਰ-ਮੀਮਾਂਸਾ ਨੂੰ ਸ. ਨ. ਦਾਸ ਗੁਪਤਾ "authoritative work of *Vedanta* … a summarized statement of views of the *Upnishads*."[36] ਦੱਸਦੇ ਹਨ। ਇਸ ਦੇ 'ਬ੍ਰਹਮ ਸੂਤਰ' ਦੀ ਸ਼ੰਕਰਾਚਾਰਿਯ ਵੱਲੋਂ ਕੀਤੀ ਵਿਆਖਿਆ ਪ੍ਰਸਿੱਧ ਹੈ, ਜਿਸ ਨੂੰ 'ਵਿਸ਼ੁਧ ਅਦ੍ਵੈਤ ਵੇਦਾਂਤ' ਕਿਹਾ ਜਾਂਦਾ ਹੈ ਜਦਕਿ ਰਾਮਾਨੁਜ, ਵੱਲਭ ਅਤੇ ਮਾਧਵ ਆਦਿ ਨੇ ਵੀ ਵੱਖ-ਵੱਖ ਨੁਕਤਿਆਂ ਤੋਂ ਇਸ ਦੀ ਵਿਆਖਿਆ ਕੀਤੀ ਹੈ।[37] ਸ਼ੰਕਰ ਬ੍ਰਹਮ ਵਿੱਦਿਆ ਦੇ ਸਾਧਕ ਲਈ ਚਾਰ ਲਾਜ਼ਮੀ ਸ਼ਰਤਾਂ ਦੱਸਦਾ ਹੈ:- ਉਹ ਨਿਤ ਅਤੇ ਅਨਿਤ ਵਿਚ ਪੂਰਾ ਪੂਰਾ ਵਿਵੇਕ ਕਰ ਸਕੇ, ਨਿਸ਼ਕਾਮਤਾ ਦੀ ਭਾਵਨਾ ਰੱਖੇ, ਸੰਜਮੀ ਹੋਵੇ ਅਤੇ ਮੁਕਤੀ ਪ੍ਰਾਪਤੀ ਦੀ ਇਛਾ ਰੱਖਦਾ ਹੋਵੇ।[38] ਇਸ ਤਰ੍ਹਾਂ ਮੀਮਾਂਸਾ ਸ਼ਾਸਤਰ ਅਤੇ ਵੇਦਾਂਤ ਸ਼ਾਸਤਰ, ਜਿਨ੍ਹਾਂ ਨੂੰ ਪੂਰਵ ਮੀਮਾਂਸਾ ਅਤੇ ਉੱਤਰ ਮੀਮਾਂਸਾ ਵੀ ਕਿਹਾ ਜਾਂਦਾ ਹੈ ਵੇਦ ਅਤੇ ਉਪਨਿਸ਼ਦ ਦੀ ਵਿਆਖਿਆ ਦੇ ਮਹੱਤਵਪੂਰਨ ਗ੍ਰੰਥ ਹਨ।

ਦਸਵੀਂ-ਗਿਆਰ੍ਹਵੀਂ ਸਦੀ ਦੇ ਨਯਾਯ-ਵਿਸ਼ੇਸ਼ਕ ਸ਼ਾਸਤਰ ਨਾਲ ਸੰਬੰਧਿਤ ਉਘੇ ਤਰਕਵਾਦੀ ਦਾਰਸ਼ਨਿਕ ਉਦਯਾਨਾਚਾਰਯ ਦੀ ਰਚਨਾ 'ਨਯਾਯਕੁਸੁਮਾਂਜਲੀ' 'ਵੈਦਿਕ ਦਰਸ਼ਨ' ਦੀ ਜ਼ਿਕਰਯੋਗ ਰਚਨਾ ਹੈ। ਉਦਯਾਨਾਚਾਰਯ ਨੇ ਬੁਧ ਧਰਮ ਦੇ ਹਮਲਿਆਂ ਦਾ ਤਾਰਕਿਕ ਜਵਾਬ ਦੇਣ ਨੂੰ ਆਪਣਾ ਮੁਖ ਨਿਸ਼ਾਨਾ ਬਣਾਉਦਿਆਂ 'ਰੱਬ ਅਦ੍ਰਿਸ਼ ਦਾ ਮਾਲਕ ਹੈ', 'ਵੇਦ ਦਾ ਰਚੈਤਾ ਹੈ', 'ਤੱਤ ਗਿਆਨ ਦਾ ਆਧਾਰ ਹੈ', 'ਰੱਬ ਦੀ ਅਣਹੋਂਦ ਦਾ ਕੋਈ ਸਬੂਤ ਮੌਜੂਦ ਨਹੀਂ ਹੈ' ਅਤੇ 'ਰੱਬ ਦੀ ਹੋਂਦ ਦੇ ਸਬੂਤ ਮੌਜੂਦ ਹਨ' ਆਦਿ ਸਿਧਾਂਤ ਤਰਕ ਦੇ ਆਧਾਰ ਤੇ ਪੇਸ਼ ਕੀਤੇ ਹਨ।[39]

---

35 ਸ਼ਾਂਤੀ ਨਾਥ ਗੁਪਤਾ, *ਭਾਰਤੀ ਦਰਸ਼ਨ*, ਚੰਡੀਗੜ੍ਹ: ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, 1974, ਪੰਨਾ 6.
36 Surendernath Das Gupta, *History of Indian Philosophy*, p70.
37 Ibid
38 ਸ਼ਾਂਤੀ ਨਾਥ ਗੁਪਤਾ, *ਭਾਰਤੀ ਦਰਸ਼ਨ*, ਪੰਨਾ 2.
39 Udayanacarya, *Nyayakusumanjali*, Bhaswati Sinha (Interpre.& Trans.), New Delhi: Aryan Book International, 1999, p. xi-xiii.

ਵੈਦਿਕ ਧਰਮ-ਸ਼ਾਸਤਰ ਦਾ ਅਗਲਾ ਮਹੱਤਵਪੂਰਨ ਭਾਗ ਸਿਮ੍ਰਿਤੀਆਂ ਹਨ। ਮਹਾਨ ਕੋਸ਼ ਅਨੁਸਾਰ ਸਿਮ੍ਰਿਤਿ ਦਾ ਅਰਥ ਹੈ 'ਚੇਤਾ. ਯਾਦਾਸ਼ਤ. ਯਾਦਗੀਰੀ. ਰਿਖੀਆਂ ਦੇ ਲਿਖੇ ਹੋਏ ਉਹ ਧਰਮਗ੍ਰੰਥ, ਜੋ ਉਨ੍ਹਾਂ ਨੇ ਵੇਦਵਾਕਾਂ ਨੂੰ ਅਥਵਾ ਬਜੁਰਗਾਂ ਦੇ ਉਪਦੇਸ਼ ਨੂੰ ਚੇਤੇ ਕਰਕੇ ਲਿਖੇ ਹਨ। ਇਨ੍ਹਾਂ ਦੀ ਗਿਣਤੀ ਬਹੁਤ ਜਿਆਦਾ ਹੈ ਪਰ ਉਨ੍ਹਾਂ ਵਿਚੋਂ ਮਨੁ, ਯਾਗਵਲਕ, ਲਘੁਅਤ੍ਰਿ ਅਤੇ ਨਾਰਦ ਸਿਮ੍ਰਿਤਿ ਆਦਿ ਨੂੰ ਮੁਖ ਰੂਪ ਵਿਚ ਪ੍ਰਵਾਨ ਕੀਤਾ ਗਿਆ ਹੈ।'[40] ਪੂਰਵ-ਮੀਮਾਂਸਾ ਦਾ ਸਮ੍ਰਿਤੀ ਨਾਲ ਸੰਬੰਧ ਬਿਆਨ ਕਰਦਿਆਂ ਦਾਸ ਗੁਪਤਾ ਲਿਖਦੇ ਹਨ "Hindu Law (*smriti*) accepts without any reservation the maxims and principles settled and formulated by the *Mimamsa*."[41] ਵੀਹਵੀਂ ਸਦੀ ਵਿਚ ਬੰਬਈ ਹਾਈ ਕੋਰਟ ਦੇ ਵਕੀਲ ਪੀ. ਵੀ. ਕਾਨੇ ਵੱਲੋਂ ਲਿਖੇ ਗਏ The History of Dharmasastra ਨੇ ਅੰਗਰੇਜ਼ੀ ਹਕੂਮਤ ਅਧੀਨ 'ਹਿੰਦੂ ਪਰਸਨਲ ਲਾਅ' ਦੀ ਉਸਾਰੀ ਲਈ ਮਹਤਪੂਰਨ ਯੋਗਦਾਨ ਪਾਇਆ ਹੈ। ਪੀ. ਵੀ. ਕਾਨੇ ਇਸ ਰਚਨਾ ਦਾ ਮਨੋਰਥ ਵਿਸ਼ਵਾਸ, ਕਰਮ ਅਤੇ ਨੈਤਿਕਤਾ ਦੀ ਬਜਾਏ ਪ੍ਰਸ਼ਾਸਨਿਕ ਨਿਯਮਾਂ ਦੀ ਭਾਲ ਨੂੰ ਵਧੇਰੇ ਮੰਨਦੇ ਹਨ।[42]

ਵੈਦਿਕ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਪੁਰਾਣ ਸਾਹਿਤ ਦਾ ਆਪਣਾ ਵਿਸ਼ੇਸ਼ ਯੋਗਦਾਨ ਹੈ। ਵੈਸ਼ਨਵ ਅਤੇ ਸ਼ੈਵ ਆਪਣੇ ਅਵਤਾਰਵਾਦ ਦੇ ਸਿਧਾਂਤ ਦਾ ਸੰਬੰਧ 'ਉੱਤਰ ਮੀਮਾਂਸਾ' ਨਾਲ ਜੋੜਦੇ ਹਨ। ਮੁਖਬੈਨ ਸਿੰਘ ਦੇ ਮੱਤ ਅਨੁਸਾਰ "ਵੇਦਾਂ ਦੇ ਜਟਿਲ ਅਤੇ ਚਿੰਨ੍ਹਮਈ ਵਿਵੇਕ ਨੂੰ ਸਮਝਣ ਲਈ ਪੁਰਾਣਾਂ ਦਾ ਵਿਸ਼ੇਸ਼ ਮਹੱਤਵ ਹੈ। ਦੂਜੇ ਸ਼ਬਦਾ ਵਿਚ ਪੁਰਾਣਾਂ ਦੁਆਰਾ ਭਾਰਤੀ ਫ਼ਲਸਫ਼ੇ ਦਾ ਮਾਨਵੀਕਰਨ ਕੀਤਾ ਗਿਆ ਹੈ। ਇਸੇ ਲਈ ਪੁਰਾਣਾਂ ਨੂੰ ਵੇਦਾਂ ਦੀ ਆਤਮਾ ਕਿਹਾ ਗਿਆ ਹੈ : ਆਤਮ ਪੁਰਾਣਮ ਵੇਦਮ।"[43] ਨਵਰਤਨ ਕਪੂਰ ਅਨੁਸਾਰ ਮਹਾਪੁਰਾਣਾਂ ਦਾ ਰਚਨਕਾਰ ਮਹਾਂਗਿਆਨੀ ਰਿਸ਼ੀ ਪਰਾਸ਼ਰ ਦੇ ਪੁੱਤਰ ਵਿਆਸ ਜੀ ਨੂੰ ਮੰਨਿਆ ਜਾਂਦਾ ਹੈ। ਵੇਦਾਂ ਦੀ ਵਿਆਖਿਆ ਕਿੱਸੇ ਕਹਾਣੀਆਂ ਦੇ ਮਾਧਿਅਮ ਦੇ ਰਾਹੀਂ ਪੇਸ਼ ਕਰਨ ਵਜੋਂ ਇਨ੍ਹਾਂ ਦਾ ਨਾਂ ਬਹੁਤਾ ਕਰਕੇ "ਵੇਦ ਵਿਆਸ" ਹੀ ਮਿਲਦਾ ਹੈ।"[44]

**ਜੈਨ ਮੀਮਾਂਸਾ :** ਜੈਨ ਧਰਮ ਭਾਰਤ ਦੀ ਸ਼੍ਰਮਣ ਪਰੰਪਰਾ ਦਾ ਮੁਖ ਧਰਮ ਹੈ। ਹਰਪਾਲ ਸਿੰਘ ਪੰਨੂ ਅਨੁਸਾਰ ਜੈਨ ਧਰਮ ਦਾ ਸੰਬੰਧ ਆਰਿਆ ਲੋਕਾਂ ਦੇ ਭਾਰਤ ਆਉਣ ਅਤੇ ਵੇਦ ਰਚਨਾ ਤੋਂ ਪਹਿਲਾਂ ਇਥੇ ਨਿਵਾਸ

---

40 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 198.

41 Surendernath Das Gupta, *History of Indian Philosophy,* p 69.

42 Pandurang Vaman Kane, *The History of Dharmasasta (Anciant and Medieval religion and civil law),* Vol-II, Part-I, Poona: Bhandarkar Orietal Research Institute, 1941, p 4.

43 ਮੁਖਬੈਨ ਸਿੰਘ, *ਮਿਥ, ਦਰਸ਼ਨ ਤੇ ਚਿਹਨ ਸ਼ਾਸਤਰ,* ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 2003, ਪੰਨਾ 31.

44 ਨਵਰਤਨ ਕਪੂਰ, 'ਪੁਰਾਣ ਸਾਹਿਤ', *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਸਰਬਜਿੰਦਰ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 2011, ਪੰਨਾ 141.

ਕਰਦੀ ਸਭਿਅਕ ਦ੍ਰਾਵਿੜ ਕੌਮ ਨਾਲ ਹੈ।[45] ਜੈਨ ਧਰਮ ਰੱਬ ਅਤੇ ਕਰਮ ਕਾਂਡ ਵਿਚ ਵਿਸ਼ਵਾਸ ਨਹੀਂ ਰੱਖਦਾ। ਜੈਨ ਧਰਮ ਨੇ ਮਨੁੱਖ ਲਈ ਅਮਲੀ ਜੀਵਨ ਰਾਹੀਂ ਕੇਵਲੀ (ਕੇਵੱਲਯ) ਦੀ ਪ੍ਰਾਪਤੀ ਦਾ ਰਾਹ ਦਰਸਾਇਆ ਹੈ। ਜੈਨ ਧਰਮ 'ਵੇਦ' ਨੂੰ ਪ੍ਰਮਾਣ ਨਹੀਂ ਮੰਨਦਾ। ਮਹਾਵੀਰ ਵਰਧਮਾਨ ਦਾ ਜੀਵਨ ਅਤੇ ਸਿੱਖਿਆ ਉਨ੍ਹਾਂ ਲਈ ਮਾਰਗ ਦਰਸ਼ਕ ਹਨ। ਜੈਨ ਦਰਸ਼ਨ ਅਨੁਸਾਰ ਵਿਸ਼ਵ ਦੀ ਰਚਨਾ ਦਾ ਆਧਾਰ ਦ੍ਰਵ ਹੈ। ਜੀਵ ਵੀ ਦ੍ਰਵ ਦਾ ਹੀ ਹਿੱਸਾ ਹੈ ਅਤੇ ਚੇਤਨਾ ਇਸ ਦਾ ਗੁਣ ਹੈ। ਜੀਵ ਸੰਸਾਰ ਦੇ ਸੰਪਰਕ ਕਰਕੇ ਬੰਧਨ ਵਿਚ ਹੈ ਅਤੇ ਸੰਸਾਰ ਦਾ ਪੂਰਨ ਤਿਆਗ ਕਰਕੇ ਇਸ ਬੰਧਨ ਨੂੰ ਖਤਮ ਕੀਤਾ ਜਾ ਸਕਦਾ ਹੈ।[46]

ਗਿਆਰ੍ਹਵੀਂ ਸਦੀ ਵਿਚ ਜੈਨ ਧਰਮ ਦੇ ਵਿਦਵਾਨ ਹੇਮ ਚੰਦਰ ਨੇ ਜੈਨ ਮੀਮਾਂਸਾ ਉੱਪਰ ਮਹਤਪੂਰਨ ਗ੍ਰੰਥ 'ਪ੍ਰਮਾਣ ਮੀਮਾਂਸਾ' ਦੀ ਰਚਨਾ ਕੀਤੀ ਹੈ ਜਿਸ ਵਿਚ 'ਮੀਮਾਂਸਾ' ਦੇ ਸਰੂਪ ਅਤੇ ਗੁਣ-ਲਛਣ ਦਾ ਬਿਆਨ ਕੀਤਾ ਗਿਆ ਹੈ।[47] ਉਨ੍ਹਾਂ ਅਨੁਸਾਰ ਮੀਮਾਂਸਾ "ਉਦੇਸ਼ਾਦਿਰੂਪੇਣ ਪਰਯਾਲੋਚਨਮ੍" ਹੈ ਜਿਸ ਦਾ ਅਰਥ ਹੈ ਉਦੇਸ਼ ਦਾ ਪਰਿਯਾਲੋਚਨ। ਪਰਿਯਾਲੋਚਨ ਦਾ ਭਾਵ ਵਿਸ਼ੇ ਦੀ ਸਭ ਦਿਸ਼ਾਵਾਂ ਅਤੇ ਨੁਕਤਿਆਂ ਤੋਂ ਪੂਰਨ ਜਾਂਚ ਪਰਖ ਹੈ। ਉਨ੍ਹਾਂ ਦਾ ਮੱਤ ਹੈ 'ਸਿਰਫ ਪੂਜਿਤ ਵਿਚਾਰਾਂ ਦੇ ਕਥਨ ਅਤੇ ਵਿਚਾਰ ਨੂੰ ਹੀ ਮੀਮਾਂਸਾ ਕਿਹਾ ਜਾ ਸਕਦਾ ਹੈ।[48] ਮੀਮਾਂਸਾ ਦਾ ਅਗਲਾ ਲੱਛਣ 'ਪ੍ਰਮਾਣਤ ਵਿਚਾਰ' ਹੈ ਜਿਸ ਵਿਚ ਕੋਈ ਸ਼ੰਕਾ, ਕਮੀ ਜਾਂ ਵਿਰੋਧ ਨਾਂ ਹੋਵੇ। ਜੈਨ ਆਚਾਰਿਆਂ ਨੇ ਮੁਕਤੀ ਮਾਰਗ ਦੱਸਣ ਲਈ ਹੀ ਮੀਮਾਂਸਾ ਸ਼ਬਦ ਦੀ ਵਰਤੋਂ ਕੀਤੀ ਹੈ। ਜੈਨ ਧਰਮ ਈਸ਼ਵਰ ਵਿਚ ਯਕੀਨ ਨਹੀਂ ਰੱਖਦਾ ਇਸ ਕਰਕੇ ਮੀਮਾਂਸਾ ਮੁੱਖ ਰੂਪ ਵਿਚ ਸੰਸਾਰ, ਜੀਵ, ਗਿਆਨ ਅਤੇ ਮੁਕਤੀ ਦੇ ਸਿਧਾਂਤਾਂ ਦੀ ਚਰਚਾ ਕਰਦਾ ਹੈ।

**ਈਸਾਈ ਥਿਆਲੋਜੀ :** ਅਧਿਐਨ ਦੇ ਸੁਤੰਤਰ ਵਿਸ਼ੇ ਵਜੋਂ ਥਿਆਲੋਜੀ ਦੇ ਵਿਕਾਸ ਵਿਚ ਈਸਾਈ ਧਰਮ ਦਾ ਵੱਡਾ ਯੋਗਦਾਨ ਹੈ। ਦਰਸ਼ਨ ਸਿੰਘ ਦੇ ਸ਼ਬਦਾਂ ਵਿਚ ਥਿਆਲੋਜੀ ਪਹਿਲੋਂ ਪਹਿਲ ਇਸਾਈ ਧਰਮ ਦੇ ਧਾਰਮਿਕ ਵਿਸ਼ਵਾਸਾਂ ਦੇ ਤਰਕਸੰਗਤ ਅਧਿਐਨ ਵਜੋਂ ਪ੍ਰਵਾਨ ਚੜ੍ਹੀ। ਇਸਾਈ ਥਿਆਲੋਜੀ ਦੇ ਮਨੋਰਥ ਬਾਰੇ ਪਾਲ ਟਿੱਲਿਕ ਦੱਸਦੇ ਹਨ: "A theological system is supposed to satisfy two basic needs : the statement of the truth of the Christian message and the interpretation of this truth for every new generation. Theology moves back and forth between two poles, the

---

[45] ਹਰਪਾਲ ਸਿੰਘ ਪੰਨੂ, *ਭਾਰਤ ਦੇ ਪੁਰਾਤਨ ਧਰਮ*, ਪੰਨਾ 103.

[46] Satishchandra Chatterjee and Dhirendra Mohan Dutta, *An Introduction to Indian Philosophy,* New Delhi: Rupa Publication India Pvt.Ltd, 2012, p 97.

[47] प्रमाण मीमांसा, हेमचंद्राचार्य, सुखलाल (स.), अहमदाबादः सरस्वती पुस्तक भंडार 1989,पृष्ठ 2.

[48] ਉਹੀ, ਪੂਜਿਤ ਵਿਚਾਰ ਵਚਨਸ੍ਰ-ਸ਼ਬਦ:।

eternal truth of its foundation and the temporal situation in which the eternal truth must be received."[49]

ਜਿਵੇਂ ਕਿ ਉਪਰਲੀ ਪਰਿਭਾਸ਼ਾ ਤੋਂ ਸਿੱਧ ਹੈ ਪਾਲ ਟਿੱਲਿਕ ਪੂਰਾ ਜੋਰ ਇਸ ਗੱਲ ਉੱਪਰ ਲਾਉਂਦਾ ਹੈ ਕਿ ਥਿਆਲੋਜੀ ਆਪਣੇ ਵਿਸ਼ਵਾਸ ਦੇ ਧੁਰੇ ਅਤੇ ਸਮਕਾਲੀ ਸਥਿਤੀ ਵਿਚ ਕੜੀ ਦਾ ਕੰਮ ਦੇਵੇ। ਕਈ ਵਾਰ ਵਿਆਖਿਆਕਾਰ ਸਮੇਂ ਦੇ ਪਰਭਾਵ ਹੇਠ ਧਾਰਮਿਕ ਸੰਦੇਸ਼ ਦੇ ਤੱਤ ਨੂੰ ਛੱਡ ਜਾਂਦਾ ਹੈ ਜਾਂ ਉਸ ਸੰਦੇਸ਼ ਦੀ ਵਿਆਖਿਆ ਨੂੰ ਸਮਕਾਲੀ ਪ੍ਰਸੰਗ ਤੋਂ ਦੂਰ ਕਰ ਬੈਠਦਾ ਹੈ। ਸਮੇਂ ਅਤੇ ਸੰਦੇਸ਼ ਦੋਹਾਂ ਨਾਲ ਪੂਰਾ ਇਨਸਾਫ ਕਰਨਾ ਹੀ ਥਿਆਲੋਜੀ ਦਾ ਫਰਜ਼ ਹੈ।

ਨਿਉ ਕੈਥੋਲਿਕ ਇਨਸਾਇਕਲੋਪੀਡਿਆ ਅਨੁਸਾਰ ਥਿਆਲੋਜੀ ਦਾ ਤਰਕ (reason) ਕੋਈ ਨਿਰੋਲ ਦਾਰਸ਼ਨਿਕ ਦਾ ਤਰਕ ਨਾ ਹੋ ਕੇ, ਦੈਵੀ ਭਰੋਸੇ ਵਾਲਾ ਤਰਕ ਹੈ ਜਿਸ ਦੇ ਰਾਹੀਂ ਇਤਿਹਾਸ ਵਿਚ ਗੁੰਦੇ ਹੋਏ ਰੱਬੀ ਰਹੱਸਾਂ ਨੂੰ ਸਮਝਿਆ ਜਾ ਸਕੇ।[50] ਇਸ ਨੁਕਤੇ ਨੂੰ ਪਾਲ ਟਿਲਿਕ ਆਪਣੇ ਵੱਖਰੇ ਅੰਦਾਜ਼ ਵਿਚ ਪੇਸ਼ ਕਰਦੇ ਹਨ "The 'scientific' theologian wants to be more than a philosopher of religion."[51] ਜੇਕਰ ਖੋਜ ਕਰਤਾ ਈਸਾਈ ਸੰਦੇਸ਼ ਨੂੰ ਆਪਣੇ ਢੰਗ ਨਾਲ (ਭਾਵ ਬਿਨਾਂ ਈਸਾਈ ਪਰੰਪਰਾ ਨੂੰ ਵਿਚਾਰੇ) ਸਮਝਣ ਦੀ ਕੋਸ਼ਿਸ਼ ਕਰੇਗਾ, ਉਹ ਈਸਾਈ ਧਰਮ ਨੂੰ ਸਰਬਉੱਚ, ਵਿਸ਼ੇਸ਼, ਅੰਤਮ ਸਮਝਣ ਦੀ ਬਜਾਏ ਉਸ ਨੂੰ ਬਾਕੀ ਧਰਮਾਂ ਦੇ ਇਕੱਠ ਵਿਚੋਂ ਇੱਕ ਧਰਮ ਸਮਝੇ, ਤਾਂ ਉਹ ਖੋਜ ਕਰਤਾ, ਵਿਦਵਾਨ ਈਸਾਈ ਥਿਆਲੋਜੀ ਦੇ ਘੇਰੇ ਵਿਚ ਨਹੀਂ ਆਉਂਦਾ। ਪਾਲ ਟਿੱਲਿਕ ਅਨੁਸਾਰ ਕਿਸੇ ਵਿਅਕਤੀ ਦੇ ਥਿਆਲੋਜੀਅਨ ਹੋਣ ਦਾ ਇੱਕੋ ਪੈਮਾਨਾ ਹੈ ਕਿ ਉਹ ਥਿਆਲੋਜੀ ਦੇ ਘੇਰੇ ਅੰਦਰਲੀ ਸਮੱਗਰੀ ਅਤੇ ਵਿਸ਼ਾ ਵਸਤੂ ਨੂੰ ਆਪਣੇ ਅੰਤਮ ਵਾਸਤੇ ਵਜੋਂ (ultimate concerns) ਪ੍ਰਵਾਨ ਕਰੇ। ਇਸ ਪੈਮਾਨੇ ਦੇ ਮੁਕਾਬਲੇ ਹੋਰ ਸਾਰੇ ਗੁਣ-ਲੱਛਣ ਦੋਮ ਦਰਜੇ ਤੇ ਹਨ।[52] ਟਿਲਿਕ ਇਸ ਅੰਤਮ ਵਾਸਤੇ ਨੂੰ ਸਮਝਾਉਣ ਲਈ ਬਾਈਬਲ ਦੇ ਸ਼ਬਦ ਦਾ ਸਹਾਰਾ ਲੈਂਦਾ ਹੈ : "ਪ੍ਰਭੂ ਸਾਡਾ ਪਰਮੇਸ਼ਰ ਹੀ ਕੇਵਲ ਇੱਕ ਪ੍ਰਭੂ ਹੈ। ਤੂੰ ਪ੍ਰਭੂ ਆਪਣੇ

---

[49] Paul Tillich, *Systematic Theology*, Vol-I, Chicago: The University of Chicago Press, 1951, p3.

[50] William J. McDonal (Ed.), *New Catholic Encyclopædia*, Vol. XIV, McGraw-Hill, Book Company, New York, ST Lovis, p. 39.
(*It is a branch of learning in which a Christian, using his reason enlightened by devine faith, seeks to understand the mystries of God revealed in and through history).*

[51] Paul Tillich, *Systematic Theology,* Vol. I, p 10.

[52] Ibid. *Whether this is true does not depend on his intellectual or moral or emotional state; it does not depend on extensity and certitude of faith; it does not depend on power of regeneration or the grade of sanctification. Rather it depends on his being ultimately concerned with the Christian message even if he is sometimes inclined to attack and to reject it.*

ਪਰਮੇਸ਼ਰ ਨੂੰ ਆਪਣੇ ਸਾਰੇ ਦਿਲ ਨਾਲ, ਆਪਣੀ ਸਾਰੀ ਜਾਨ ਨਾਲ, ਆਪਣੀ ਸਾਰੀ ਬੁਧ ਨਾਲ ਅਤੇ ਆਪਣੇ ਸਾਰੇ ਬਲ ਨਾਲ ਪਿਆਰ ਕਰ।"[53]

ਜਾਨ ਮੈਕਓਰੀ ਅਨੁਸਾਰ ਈਸਾਈ ਥਿਆਲੋਜੀ, 'ਈਸਾਈ ਚਰਚ' ਦੇ ਵਿਸ਼ਵਾਸ ਨੂੰ ਸਰਬ ਪ੍ਰਵਾਨਤ ਬਣਾਉਣ ਦੀ ਅਭਿਲਾਖੀ ਹੈ। ਥਿਆਲੋਜੀ ਆਪੇ ਤੋਂ ਬਾਹਰ ਦੇ ਹੋਰ ਵਿਸ਼ਵਾਸ ਅਤੇ ਆਧੁਨਿਕ ਯੁਗ ਦੇ ਵਿਹਾਰ ਨਾਲ ਵੀ ਸਮਰੂਪਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਜਿਸ ਦਾ ਸਦਕਾ ਈਸਾਈ ਵਿਸ਼ਵਾਸ ਨੂੰ ਵਧੇਰੇ ਪਰਬੁੱਧਤਾ ਨਾਲ ਅਤੇ ਵਧੇਰੇ ਮਨੁੱਖਾਂ ਤੱਕ ਪਹੁੰਚ ਦੇ ਸਮਰੱਥ ਬਣਾਇਆ ਜਾ ਸਕੇ।

ਈਸਾਈ ਥਿਆਲੋਜੀ ਸਬੰਧੀ ਅਗਲੀ ਵਿਚਾਰ ਇਸ ਦੇ ਸ੍ਰੋਤਾਂ ਬਾਰੇ ਕਰਨੀ ਬਣਦੀ ਹੈ। ਥਿਆਲੋਜਿਅਨ ਵੱਲੋਂ ਚੁਣੇ ਗਏ ਸ੍ਰੋਤ ਹੀ ਥਿਆਲੋਜੀ ਦੇ ਸਰੂਪ ਨੂੰ ਨਿਸ਼ਚਤ ਕਰਦੇ ਹਨ। ਇਸ ਘੇਰੇ ਅੰਦਰ ਸ੍ਰੋਤਾਂ ਦੀ ਚੋਣ ਸੰਬੰਧੀ ਵਧੇਰੇ ਵਿਦਵਾਨ ਇੱਕਮਤ ਨਹੀਂ ਹਨ। ਜਾਨ ਮੈਕਿਉਰੀ ਇਸ ਦੇ ਮਹੱਤਵ ਨੂੰ ਸਮਝਦੇ ਹੋਏ ਛੇ ਸ੍ਰੋਤਾਂ ਦੀ ਨਿਸ਼ਾਨਦੇਹੀ ਕਰਦੇ ਹਨ : experience, revelation, scripture, tradition, culture, reason. ਉਹ ਈਸਾਈ ਥਿਆਲੋਜੀ ਦੀ ਉਸਾਰੀ ਲਈ ਇਨ੍ਹਾਂ ਨੂੰ ਲਾਜ਼ਮੀ ਉਸਾਰੀ ਕਾਰਕਾਂ ਵਜੋਂ ਪ੍ਰਵਾਨ ਕਰਦੇ ਹਨ। ਇਹ ਚੋਣ ਇੱਕ ਨੇਮਬੱਧ ਅਧਿਐਨ ਲਈ ਸਹਾਈ ਹੁੰਦੀ ਹੈ ਉਂਝ ਕਈ ਤੱਤ ਅਜਿਹੇ ਵੀ ਹੁੰਦੇ ਹਨ ਜੋ ਅਚੇਤ ਰੂਪ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਚੁਣੇ ਹੋਏ ਕਾਰਕਾਂ ਵਿਚੋਂ ਸਭ ਦਾ ਆਪੋ-ਆਪਣਾ ਵੱਧ ਜਾਂ ਘੱਟ ਮਹੱਤਵ ਹੈ ਅਤੇ ਉਸੇ ਤਰਤੀਬ ਅਨੁਸਾਰ ਇਨ੍ਹਾਂ ਕਾਰਕਾਂ ਨੂੰ ਰੱਖਿਆ ਜਾਂਦਾ ਹੈ। ਨਾਲ ਹੀ ਮੈਕਿਊਰੀ ਇਸ ਗੱਲੋਂ ਸਾਵਧਾਨ ਕਰਦਾ ਹੈ ਕਿ ਇਨ੍ਹਾਂ ਛੇਆਂ ਕਾਰਕਾਂ ਦੇ ਮੇਲ ਨਾਲ ਕੋਈ ਰਸਾਇਣਿਕ ਕਿਰਯਾ ਵਾਂਗ ਆਪਣੇ-ਆਪ ਨਤੀਜੇ ਨਹੀਂ ਨਿਕਲ਼ਦੇ ਸਗੋਂ ਇਹ ਤਾਂ ਸਿਰਫ ਅਧਿਐਨ ਦਾ ਮੁੱਢ ਬੰਨਦੇ ਹਨ। ਜੇਕਰ ਤੱਤਾਂ ਦੀ ਤੋੜ-ਮਰੋੜ ਅਤੇ ਅੱਤਕਥਨੀ ਤੋਂ ਬੱਚਿਆਂ ਜਾ ਸਕੇ ਜਾਂ ਵੱਧ ਤੋਂ ਵੱਧ ਘਟਾਇਆ ਜਾ ਸਕੇ ਤਾਂ ਸਾਡੇ ਸਿੱਟੇ ਉਨੇ ਹੀ ਵੱਧ ਭਰੋਸੇਯੋਗ ਸਾਬਤ ਹੋ ਸਕਦੇ ਹਨ।

ਅਨੁਭਵ (Experience) ਥਿਆਲੋਜੀਅਨ ਲਈ ਅਗਵਾਈ ਦਾ ਕੰਮ ਕਰਦਾ ਹੈ। ਇਹ ਅਨੁਭਵ ਕਿਸੇ ਵਿਅਕਤੀ ਵਿਸ਼ੇਸ਼ ਦਾ ਸਵੈਵਾਦੀ ਜਾਂ ਆਤਮਵਾਦੀ ਹੋਣ ਦੀ ਬਜਾਏ ਕੌਮੀ ਸਮੂਹਕ ਪਵਿੱਤਰਤਾ/ਅਨੁਭਵ ਦੇ ਸੰਦਰਭ ਵਿਚ ਸਮਝਿਆ ਜਾਣਾ ਚਾਹੀਦਾ ਹੈ। ਇਲਹਾਮ (Revelation) ਦਾ ਅਸਲ ਸ੍ਰੋਤ ਪਰਾਮਨੁੱਖੀ ਹੈ ਅਤੇ ਇਸ ਦਾ ਪਰਗਟਾਵਾ ਨਿਰੋਲ ਪਵਿੱਤਰਤਾ ਦਾ ਪਰਗਟਾਵਾ ਹੈ। ਈਸਾਈ ਧਰਮ ਵਿਚ ਯਿਸੂ ਮਸੀਹ ਮਨੁੱਖੀ ਜਾਮੇ ਅੰਦਰ ਇਲਹਾਮ ਦਾ ਪਰਗਟਾਵਾ ਕਰਨ ਵਾਲੀ ਸਖਸ਼ੀਅਤ ਹੈ।[54]

---

[53] ਪਵਿੱਤਰ ਬਾਈਬਲ, ਨਵਾਂ ਨੇਮ, *ਮਾਰਕ 12:29-30*, ਬੰਗਲੌਰ: ਬਾਈਬਲ ਸੋਸਾਇਟੀ ਆਫ ਇੰਡੀਆ, 2008, ਪੰਨਾ 86.

[54] Ibid, p vii.

ਅਸਲ ਵਿਚ ਇਲਹਾਮ ਹੀ ਉਹ ਕੇਂਦਰੀ ਧੁਰਾ ਹੁੰਦਾ ਹੈ ਜਿਸ ਦੇ ਪਰਗਟਾਵੇ ਅਤੇ ਪਸਾਰ ਨਾਲ ਧਰਮ ਦਾ ਨਿਰਮਾਣ ਹੁੰਦਾ ਹੈ। ਬੇਸ਼ਕ ਕੌਮੀ ਅਨੁਭਵ ਸਮੇਂ ਅਤੇ ਸਥਾਨ ਅਨੁਸਾਰ ਸਦਾ ਗਤੀਸ਼ੀਲ ਰਹਿੰਦਾ ਹੈ ਪਰ ਇਸ ਅਨੁਭਵ ਦੀ ਅਸਲ ਟੇਕ ਅਤੇ ਨਿਗ੍ਹਾ ਉਸੇ ਪਹਿਲੇ ਅਨੁਭਵ ਉੱਤੇ ਟਿਕੀ ਹੁੰਦੀ ਹੈ। ਇਨ੍ਹਾਂ ਅਰਥਾਂ ਵਿਚ ਇਲਹਾਮ ਆਦਰਸ਼ ਅਨੁਭਵ ਦਾ ਰੋਲ ਨਿਭਾਉਂਦਾ ਹੈ।[55]

ਈਸਾਈ ਧਰਮ ਦਾ ਪਵਿੱਤਰ ਗ੍ਰੰਥ (Scripture) ਬਾਈਬਲ ਹੈ। ਮੈਕਿਉਰੀ ਅਨੁਸਾਰ ਪਵਿੱਤਰ ਗ੍ਰੰਥ ਕੌਮ ਦੀ ਯਾਦਾਸ਼ਤ ਦਾ ਕੰਮ ਕਰਦੇ ਹਨ, ਉਸ ਨੂੰ ਆਪਣੇ ਪਿਛੋਕੜ ਜਾਂ ਮੁੱਢ ਤੱਕ ਪਹੁੰਚਾਉਂਦੇ ਹਨ ਅਤੇ ਉਸ ਦੀ ਸੱਦ ਜਗਾਉਂਦੇ ਹਨ।[56] ਈਸਾਈ ਮੱਤ ਅਨੁਸਾਰ ਪਵਿੱਤਰ ਗ੍ਰੰਥ ਇਲਹਾਮ ਤੋਂ ਕੁੱਝ ਵੱਖਰੇ ਹੁੰਦੇ ਹਨ ਪਰ ਉਹ ਲਗਾਤਾਰ ਆਪਣੀ ਕੌਮ ਨੂੰ ਪਹਿਲੇ ਇਲਹਾਮ ਨਾਲ ਜੋੜੀ ਰੱਖਣ ਦਾ ਕੰਮ ਕਰਦੇ ਹਨ। ਈਸਾਈ ਥਿਆਲੋਜੀ ਦੇ ਖੇਤਰ ਵਿਚ 'ਬਿਬਲੀਕਲ ਥਿਆਲੋਜੀ' ਦੇ ਉਲਾਰ ਚਿੰਤਕਾਂ ਦੇ ਬਾਈਬਲ ਨੂੰ ਹੀ ਥਿਆਲੋਜੀ ਦੇ ਸਰਬਉੱਚ ਤੱਤ ਵਜੋਂ ਰੱਖਣ ਦੇ ਸੰਦਰਭ ਵਿਚ ਮੈਕਿਉਰੀ ਦਾ ਵਿਚਾਰ ਹੈ ਕਿ ਬਾਈਬਲ ਦਾ ਆਪਣਾ ਮੱਹਤਵ ਪੂਰਨ ਸਥਾਨ ਹੈ ਪਰ ਇਸ ਕਾਰਕ ਨੂੰ ਬਾਕੀ ਦੇ ਕਾਰਕਾਂ ਉੱਪਰ ਏਕਾਧਿਕਾਰ ਦੇਣਾ ਨੇਮਬੱਧ ਈਸਾਈ ਥਿਆਲੋਜੀਕਲ ਅਧਿਐਨ ਲਈ ਘਾਤਕ ਸਾਬਤ ਹੋ ਸਕਦਾ ਹੈ।

ਈਸਾਈ ਥਿਆਲੋਜੀ ਵਿਚ ਪਰੰਪਰਾ (Tradition) ਦੇ ਮਹੱਤਵ ਬਾਰੇ ਕੈਥੋਲਿਕ ਚਰਚ ਅਤੇ ਪ੍ਰੋਟੈਸਟੈਂਟ ਵਿਚਾਲੇ ਵੱਡਾ ਮਤਭੇਦ ਹੈ। ਜਿਥੇ ਕੈਥੋਲਿਕ ਚਰਚ 'ਪਰੰਪਰਾ' ਨੂੰ ਮਹੱਤਵ ਦੇਂਦੀ ਹੈ ਉਥੇ ਪ੍ਰੋਟੈਸਟੈਂਟ ਸਿਰਫ ਬਾਈਬਲ ਨੂੰ ਹੀ ਪ੍ਰਵਾਨ ਕਰਦੇ ਹਨ। ਮੈਕਿਓਰੀ ਅਨੁਸਾਰ ਪਰੰਪਰਾ ਅਤੇ ਬਾਈਬਲ ਵਿਰੋਧੀ ਨਹੀਂ ਸਗੋਂ ਪਰੰਪਰਾ ਬਾਈਬਲ ਦੇ ਪੂਰਕ ਤੱਤ ਵਜੋਂ ਕਾਰਜ ਕਰਦੀ ਹੈ।[57] 'ਪਵਿੱਤਰ ਗ੍ਰੰਥ' ਕੋਈ ਨਿਰਜਿੰਦ ਵਸਤੂ ਨਹੀਂ ਸਗੋਂ ਵਿਸ਼ਵਾਸ ਵਾਲੀ ਲੋਕਾਈ ਦੇ ਜੀਵਨ ਪ੍ਰਵਾਹ ਰਾਹੀਂ ਜਿਉਂਦਾ ਅਤੇ ਵਿਗਸਦਾ ਹੈ। ਬਾਈਬਲ ਸੰਬੰਧੀ ਇਸ ਦਾ ਸਗੋਂ ਉਚੇਰਾ ਮਹੱਤਵ ਹੈ ਕਿਉਂਕਿ ਬਾਈਬਲ 'ਆਦਿ ਈਸਾਈ' ਪਰੰਪਰਾ ਦੇ ਧਾਰਨੀ ਸੰਤਾਂ ਅਤੇ ਸ਼ਰਧਾਲੂਆਂ ਰਾਹੀਂ ਮੌਜੂਦਾ ਸਰੂਪ ਵਿਚ ਸਾਡੇ ਤੱਕ ਪਹੁੰਚੀ ਹੈ। ਇਸ ਤਰ੍ਹਾਂ ਬਾਈਬਲ ਵੀ ਪਰੰਪਰਾ ਉੱਪਰ ਖੜੀ ਨਜ਼ਰ ਆਉਂਦੀ ਹੈ। ਪਾਲ ਟਿਲਿਕ ਬਾਈਬਲ ਦੇ ਇਤਹਾਸਕ ਵਰਤਾਰੇ (ਪਰੰਪਰਾ) ਨਾਲ ਸੰਬੰਧਾਂ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ "The Genesis of Bible is an event in church history – an event in a comparative late stage of early church history. The

[55] Ibid, p viii.
[56] Ibid, p viii
[57] Ibid, p. x

systematic theologian, in using the Bible as a source, implicitly uses church history."[58]

ਈਸਾਈ ਥਿਆਲੋਜੀ ਦਾ ਸਭਿਆਚਾਰ (Culture) ਤੱਤ ਇਸ ਨੂੰ ਅਕਾਦਮਿਕ ਅਤੇ ਬੌਧਿਕ ਅਧਿਐਨ ਦੇ ਵਿਸ਼ੇ ਦਾ ਸਰੂਪ ਦੇਂਦਾ ਹੈ। ਕੋਈ ਵੀ ਵਿਆਖਿਆਕਾਰ ਸਮਕਾਲੀ ਹਾਲਾਤ ਤੋਂ ਪੂਰੀ ਤਰ੍ਹਾਂ ਨਿਰਲੇਪ ਨਹੀਂ ਹੋ ਸਕਦਾ, ਅਚੇਤ ਜਾਂ ਸੁਚੇਤ ਰੂਪ ਵਿਚ ਸਭਿਆਚਾਰਕ ਤੱਤਾਂ ਨੇ ਲਾਜ਼ਮੀ ਸ਼ਾਮਲ ਹੋ ਜਾਣਾ ਹੁੰਦਾ ਹੈ। ਮੈਕਿਉਰੀ ਵੱਲੋਂ ਥਿਆਲੋਜੀ ਦੀ ਪਰਿਭਾਸ਼ਾ ਵਿਚ ਦਿੱਤੇ ਸ਼ਬਦ "in the clearest and most coherent language available" ਸਮਕਾਲੀ ਸਭਿਆਚਾਰ ਦੇ ਮਹੱਤਵ ਵੱਲ ਹੀ ਇਸ਼ਾਰਾ ਕਰਦੇ ਹਨ। ਉਹ ਬੜੇ ਸਪੱਸ਼ਟ ਸ਼ਬਦਾਂ ਵਿਚ ਇਸ ਦਾ ਐਲਾਨ ਕਰਦਾ ਹੈ : "Of course, the great temptation in all this is for the theologian to try to be modern for the sake of modernity, to accommodate the revelation to the mood of the time."[59] ਪਾਲ ਟਿੱਲਿਕ ਦੀ ਪਰਿਭਾਸ਼ਾ ਵਿਚ ਤਾਂ ਸਾਫ ਹੀ ਹਰ ਨਵੀਂ ਪੀੜ੍ਹੀ ਵਾਸਤੇ ਨਵੀਂ ਵਿਆਖਿਆ ਉੱਪਰ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਦਾ Eternal truth and situation ਦਾ ਸਿਧਾਂਤ ਸਭਿਆਚਾਰਕ ਮਹੱਤਵ ਨੂੰ ਉਜਾਗਰ ਕਰਦਾ ਹੈ।

ਵਿਵੇਕ (Reason) ਈਸਾਈ ਥਿਆਲੋਜੀ ਨੂੰ ਬੌਧਿਕ ਜਾਂ ਅਕਾਦਮਿਕ ਖੇਤਰ ਦੇ ਨੇੜੇ ਕਰਦਾ ਹੈ। ਲਗਭਗ ਸਾਰੇ ਵਿਦਵਾਨ ਵਿਵੇਕ ਰਾਹੀਂ ਕੁੱਝ ਚੁੱਣੇ ਹੋਏ ਤੱਤਾਂ ਦੀ ਪੜਚੋਲ ਉੱਪਰ ਸਹਿਮਤ ਹਨ। ਪਰ ਅਜੋਕੇ ਯੁੱਗ ਵਿਚ ਜਦੋਂ ਖਿਆਲੀ ਉਡਾਰੀਆਂ ਦੀ ਮਹੱਤਤਾ ਘੱਟਦੀ ਦਿਸਦੀ ਹੈ ਤਾਂ ਸਾਨੂੰ ਵਿਵੇਕ ਦੀ ਚਿੰਤਨਸ਼ੀਲਤਾ ਉੱਪਰ ਨਿਰਭਰ ਨਹੀਂ ਹੋਣਾ ਚਾਹੀਦਾ। ਮੈਕਿਉਰੀ ਇਸ ਦੇ ਹੱਲ ਵਜੋਂ ਵਿਚਕਾਰਲਾ ਰਾਹ ਅਪਨਾਉਣ ਦੀ ਸਲਾਹ ਦਿੰਦਾ ਹੈ। ਉਹ ਉਸਾਰੂ ਵਿਵੇਕ ਰਾਹੀਂ ਤਾਰਕਿਕ ਘੇਰਾ, ਸਿਧਾਂਤ ਅਤੇ ਅੰਤਰ-ਸਬੰਧਤ ਪ੍ਰਬੰਧ ਸਿਰਜਣ ਦਾ ਵਿਚਾਰ ਪੇਸ਼ ਕਰਦਾ ਹੈ ਜਿਸ ਦੇ ਲਈ ਘਟਾਓਵਾਦ ਦੀ ਬਜਾਏ ਭਾਵਨਾਮਈ ਹੰਭਲੇ ਰਾਹੀਂ ਇਸ ਘੇਰੇ ਅੰਦਰਲੇ ਤੱਤਾਂ ਦਾ ਔਸਤਨ ਸਥਾਨ ਬਣਾਇਆ ਜਾਵੇ। ਪਰ ਨਾਲ ਹੀ ਉਹ ਅਜਿਹੀ ਕੋਸ਼ਿਸ਼ ਦੀ ਵਾਰ-ਵਾਰ ਪੜਚੋਲ ਦੀ ਸਲਾਹ ਦਿੰਦਾ ਹੈ : Of course, such imaginative leaps need to be immediately tested and subject to scrutiny.

ਈਸਾਈ ਥਿਆਲੋਜੀ ਜਿਨ੍ਹਾਂ ਸੰਕਲਪਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੀ ਹੈ ਉਨ੍ਹਾਂ ਵਿਚੋਂ ਮੁੱਖ ਇਸ ਤਰ੍ਹਾਂ ਹਨ। ਪਵਿੱਤਰ ਗ੍ਰੰਥ (ਬਾਈਬਲ) ਜਿਸ ਦੇ ਅਧੀਨ ਬਾਈਬਲ ਦੇ ਇਲਹਾਮ, ਪ੍ਰੇਰਨਾ,

---

[58] Paul Tillich, *Systematic Theology*, Vol. I, p. 36.
[59] John, Macquarrie, *Principles of Christian Theology*, p. 13.

ਪ੍ਰਭੂਤਾ, ਸਿਧਾਂਤ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਥਿਆਲੋਜੀ ਦਾ ਪ੍ਰਮੁੱਖ ਭਾਗ ਸਿਧਾਂਤਕ ਹੁੰਦਾ ਹੈ ਜਿਸ ਅਧੀਨ ਪਰਮਾਤਮਾ ਦੇ ਮਾਨਵੀ ਅਤੇ ਦੈਵੀ ਗੁਣਾਂ ਦੀ ਵਿਆਖਿਆ ਕੀਤੀ ਜਾਂਦੀ ਹੈ। ਪਰਮਾਤਮਾ ਦੇ ਇੱਕ ਹੋਣ ਬਾਰੇ ਈਸਾਈ ਸਿਧਾਂਤ ਪੇਸ਼ ਕੀਤੇ ਜਾਂਦੇ ਹਨ। ਇਸਾਈ ਇੱਕ-ਈਸ਼ਵਰਵਾਦੀ ਹਨ। ਤ੍ਰਿਏਕ (Trinity) ਦਾ ਸਿਧਾਂਤ, 'ਪਿਤਾ', 'ਪੁੱਤਰ' ਅਤੇ 'ਪਵਿੱਤਰ ਆਤਮਾ' ਦੀ ਏਕਤਾ ਨੂੰ ਦ੍ਰਿੜ ਕਰਵਾਉਂਦਾ ਹੈ। ਹਜ਼ਰਤ ਈਸਾ ਦਾ ਜੀਵਨ ਸਿਧਾਂਤ, ਈਸਾ ਮਸੀਹ ਦੀ ਸਖਸ਼ੀਅਤ, ਮਸੀਹ ਦਾ ਅਵਤਾਰ ਅਤੇ ਕਾਰਜਾਂ ਬਾਰੇ ਅਧਿਐਨ ਕ੍ਰਿਸਟੋਲੋਜੀ ਦਾ ਖੇਤਰ ਹੁੰਦਾ ਹੈ।

ਇਸ ਤੋਂ ਬਿਨਾਂ ਦੈਵੀ ਹਸਤੀਆਂ ਬਾਰੇ, ਸੰਸਾਰ, ਸੰਸਾਰ ਦੀ ਰਚਨਾ, ਮਾਨਵਤਾ, ਮਾਨਵਤਾ ਦਾ ਜਨਮ, ਮੌਤ ਉਪਰੰਤ ਜੀਵਨ, ਨਰਕ, ਸਵਰਗ, ਮੁਕਤੀ, ਪਾਪ ਅਤੇ ਬਦੀ, ਪਰਮਾਤਮਾ ਵੱਲੋਂ ਬਦੀ ਨੂੰ ਦਿੱਤੀ ਖੁਲ ਅਤੇ ਈਸਾਈ ਚਰਚ ਦੇ ਉਦੇਸ਼, ਕਾਰਜ ਅਤੇ ਅਧਿਕਾਰ ਬਾਰੇ ਅਧਿਐਨ ਨੂੰ ਈਸਾਈ ਥਿਆਲੋਜੀ ਦੇ ਘੇਰੇ ਵਿਚ ਰੱਖਿਆ ਜਾਂਦਾ ਹੈ।

**ਇਲਮ-ਅਲ-ਕਲਾਮ :** ਇਸਲਾਮ ਧਰਮ ਵਿਚ, 'ਧਰਮ-ਸ਼ਾਸਤਰ' ਨਾਲ ਮਿਲਦਾ-ਜੁਲਦਾ ਸੰਕਲਪ 'ਇਲਮ-ਅਲ-ਕਲਾਮ' ਹੈ ਜੋ ਕਿ ਵਿਲੱਖਣ ਸਰੂਪ ਅਤੇ ਅਮਲ ਦਾ ਧਾਰਨੀ ਹੈ। ਇਸਲਾਮ ਧਰਮ ਵਿਚ ਮਨੁੱਖ ਨੂੰ ਗਿਆਨ ਹਾਸਿਲ ਕਰਨ ਅਤੇ ਉਸ ਉੱਪਰ ਅਮਲ ਕਰਨ ਲਈ ਵਾਰ-ਵਾਰ ਪ੍ਰੇਰਨਾ ਕੀਤੀ ਗਈ ਹੈ। ਸੱਯਦ ਅਮੀਰ ਅਲੀ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਆਮ ਕਿਹਾ ਕਰਦੇ ਸਨ 'ਵਿਦਵਾਨ ਦੀ ਸਿਆਹੀ ਸ਼ਹੀਦ ਦੇ ਖ਼ੂਨ ਨਾਲੋਂ ਵੱਧ ਪਵਿੱਤਰ ਹੈ, ਆਪ ਵਾਰ-ਵਾਰ ਗਿਆਨ ਦੀ ਖੋਜ ਲਈ ਪ੍ਰੇਰਨਾ ਕਰਦਿਆਂ ਕਹਿੰਦੇ ਸਨ ਕਿ ਇਲਮ ਹਾਸਿਲ ਕਰੋ ਭਾਵੇਂ ਉਸ ਲਈ ਚੀਨ ਤੱਕ ਵੀ ਜਾਣਾ ਪਵੇ।'[60] ਦੂਜੇ ਪਾਸੇ ਇਸਲਾਮ ਵਿਚ ਚਾਨਣ ਵਿਹੂਣੇ ਅਤੇ ਦਿਸ਼ਾਹੀਨ ਦਾਰਸ਼ਨਿਕ ਗਿਆਨ ਤੋਂ ਵਰਜਿਆ ਗਿਆ ਹੈ।[61] ਦਰਸ਼ਨ ਸਿੰਘ ਨੇ 'ਇਲਮ-ਅਲ-ਕਲਾਮ' ਨੂੰ 'ਥਿਆਲੋਜੀ' ਦਾ ਸਮਅਰਥੀ ਸ਼ਬਦ ਦੱਸਦਿਆਂ ਇਸ ਦੇ ਅਰਥਾਂ ਉੱਪਰ ਰੌਸ਼ਨੀ ਪਾਈ ਹੈ- "ਕਲਾਮ ਦਾ ਅਰਥ 'ਸ਼ਬਦ' ਹੈ ਅਤੇ ਇਲਮ ਦਾ ਅਰਥ ਗਿਆਨ। 'Ilm-al-Kalam' ਦਾ ਭਾਵ ਉਹ ਗਿਆਨ ਹੋਇਆ ਜੋ ਰੱਬੀ ਸ਼ਬਦ ਦੇ ਅਰਥਾਂ ਨੂੰ ਪ੍ਰਗਟ ਕਰੇ।"[62]

Shorter Encyclopedia of Islam ਅਨੁਸਾਰ 'ਕਲਾਮ' ਦਾ ਅਰਥ 'ਵਿਦਵਤਾ ਪੂਰਨ ਧਰਮ-ਸ਼ਾਸਤਰ' ਹੈ ਅਤੇ 'ਕਲਾਮ' ਦੇ ਇਹ ਅਰਥ ਇਸ ਦੇ ਸ਼ਾਬਦਿਕ ਅਰਥਾਂ ਨਾਲੋਂ ਪਰੰਪਰਾਗਤ ਅਰਥ

---

[60] Syed Ameer Ali, *The Spirit of Islam,* Delhi: Low Price Publication, 1990, p 361.
[61] Ibid, p 362.
[62] ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਨਾ 97.

ਵਧੇਰੇ ਹਨ।'[63] Oxford Dictionary of Islam ਅਨੁਸਾਰ "Philosophical, rational or mystical discussions of revealed truths. Called 'disputation' (Kalam) in Arabic. Theological controversies in Islam focus on seven major issues : the concept of God; ontological and cosmological proofs of God's existence; the cosmology of the relationship between God and the world; the ethics of theodicy of God's order with respect of freewill, determinism, fate, good, evil, punishment and reward; the pragmatics of the language of religion and the peculiar function of the faculty of imagination that special to prophet, mystics, and prophet-statesmen; the relationship between reason and revelation; and the politics of the application of divine rule to community."[64] ਇਲਮ-ਅਲ-ਕਲਾਮ ਦੀ ਉਸਾਰੀ ਲਈ ਅਧਾਰ ਤੱਤ ਵਜੋਂ ਸਭ ਤੋਂ ਵੱਧ ਮਹੱਤਵ ਕੁਰਾਨ ਸ਼ਰੀਫ ਦਾ ਹੈ। ਹਜ਼ਰਤ ਮੁਹੰਮਦ ਸਾਹਿਬ ਦੇ ਅਮਲੀ ਜੀਵਨ ਦੀਆਂ ਯਾਦਾਂ ਭਾਵ 'ਹਦੀਸਾਂ' ਅਤੇ ਇਸਲਾਮਕ ਭਾਈਚਾਰੇ ਦੀ ਸਮੂਹਕ ਰਾਏ ਨੂੰ ਵੀ ਮਹੱਤਵ ਦਿੱਤਾ ਜਾਂਦਾ ਹੈ। ਇਸਲਾਮਿਕ ਵਿਦਵਾਨਾਂ ਨੇ ਇਲਮ-ਅਲ-ਕਲਾਮ ਨੂੰ ਤਿੰਨ ਭਾਗਾਂ- ਤੌਹੀਦ, ਨੋਬੁੱਵਤ ਅਤੇ ਮਆਦ ਵਿਚ ਵੰਡਿਆ ਹੈ।

ਤੌਹੀਦ ਸ਼ਬਦ ਦਾ ਨਿਕਾਸ ਅਰਬੀ ਭਾਸ਼ਾ ਦੇ ਵਾਹਿਦ ਸ਼ਬਦ ਤੋਂ ਹੋਇਆ ਮੰਨਿਆ ਗਿਆ ਹੈ ਜਿਸ ਦੇ ਅਰਥ ਹਨ 'ਅੱਲਾ ਇੱਕ ਹੈ ਅਤੇ ਉਸ ਤੋਂ ਬਿਨਾਂ ਦੂਜਾ ਕੋਈ ਨਹੀਂ, ਨਾ ਹੀ ਉਸ ਦਾ ਕੋਈ ਸਹਿਯੋਗੀ ਹੈ, ਅੱਲਾ ਨਿਰੰਕੁਸ਼ ਹੈ, ਵਿਰੋਧੀ ਅਤੇ ਵਿਰੋਧ ਤੋਂ ਰਹਿਤ ਹੈ, ਨਾ ਹੀ ਕੋਈ ਉਸ ਦੇ ਬਰਾਬਰ ਹੈ ਅਤੇ ਨਾ ਹੀ ਕੋਈ ਉਸ ਨੂੰ ਵੰਗਾਰ ਸਕਦਾ ਹੈ।'[65] 'ਤੌਹੀਦ' ਇਸਲਾਮ ਦਾ ਕੇਂਦਰੀ ਧੁਰਾ ਹੈ। ਕੁੱਝ ਵਿਦਵਾਨ 'ਇਲਮ-ਅਲ-ਕਲਾਮ' ਨੂੰ 'ਇਲਮ-ਅਲ-ਤੌਹੀਦ' ਹੀ ਆਖਦੇ ਹਨ।[66] Ilzamudin ma'mur ਦੇ ਮੱਤ ਅਨੁਸਾਰ ਪੈਗੰਬਰ ਮੁਹੰਮਦ ਸਾਹਿਬ ਨੇ ਇੱਕ ਸਰਬਸ਼ਕਤੀਮਾਨ ਅੱਲਾਹ ਦੇ ਸਿਧਾਂਤ ਉੱਪਰ ਸਭ ਤੋਂ ਜ਼ਿਆਦਾ ਜ਼ੋਰ ਦਿੱਤਾ ਹੈ।[67] ਇਸਲਾਮ ਦਾ ਮੁੱਢਲਾ ਅਤੇ ਮਹੱਤਵਪੂਰਨ ਵਿਸ਼ਵਾਸ ਕਲਮਾ 'ਲਾ ਇਲਾ ਹਾ ਇੱਲਲਾਹ' ਹੈ ਜਿਸ ਦੇ ਅਰਥ ਹਨ : ਅੱਲਾਹ ਤੋਂ ਬਿਨਾਂ ਹੋਰ ਕੋਈ ਰੱਬ (gods) ਨਹੀਂ। ਤੌਹੀਦ ਦੇ

---

63 H.A.R.Gibb and J.H. Kramer (Ed.) *Shorter Encyclopeadia of Islam,* Netherland: E.J.Brill,1953, p 210.

64 John L. Esposito (Edit.), *The Oxford Dictionary of Islam,* Oxford University Press, 2003. Theology.

65 'The concept of Tawhid in sunni Islam', Ilzamudin Ma'mur, *Hamdard Islamicus,* Sadia Rashid(Edt.), Vol. XXV, No. 2, Nazimabad ( Pakistan), Year 2011, p 36.

66 Ibid

67 Ibid, p 35.

ਮਹੱਤਵ ਬਾਰੇ ਗੁਲਵੰਤ ਸਿੰਘ ਦਾ ਮੱਤ ਹੈ "ਇਲਾਹੀ ਤੌਹੀਦ ਦਾ ਸੰਕਲਪ ਇਮਾਨ ਦਾ ਸਭ ਤੋਂ ਵੱਡਾ ਪੱਖ ਹੈ। ਵਾਸਤਵ ਵਿਚ ਮੁਸਲਮਾਨੀ ਧਰਮ-ਸ਼ਾਸਤਰ ਦੇ ਨੱਬੇ ਪ੍ਰਤਿਸ਼ਤ ਭਾਗ ਵਿਚ ਖ਼ੁਦਾ ਸੰਬੰਧੀ ਹੀ ਚਰਚਾ ਹੈ।"[68] ਤੌਹੀਦ ਵਿਚ ਅੱਲਾਹ ਦੀਆਂ 99ਵੇ ਸਿਫਤਾਂ/ਨਾਂਵਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਅੱਲਾਹ ਦੇ ਇਹ ਸਾਰੇ ਨਾਂ/ਸਿਫਤਾਂ ਉਸ ਦੇ ਇੱਕ ਹੋਣ ਦੀ ਗਵਾਹੀ ਭਰਦੇ ਹਨ ਪਰ ਫੇਰ ਵੀ ਇਨ੍ਹਾਂ ਵਿਚੋਂ ਅਲ-ਵਾਹੀਦ (The One), ਅਲ-ਮਤੀਨ (The Firm One) ਅਤੇ ਅਲ-ਅੱਵਲ (The First) ਉਚੇਚੇ ਤੌਰ ਤੇ ਉਸ ਦੀ ਏਕਤਾ ਨੂੰ ਹੀ ਦਰਸਾਉਂਦੇ ਹਨ।

ਨੋਬੁਵਤ ਦਾ ਸੰਬੰਧ ਨਬੀਆਂ ਦੇ ਸਿਧਾਂਤ ਨਾਲ ਹੈ। ਇਸਲਾਮ ਸਿਰਫ ਮੁਹੰਮਦ ਸਾਹਿਬ ਨੂੰ ਹੀ ਆਪਣਾ ਨਬੀ ਨਹੀਂ ਮੰਨਦਾ ਸਗੋਂ ਅੱਲਾ ਵਲੋਂ ਕੁਦਰਤ ਦੀ ਰਚਨਾ ਦੇ ਦਿਨ ਤੋਂ ਮੁਹੰਮਦ ਸਾਹਿਬ ਦੇ ਸਮੇਂ ਤੱਕ ਜਿੰਨੇ ਨਬੀ ਮਨੁੱਖਤਾ ਦੀ ਅਗੁਵਾਈ ਲਈ ਥਾਪੇ ਗਏ ਹਨ ਉਨ੍ਹਾਂ ਸਭ ਦਾ ਸਤਿਕਾਰ ਕਰਦਾ ਹੈ। ਇਬਰਾਹੀਮ, ਇਸਹਾਕ, ਯਾਕੂਬ ਅਤੇ ਇਸਮਾਇਲ ਆਦਿ ਨਬੀਆਂ ਦੇ ਨਾਲ-ਨਾਲ ਯਹੂਦੀ ਅਤੇ ਈਸਾਈ ਧਰਮ ਦੇ ਬਾਨੀ ਹਜਰਤ ਮੂਸਾ ਅਤੇ ਹਜਰਤ ਈਸਾ ਵੀ ਨਬੀਆਂ ਦੀ ਇਸ ਗਿਣਤੀ ਵਿਚ ਸ਼ਾਮਿਲ ਹਨ। ਇਸਲਾਮ ਅਨੁਸਾਰ ਸੰਸਾਰ ਦਾ ਪਹਿਲਾ ਨਬੀ ਆਦਮ ਨੂੰ ਅਤੇ ਆਖਰੀ ਨਬੀ ਮੁਹੰਮਦ ਸਾਹਿਬ ਨੂੰ ਮੰਨਿਆ ਜਾਂਦਾ ਹੈ। ਹਜਰਤ ਮੁਹੰਮਦ ਸਾਹਿਬ ਤੋਂ ਬਾਅਦ ਹੋਰ ਨਬੀ ਦੇ ਆਉਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਕੁਰਾਨ ਮਜੀਦ ਦੇ ਰੂਪ ਵਿਚ ਅੱਲਾ ਨੇ ਸਰਬੋਤਮ ਗਿਆਨ ਮਨੁੱਖ ਨੂੰ ਸੌਂਪ ਦਿੱਤਾ ਹੈ।

ਮਆਦ ਦਾ ਅਰਥ ਹੈ 'ਮੁੜ ਆਉਣਾ'। ਇਸਲਾਮਕ ਵਿਸ਼ਵਾਸ ਅਨੁਸਾਰ ਕਿਆਮਤ ਦੇ ਦਿਨ ਅੱਲਾ ਮੁਰਦਿਆਂ ਨੂੰ ਕਬਰਾਂ ਵਿਚੋਂ ਉਠਾ ਕੇ ਮੁੜ ਜਿੰਦਾ ਕਰੇਗਾ ਅਤੇ ਉਨ੍ਹਾਂ ਦੇ ਕੀਤੇ ਹੋਏ ਕਰਮਾਂ ਦੇ ਹਿਸਾਬ ਨਾਲ ਸਜ਼ਾ ਜਾਂ ਇਨਾਮ ਦੇਵੇਗਾ। ਕੁਰਾਨ ਮਜੀਦ ਵਿਚ 'ਸੂਰਤ ਅਲ-ਕਿਯਾਮਾ' ਰਾਹੀਂ ਕਯਾਮਤ ਦੇ ਦਿਨ ਹੋਣ ਵਾਲੇ ਨਿਆਂ ਬਾਰੇ ਦੱਸਿਆ ਗਿਆ ਹੈ।[69]

ਸ਼ੀਆ ਮੁਸਲਮਾਨਾਂ ਵਿਚ ਉਪਰੋਕਤ ਤੋਂ ਇਲਾਵਾ 'ਈਮਾਮਤ' ਨੂੰ ਵੀ 'ਇਲਮ-ਅਲ-ਕਲਾਮ' ਦਾ ਹਿੱਸਾ ਮੰਨਿਆ ਜਾਂਦਾ ਹੈ ਜਿਸ ਅਨੁਸਾਰ ਇਮਾਮ ਨੂੰ ਧਾਰਮਿਕ ਆਗੂ ਦੀ ਹੈਸੀਅਤ ਹਾਸਿਲ ਹੈ ਪਰ ਉਹ ਨਾ ਤਾਂ ਨਵਾਂ ਧਰਮ ਚਲਾ ਸਕਦਾ ਹੈ ਅਤੇ ਨਾ ਹੀ ਅੱਲਾ ਨਾਲ ਉਸ ਦੀ ਗੱਲਬਾਤ ਹੋ ਸਕਦੀ ਹੈ। ਇਸ ਦੇ ਅੱਗੇ ਤਿੰਨ ਫਿਰਕੇ ਬਣਦੇ ਹਨ - ਇਮਾਮੀਆ, ਜੈਦੀਆ ਅਤੇ ਇਸਮਾਇਲੀ।

ਇਲਮ-ਅਲ-ਕਲਾਮ ਦਾ ਸਫਰ ਬੜਾ ਵਿਰੋਧਾਂ ਅਤੇ ਮੁਸ਼ਕਿਲਾਂ ਨਾਲ ਭਰਿਆ ਰਿਹਾ ਹੈ। ਕਲਾਮ

---

68 ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2004, ਪੰਨਾ 19.

69 ਸੱਯਦ ਅਬੁਲ ਆਲਾ ਮੌਦੂਦੀ (ਟੀਕਾ.), ਰਮਜ਼ਾਨ ਸਈਦ (ਅਨੁ.), ਕੁਰਾਨ ਮਜੀਦ,*ਸੂਰਤ ਅਲ-ਕਿਯਾਮਾ*, ਪੰਨਾ 1079.

ਦੀ ਇੱਕ ਸ਼ਾਖਾ ਕੁਰਾਨ ਵਿਚ ਅੱਲਾ ਦੀਆਂ ਦੱਸੀਆਂ ਗਈਆਂ ਸਿਫਤਾਂ/ਗੁਣਾਂ ਨੂੰ ਉਨ੍ਹਾਂ ਦੇ ਸਥੂਲ ਅਰਥਾਂ ਵਿਚ ਮੰਨਣ ਲਈ ਬਜਿਦ ਸੀ। ਦੂਜੇ ਪਾਸੇ ਮੁਤਜ਼ੱਲੀਜ਼ (Mu‘tazilites) ਸ਼ਾਖਾ ਦੇ ਵਿਦਵਾਨ ਅੱਲਾ ਦੀ ਏਕਤਾ ਨੂੰ ਪ੍ਰਮੁੱਖ ਦੱਸਦਿਆਂ ਉਸ ਦੇ 'ਤੱਤ ਸਰੂਪ' ਨੂੰ ਹੀ ਮੰਨਦੇ ਸਨ। 'ਕੁਰਾਨ ਸ਼ਰੀਫ' ਅੱਲਾ ਦੀ ਉਚਾਰੀ ਕਿਰਤ ਹੋਣ ਦੇ ਵਿਚਾਰ ਤੇ ਉਨ੍ਹਾਂ ਦਾ ਪਰੰਪਰਾਵਾਦੀਆਂ ਨਾਲ ਟਕਰਾਅ ਹੋ ਗਿਆ। ਮੁਤਜ਼ੱਲੀਜ਼ ਅਨੁਸਾਰ ਅੱਲਾ ਦੀਆਂ ਸਿਫਤਾਂ ਜਿਵੇਂ ਬੋਲਣਾ, ਸੁਣਨਾ, ਵੇਖਣਾ ਆਦਿ ਗੁਣਾਂ ਦਾ ਆਰੋਪਣ ਕਰਨ ਨਾਲ ਅੱਲਾ ਭੌਤਿਕ ਸਰੀਰ ਵਾਲਾ ਸਾਬਤ ਹੋ ਜਾਵੇਗਾ। ਇਸ ਤਰ੍ਹਾਂ ਅੱਲਾ ਦੇ ਸਰੂਪ ਅਤੇ ਕੁਰਾਨ ਸ਼ਰੀਫ ਦੇ ਇਲਹਾਮੀ ਹੋਣ ਸੰਬੰਧੀ ਸ਼ੰਕਿਆਂ ਦੇ ਹੱਲ ਲਈ ਉੱਘੇ ਵਿਦਵਾਨ ਅਲ-ਅਸ਼ਅਰੀ[70] ਨੇ ਚਾਲੀ ਸਾਲ ਦੀ ਉਮਰ ਵਿਚ ਮੁਤਜ਼ੱਲੀਵਾਦ ਨੂੰ ਛੱਡ ਕੇ ਪਰੰਪਰਾਵਾਦੀ ਇਸਲਾਮਿਕ ਇਲਮ-ਅਲ-ਕਲਾਮ ਵੱਲ ਰੁਖ ਕੀਤਾ। ਉਨ੍ਹਾਂ ਅਨੁਸਾਰ ਅੱਲਾ ਦੀਆਂ ਸਿਫਤਾਂ ਨੂੰ ਭੌਤਿਕ ਅਰਥਾਂ ਵਿਚ ਨਹੀਂ ਸਮਝਣਾ ਚਾਹੀਦਾ ਪਰ ਉਹ ਅੱਲਾ ਤੋਂ ਵੱਖ ਵੀ ਨਹੀਂ ਹਨ।[71]

**'ਗੁਰ ਦਰਸ਼ਨ' :** ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ (1469-1539 ਈ.) ਨੇ ਰੱਖੀ ਅਤੇ ਨੌਂ ਗੁਰੂ ਸਾਹਿਬਾਨ ਅੰਗਦ ਦੇਵ ਜੀ, ਅਮਰ ਦਾਸ ਜੀ, ਰਾਮ ਦਾਸ ਜੀ, ਅਰਜਨ ਦੇਵ ਜੀ, ਹਰਿ ਗੋਬਿੰਦ ਜੀ, ਹਰਿ ਰਾਏ ਜੀ, ਹਰਿ ਕ੍ਰਿਸ਼ਨ ਜੀ, ਤੇਗ ਬਹਾਦਰ ਜੀ ਅਤੇ ਗੋਬਿੰਦ ਸਿੰਘ ਨੇ ਇਸ ਦੀ ਸੰਪੂਰਨਤਾ ਵਿਚ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ 1708 ਈ. ਵਿਚ ਗੁਰੂ ਪਦਵੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨੂੰ ਸੌਂਪ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਚਾਰ ਦਿਸ਼ਾਵਾਂ ਵੱਲ ਚਾਰ ਉਦਾਸੀਆਂ ਕਰਕੇ ਸੰਸਾਰ ਸਾਹਮਣੇ ਅਕਾਲ ਪੁਰਖ ਵੱਲੋਂ ਬਖਸ਼ਿਆ ਮੱਤ ਪੇਸ਼ ਕੀਤਾ ਅਤੇ ਵੱਖ-ਵੱਖ ਧਰਮਾਂ ਦੇ ਅਨੁਯਾਈਆਂ ਨਾਲ ਸੰਵਾਦ ਰਚਾਇਆ। 'ਸਿਧ ਗੋਸ਼ਟਿ' ਬਾਣੀ ਵਿਚ ਸਿਧਾਂ ਵੱਲੋਂ ਉਦਾਸੀ ਦਾ ਕਾਰਨ ਪੁਛੇ ਜਾਣ ਤੇ ਗੁਰੂ ਜੀ ਦਾਰਸ਼ਨਿਕ ਸੰਵਾਦ ਨੂੰ ਆਪਣੀਆਂ ਉਦਾਸੀਆਂ ਦਾ ਮਨੋਰਥ ਦੱਸਦੇ ਹਨ :

ਗੁਰਮੁਖਿ ਖੋਜਤ ਭਏ ਉਦਾਸੀ॥ ਦਰਸਨ ਕੈ ਤਾਈ ਭੇਖ ਨਿਵਾਸੀ॥
ਸਾਚ ਵਖਰ ਕੇ ਹਮ ਵਣਜਾਰੇ॥ ਨਾਨਕ ਗੁਰਮੁਖਿ ਉਤਰਸਿ ਪਾਰੇ॥[72]

ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਉਨ੍ਹਾਂ ਦੇ ਸੰਵਾਦੀ ਢੰਗ ਤੋਂ ਹੀ 'ਗੁਰ ਦਰਸ਼ਨ' ਦੇ ਨਵੇਕਲੇ ਸਰੂਪ ਦਾ ਮੁੱਢ ਬੱਝਾ ਹੈ। ਇਹ ਅਮਲ ਨੌ ਗੁਰੂ ਸਾਹਿਬ ਦੇ ਸਮੇਂ ਅਤੇ ਉਨ੍ਹਾਂ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ

---

[70] ਅਬੂ ਅਲ-ਹਸਨ ਅਲੀ ਬਿਨ ਇਸਮਾਈਲ ਅੱਲ-ਅਸ਼ਾਅਰੀ (873 A.D – 941 A.D)
[71] 'The concept of Tawhid in sunni Islam', Ilzamudin Ma‘mur, *Hamdard Islamicus,* Vol. XXV, No. 2, Year 2011, p 37.
[72] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਰਾਮਕਲੀ ਮਹਲਾ ੧ ਸਿਧ ਗੋਸਟਿ,* ਪੰਨਾ 939.

ਦੀ ਛਤਰ-ਛਾਇਆ ਹੇਠ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਜਾਰੀ ਹੈ।

ਸਿੱਖ ਧਰਮ ਦੇ ਨਿਯਮਾਂ ਦਾ ਸਰਬੋਤਮ ਸ਼ਾਸਤਰ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮੂਲ ਸਰੂਪ ਆਤਮਾ-ਪਰਮਾਤਮਾ ਦੇ ਵਿਯੋਗ ਅਤੇ ਮਿਲਾਪ ਦੇ ਗੀਤਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹ ਬਾਣੀ, ਸ਼ਾਸਤਰ ਦੀ ਤਾਰਕਿਕ ਸ਼ਬਦਾਵਲੀ ਦੀ ਬਜਾਏ ਰਾਗਬੱਧ ਅਤੇ ਰਸ ਭਰਪੂਰ ਵਧੇਰੇ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਜੁਗਤ ਧਰਮ-ਸ਼ਾਸਤਰ ਦੇ ਵਿਧੀਪੂਰਨ ਸਰੂਪ ਦੀ ਅਨੁਸਾਰੀ ਨਹੀਂ ਹੈ ਪਰ ਇਸ ਬਾਣੀ ਵਿਚੋਂ ਸਿੱਖ ਧਰਮ ਦੇ ਪਰਮਾਤਮਾ, ਕੁਦਰਤ ਅਤੇ ਮੁਕਤੀ ਸੰਬੰਧੀ ਬੜੇ ਸਪੱਸ਼ਟ ਸਿਧਾਂਤ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਵਿਧੀਪੂਰਨ ਅਤੇ ਤਾਰਕਿਕ 'ਗੁਰ ਦਰਸ਼ਨ' ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਤਮ ਪ੍ਰਮਾਣ ਹੈ। ਭਗਤ ਕਬੀਰ ਜੀ 'ਬਾਣੀ' ਦੇ ਇਸ ਵਿਸ਼ੇਸ਼ ਗੁਣ ਵੱਲ ਇਸ਼ਾਰਾ ਕਰਦੇ ਹੋਏ ਦੱਸਦੇ ਹਨ :

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥[73]

ਤਾਰਨ ਸਿੰਘ ਦੇ ਮੱਤ ਅਨੁਸਾਰ ਗੁਰਬਾਣੀ ਦੀ ਪਹਿਲੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਬਾਣੀ ਰਾਹੀਂ ਹੀ ਹੋਈ ਹੈ। ਉਨ੍ਹਾਂ ਨੇ ਬਾਣੀ ਰਾਹੀਂ ਬਾਣੀ ਦੀ ਵਿਆਖਿਆ ਨੂੰ 'ਸਹਿਜ ਪ੍ਰਣਾਲੀ' ਦਾ ਨਾਂ ਦਿੱਤਾ ਹੈ।[74] ਦਰਸ਼ਨ ਸਿੰਘ ਗੁਰਬਾਣੀ ਦੇ ਹਵਾਲੇ ਨਾਲ 'ਸਿੱਖੀ ਸਿਧਾਂਤ' ਦੀ ਵਿਆਖਿਆ ਲਈ ਪਰੰਪਰਾ ਵਿਚ ਪ੍ਰਾਪਤ ਸ਼ਬਦ 'ਸਿੱਖੀ', 'ਗੁਰਮਤਿ', 'ਗੁਰ ਸਿੱਖੀ', 'ਗੁਰ ਦਰਸ਼ਨ' ਆਦਿ ਦੱਸਦੇ ਹਨ ਜੋ ਸਿੱਖ ਵਿਸ਼ਵ ਦ੍ਰਿਸ਼ਟੀ ਦੇ ਵਾਚਕ ਅਤੇ ਵਿਆਖਿਆਕਾਰ ਵਜੋਂ ਵਰਤੇ ਗਏ ਹਨ।'[75] ਵਜ਼ੀਰ ਸਿੰਘ 'ਗੁਰਮਤਿ' ਦੇ ਅਰਥ ਦੱਸਦਿਆਂ ਲਿਖਦੇ ਹਨ "ਇਹ ਸਿੱਖ ਚਿੰਤਨ ਅਤੇ ਵਿਹਾਰ ਦੇ ਸਿਧਾਂਤਕ, ਮਰਯਾਦਕ ਤੇ ਆਦੇਸ਼ਾਤਮਕ ਪਹਿਲੂਆਂ ਨੂੰ ਕਲਾਵੇ ਵਿਚ ਲੈਂਦਾ ਹੈ। ਜਿਨ੍ਹਾਂ ਸੰਕਲਪਾਂ ਉੱਤੇ ਇਹ ਸ਼ਬਦ ਲਾਗੂ ਹੁੰਦਾ ਹੈ, ਮੁਖ ਰੂਪ ਵਿਚ ਉਨ੍ਹਾ ਦਾ ਸੰਬੰਧ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ, ਨਿਯਮਾਂ ਅਤੇ ਮੀਮਾਂਸਿਕ ਢਾਂਚੇ ਨਾਲ ਹੈ, ਜੋ ਕਿ ਗੁਰੂ ਨਾਨਕ ਅਤੇ ਉਨ੍ਹਾਂ ਦੇ ਨੌਂ ਉੱਤਰ-ਅਧਿਕਾਰੀਆਂ ਦੀ ਸਿੱਖਿਆ ਉੱਤੇ ਆਧਾਰਿਤ ਹਨ। ਨਾਲ ਹੀ ਇਹ ਸ਼ਬਦ ਸਿੱਖ ਜੀਵਨ-ਜਾਚ ਦੇ ਵਿਅਕਤੀਗੱਤ ਤੇ ਸਮੂਹਕ ਪੱਖਾਂ ਉੱਤੇ ਵੀ ਲਾਗੂ ਹੁੰਦਾ ਹੈ, ਜੋ ਕਿ ਸਮੁੱਚੇ ਤੌਰ ਤੇ ਸਿੱਖ ਇਤਿਹਾਸ ਦੀਆਂ ਪੰਜ ਸਦੀਆਂ ਵਿਚ ਵਿਕਸਿਤ ਹੋਈ ਪਰੰਪਰਾ ਦੇ ਅਨੁਸਾਰੀ ਹਨ। ਇਨ੍ਹਾਂ ਤੋਂ ਬਿਨਾਂ ਗੁਰਮਤਿ ਉਨ੍ਹਾਂ ਸੰਸਥਾਵਾਂ ਵੱਲ ਸੰਕੇਤ ਕਰਦੀ ਹੈ, ਜੋ ਗੁਰੂ ਸਾਹਿਬਾਨ ਅਤੇ ਸਿੱਖ

---

[73] ਉਹੀ, *ਗਉੜੀ* (ਕਬੀਰ ਜੀ), ਪੰਨਾ 335.
[74] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1980, ਪੰਨਾ 23.
[75] ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਨਾ 99.

ਭਾਈਚਾਰੇ ਨੇ ਸ਼ਰਧਾਵਾਨ ਵਿਅਕਤੀਆਂ ਦੀ ਨਿਤਾ-ਪ੍ਰਤੀ ਸੇਧ ਹਿਤ ਕਾਇਮ ਕੀਤੀਆਂ ਹਨ।"[76]

ਸ੍ਰੀ ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ 'ਗੁਰਮਤਿ' ਦੇ ਦੋ ਅਰਥ ਹਨ "ਪਹਿਲਾ ਅਰਥ ਹੈ - ਗੁਰੂ ਦੀ ਮਤਿ, ਗੁਰੂ ਦੀ ਰਾਏ, ਗੁਰੂ ਦੀ ਨਸੀਹਤ, ਗੁਰੂ ਦੀ ਸੰਮਤੀ। ਗੁਰਮਤਿ ਦਾ ਦੂਜਾ ਅਰਥ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸਿਧਾਂਤ।"[77] ਮਹਾਨ ਕੋਸ਼ ਅਨੁਸਾਰ 'ਗੁਰ ਦਰਸ਼ਨ' ਸ਼ਬਦ ਦਾ ਅਰਥ ਹੈ "ਗੁਰੁਸ਼ਾਸਤ੍ਰ. ਸਿੱਖ ਧਰਮ ਦੇ ਨਿਯਮਾਂ ਦਾ ਪ੍ਰਕਾਸ਼ਕ ਸ਼ਾਸਤ੍ਰ. ਸਤਿਗੁਰੂ ਦਾ ਦੀਦਾਰ."[78] ਵਜੀਰ ਸਿੰਘ 'ਗੁਰ ਦਰਸ਼ਨ' ਬਾਰੇ ਦੱਸਦੇ ਹਨ "ਗੁਰਮਤਿ ਦਾ ਜੋ ਭਾਗ ਪ੍ਰਥਮ ਤੌਰ 'ਤੇ ਸਿੱਖ ਧਰਮ ਦੇ ਸਿਧਾਂਤਕ ਮਸਲਿਆਂ ਨਾਲ ਸੰਬੰਧਿਤ ਹੈ, ਉਸ ਨੂੰ ਗੁਰ-ਦਰਸ਼ਨ (ਭਾਵ ਗੁਰੂ ਦਾ ਫਲਸਫ਼ਾ) ਕਿਹਾ ਜਾਂਦਾ ਹੈ। ਤਕਨੀਕੀ ਸ਼ਬਦਾਂ ਵਿਚ ਗੁਰਦਰਸ਼ਨ ਹੀ ਸਿੱਖ ਮਤ ਦਾ ਧਰਮ-ਮੀਮਾਂਸਾ (ਥੀਆਲੋਜੀ) ਹੈ, ਕਿਉਂਕਿ ਗੁਰਦਰਸ਼ਨ ਨੇ ਗੁਰੂ ਸਾਹਿਬਾਨ ਦੀ ਸਿੱਖਿਆ ਨਾਲ ਜੁੜੀਆਂ ਹੋਈਆਂ ਸਿਧਾਂਤਕ ਸਮੱਸਿਆਵਾਂ ਦੀ, ਵਿਧੀ ਬੱਧ ਢੰਗ ਨਾਲ, ਵਿਆਖਿਆ ਅਤੇ ਵਕਾਲਤ ਦਾ ਕਾਰਜ ਆਪਣੇ ਜ਼ਿਮੇਂ ਓਟ ਲਿਆ ਹੈ। ਇਹ ਸਿੱਖ ਚਿੰਤਨ ਦੇ ਹੱਕ ਵਿਚ ਦਲੀਲਾਂ ਪੇਸ਼ ਕਰਦਾ ਹੈ, ਜਿਸ ਦਾ ਉਦੇਸ਼ ਸਿੱਖੀ ਨੂੰ ਧਾਰਮਿਕ ਫ਼ਲਸਫ਼ੇ ਦੇ ਰੂਪ ਵਿਚ ਦਰਸਾਂਦਿਆਂ, ਇਸ ਦੀ ਉੱਤਮਤਾ ਸਥਾਪਿਤ ਕਰਨੀ ਹੈ, ਬਿਨਾਂ ਕਿਸੇ ਹੋਰ ਧਰਮ-ਪ੍ਰਣਾਲੀ ਦੀ ਨਖੇਧੀ ਕਰਨ ਦੇ। ਇਸ ਦੀ ਸਮੀਖਿਅਕ ਪਹੁੰਚ ਹੋਰਨਾ ਧਰਮਾਂ ਦੇ ਨਿਰੋਲ ਮਿਥਕ, ਵਹਿਮ-ਭਰਮੀ ਤੇ ਕਰਮ-ਕਾਂਡੀ ਪੱਖਾਂ ਨੂੰ ਰੱਦ ਕਰਨ ਤੱਕ ਸੀਮਤ ਹੈ, ਜੋ ਕਿ ਗੁਰਮਤਿ ਅਨੁਸਾਰ ਅਪਨਾਉਣ ਯੋਗ ਨਹੀਂ ਹਨ। ਗੁਰਦਰਸ਼ਨ ਦੀ ਰਚਨਾਤਮਕ ਪਹੁੰਚ ਵਿਚ ਸਾਰੀਆਂ ਧਾਰਮਿਕ ਪਰੰਪਰਾਵਾਂ ਵਿਚ ਪ੍ਰਾਪਤ ਨੈਤਿਕ-ਅਧਿਆਤਮਿਕ ਅਗਵਾਈ ਦਾ ਸਤਿਕਾਰ ਸ਼ਾਮਿਲ ਹੈ, ਜਿਸ ਦਾ ਉਦੇਸ਼ ਮਨੁੱਖੀ ਭਲਾਈ ਤੇ ਕਲਿਆਣ ਹਿਤ ਕਾਰਜਸ਼ੀਲ ਹੋਣਾ ਹੈ।"[79]

ਉਪਰੋਕਤ ਪਰਿਭਾਸ਼ਾਵਾਂ ਵਿਚ ਦਰਸ਼ਨ ਸਿੰਘ ਜਿਥੇ 'ਗੁਰਮਤਿ' ਅਤੇ 'ਗੁਰ ਦਰਸ਼ਨ' ਨੂੰ 'ਸਿੱਖ ਧਰਮ-ਸ਼ਾਸਤਰ' ਦੇ ਸਮਾਨਾਰਥੀ ਸ਼ਬਦ ਦੱਸਦੇ ਹਨ ਉੱਥੇ ਵਜ਼ੀਰ ਸਿੰਘ ਬੜੇ ਸਪਸ਼ਟ ਸ਼ਬਦਾਂ ਵਿਚ 'ਗੁਰ ਦਰਸ਼ਨ' ਨੂੰ 'ਸਿੱਖ ਧਰਮ-ਸ਼ਾਸਤਰ' ਮੰਨਦਿਆਂ ਇਸ ਨੂੰ 'ਗੁਰਮਤਿ' ਦਾ ਸਿਧਾਂਤਕ ਮਸਲਿਆਂ ਨਾਲ ਸੰਬੰਧਿਤ ਇੱਕ ਭਾਗ ਦੱਸਦੇ ਹਨ। ਇਸ ਪ੍ਰਭਾਸ਼ਿਕ ਔਖਿਆਈ ਨੂੰ ਸਮਝਣ ਲਈ ਸਿੱਖ ਧਰਮ ਦੇ ਵੱਖਰੇ ਸਰੂਪ ਨੂੰ ਜਾਣਨਾ ਅੱਤ ਜਰੂਰੀ ਹੈ। ਸਿੱਖ ਧਰਮ ਦਾ ਪਹਿਲੇ ਧਰਮ ਜਿਵੇਂ ਇਸਲਾਮ ਅਤੇ ਖਾਸਕਰ ਭਾਰਤੀ ਧਰਮਾਂ ਨਾਲ ਨੇੜਲਾ ਸੰਬੰਧ ਰਿਹਾ ਹੈ। ਸਿੱਖ ਧਰਮ ਦੇ ਬਹੁਤੇ ਸਿਧਾਂਤਾਂ ਦਾ ਪਿਛੋਕੜ ਕਿਸੇ ਨਾ ਕਿਸੇ

---

76 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995, ਪੰਨਾ 81-82.

77 ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 629.

78 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 416.

79 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪੰਨਾ 82.

ਪੁਰਾਣੀ ਪਰੰਪਰਾ ਵਿਚ ਲੱਭਿਆ ਜਾ ਸਕਦਾ ਹੈ ਪਰ ਸਿੱਖੀ ਦਾ ਵਿਹਾਰਿਕ ਪੱਖ ਇਸ ਨੂੰ ਸੰਸਾਰ ਦੇ ਧਰਮਾਂ ਵਿਚ ਨਿਵੇਕਲਾ ਥਾਂ ਦਿੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਿੱਥੇ ਸਮਕਾਲੀ ਸੰਸਾਰ ਦੇ ਪ੍ਰਮੁੱਖ ਧਰਮਾਂ ਦੇ ਤੱਤ ਸਰੂਪ ਨੂੰ ਅਪਨਾਉਣ ਦੀ ਸਿੱਖਿਆ ਦਿੰਦੇ ਹੋਏ ਫੋਕਟ ਕਰਮ-ਕਾਂਡ ਅਤੇ ਵਹਿਮਾਂ-ਭਰਮਾ ਦੀ ਨਿਖੇਧੀ ਕੀਤੀ ਉੱਥੇ ਵਕਤ ਦੀ ਵਿਲਾਸੀ ਅਤੇ ਲੋਟੂ ਹਾਕਮ ਜਮਾਤ ਅਤੇ ਅਫਸਰਸ਼ਾਹੀ ਦੀ ਸਖਤ ਅਲੋਚਨਾ ਕੀਤੀ। ਆਪ ਨੇ ਬਾਬਰ ਵਰਗੇ ਜ਼ਾਲਮ ਹਮਲਾਵਰ ਦੇ ਮਜ਼ਲੂਮ ਲੋਕਾਈ ਉੱਪਰ ਅੱਤਿਆਚਾਰ ਨੂੰ ਭੰਡਿਆ। ਗੁਰੂ ਸਾਹਿਬ ਨੇ ਸਿਰਫ ਅਲੋਚਨਾ ਹੀ ਨਹੀਂ ਕੀਤੀ ਸਗੋਂ ਲੁੱਟ ਅਤੇ ਦਾਬੇ ਤੋਂ ਮੁਕਤ ਇੱਕ ਨਵੇਂ ਰਾਜ ਦਾ ਆਦਰਸ਼ ਵੀ ਪੇਸ਼ ਕੀਤਾ ਹੈ। ਇਸ ਤਰ੍ਹਾਂ ਹੀ ਵਰਣ-ਆਸ਼ਰਮ ਅਤੇ ਲਿੰਗ-ਭੇਦ ਅਤੇ ਸੰਨਿਆਸ ਨੂੰ ਛੱਡ ਕੇ ਉਦਮੀ (ਕਿਰਤੀ), ਪਰਉਪਕਾਰੀ 'ਸਹਜ ਜੀਵਨ' ਜਿਉਣ ਦੀ ਸੇਧ ਦਿੱਤੀ ਹੈ। ਇਹ ਅਮਲ ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿਚ ਦਸ ਗੁਰੂ ਸਾਹਿਬਾਨ ਵੇਲੇ ਲਗਾਤਾਰ ਜਾਰੀ ਰਿਹਾ। ਇਸ ਕਾਰਜ ਦੀ ਸਫਲਤਾ ਲਈ ਗੁਰੂ ਸਾਹਿਬ, ਗੁਰੂ ਪਰਿਵਾਰ ਅਤੇ ਗੁਰਸਿੱਖਾਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਸੰਖੇਪ ਵਿਚ ਗੁਰੂ ਸਾਹਿਬ ਨੇ ਜਿੱਥੇ ਮਨੁੱਖ ਦੀ ਆਤਮਿਕ ਮੁਕਤੀ ਨੂੰ ਉੱਤਮ ਦੱਸਿਆ ਹੈ, ਉਥੇ ਉਸ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਮੁਕਤੀ ਨੂੰ ਵੀ ਧਰਮ ਦਾ ਮੁਖ ਵਿਸ਼ਾ ਬਣਾਇਆ ਹੈ।

ਗੁਰੂ ਨਾਨਕ ਦੇਵ ਜੀ ਨੇ 'ਸਿਰੀ ਰਾਗੁ' ਵਿਚ ਸੱਚੇ ਆਚਾਰ ਨੂੰ ਸੱਚ ਤੋਂ ਉੱਚਾ ਦੱਸ ਕੇ ਸਿਧਾਂਤ ਅਤੇ ਅਮਲ ਦੇ ਸੰਬੰਧ ਨੂੰ ਸਪੱਸ਼ਟ ਕਰ ਦਿੱਤਾ ਹੈ।[80] ਸਿੱਖ ਧਰਮ-ਸ਼ਾਸਤਰ ਵਿਚ ਸਿਧਾਂਤ ਅਤੇ ਅਮਲ ਦੀ ਸਾਂਝ ਬਾਰੇ ਧਰਮ ਸਿੰਘ ਦਾ ਵਿਚਾਰ ਹੈ "The distinctness of Sikh theology from other Indian as well as Semitic religious traditions and theologies is evident from the metaphysical doctrine as contained in the Sikh scripture and other canonical literature as well as the social values advocated therein….The stress on moral and ethical values in social and political life has been so intimately interwined with the religious thought that any endeavour to isolate them would lead to the disintegration of the whole fabric."[81] ਦਰਸ਼ਨ ਸਿੰਘ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਲਿਖਦੇ ਹਨ "ਗੁਰਮਤਿ ਵਿਚ ਸਿਧਾਂਤ ਅਤੇ ਅਮਲ ਵਿਚ ਨਿਖੇੜਾ ਕਰਨਾ ਬਹੁਤ ਹੀ ਔਖਾ ਕੰਮ ਹੈ। ਇਸ ਕਰਕੇ ਗੁਰਮਤਿ ਇਨ੍ਹਾਂ ਦੋਵਾਂ ਪੱਖਾਂ ਨੂੰ ਨਾਲ ਲੈ ਕੇ

---

[82] ਸ੍ਰੀ ਗੁਰੂ ਗ੍ਰੰਥ ਸਾਹਿਬ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥", ਪੰਨਾ 62.

[81] Dharam Singh, *Sikh Theology of Libration,* New Delhi: Harman Publishing House, 1991, p 30-31.

ਚਲਦੀ ਹੈ। ਇਸਾਈ ਧਰਮ ਵਿਚ ਜੋ ਬਲ ਬੌਧਿਕ ਸਿਧਾਂਤਕਾਰੀ 'dogma' ਤੇ ਹੈ ਸਿੱਖ ਧਰਮ ਵਿਚ ਉਹੀ ਬਲ ਧਾਰਮਿਕ ਅਮਲ ਤੇ ਹੈ।"[82]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਸਿੱਖ ਧਰਮ ਵਿਚ ਸਿਧਾਂਤ ਅਤੇ ਅਮਲ ਦਾ ਸਾਂਝੇ ਰੂਪ ਵਿਚ ਅਧਿਐਨ ਕੀਤਾ ਜਾਂਦਾ ਹੈ। ਇਸ ਕਰਕੇ ਇੱਕ ਵਿਚਾਰ ਅਨੁਸਾਰ 'ਸਿੱਖ ਧਰਮ-ਸ਼ਾਸਤਰ' ਨੂੰ 'ਗੁਰਮਤਿ' ਦਾ ਨਾਂ ਦਿੱਤਾ ਜਾਂਦਾ ਹੈ, ਕਿਉਂਕਿ 'ਗੁਰਮਤਿ' ਸਿੱਖ ਧਰਮ ਦੀ ਸਮੁੱਚੀ ਤਸਵੀਰ ਨੂੰ ਪੇਸ਼ ਕਰਦੀ ਹੈ। ਦੂਜੇ ਵਿਚਾਰ ਅਨੁਸਾਰ 'ਗੁਰ ਦਰਸ਼ਨ' ਨੂੰ 'ਸਿੱਖ ਧਰਮ-ਸ਼ਾਸਤਰ' ਦੇ ਅਰਥ ਵਿਚ ਪ੍ਰਵਾਨ ਕੀਤਾ ਜਾਂਦਾ ਹੈ। ਕਿਉਕਿ 'ਗੁਰਮਤਿ' ਆਪਣੇ ਪੂਰੇ ਅਰਥਾਂ ਵਿਚ 'ਸਿੱਖ ਧਰਮ' ਦਾ ਹੀ ਦੂਜਾ ਨਾਂ ਹੈ ਇਸ ਲਈ 'ਸਿੱਖ ਧਰਮ-ਸ਼ਾਸਤਰ' ਦੀ ਵੱਖਰੀ ਪਛਾਣ ਲਈ 'ਗੁਰ ਦਰਸ਼ਨ' ਵਧੇਰੇ ਢੁਕਵਾਂ ਸ਼ਬਦ ਹੈ।

ਗੁਰੂ ਗ੍ਰੰਥ ਸਾਹਿਬ ਦੀ ਸ਼ੁਰੂਆਤ ੴ ਤੋਂ ਹੁੰਦੀ ਹੈ। ਸਿੱਖ ਧਰਮ ਦਾ ਸਮੁੱਚਾ ਸਿਧਾਂਤ ਇੱਕ ਅਕਾਲ ਪੁਰਖ ਦੇ ਦੁਆਲੇ ਸਿਰਜਿਆ ਗਿਆ ਹੈ। ਜਿਸ ਦਾ ਨਾਮ ਸੱਤ ਹੈ, ਜੋ ਕੁਦਰਤ ਦਾ ਕਰਤਾ ਹੈ, ਲਿੰਗ-ਭੇਦ, ਡਰ ਅਤੇ ਵੈਰ ਤੋਂ ਮੁਕਤ ਹੈ, ਉਸ ਦੀ ਹਸਤੀ ਸਮੇਂ ਤੋਂ ਸੁਤੰਤਰ ਹੈ, ਜਨਮ ਅਤੇ ਮੌਤ ਤੋਂ ਪਰੇ ਉਹ ਆਪਣੇ-ਆਪ ਤੋਂ ਹੀ ਪ੍ਰਕਾਸ਼ ਹੈ। ਗੁਰਬਾਣੀ ਵਿਚ 'ਸ਼ਾਸਤਰ' ਲਈ ਸਾਸਤ, ਸਾਸਤੁ, ਸਾਸਤ੍ਰ ਅਤੇ ਸਾਸਤਾ ਆਦਿ ਸ਼ਬਦ ਵਰਤੇ ਗਏ ਹਨ। ਗੁਰਬਾਣੀ ਅਨੁਸਾਰ ਵਾਹਿਗੁਰੂ ਨਾਮ ਦ੍ਰਿੜ ਕਰਵਾਉਣ ਵਾਲਾ ਗ੍ਰੰਥ ਹੀ ਅਸਲ ਸ਼ਾਸਤਰ ਹੈ:

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ॥[83]

ਨਾਮ ਦੀ ਪ੍ਰਾਪਤੀ ਦਾ ਇੱਕੋ ਵਸੀਲਾ 'ਗੁਰੂ' ਹੈ। ਇਸ ਕਰਕੇ ਸਿੱਖ ਵਾਸਤੇ ਹੋਰ ਸਭ ਗ੍ਰੰਥ ਅਤੇ ਪੁਸਤਕਾਂ ਭਾਵ ਛੇ ਸ਼ਾਸਤਰ ਆਦਿ ਦੀ ਥਾਂ ਗੁਰੂ ਹੀ ਉਸ ਦਾ ਸ਼ਾਸਤਰ ਅਤੇ ਗੁਰੂ ਦਾ ਮਾਰਗ ਹੀ ਪਵਿੱਤਰ ਧਾਰਮਿਕ ਕਰਮ ਹੈ :

ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ ਗੁਰੁ ਪਵਿਤ੍ਰੁ ਅਸਥਾਨਾ ਹੇ॥[84]

ਗੁਰੂ ਤੋਂ ਪ੍ਰਾਪਤ ਨਾਮ ਰਾਹੀਂ ਜਿਸ ਟੀਚੇ ਨੂੰ ਹਾਸਿਲ ਕਰਨਾ ਹੈ, ਉਹ ਪਰਮਾਤਮਾ ਵਿਚ ਲਿਵਲੀਨਤਾ ਹੈ। ਪਰੰਪਰਾਗਤ ਸ਼ਾਸਤਰਾਂ ਦੇ ਪੁਰਖ ਅਤੇ ਪ੍ਰਕਿਰਤੀ ਦੀ ਦ੍ਵੈਤ ਨੂੰ ਮੂਲੋਂ ਰੱਦ ਕਰਕੇ ਗੁਰੂ ਸਾਹਿਬ ਨੇ ਸ਼ੱਕ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿਣ ਦਿੱਤੀ। ਗੁਰੂ ਸਾਹਿਬ ਨੇ ਆਦਿ, ਮੱਧ ਅਤੇ ਅੰਤ ਵਿਚ ਸਦਾ ਸੱਤ ਪਰਮਾਤਮਾ ਨੂੰ ਹੀ ਆਪਣੇ ਸ਼ਾਸਤਰ ਦੀ ਜਿੰਦ-ਜਾਨ ਬਣਾਇਆ ਹੈ:

---

82 ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ*, ਪੰਨਾ 102.
83 ਸ੍ਰੀ ਗੁਰੂ ਗ੍ਰੰਥ ਸਾਹਿਬ, *ਸਿਰੀਰਾਗੁ ਮਹਲਾ ੫, ਪੰਨਾ 48.*
84 ਉਹੀ, *ਮਾਰੂ ਮਹਲਾ ੫ ਸਹੋਲੇ,* ਪੰਨਾ 1074-75.

ਆਗੈ ਦਯੁ ਪਾਛੈ ਨਾਰਾਇਣ॥ ਮਧਿ ਭਾਗਿ ਹਰਿ ਪ੍ਰੇਮ ਰਸਾਇਣ॥੧॥

ਪ੍ਰਭੂ ਹਮਾਰੈ ਸਾਸਤ੍ਰ ਸਉਣ॥ ਸੂਖ ਸਹਜ ਆਨੰਦ ਗ੍ਰਿਹ ਭਉਣ॥[85]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਗੁਰ ਦਰਸ਼ਨ' ਲਈ ਦਰਸਨ, ਦਰਸਨਿ, ਦਰਸਨੁ, ਦਰਸਨੰ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਗੁਰਬਾਣੀ ਅਨੁਸਾਰ 'ਗੁਰ ਦਰਸਨ' ਵੈਦਿਕ ਛੇ ਦਰਸ਼ਨਾਂ ਤੋਂ ਨਿਵੇਕਲਾ ਅਤੇ ਅਪਹੁੰਚ ਹੈ ਅਤੇ ਗੁਰੂ-ਪ੍ਰੇਮ, ਸ਼ਬਦ, ਸੱਚ, ਨਾਮ ਆਦਿ 'ਗੁਰ ਦਰਸ਼ਨ' ਲਈ ਲੋੜੀਂਦੇ ਤੱਤ ਹਨ। ਗੁਰ ਦਰਸ਼ਨ ਦੀ ਪ੍ਰਾਪਤੀ ਦੇ ਨਤੀਜੇ ਵਜੋਂ ਵਾਹਿਗੁਰੂ ਨਾਲ ਇੱਕਮਿਕਤਾ, ਸੁਖ, ਮੁਕਤੀ, ਪਰਵਾਰ ਅਤੇ ਸੰਸਾਰ ਦਾ ਉਧਾਰ ਪ੍ਰਾਪਤ ਹੁੰਦਾ ਹੈ :

ਹਰਿ ਦਰਸਨੁ ਪਾਵੈ ਵਡਭਾਗਿ॥ ਗੁਰ ਕੈ ਸਬਦਿ ਸਚੈ ਬੈਰਾਗਿ॥

ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ॥੧॥

ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥ ਸਾਚਾ ਆਪਿ ਵਸੈ ਮਨਿ ਸੋਇ॥੧॥ਰਹਾਉ॥

ਗੁਰ ਦਰਸਨਿ ਉਧਰੈ ਸੰਸਾਰਾ॥ ਜੇ ਕੋ ਲਾਏ ਭਾਉ ਪਿਆਰਾ॥

ਭਾਉ ਪਿਆਰਾ ਲਾਏ ਵਿਰਲਾ ਕੋਇ॥

ਗੁਰ ਕੈ ਦਰਸਨਿ ਸਦਾ ਸੁਖੁ ਹੋਇ॥੨॥

ਗੁਰ ਕੈ ਦਰਸਨਿ ਮੋਖ ਦੁਆਰੁ॥ ਸਤਿਗੁਰੁ ਸੇਵੈ ਪਰਵਾਰ ਸਾਧਾਰੁ॥

ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗਣਿ ਮੁਠੇ ਚੋਟਾ ਖਾਹੀ॥੩॥

ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥ ਗੁਰਮੁਖਿ ਤਾ ਕਉ ਲਗੈ ਨ ਪੀਰ॥

ਜਮਕਾਲੁ ਤਿਸੁ ਨੇੜਿ ਨ ਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥੪॥[86]

**'ਗੁਰਬਾਣੀ' ਅਤੇ ਵੈਦਿਕ ਦਰਸ਼ਨ** : ਗੁਰਬਾਣੀ ਅੰਦਰ ਵੈਦਿਕ ਦਰਸ਼ਨ/ਸ਼ਾਸਤਰ ਬਾਰੇ ਤਿੰਨ ਪ੍ਰਮੁੱਖ ਵਿਚਾਰ ਸਾਹਮਣੇ ਆਉਂਦੇ ਹਨ। ਪਹਿਲੇ ਵਿਚਾਰ ਅਨੁਸਾਰ ਗੁਰੂ ਤੋਂ ਵਿਹੂਣੇ ਸ਼ਾਸਤ੍ਰ ਆਪਣੇ ਅਸਲ ਮਨੋਰਥ ਤੋਂ ਖੁੰਝ ਕੇ ਤ੍ਰੈਗੁਣੀ ਮਾਇਆ ਦੇ ਚੰਗੇ-ਮਾੜੇ ਕਰਮਾਂ ਵਿਚ ਹੀ ਉਲਝੇ ਹੋਏ ਹਨ:

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥

---

[85] ਉਹੀ, *ਭੈਰਉ ਮਹਲਾ ੫*, ਪੰਨਾ 1137.

[86] ਉਹੀ, *ਰਾਗੁ ਆਸਾ ਘਰੁ ੨ ਮਹਲਾ ੩,* ਪੰਨਾ 360-61.

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ

ਬੋਲਹਿ ਅੰਮ੍ਰਿਤ ਬਾਣੀ॥

ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ

ਜਾਗਤ ਰੈਣਿ ਵਿਹਾਣੀ॥[87]

ਦੂਜਾ ਵਿਚਾਰ ਉਨ੍ਹਾਂ ਪਖੰਡੀਆਂ ਦੇ ਪ੍ਰਥਾਏ ਕੀਤਾ ਗਿਆ ਹੈ ਜੋ ਸ਼ਾਸਤਰ ਦਾ ਪਾਠ ਤਾਂ ਕਰਦੇ ਹਨ ਪਰ ਉਨ੍ਹਾਂ ਦਾ ਮਨ ਪਰਮਾਤਮਾ ਦੇ ਪ੍ਰੇਮ ਵਿਚ ਭਿੱਜਣ ਦੀ ਬਜਾਏ ਵਿਕਾਰਾਂ ਵਿਚ ਹੀ ਉਲਝਿਆ ਹੋਇਆ ਹੈ:

ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ॥

ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ॥[88] ਅਤੇ

ਙੰਙਾ ਖਟੁ ਸਾਸਤ੍ਰ ਹੋਇ ਙਿਆਤਾ॥ ਪੂਰਕੁ ਕੁੰਭਕ ਰੇਚਕ ਕਰਮਾਤਾ॥

ਙਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥

ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥

ਉਆ ਤੇ ਊਤਮੁ ਗਨਉ ਚੰਡਾਲਾ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥[89]

ਸ਼ਾਸਤਰਾਂ ਬਾਰੇ ਗੁਰਬਾਣੀ ਵਿਚ ਪੇਸ਼ ਕੀਤਾ ਗਿਆ ਤੀਜਾ ਵਿਚਾਰ ਸਾਡੇ ਕਾਰਜ ਲਈ ਵਧੇਰੇ ਮਹਤਪੂਰਨ ਹੈ। ਜਿਸ ਅਨੁਸਾਰ ਸ਼ਾਸਤਰ ਦਾ ਸ਼੍ਰੋਮਣੀ ਵਿਚਾਰ ਪਰਮਾਤਮਾ ਦੀ ਭਗਤੀ ਅਤੇ ਨਾਮ ਦਾ ਰਾਹ ਦੱਸਣਾ ਪ੍ਰਵਾਨ ਕੀਤਾ ਗਿਆ ਹੈ :

ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ॥ ਗੁਰਮੁਖਿ ਸਾਂਤਿ ਊਤਮ ਕਰਾਮੰ॥

ਮਨਮੁਖਿ ਜੋਨੀ ਦੂਖ ਸਹਾਮੰ॥ ਬੰਧਨ ਤੂਟੇ ਇਕੁ ਨਾਮੁ ਵਸਾਮੰ॥[90]

ਉਪਰੋਕਤ ਵਿਚਾਰ ਤੋਂ ਇਹ ਸਿੱਟਾ ਪ੍ਰਾਪਤ ਹੁੰਦਾ ਹੈ ਕਿ ਗੁਰਬਾਣੀ ਅਜਿਹੇ ਸ਼ਾਸਤਰ, ਸ਼ਾਸਤਰੀ ਅਤੇ ਸ਼ਾਸਤਰੀਕਰਨ ਦਾ ਸਖਤ ਵਿਰੋਧ ਕਰਦੀ ਹੈ ਜੋ ਪਰਮਾਤਮਾ/ਵਾਹਿਗੁਰੂ ਦੀ ਬੰਦਗੀ ਦੀ ਬਜਾਏ ਹੋਰ ਕਿਸੇ ਤਰ੍ਹਾਂ ਦੇ ਦ੍ਵੈਤ-ਭਾਵ, ਕਰਮ-ਕਾਂਡ ਅਤੇ ਸਤਹੀ ਗਿਆਨ-ਧਿਆਨ ਵਿਚ ਫਸਾਉਣ ਵਾਲਾ ਹੋਵੇ।

---

87 ਉਹੀ, *ਰਾਮਕਲੀ ਮਹਲਾ ੩ ਅਨੰਦੁ, ਪੰਨਾ 920.*
88 ਉਹੀ, *ਭੈਰਉ ਮਹਲਾ ੧*, ਪੰਨਾ 1126.
89 ਉਹੀ, *ਗਉੜੀ ਬਾਵਨ ਅਖਰੀ ਮਹਲਾ ੫,* ਪੰਨਾ 253.
90 ਉਹੀ, *ਬਿਲਾਵਲ ਅਸਟਪਦੀਆ ਮਹਲਾ ੧ ਘਰੁ ੧੦*, ਪੰਨਾ 831.

ਗੁਰਬਾਣੀ ਅਨੁਸਾਰ ਸਿਰਫ ਉਹੀ ਸ਼ਾਸਤਰ ਅਤੇ ਸ਼ਾਸਤਰੀ ਸਫਲ ਹਨ ਜੋ ਧਰਮ ਦੇ ਤੱਤ ਰੂਪ ਵਾਹਿਗੁਰੂ ਨਾਲ ਜੋੜ ਕੇ ਜੀਵ ਦੇ ਉਧਾਰ ਵਿਚ ਸਹਾਈ ਹੁੰਦੇ ਹਨ। ਵੈਦਿਕ ਧਰਮ ਦਾ ਅੰਤ (ਨਿਚੋੜ) ਕਹੇ ਜਾਂਦੇ ਵੇਦਾਂਤ ਦੇ ਸਮਾਨਾਂਤਰ ਗੁਰੂ ਅਰਜਨਦੇਵ ਜੀ ਸਭ ਮਤਾਂ ਦਾ ਨਿਚੋੜ ਪਰਮਾਤਮਾ ਦੇ ਨਾਮ ਨੂੰ ਹੀ ਮੰਨਦੇ ਹਨ:

ਇਹੁ ਨਿਧਾਨੁ ਜਪੈ ਮਨਿ ਕੋਇ॥ ਸਭ ਜੁਗ ਮਹਿ ਤਾ ਕੀ ਗਤਿ ਹੋਇ॥
ਗੁਣ ਗੋਬਿੰਦ ਨਾਮ ਧੁਨਿ ਬਾਣੀ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥
ਸਗਲ ਮਤਾਂਤ ਕੇਵਲ ਹਰਿ ਨਾਮ॥ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥[91]

## 'ਗੁਰ ਦਰਸ਼ਨ' ਦੇ ਸਿਰਜਕ ਤੱਤ

ਧਰਮ-ਸ਼ਾਸਤਰ ਦੇ ਸਰੂਪ, ਲਛਣ ਅਤੇ ਵਿਸ਼ੇਸ਼ਤਾ ਉਸ ਦੇ ਆਧਾਰ ਤੱਤ ਜਾਂ ਸਿਰਜਕ ਤੱਤ ਕਰਕੇ ਹੁੰਦੀ ਹੈ। ਭਾਰਤੀ ਪਰੰਪਰਾ ਵਿਚ ਇਨ੍ਹਾਂ ਸਿਰਜਕ ਤੱਤਾਂ ਨੂੰ ਪ੍ਰਮਾਣ ਕਿਹਾ ਗਿਆ ਹੈ। ਵੈਦਿਕ ਅਤੇ ਸ਼੍ਰਮਣ ਧਰਮ-ਦਰਸ਼ਨ ਦਾ ਮੁਢਲਾ ਫਰਕ ਉਨ੍ਹਾਂ ਵਿਚ ਪ੍ਰਵਾਨ ਕੀਤੇ ਗਏ ਪ੍ਰਮਾਣਾਂ ਤੋਂ ਹੀ ਸਪਸ਼ਟ ਹੋ ਜਾਂਦਾ ਹੈ। 'ਗੁਰ ਦਰਸ਼ਨ' ਦੇ ਸਿਧਾਂਤਕ ਪੱਖ ਦੀ ਭਾਰਤੀ ਧਰਮ-ਸ਼ਾਸਤਰ, ਈਸਾਈ ਥਿਆਲੋਜੀ ਅਤੇ ਇਲਮ-ਅਲ-ਕਲਾਮ ਆਦਿ ਨਾਲ ਕੁੱਝ ਸਾਂਝ ਵੇਖੀ ਜਾ ਸਕਦੀ ਹੈ ਪਰ ਆਧਾਰ-ਤੱਤ ਕਰਕੇ 'ਗੁਰ ਦਰਸ਼ਨ' ਇਨ੍ਹਾਂ ਤੋਂ ਪੂਰੇ ਤੌਰ ਤੇ ਨਿਵੇਕਲਾ ਹੈ।

'ਗੁਰ ਦਰਸ਼ਨ' ਦੇ ਮੁਖ ਆਧਾਰ ਤੱਤ ਗੁਰੂ, ਗੁਰਬਾਣੀ, ਸਿੱਖ ਅਨੁਭਵ, ਪਰੰਪਰਾ, ਇਤਿਹਾਸ, ਗੁਰਦੁਆਰਾ ਅਤੇ ਤਰਕ ਹਨ। ਇਹ ਵੰਡ ਵਿਸ਼ੇ ਦੀ ਲੋੜ ਨੂੰ ਮੁਖ ਰੱਖਕੇ ਕੀਤੀ ਗਈ ਹੈ। ਉਂਞ ਇਹ ਸਾਰੇ ਤੱਤ ਆਪਸ ਵਿਚ ਇਸ ਤਰ੍ਹਾਂ ਗੁੰਦੇ ਹੋਏ ਹਨ ਕਿ ਇਨ੍ਹਾਂ ਨੂੰ ਪੂਰੀ ਤਰ੍ਹਾਂ ਵੱਖ-ਵੱਖ ਨਿਖੇੜਿਆ ਨਹੀਂ ਜਾ ਸਕਦਾ। ਗੁਰੂ ਅਤੇ ਗੁਰਬਾਣੀ ਦੀ ਇੱਕਰੂਪਤਾ ਸਰਬ ਪ੍ਰਵਾਨਿਤ ਹੈ। 'ਗੁਰ ਦਰਸ਼ਨ' ਦਾ ਤਰਕ ਕੋਈ ਬਾਹਰਲਾ ਨਹੀਂ ਸਗੋਂ ਗੁਰਬਾਣੀ ਦਾ ਆਪਣਾ ਤਰਕ ਹੈ। ਖਾਲਸਾ ਪੰਥ ਨੂੰ ਗੁਰੂ ਸਾਹਿਬ ਨੇ ਆਪਣਾ ਰੂਪ ਦੱਸਿਆ ਹੈ। ਸਿੱਖ ਪਰੰਪਰਾ, ਇਤਿਹਾਸ ਨੂੰ ਜੇਕਰ ਗੁਰੂ ਸਾਹਿਬ ਦੇ ਪਵਿੱਤਰ ਅਨੁਭਵ ਦਾ ਪਰਗਟਾਵਾ ਕਹਿ ਲਈਏ ਤਾਂ ਇਹ ਕੋਈ ਅੱਤਕਥਨੀ ਨਹੀਂ ਹੋਵੇਗੀ। ਥਾਮਸ ਕਾਰਲਾਈਲ ਮਹਾਪੁਰਖਾਂ ਦੇ ਜੀਵਨ ਅਤੇ ਇਤਿਹਾਸ ਦੇ ਸੰਬੰਧ ਬਾਰੇ ਦੱਸਦੇ ਹਨ "ਜੇ ਕਦੀ ਨਿਰਪੱਖ ਹੋ ਵਿਚਾਰ ਕਰੋ ਤਾਂ ਸਾਰੀ ਦੁਨੀਆ ਦੇ ਇਤਿਹਾਸ ਦੀ ਜਿੰਦ ਇਨ੍ਹਾਂ ਮਹਾਪੁਰਖਾਂ ਦਾ ਜੀਵਨ ਹੈ।"[92] ਇਸ ਕਰਕੇ ਇਨ੍ਹਾਂ ਆਧਾਰ ਤੱਤਾਂ ਦੇ ਵੱਖ-ਵੱਖ ਸਿਰਲੇਖ ਬਣਾਉਣ ਦੇ ਬਾਵਜੂਦ ਇਹ ਆਪਸ ਵਿਚ ਮਿਲੇ ਜੁਲੇ ਹੀ ਦਿਸਦੇ ਹਨ।

---

91 ਉਹੀ, *ਗਉੜੀ ਸੁਖਮਨੀ ਮ:੫*, ਪੰਨਾ 296.

92 ਥਾਮਸ ਕਾਰਲਾਈਲ, *ਕਲਾਧਾਰੀ ਅਤੇ ਕਲਾਧਾਰੀ ਪੂਜਾ*, ਪੂਰਨ ਸਿੰਘ (ਅਨੁ.), ਅੰਮ੍ਰਿਤਸਰ: ਵਜ਼ੀਰ ਹਿੰਦ ਪ੍ਰੈਸ, 1926, ਪੰਨਾ 16.

1. ਗੁਰੂ ਅਤੇ ਗੁਰਬਾਣੀ

ਗੁਰੂ ਦਾ ਪਦ ਸੰਸਾਰ ਦੇ ਪਹਿਲਾਂ ਹੋਏ ਮੁਨੀ, ਗਿਆਨੀ, ਰਿਸ਼ੀ ਅਤੇ ਅਵਤਾਰਾਂ ਤੋਂ ਵੱਖਰਾ ਹੈ। ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੇ ਸ਼ਬਦ ਰੂਪ ਗੁਰੂ ਨਾਲ ਇੱਕ-ਮਿੱਕਤਾ ਪ੍ਰਾਪਤ ਕੀਤੀ। ਗੁਰੂ ਨਾਨਕ ਦੇਵ ਜੀ ਤੋਂ ਇਹ ਸ਼ਬਦ ਰੂਪੀ ਗੁਰ-ਜੋਤ ਨੌਂ ਗੁਰੂ ਸਾਹਿਬਾਨ ਵਿਚ ਵਰਤ ਕੇ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੋਈ ਹੈ। ਇਸ ਤਰ੍ਹਾਂ ਗੁਰੂ ਅਤੇ ਬਾਣੀ ਵੱਖ-ਵੱਖ ਨਹੀਂ ਸਗੋਂ ਇੱਕਰੂਪ ਹਨ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥[93]

ਗੁਰੂ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਭਾਰਤ ਵਿਚ ਵੱਖ-ਵੱਖ ਧਰਮ ਮੌਜੂਦ ਸਨ। ਵੈਦਿਕ ਧਰਮ 'ਵੇਦ' ਨੂੰ ਈਸ਼ਵਰੀ ਰਚਨਾ ਅਤੇ ਅੰਤਮ ਸੱਤ ਮੰਨਦਾ ਹੈ, ਅਵੈਦਿਕ/ਸ਼੍ਰਮਣ ਧਰਮ 'ਵੇਦ' ਦੀ ਸੱਤਾ ਨੂੰ ਰੱਦ ਕਰਕੇ ਸਰੀਰਕ, ਮਾਨਸਿਕ ਅਤੇ ਸਮਾਧੀ ਰਾਹੀਂ ਪ੍ਰਾਪਤ ਗਿਆਨ ਨੂੰ ਪ੍ਰਮਾਣ ਮੰਨਦੇ ਹਨ ਅਤੇ ਇਸਲਾਮ ਧਰਮ ਪੈਗੰਬਰ ਰਾਹੀਂ ਨਾਜ਼ਲ ਹੋਈ ਕੁਰਾਨ ਸ਼ਰੀਫ ਦੀ ਟੇਕ ਰੱਖਦਾ ਹੈ। ਗੁਰੂ ਸਾਹਿਬਾਨ ਨੇ ਸਭ ਧਰਮਾਂ ਦੇ ਪਵਿੱਤਰ ਗ੍ਰੰਥਾਂ ਦਾ ਸਤਿਕਾਰ ਕੀਤਾ ਹੈ ਪਰ ਅੰਤਮ ਟੇਕ ਵਜੋਂ ਗੁਰਸ਼ਬਦ ਨੂੰ ਪ੍ਰਵਾਨ ਕੀਤਾ ਹੈ। 'ਗੁਰਮਤਿ ਦਰਸ਼ਨ' ਦੇ ਕਰਤਾ ਸ਼ੇਰ ਸਿੰਘ ਦੱਸਦੇ ਹਨ "ਇਸ ਖੋਜ ਦਾ ਸਭ ਤੋਂ ਵੱਡਾ ਆਸਰਾ ਤਾਂ ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਰਹੇ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸ੍ਰੀ ਦਸਮ ਗ੍ਰੰਥ ਤੋਂ ਭੀ ਸਹਾਈਤਾ ਲਈ ਗਈ ਹੈ।"[94] ਸਿੱਖ ਗਿਆਨ ਸਿਧਾਂਤ ਦੇ ਆਧਾਰ ਸੰਬੰਧੀ ਵਜ਼ੀਰ ਸਿੰਘ ਦਾ ਮੱਤ ਹੈ "ਸਿੱਖ ਦਰਸ਼ਨਧਾਰਾ ਦੇ ਗਿਆਨ-ਸਿਧਾਂਤ ਦਾ ਮੂਲ ਆਧਾਰ ਗੁਰੂ ਗੰਥ ਸਾਹਿਬ ਦੀ ਬਾਣੀ ਹੈ ਅਤੇ ਕਿਸੇ ਹੱਦ ਤੱਕ ਦਸਮ ਗ੍ਰੰਥ ਵਿਚਲੀਆਂ ਅਧਿਆਤਮਿਕ ਰਚਨਾਵਾਂ ਹਨ।"[95] ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਕਾਲ-ਪੁਰਖ ਦੀ ਬਾਣੀ ਹੈ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥[96] ਅਤੇ
ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥[97]

ਗੁਰਬਾਣੀ ਪੂਰਨ ਸੱਤ ਹੈ ਅਤੇ ਸਰਬਕਾਲ ਵਿਚ ਸਰਬੋਤਮ ਸੱਤ ਰਹੇਗੀ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ

---

93 ਸ੍ਰੀ ਗੁਰੂ ਗ੍ਰੰਥ ਸਾਹਿਬ, *ਨਟ ਮਹਲਾ ੪,* ਪੰਨਾ 982.
94 ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2004, ਪੰਨਾ 81.
95 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਨਾ 49.
96 ਸ੍ਰੀ ਗੁਰੂ ਗ੍ਰੰਥ ਸਾਹਿਬ, *ਤਿਲੰਗ ਮਹਲਾ ੧,* ਪੰਨਾ 722.
97 ਉਹੀ, *ਸੋਰਠਿ ਮਹਲਾ ੫,* ਪੰਨਾ 628.

ਹਰਿ ਕਰਤਾ ਆਪਿ ਮੁਹਹੁ ਕਢਾਏ॥[98] ਅਤੇ

ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ॥ ਪੂਰੈ ਭਾਗਿ ਹਰਿ ਨਾਮਿ ਸਮਾਣੀ॥

ਸਿਧ ਸਾਧਿਕ ਤਰਸਹਿ ਸਭਿ ਲੋਇ॥ ਪੂਰੈ ਭਾਗਿ ਪਰਾਪਤਿ ਹੋਇ॥[99]

ਗੁਰੂ ਗ੍ਰੰਥ ਜੀ ਦਾ ਮੌਜੂਦਾ ਸਰੂਪ ਗੁਰੂ ਅਰਜਨ ਦੇਵ ਜੀ ਦੀ ਨਿਗਰਾਨੀ ਹੇਠ ਸੰਪਾਦਿਤ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਮ ਰੂਪ ਦਿੱਤਾ ਹੈ, ਜਿਸ ਵਿਚ ਛੇ ਗੁਰੂ ਸਾਹਿਬਾਨ, ਪੰਦ੍ਰਾਂ ਭਗਤ, ਗਿਆਰਾਂ ਭੱਟ ਅਤੇ ਤਿੰਨ ਸਿੱਖਾਂ ਦੀ ਬਾਣੀ ਸ਼ਾਮਿਲ ਹੈ। ਸਮੁੱਚੀ ਬਾਣੀ ਇੱਕ ਪਰਮਾਤਮਾ ਦੇ ਵਿਸ਼ਵਾਸ ਅਤੇ ਸਮਰਪਣ ਦੁਆਲੇ ਉਸਰੀ ਹੈ। 'ਭਗਤਾਂ ਦੀ ਬਾਣੀ' ਵਿਚ ਜਿੱਥੇ ਅਰਥ-ਸਪਸ਼ਟਤਾ ਦੀ ਲੋੜ ਸੀ ਉੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਜਾਂ ਹੋਰ ਗੁਰੂ ਸਾਹਿਬਾਨ ਦੀ ਬਾਣੀ ਨਾਲ ਜੋੜ ਕੇ ਅਰਥ ਸਪੱਸ਼ਟ ਕੀਤੇ ਹਨ। ਇਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕੋਈ ਸਿਧਾਂਤਕ ਅਸਪੱਸ਼ਟਤਾ ਸੰਭਵ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਜੀ ਨੂੰ 'ਗੁਰੂ ਗ੍ਰੰਥ ਸਾਹਿਬ' ਦਾ ਰੁਤਬਾ ਦੇ ਕੇ ਦੇਹ ਗੁਰੂ ਦੀ ਪਰੰਪਰਾ ਨੂੰ ਖਤਮ ਕੀਤਾ। ਗੁਰਬਾਣੀ ਦੇ ਇਸ ਵਿਸ਼ੇਸ਼ ਰੁਤਬੇ ਨੂੰ 'ਗੁਰ ਦਰਸ਼ਨ' ਦਾ ਕੋਈ ਦਰਸ਼ਨਕਾਰ ਉਲੰਘ ਨਹੀਂ ਸਕਦਾ। ਇਸਾਈ ਧਰਮ ਵਿਚ ਥੀਆਲੋਜੀ ਦੀ ਉਸਾਰੀ ਲਈ ਰੈਵੀਲੇਸ਼ਨ, ਬਾਈਬਲ, ਪਰੰਪਰਾ ਆਦਿ ਤੱਤਾਂ ਨੂੰ ਬਰਾਬਰ ਮਹੱਤਾ ਦਿੱਤੀ ਗਈ ਹੈ ਪਰ ਸਿੱਖ ਧਰਮ ਵਿਚ 'ਗੁਰ ਦਰਸ਼ਨ' ਲਈ ਸਰਬੋਤਮ ਸ੍ਰੋਤ ਵਜੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਮੰਨਿਆ ਗਿਆ ਹੈ। ਸਗੋਂ ਤਾਰਨ ਸਿੰਘ ਵੱਲੋਂ ਦੱਸੀ ਗਈ 'ਸਹਿਜ ਪ੍ਰਣਾਲੀ' ਦੇ ਵਿਚਾਰ ਅਨੁਸਾਰ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਪਣੇ ਵਿਸ਼ੇਸ਼ ਅੰਦਾਜ਼ ਵਿਚ 'ਗੁਰ ਦਰਸ਼ਨ' ਹੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਜੀ ਦੀ ਬਾਣੀ 'ਗੁਰ ਦਰਸ਼ਨ' ਦੀ ਉਸਾਰੀ ਲਈ ਮੁੱਢਲਾ ਸ੍ਰੋਤ ਹੈ। ਦਸਮ ਗ੍ਰੰਥ ਬਾਣੀ ਵਿਚੋਂ 'ਜਾਪ ਸਾਹਿਬ', 'ਤ੍ਵਪ੍ਰਸਾਦਿ ਸ੍ਵੈਯੇ', 'ਕਬਜੋ ਬਾਚ ਬੇਨਤੀ ਚੌਪਈ' ਅਤੇ 'ਅਕਾਲ ਉਸਤਤਿ' ਬਾਣੀ ਜਿਥੇ 'ਗੁਰ ਦਰਸ਼ਨ' ਲਈ ਮਹੱਤਵਪੂਰਨ ਸੇਧ ਦਿੰਦੀ ਹੈ ਉਥੇ ਪਹਿਲੀਆਂ ਤਿੰਨ ਬਾਣੀਆਂ ਸਿੱਖ ਨਿਤਨੇਮ ਦਾ ਹਿੱਸਾ ਹਨ। 'ਬਚਿਤ੍ਰ ਨਾਟਕ', 'ਚੰਡੀ ਚਰਿਤ੍ਰ', 'ਸ਼ਸਤਰਨਾਮ ਮਾਲਾ' ਅਤੇ 'ਜ਼ਫ਼ਰਨਾਮਾ' ਆਦਿ ਬਾਣੀ ਦਾ ਸਿੱਖਾਂ ਦੇ ਅਮਲੀ ਜੀਵਨ ਉੱਪਰ ਮਹੱਤਵਪੂਰਨ ਪਰਭਾਵ ਵੇਖਿਆ ਜਾ ਸਕਦਾ ਹੈ।

2. ਅਨੁਭਵ

---

[98] ਉਹੀ, *ਮ : ੪*, ਪੰਨਾ 308.

[99] ਉਹੀ, *ਧਨਾਸਰੀ ਮਹਲਾ ੩, ਪੰਨਾ 665.*

ਅਨੁਭਵ ਹਰ ਧਰਮ ਦਾ ਆਧਾਰ ਤੱਤ ਹੁੰਦਾ ਹੈ ਅਤੇ ਧਰਮ ਦੇ ਬਾਕੀ ਸਾਰੇ ਅੰਗ ਇਸ ਨਾਲ ਜੁੜੇ ਹੁੰਦੇ ਹਨ ਸਗੋਂ ਜੇਕਰ ਅਨੁਭਵ ਦੇ ਪਰਗਟਾਵੇ ਨੂੰ ਧਰਮ ਦਾ ਪਰਗਟਾਵਾ ਕਿਹਾ ਜਾਵੇ ਤਾਂ ਇਹ ਕੋਈ ਅੱਤਕਥਨੀ ਨਹੀਂ ਹੋਵੇਗੀ। ਮਹਾਨ ਕੋਸ਼ ਅਨੁਸਾਰ ਅਨੁਭਵ ਦਾ ਅਰਥ ਹੈ "ਬਿਨਾਂ ਸੰਸਕਾਰ ਉਤਪੰਨ ਹੋਇਆ ਗਜਾਨ। ਪ੍ਰਤੱਖ ਗਜਾਨ। ਬਿਨਾਂ ਸੰਸੇ ਗਜਾਨ।"[100] ਦਰਸ਼ਨ ਸਿੰਘ ਦੇ ਕਥਨ ਅਨੁਸਾਰ ਰੂਡਾਲਫ ਆਟੋ ਨੇ ਧਾਰਮਿਕ ਅਨੁਭਵ ਨੂੰ ਤਾਰਕਿਕਤਾ ਅਤੇ ਨੈਤਿਕਤਾ ਤੋਂ ਨਿਖੇੜ ਕੇ 'ਨਿਰੋਲ ਧਾਰਮਿਕ-ਅਨੁਭਵ' ਦੀ ਚਰਚਾ ਕੀਤੀ ਹੈ ਜਿਸ ਨੂੰ ਉਹ 'ਨਯੂਮਨਸ' (ਚਮਤਕਾਰੀ, ਦਿੱਬ) ਅਨੁਭਵ ਦਾ ਨਾਂ ਦਿੰਦਾ ਹੈ।[101] ਰੂਡਾਲਫ ਆਟੋ ਅਨੁਸਾਰ ਇਹ ਅਨੁਭਵ ਭੈ ਅਤੇ ਆਕਰਸ਼ਨ ਦੇ ਭਾਵ ਵਿਚ ਹੁੰਦਾ ਹੈ। ਇਹ ਪਵਿੱਤਰ, ਨਵੇਕਲਾ, ਅਕਹਿ, ਅਕਥ ਹੁੰਦਾ ਹੈ ਜਿਸ ਨੂੰ ਚਿੰਨ੍ਹਾਂ, ਪ੍ਰਤੀਕਾਂ, ਰੂਪਕਾਂ ਅਤੇ ਉਪਮਾਵਾਂ ਰਾਹੀਂ ਹੀ ਦਰਸਾਇਆ ਜਾ ਸਕਦਾ ਹੈ।

ਪੂਰਨ ਸਿੰਘ ਅਨੁਸਾਰ ਸਿੱਖ ਅਨੁਭਵ ਦਾ ਕੇਂਦਰੀ ਨੁਕਤਾ ਗੁਰੂ ਦਾ ਪਿਆਰ ਹੈ। ਸਿੱਖ ਵਾਸਤੇ ਗੁਰੂ ਜਾਹਰਾ ਜਹੂਰ ਅਤੇ ਹਾਜਰਾ ਹਜੂਰ ਹੈ। ਉਸ ਦੇ ਜੀਵਨ ਦਾ ਹਰ ਕਾਰਜ ਗੁਰੂ ਦੀ ਪ੍ਰੀਤ ਅਨੁਸਾਰ ਹੁੰਦਾ ਹੈ। ਦੁਨਿਆਦਾਰੀ ਦੀਆਂ ਕੁੱਲ ਪ੍ਰਾਪਤੀਆਂ ਨੂੰ ਸਿੱਖ ਗੁਰੂ ਦੀ ਪ੍ਰੀਤ ਦੇ ਬਦਲੇ ਖੁਸ਼ੀ ਨਾਲ ਕੁਰਬਾਨ ਕਰਦਾ ਹੈ ਇਥੋਂ ਤੱਕ ਕਿ ਆਪਣੀ ਜਾਨ ਵੀ। ਪੂਰਨ ਸਿੰਘ ਸਿੱਖ ਬਿਬੇਕ ਅਤੇ ਅਨੁਭਵ ਨੂੰ ਗੁਰੂ ਪ੍ਰੇਮ ਨਾਲ ਜੋੜਦਿਆਂ ਲਿਖਦੇ ਹਨ "And all truth is self -realized in the inspired spontaneity of the feeling for the beloved beautiful, in a lyrical repetition of the Guru's Song and Name with a sweet aching caused by the disciple's personal love for the Guru who is his gateway to God"[102]

ਸਿੱਖ ਧਰਮ ਦਾ ਆਧਾਰ ਤੱਤ ਗੁਰੂ ਸਾਹਿਬ ਦਾ ਧਾਰਮਿਕ ਅਨੁਭਵ ਹੈ। ਬੇਸ਼ਕ ਗੁਰੂ ਸਾਹਿਬਾਨ ਦੇ ਅਨੁਭਵ ਨੂੰ ਪੂਰੀ ਤਰ੍ਹਾਂ ਜਾਣਨਾ ਸਾਡੇ ਲਈ ਅਸੰਭਵ ਹੈ ਅਤੇ ਇਸ ਵਿਚੋਂ ਅੰਸ਼ਕ ਮਾਤਰ ਨੂੰ ਹੀ ਅਸੀਂ ਜਾਣ ਸਕਦੇ ਹਾਂ ਪਰ ਫੇਰ ਵੀ ਇਸ ਅਨੁਭਵ ਨੂੰ ਜਾਣੇ ਬਿਨਾਂ 'ਗੁਰ ਦਰਸ਼ਨ' ਦੀ ਸੂਝ ਨਹੀਂ ਹੋ ਸਕਦੀ। ਭਾਈ ਵੀਰ ਸਿੰਘ 'ਗੁਰਮਤਿ ਨਿਰਣਯ' ਦੇ ਮੁਖਬੰਧ ਵਿਚ ਲਿਖਦੇ ਹਨ "ਸਿੱਖੀ ਇਕ ਆਤਮਿਕ ਜੀਵਨ ਹੈ ਜੋ ਸ੍ਰੀ ਗੁਰੂ ਸਾਹਿਬਾਨ ਜੀ ਦੇ ਆਤਮਿਕ ਤਜਰਬੇ ਦੀ ਨੀਂਹ ਪਰ ਹੈ ਅਤੇ ਇਸਦੀ ਸਚਿਆਈ ਉਸ ਉੱਪਰ ਹੀ ਪੂਰੀ ਤਰ੍ਹਾਂ ਖੁਲ੍ਹਦੀ ਹੈ ਜੋ ਇਸ ਜੀਵਨ ਨੂੰ ਧਾਰਨ ਕਰੇ, ਇਸ ਪਰ ਟੁਰੇ। ਫਿਰ ਉਸ ਦੇ ਤਜਰਬੇ ਵਿਚ

---

[100] ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 62.
[101] Darshan Singh, *The khalsa in Comparative Perspective,* Amritsar: Singh brothers, 2004, p 84.
[102] Puran Singh, *Spirit of The Sikh,* Patiala: Punjabi University, 1981, p 316-17.

ਆ ਕੇ ਉਸ ਨੂੰ ਸਿਧਾਂਤ ਪੂਰੀ ਤਰ੍ਹਾਂ ਸਪਸ਼ਟ ਹੋਣਗੇ, ਇਸ ਲਈ ਕਿਸੇ ਸਾਧਨ ਤੇ ਸਿਧਾਂਤ ਨੂੰ ਗੁਰੂ ਕੇ ਵਾਕਾਂ ਦੀ ਨੀਂਹ ਪਰ ਰਖਣਾ ਯਥਾਰਥ ਬਾਤ ਹੈ।"[103] ਭਾਈ ਸਾਹਿਬ ਅੱਗੇ ਗੁਰਮਤਿ ਵਿਚ ਅਨੁਭਵ ਅਤੇ ਤਰਕ ਦੇ ਆਪਸੀ ਸੰਬੰਧ ਬਾਰੇ ਲਿਖਦੇ ਹਨ "ਆਪਣੀ ਉਕਤੀ ਜੁਗਤੀ ਸਹਾਈ ਹੋ ਸਕਦੀ ਹੈ ਪਰ ਉਸ ਦੀ ਨੀਂਹ ਇਨਸਾਨੀ ਅਕਲ ਪਰ ਹੈ ਜੋ ਮੁਕੱਮਲ ਨਹੀਂ। ਯੁਕਤੀ ਦੀ ਪਹੁੰਚ ਅਨੁਮਾਨ ਤਕ ਹੈ ਇਸ ਤੋਂ ਅੱਗੇ ਇਹਦੀ ਗੰਮਤਾ ਨਹੀਂ ਪਰ ਤਜਰਬਾ ਯਾਂ ਪਰਤਾਵਾ 'ਸਾਖਯਾਤਕਾਰ ਤਕ ਲੈ ਜਾਂਦਾ ਹੈ ਤੇ ਗੁਰਬਾਣੀ ਸਾਖਯਾਤਕਾਰ ਵਾਲੇ ਦਾਤਾ ਗੁਰੂ ਸਾਹਿਬਾਨ ਦਾ ਨਿਜ ਤਜਰਬਾ ਹੈ ਤੇ ਪੂਰਨ ਨਿਰਮਲ ਹੈ।"[104]

ਗੁਰਬਾਣੀ ਵਿਚ ਗੁਰੂ ਸਾਹਿਬ ਦੇ ਅਨੁਭਵ ਨੂੰ ਥਾਂ ਥਾਂ ਚਿੰਨ੍ਹਾਂ, ਅਲੰਕਾਰਾਂ ਅਤੇ ਰੂਪਕਾਂ ਦੀ ਸਹਾਇਤਾ ਨਾਲ ਸਮਝਾਉਣ ਦਾ ਉਪਰਾਲਾ ਕੀਤਾ ਗਿਆ ਹੈ। ਭਗਤ ਕਬੀਰ ਜੀ ਪਵਿੱਤਰ ਅਨੁਭਵ ਅਤੇ ਉਸ ਦੇ ਪਰਗਟਾਵੇ ਦੇ ਅਕੱਥ ਹੋਣ ਬਾਰੇ ਫੁਰਮਾਉਂਦੇ ਹਨ :

ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜ ਕਰਿ ਰਹੀਐ॥
ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥[105]

ਗੁਰੂ ਸਾਹਿਬ ਦਾ ਅਨੁਭਵ ਪਰਮਾਤਮਾ ਦੇ ਦਿਦਾਰ, ਮਿਲਾਪ ਅਤੇ ਸੰਜੋਗ ਦਾ ਅਨੁਭਵ ਹੈ। ਗੁਰੂ ਸਾਹਿਬ ਨੇ ਜਿਥੇ ਜੀਵ ਵਾਸਤੇ ਇਸਤਰੀ, ਪਤਨੀ, ਗੁਲਾਮ, ਔਲਾਦ ਆਦਿ ਨਿਰਮਾਣਤਾ ਦੇ ਚਿੰਨ੍ਹਾਂ ਦੀ ਵਰਤੋਂ ਕੀਤੀ ਹੈ ਉਥੇ ਪਰਮਾਤਮਾ ਲਈ ਪਿਆਰਾ, ਸਜਣ, ਪਤੀ, ਪਿਤਾ, ਮਾਲਕ, ਪਾਤਸ਼ਾਹ ਆਦਿ ਸੰਮ੍ਰਥ ਚਿੰਨ੍ਹਾਂ ਨੂੰ ਅਪਣਾਇਆ ਹੈ। ਇਸ ਕਰਕੇ ਜਿਗਿਆਸੂ ਲਈ ਉਹ 'ਪਵਿੱਤਰ ਅਨੁਭਵ' ਅਮੁਲ ਹੈ, ਜੀਵਨ ਦਾ ਆਸਰਾ ਹੈ ਅਤੇ ਉਸ ਤੋਂ ਬਿਨਾਂ ਇੱਕ ਪਲ ਗੁਜਾਰਨਾ ਮੌਤ ਦੇ ਸਮਾਨ ਹੈ :

ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥[106]

ਪਰ ਇਸ ਤੜਫ ਦੇ ਬਦਲੇ ਵਿਚ ਗੁਰੂ ਕਿਰਪਾ ਨਾਲ ਬੇਅੰਤ ਮਿਠੇ ਮਿਲਾਪ ਦਾ ਅਨੁਭਵ ਹੁੰਦਾ ਹੈ ਜਿਸ ਦੀ ਮਹਿਮਾ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹਨ :

ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ॥
ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ॥[107]

---

[103] ਵੀਰ ਸਿੰਘ, "ਮੁਖਬੰਦ", ਜੋਧ ਸਿੰਘ, *ਗੁਰਮਤਿ ਨਿਰਣਯ*, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1990, ਪੰਨਾ ਛ.
[104] ਉਹੀ
[105] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਗਉੜੀ* (ਭਗਤ ਕਬੀਰ ਜੀ), ਪੰਨਾ 334.
[106] ਉਹੀ, *ਜੈਤਸਰੀ ਮਹਲਾ ੫ ਛੰਤ ਘਰੁ ੧*, ਪੰਨਾ 703.
[107] ਉਹੀ, *ਗੂਜਰੀ ਮਹਲਾ ੫, ਪੰਨਾ 498.*

ਇਹ ਬਿਹਬਲਤਾ ਅਤੇ ਆਨੰਦ ਜਿਗਿਆਸੂ ਦੀ ਆਪਣੀ ਹਾਲਤ ਹੈ ਪਰ ਜਿਸ ਅਨੁਭਵ ਦੇ ਦਰਸ਼ਨ ਜਾਂ ਮਿਲਾਪ ਹੋਇਆ ਹੈ ਉਹ ਕਿਹੋ ਜਿਹਾ ਹੈ ? ਦੂਜੇ ਸ਼ਬਦਾਂ ਵਿਚ ਗੁਰੂ ਸਾਹਿਬ ਦੇ ਅਨੁਭਵ ਦਾ ਸਰੂਪ ਕੀ ਹੈ ? ਗੁਰਬਾਣੀ ਵਿਚ ਇਸ ਅਨੁਭਵੀ ਦਰਸ਼ਨ ਨੂੰ ਦੋ ਰੂਪਾਂ ਵਿਚ ਦਰਸਾਇਆ ਗਿਆ ਹੈ ਜਿਵੇਂ ਕਿ ਪਹਿਲਾ ਰੂਪ ਵੈਦਿਕ ਪਰੰਪਰਾ ਦੇ ਨੇਤੀ-ਨੇਤੀ ਦੇ ਰੂਪ ਵਿਚ ਹੈ :

ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥
ਅਸ੍ਚਰਜ ਰੂਪੰ ਰਹੰਤ ਜਨਮੰ ॥[108]

ਅਤੇ ਦੂਜਾ ਉਪਮਾ ਦੇ ਰੂਪ ਵਿਚ ਹੈ :

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥੧॥ ਰਹਾਉ ॥
ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥
ਨਾਮ ਬਿਨਾ ਸਭ ਦੁਨੀਆ ਛਾਰੁ ॥੧॥
ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥
ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥[109]

ਸਿੱਖ ਗੁਰੂ ਸਾਹਿਬਾਨ ਦਾ ਅਨੁਭਵ ਰੱਬ ਦੀ ਦਾਰਸ਼ਨਿਕ ਚਰਚਾ ਦੀ ਬਜਾਏ ਉਸ ਦੇ ਪ੍ਰੇਮ ਭਿੱਜੇ ਗੀਤਾਂ ਰਾਹੀਂ ਪਰਗਟ ਹੋਇਆ ਹੈ। ਗੁਰੂ ਸਾਹਿਬਾਨ ਸਤਿ-ਸੰਗਤ ਨੂੰ ਧਾਰਮਿਕ ਅਨੁਭਵ ਲਈ ਜਰੂਰੀ ਮੰਨਦੇ ਹਨ। ਗੁਰਮਤਿ ਵਿਚ ਇਕਾਂਤਕ ਜਾਂ ਉਜਾੜਾਂ ਜੰਗਲਾਂ ਦੀ ਭਗਤੀ ਨਾਲੋਂ ਸੁਹਾਗਣ ਸਖੀਆਂ ਦੇ ਰੂਪ ਵਿਚ ਮਿਲ ਕੇ ਰੱਬੀ ਗੀਤ ਗਾਉਣ ਨੂੰ ਸੁਭਾਗਾ ਦੱਸਿਆ ਗਿਆ ਹੈ।[110] ਗੁਰੂ ਸਾਹਿਬਾਨ ਨੇ ਪਰਮਾਤਮਾ ਦੇ ਕੁਦਰਤ ਵਿਚ ਵੱਸੇ ਸਰੂਪ ਅਤੇ ਧਰਤੀ ਦੇ ਧਰਮਸਾਲ ਹੋਣ ਦਾ ਅਨੁਭਵ ਕਰਾਇਆ ਹੈ। ਇਥੋਂ ਗੁਰਮਤਿ ਦੀ ਸੰਸਾਰ ਪ੍ਰਤੀ ਨਿਵੇਕਲੀ ਪਹੁੰਚ ਦਾ ਆਗਾਜ਼ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਖਾਲਸਾ ਪੰਥ ਸਜਾ ਕੇ ਬਰਾਬਰਤਾ, ਆਜਾਦੀ, ਕਿਰਤ ਅਤੇ ਨਾਮ ਰਾਹੀਂ ਸੰਸਾਰ ਵਿਚੋ ਦੁਖ ਅਤੇ ਪਾਪ ਦੇ ਖਾਤਮੇ ਦਾ ਰਾਹ ਰੁਸ਼ਨਾਇਆ ਹੈ। ਗੁਰੂ ਦਾ ਹਰੇਕ ਸਿੰਘ ਇਸ ਮਿਸ਼ਨ ਨੂੰ ਆਪਣਾ ਫਰਜ ਮੰਨਦਾ ਹੈ। ਗੁਰ ਦਰਸ਼ਨ ਦੀ ਸਹੀ ਸੂਝ ਪ੍ਰਾਪਤ ਕਰਨ ਲਈ ਇਹ ਅਨੁਭਵ ਲਾਜ਼ਮੀ ਤੱਤ ਹੈ।

3. ਪਰੰਪਰਾ

---

108 ਉਹੀ, *ਸਲੋਕ ਸਹਸਕ੍ਰਿਤੀ ਮਹਲਾ ੫,* ਪੰਨਾ 1359.
109 ਉਹੀ, *ਭੈਰਉ ਮਹਲਾ ੫,* ਪੰਨਾ 1137-38.
110 ਉਹੀ, *ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪,* ਪੰਨਾ 136.

'ਗੁਰ ਦਰਸ਼ਨ' ਦੀ ਉਸਾਰੀ ਵਿਚ ਸਿੱਖ ਪਰੰਪਰਾ ਦੇ ਗ੍ਰੰਥਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿੱਖ ਪਰੰਪਰਾ ਦਾ ਸਭ ਤੋਂ ਪਰਮਾਣਕ ਕਾਰਜ ਭਾਈ ਗੁਰਦਾਸ ਜੀ ਦੀ ਰਚਨਾ ਹੈ ਜਿਸ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ। ਵਜ਼ੀਰ ਸਿੰਘ ਦੇ ਸ਼ਬਦਾਂ ਵਿਚ "ਗੁਰਮਤਿ ਦੇ ਨਿਯਮਾਂ ਦੀ ਵਿਧੀ-ਬੱਧ ਵਿਆਖਿਆ ਵਿਚ ਭਾਈ ਗੁਰਦਾਸ ਦੀ ਦੇਣ ਮੁੱਢਲੀ ਮਹੱਤਾ ਵਾਲੀ ਹੈ।"[111] ਭਾਈ ਸਾਹਿਬ ਗੁਰੂ ਅਰਮ ਦਾਸ ਜੀ ਤੋਂ ਲੈ ਕੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮਕਾਲੀ ਸਨ। ਭਾਵੇਂ ਭਾਈ ਗੁਰਦਾਸ ਜੀ ਦੀ ਰਚਨਾ ਕਾਵਿ ਰੂਪ ਵਿਚ ਹੈ ਪਰ ਉਨ੍ਹਾਂ ਨੇ ਆਪਣੀ ਰਚਨਾ ਵਿਚ ਜਿਥੇ ਗੁਰਬਾਣੀ ਦੇ ਸ਼ਬਦਾਂ ਦੇ ਗੁੱਝੇ ਅਰਥਾਂ ਨੂੰ ਸਪਸ਼ਟ ਕੀਤਾ ਹੈ ਉਥੇ 'ਗੁਰ ਦਰਸ਼ਨ' ਦੇ ਸਿਧਾਂਤ ਦੀ ਵਿਆਖਿਆ ਕੀਤੀ ਹੈ। ਸਿੱਖ ਸਿਧਾਂਤ ਦੇ ਨਾਲ-ਨਾਲ ਸਿੱਖ ਅਮਲ ਸੰਬੰਧੀ ਉਨ੍ਹਾਂ ਦੀ ਰਚਨਾ ਦਾ ਵਿਸ਼ੇਸ਼ ਮਹੱਤਵ ਹੈ।

ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਪਰਮਾਤਮਾ ਦੇ ਪ੍ਰੇਮਭਾਵ ਤੋਂ ਵਿਹੂਣੇ ਛੇ ਸ਼ਾਸਤਰਾਂ ਦੇ ਆਪੋ-ਆਪਣੇ ਚਲਾਏ ਮਤ ਅਤੇ ਬੋਧ, ਹਿੰਦੂ ਅਤੇ ਮੁਸਲਮਾਨ ਧਰਮਾਂ ਦੇ ਟਕਰਾਅ ਵਿਚ ਪਿਸ ਰਹੀ ਲੋਕਾਈ ਦਾ ਹਾਲ ਦੱਸਿਆ ਹੈ। ਗੁਰੂ ਨਾਨਕ ਜੀ ਦੇ ਆਗਮਨ ਨਾਲ ਹਨੇਰਾ ਹਟ ਗਿਆ, ਹਰ ਘਰ ਪਰਮਾਤਮਾ ਦੇ ਪ੍ਰੇਮ ਅਤੇ ਕੀਰਤਨ ਕਰਨ ਦਾ ਸਥਾਨ ਬਣ ਗਿਆ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥[112]

ਭਾਈ ਗੁਰਦਾਸ ਜੀ ਅਨੁਸਾਰ ਛੇ ਦਰਸ਼ਨਾਂ ਦੇ ਪੈਰੋਕਾਰ ਹੰਕਾਰ-ਵੱਸ ਧਰਮ ਦੇ ਅਸਲ ਅਰਥ ਅਤੇ ਜੁਗਤ ਤੋਂ ਵਿਹੂਣੇ ਹੋ ਚੁੱਕੇ ਸਨ। ਜਾਤਿ, ਪੰਥ ਅਤੇ ਵਰਣਾਂ ਵਿਚ ਵੰਡੀ ਲੋਕਾਈ ਫੁੱਟ ਅਤੇ ਭਰਮਾਂ ਦੀ ਸ਼ਿਕਾਰ ਸੀ ਅਤੇ ਭਾਈ ਸਾਹਿਬ ਇਸ ਸਾਰੇ ਅੰਧ ਗੁਬਾਰ ਵਿਚ 'ਗੁਰਮੁਖ ਦਰਸ਼ਨ' ਨੂੰ ਸੂਰਜ ਵਾਂਗ ਰੌਸ਼ਨ ਤੇ ਨਿਰਾਲਾ ਦੱਸਦੇ ਹਨ :

ਜਤੀ ਸਤੀ ਸੰਤੋਖੀਆ ਜਤ ਸਤ ਜੁਗਤਿ ਸੰਤੋਖ ਨ ਜਾਤੀ।
ਸਿਧ ਨਾਥੁ ਬਹੁ ਪੰਥ ਕਰਿ ਹਉਮੈ ਵਿਚਿ ਕਰਨਿ ਕਰਮਾਤੀ।
ਚਾਰਿ ਵਰਨ ਸੰਸਾਰ ਵਿਚਿ ਖਹਿ ਖਹਿ ਮਰਦੇ ਭਰਮਿ ਭਰਾਤੀ।
ਛਿਅ ਦਰਸਨ ਹੋਇ ਵਰਤਿਆ ਬਾਰਹ ਵਾਟ ਉਚਾਟ ਜਮਾਤੀ।
ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗ ਤੰਬੋਲ ਸੁਵਾਤੀ।

---

111 ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਨਾ 86.

112 ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ,* ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ 14.

ਛਿਅ ਰੁਤਿ ਬਾਰਹ ਮਾਹ ਵਿਚਿ ਗੁਰਮੁਖਿ ਦਰਸਨੁ ਸੁਝ ਸੁਝਾਤੀ।

ਗੁਰਮੁਖਿ ਸੁਖ ਫਲੁ ਪਿਰਮ ਪਿਰਾਤੀ।[113]

ਇਸ ਪਉੜੀ ਵਿਚ ਭਾਈ ਸਾਹਿਬ ਨੇ ਜਿੱਥੇ 'ਗੁਰ ਦਰਸ਼ਨ' ਦੀ ਰੱਬੀ ਏਕਤਾ ਦਾ ਵੈਦਿਕ ਛੇ ਦਰਸ਼ਨਾਂ ਤੋਂ ਸਿਧਾਂਤਕ ਨਿਖੇੜਾ ਕੀਤਾ ਹੈ ਉਥੇ 'ਗੁਰ ਦਰਸ਼ਨ' ਦੇ ਹਉਮੈ ਰਹਿਤ, ਮਨੁੱਖੀ ਬਰਾਬਰਤਾ ਅਤੇ ਗੂੜ੍ਹੇ ਰੱਬੀ ਪ੍ਰੇਮ ਦੇ ਅਮਲ/ਜੁਗਤਿ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅਤੇ ਗੋਸ਼ਟੀਆਂ ਨੂੰ ਬਿਆਨ ਕੀਤਾ ਹੈ। ਗੁਰੂ ਸਾਹਿਬ ਵੱਲੋਂ ਸਿੱਧਾਂ ਨੂੰ ਜਿੱਤ ਕੇ ਛੇ ਸ਼ਾਸਤਰਾਂ ਦੇ ਮਾਰਗ ਤੋਂ ਨਵੇਕਲੇ 'ਗੁਰ ਦਰਸ਼ਨ' ਦੀ ਸਿਰਜਣਾ ਬਾਰੇ ਭਾਈ ਸਾਹਿਬ ਲਿਖਦੇ ਹਨ :

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ।[114]

ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਨਿਵਾਸ ਬਾਰੇ ਦੱਸਦਿਆਂ ਭਾਈ ਗੁਰਦਾਸ ਜੀ ਗੁਰ ਸਿਧਾਂਤ ਦੀ ਚਰਚਾ, ਸ਼ਬਦ ਦੀ ਧੁਨਕਾਰ ਅਤੇ ਗੁਰਬਾਣੀ ਪਾਠ ਦੀ ਰਹਿਤ ਨੂੰ ਇੰਝ ਬਿਆਨ ਕਰਦੇ ਹਨ :

ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।[115]

ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਗੁਰਬਾਣੀ ਦੇ ਗੁਹਝ ਅਰਥਾਂ ਨੂੰ ਖੋਲਣ ਦਾ ਉਪਰਾਲਾ ਕੀਤਾ ਹੈ। ਭਾਈ ਸਾਹਿਬ ਨੇ ਇਹ ਵਿਆਖਿਆ ਕਾਵਿ ਰੂਪ ਵਿਚ ਹੀ ਕੀਤੀ ਹੈ। 'ਜਪੁ' ਬਾਣੀ ਦੇ ਸਲੋਕ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਦੇ ਅਰਥਾਂ ਨੂੰ ਸਪਸ਼ਟ ਕਰਦਿਆਂ ਲਿਖਦੇ ਹਨ :

ਪਵਣ ਗੁਰੂ ਗੁਰੁ ਸਬਦੁ ਹੈ ਰਾਗ ਨਾਦ ਵੀਚਾਰਾ।

ਮਾਤ ਪਿਤਾ ਜਲੁ ਧਰਤਿ ਹੈ, ਉਤਪਤਿ ਸੰਸਾਰਾ।[116]

'ਗੁਰ ਦਰਸ਼ਨ' ਦੀ ਉਸਾਰੀ ਵਿਚ ਜਨਮਸਾਖੀ ਪਰੰਪਰਾ ਦਾ ਮਹੱਤਵਪੂਰਨ ਯੋਗਦਾਨ ਹੈ। ਜਨਮਸਾਖੀ ਸਾਹਿਤ ਦਾ ਮੁੱਖ ਵਿਸ਼ਾ ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ ਪੇਸ਼ ਕਰਨਾ ਹੈ। ਜਨਮਸਾਖੀ ਪਰੰਪਰਾ ਵਿਚ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਸਾਖੀਆਂ ਰਾਹੀਂ ਕੀਤੀ ਗਈ ਹੈ ਅਤੇ ਗੁਰੂ ਸਾਹਿਬ ਦੀ ਵਾਰਤਾ ਰਾਹੀਂ 'ਗੁਰ ਦਰਸ਼ਨ' ਦੇ ਸਿਧਾਂਤ ਅਤੇ ਅਮਲ ਦੀ ਪੇਸ਼ਕਾਰੀ ਕੀਤੀ ਗਈ ਹੈ।

ਅਠਾਰਵੀਂ ਅਤੇ ਉਨ੍ਹੀਵੀਂ ਸਦੀ ਵਿਚ ਗੁਰੂ ਸਾਹਿਬਾਨ ਅਤੇ ਖਾਲਸਾ ਪੰਥ ਬਾਰੇ ਰਚੇ ਗਏ

---

[113] ਉਹੀ, ਪੰਨਾ 134-35.
[114] ਉਹੀ, ਪੰਨਾ 16.
[115] ਉਹੀ, ਪੰਨਾ 19.
[116] ਉਹੀ, ਪੰਨਾ 33.

ਪਰੰਪਰਾਗਤ ਇਤਿਹਾਸਿਕ ਗ੍ਰੰਥ 'ਗੁਰ ਦਰਸ਼ਨ' ਦੇ ਅਧਿਆਤਮ ਅਤੇ ਰਹਿਤ ਭਾਗ ਸੰਬੰਧੀ ਵਿਸ਼ੇਸ਼ ਕਰਕੇ ਵੱਡਮੁਲੇ ਸ੍ਰੋਤ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਸਿੱਖ ਇਤਿਹਾਸ ਵਿਚ ਖਾਸ ਮਹੱਤਾ ਰੱਖਦਾ ਹੈ। ਗੁਰੂ ਸਾਹਿਬ ਵੱਲੋਂ ਖਾਲਸਾ ਪੰਥ ਦੀ ਸਾਜਨਾ, ਮੁਗਲ ਹਕੂਮਤ ਦੇ ਜ਼ੁਲਮਾਂ ਦਾ ਟਾਕਰਾ, ਪੂਰੇ ਪਰਿਵਾਰ ਦੀ ਸ਼ਹਾਦਤ ਅਤੇ ਆਦਿ ਗ੍ਰੰਥ ਸਾਹਿਬ ਨੂੰ 'ਗੁਰ ਪਦਵੀ' ਦੇਣ ਦੇ ਇਸ ਮਹੱਤਵਪੂਰਨ ਅਮਲ ਨੂੰ ਸਮਝੇ ਬਿਨਾਂ 'ਗੁਰ ਦਰਸ਼ਨ' ਦਾ ਅਧਿਐਨ ਪੂਰਾ ਨਹੀਂ ਹੋ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਬਚਿਤ੍ਰ ਨਾਟਕ' ਵਿਚੋਂ ਇਸ ਸਮੇਂ ਬਾਰੇ ਸੰਖੇਪ ਹਵਾਲੇ ਪ੍ਰਾਪਤ ਹੁੰਦੇ ਹਨ। ਅਠਾਰਵੀਂ ਸਦੀ ਦੀਆਂ ਸਿੱਖ ਪਰੰਪਰਾਗਤ ਅਤੇ ਇਤਿਹਾਸਕ ਰਚਨਾਵਾਂ ਵਿਚੋਂ ਗੁਰੂ ਸਾਹਿਬ, ਉਨ੍ਹਾਂ ਦੇ ਪਰਿਵਾਰ ਅਤੇ ਸਿੰਘਾਂ ਦੇ ਸਿਧਾਂਤ ਅਤੇ ਅਮਲ ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਨਵੀਂ ਰਹਿਤ ਅਤੇ ਨਵੇਂ ਸਭਿਆਚਾਰ ਦੀ ਨੀਂਹ ਰੱਖੀ ਜਿਸ ਦੇ ਬਿਆਨ ਲਈ ਉਚੇਚੇ ਤੌਰ ਤੇ ਰਹਿਤਨਾਮੇ ਪ੍ਰਾਪਤ ਹੰਦੇ ਹਨ। ਪਿਆਰਾ ਸਿੰਘ ਪਦਮ ਭਾਈ ਦੇਸਾ ਸਿੰਘ, ਭਾਈ ਦਯਾ ਸਿੰਘ, ਭਾਈ ਨੰਦ ਲਾਲ ਦੇ ਰਹਿਤ-ਨਾਮਿਆਂ ਦੇ ਨਾਲ-ਨਾਲ ਸ੍ਰੀ ਗੁਰਸੋਭਾ, ਗੁਰਬਿਲਾਸ, ਬੰਸਾਵਲੀ ਨਾਮਾ, ਪੰਥ ਪ੍ਰਕਾਸ਼ ਆਦਿ ਰਚਨਾਵਾਂ ਨੂੰ 'ਰਹਿਤ ਨਾਮਾ' ਪਰੰਪਰਾ ਵਿਚ ਸ਼ਾਮਿਲ ਕਰਦੇ ਹਨ।[117] ਅਸਲ ਵਿਚ 'ਸਿੱਖ ਰਹਿਤ ਮਰਯਾਦਾ' ਦੀ ਉਸਾਰੀ ਵਿਚ ਇਨ੍ਹਾਂ ਰਚਨਾਵਾਂ ਦਾ ਮਹੱਤਵਪੂਰਨ ਯੋਗਦਾਨ ਹੈ।

4. ਇਤਿਹਾਸ

ਮਨੁੱਖ ਦੇ ਜੀਵਨ ਨੂੰ ਅਧਰਮ ਤੋਂ ਧਰਮ ਵੱਲ ਮੋੜਾ ਦੇਣ ਲਈ ਸਿਧਾਂਤਕ ਗਿਆਨ ਦੇ ਨਾਲ-ਨਾਲ ਇੱਕ ਆਦਰਸ਼ ਸ਼ਖਸੀਅਤ ਦਾ ਹੋਣਾ ਬਹੁਤ ਜਰੂਰੀ ਹੈ। ਅਸੀਂ ਪਿੱਛੇ ਦੇਖ ਚੁਕੇ ਹਾਂ ਕਿ ਵੈਦਿਕ ਸ਼ਾਸਤਰਾਂ ਦੇ ਆਦਰਸ਼ ਸ਼ਖਸੀਅਤ (ਗੁਰੂ) ਵਿਹੂਣੇ ਗਿਆਨ ਨੂੰ 'ਗੁਰ ਦਰਸ਼ਨ' ਵਿਚ ਪ੍ਰਵਾਨ ਨਹੀਂ ਕੀਤਾ ਗਿਆ। ਵੈਦਿਕ ਧਰਮ ਦੇ ਆਚਾਰਯ ਵੇਦ ਵਿਆਸ ਨੇ ਗਿਆਨ ਸਰੂਪ 'ਗੀਤਾ' ਦੀ ਰਚਨਾ ਪਿਛੋਂ ਭਗਤੀ ਭਾਵ ਪੈਦਾ ਕਰਨ ਲਈ ਪੁਰਾਣਾਂ ਦੀ ਰਚਨਾ ਕੀਤੀ। ਵੇਦ ਵਿਆਸ 'ਵਿਸ਼ਨੂ ਪੁਰਾਣ' ਵਿਚ ਭਗਵਾਨ ਦੇ ਸਰਗੁਣ ਸਰੂਪ ਬਿਆਨ ਕਰਦਿਆਂ ਲਿਖਦੇ ਹਨ "ਹੇ ਰਾਜਨ ! ਧਾਰਨਾ ਬਿਨਾਂ ਕਿਸੀ ਆਧਾਰ ਦੇ ਨਹੀਂ ਹੋ ਸਕਦੀ, ਇਸ ਲਈ ਭਗਵਾਨ ਦੇ ਜਿਸ ਮੂਰਤ ਰੂਪ ਦਾ, ਜਿਸ ਤਰ੍ਹਾਂ ਦਾ ਧਿਆਨ ਕਰਨਾ ਚਾਹੀਦਾ ਹੈ, ਉਹ ਸੁਣੋ; ਜਿਹੜਾ ਖੁਸ਼ ਸਰੀਰ ਅਤੇ ਕਮਲ ਦੇ ਸਮਾਨ ਸੁੰਦਰ ਅੱਖਾਂ ਵਾਲਾ ਹੈ, ਸੁੰਦਰ ਕਪੋਲ ਅਤੇ ਵੱਡੇ ਮੱਥੇ ਨਾਲ ਸੁਸ਼ੋਭਿਤ ਹੈ ... ਉਹਨਾਂ ਪਵਿੱਤਰ ਪੀਲੇ ਕੱਪੜੇ ਪਹਿਨੇ ਬ੍ਰਹਮ ਸਵਰੂਪ ਭਗਵਾਨ ਵਿਸ਼ਨੂੰ ਦਾ ਗੁਨਗਾਣ ਕਰੋ।"[118]

---

117 ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2010, ਪੰਨਾ 39.

118 ਰਾਜੇਸ਼ ਸ਼ਰਮਾ (ਅਨੁ.), *ਸ਼੍ਰੀ ਵਿਸ਼ਨੂੰ ਪੁਰਾਣ*, ਅੰਮ੍ਰਿਤਸਰ: ਚਤਰ ਸਿੰਘ ਜੀਵਨ ਸਿੰਘ, 1999, ਪੰਨਾ 235.

ਸਿੱਖੀ ਵਿਚ ਗੁਰੂ ਸਾਹਿਬਾਨ ਨੂੰ ਪੁਰਾਣਾਂ ਵਾਂਗ ਅਵਤਾਰ ਨਹੀਂ ਮੰਨਿਆ ਪਰ ਗੁਰੂ ਨੂੰ ਪਰਮਾਤਮਾ ਦਾ ਰੂਪ ਜਰੂਰ ਮੰਨਿਆ ਗਿਆ ਹੈ। ਸਿੱਖ ਧਰਮ ਵਿਚ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਦੀ ਸ਼ਖਸੀਅਤ ਤੋਂ ਪ੍ਰੇਰਨਾ ਲਏ ਬਿਨਾਂ ਸਿੱਖੀ ਅਮਲ ਪੂਰਾ ਨਹੀਂ ਮੰਨਿਆ ਜਾ ਸਕਦਾ। ਇਸ ਕਰਕੇ ਪੂਰਨ ਸਿੰਘ ਵੱਲੋਂ ਸਿੱਖ ਸਿਧਾਂਤ ਨੂੰ ਸਮਝਣ ਦੀ ਸ਼ੁਰੂਆਤ ਦਲੀਲੀ ਗਿਆਨ ਅਤੇ ਦਰਸ਼ਨ ਦੀ ਥਾਂ ਗੁਰੂ ਸ਼ਖਸੀਅਤ ਤੋਂ ਕਰਨ ਦਾ ਦਿੱਤਾ ਸੁਝਾਅ ਬੜਾ ਕੀਮਤੀ ਜਾਪਦਾ ਹੈ। ਪੂਰਨ ਸਿੰਘ ਦੇ ਸ਼ਬਦਾਂ ਵਿਚ "ਹੁਣ ਜਦਕਿ ਦਿਮਾਗੀ ਹਨੇਰੀ ਜਗਤ 'ਤੇ ਝੁਲ ਰਹੀ ਹੈ ਤੇ ਉਪਰ ਦੱਸੇ ਅਮਲ (ਸਿੱਖੀ ਅਮਲ) ਤੇ ਜੀਵਨ ਖੰਭਾਂ ਤੋਂ ਵਿਹੂਣੀ ਹੋ ਕੇ ਕੇਵਲ ਦਲੀਲੀ ਲਹਿਰ ਦਿਲਾਂ-ਦਿਮਾਗਾਂ ਤੇ ਕਬਜਾ ਕਰ ਰਹੀ ਹੈ ਤੇ ਇਹ ਹਵਾ ਉਪਰ ਕਹੀ ਰੌਂ ਵਾਲਿਆਂ (ਸਿੱਖਾਂ) ਵਿਚ ਵੀ ਆ ਵੜੀ ਹੈ ਤੇ ਵਿੱਦਿਆ ਹੀ ਜਗਤ ਦਾ ਅਮਲ ਹੋ ਰਿਹਾ ਹੈ ਤਾਂ ਉਸ ਰੌਂ ਵਾਲਿਆਂ ਦੇ ਘੁਟੇ ਮਨ ਵਾਲੇ ਬੱਚੇ ਪੁਛਦੇ ਹਨ ਦੇਖੋ ਸਾਂਖ ਇਹ ਕਹਿੰਦਾ ਹੈ, ਸ਼ੰਕਰ ਇਹ ਕਹਿ ਗਿਆ ਹੈ, ਰਾਬਿੰਦਰ ਨਾਥ ਇਹ ਲਿਖ ਰਿਹਾ ਹੈ, ਇਕਬਾਲ ਨੇ ਇਹ ਆਖਿਆ ਹੈ। ਸਾਨੂੰ ਵੀ ਸਾਡਾ ਆਦਰਸ਼ ਦਿਮਾਗੀ ਨੁਕਤੇ ਤੋਂ ਦੱਸੋ। ਤਦ ਜਰੂਰੀ ਹੋ ਗਿਆ ਹੈ ਕਿ ਉਨ੍ਹਾਂ ਨੂੰ ਆਪਣੇ ਜੀਵਨ ਸੋਮੇਂ ਤੇ ਲਿਆ ਕੇ ਜੀਵਨ ਰੌਂ ਤੋਂ ਲਾਭਵੰਦ ਹੋਣ ਲਈ ਪਹਿਲੇ ਉਨ੍ਹਾਂ ਦੇ ਦਿਮਾਗ ਅੱਗੇ ਉਸ ਆਦਮੀ (ਗੁਰੂ) ਦੀ ਤਸਵੀਰ ਲਿਆਂਦੀ ਜਾਵੇ।[119]

ਗੁਰੂ ਸਾਹਿਬਨ ਦੀ ਸ਼ਖਸੀਅਤ ਤੋਂ ਪ੍ਰੇਰਨਾ ਲੈਣ ਲਈ ਸਾਡੇ ਪਾਸ ਦੋ ਮੁਖ ਵਸੀਲੇ ਹਨ ; ਪਹਿਲਾ ਗੁਰਬਾਣੀ ਅਤੇ ਦੂਜਾ ਗੁਰ ਇਤਿਹਾਸ। ਪੂਰਨ ਸਿੰਘ ਨੇ 'ਕਲਗੀਆਂ ਵਾਲੇ ਦੀ ਛਬੀ' ਲੇਖ ਵਿਚ ਗੁਰੂ ਦੀ ਤਸਵੀਰ ਗੁਰਮੁਖਾਂ ਦੇ ਹਿਰਦੇ ਵਿਚ ਸਥਿਤ ਦੱਸੀ ਹੈ। ਉਹ ਸਿੱਖ ਇਤਿਹਾਸ ਅਤੇ ਪਰੰਪਰਾ ਵੱਲ ਇਸ਼ਾਰਾ ਕਰਦਿਆਂ ਲਿਖਦੇ ਹਨ "ਪਰ ਇਹੋ ਜੇਹੀ ਅਚਰਜ ਮੂਰਤ ਕੌਣ ਖਿੱਚੇ ਤੇ ਕਿਵੇਂ ਦੱਸੇ ? ਕਵੀ ਸੰਤੋਖ ਸਿੰਘ ਜੀ ਅਤੇ ਗੁਰ ਬਿਲਾਸ ਲਿਖਣ ਵਾਲੇ ਸਿੱਖ ਕੁਛ ਕਾਮਯਾਬ ਹੋਏ ਹਨ, ਪਰ ਮੈ ਕਹਾਂਗਾ 'ਇਹ ਵੀ ਨਹੀ'"[120]

ਗੁਰੂ ਸਾਹਿਬ ਦੇ ਸੰਦੇਸ਼ ਨੂੰ ਸਮੇਂ ਅਤੇ ਸਥਾਨ ਅਨੁਸਾਰ ਪੇਸ਼ ਕਰਨਾ 'ਗੁਰ ਦਰਸ਼ਨ' ਦਾ ਫ਼ਰਜ਼ ਹੈ। ਇਹ ਗੁਰੁਸ਼ਬਦ ਅਤੇ ਸਮਕਾਲੀ ਹਾਲਾਤ ਨੂੰ ਜੋੜਦਾ ਹੈ। ਇਸ ਕਰਕੇ 'ਗੁਰ ਦਰਸ਼ਨ' ਦੀ ਬਣਤਰ ਵਿਚ ਇਤਿਹਾਸਿਕ ਅਨੁਭਵ ਦਾ ਖਾਸ ਯੋਗਦਾਨ ਹੈ। ਤਾਰਨ ਸਿੰਘ ਵੱਲੋ ਦੱਸੀਆਂ ਗਈਆਂ ਗੁਰਬਾਣੀ

---

119 ਪੂਰਨ ਸਿੰਘ, *ਖੁਲ੍ਹੇ ਘੁੰਡ,* ਲੁਧਿਆਨਾ: ਲਾਹੌਰ ਬੁਕ ਸ਼ਾਪ, 1992, ਪੰਨਾ 9.

120 ਮਹਿੰਦਰ ਸਿੰਘ ਰੰਧਾਵਾ, *ਪੂਰਨ ਸਿੰਘ ਦੀ ਵਾਰਤਕ,* ਨਵੀ ਦਿੱਲੀ: ਸਾਹਿਤ ਅਕਾਦੇਮੀ, 1986, ਪੰਨਾ 135.

ਦੀਆਂ ਵੱਖੋ-ਵੱਖ ਵਿਆਖਿਆ ਪ੍ਰਣਾਲੀਆਂ ਦੇ ਪਰਗਟਾਵੇ ਅਤੇ ਪਸਾਰ ਦਾ ਖਾਲਸਾ ਪੰਥ ਦੇ ਸਮਕਾਲੀ ਹਾਲਾਤ ਨਾਲ ਡੂੰਘਾ ਸੰਬੰਧ ਵੇਖਿਆ ਜਾ ਸਕਦਾ ਹੈ।

ਮੁਗਲ ਹਕੂਮਤ ਦੇ ਸਮੇਂ 'ਉਦਾਸੀ ਪ੍ਰਣਾਲੀ' ਅਤੇ 'ਨਿਰਮਲਾ ਪ੍ਰਣਾਲੀ' ਜਿਨ੍ਹਾਂ ਦਾ ਝੁਕਾਅ ਵੈਦਿਕ ਧਰਮ ਵੱਲ ਸੀ, ਨੇ ਖਾਲਸਾ ਪੰਥ ਦੀ ਵਡਮੁਲੀ ਸੇਵਾ ਕੀਤੀ। ਇਸ ਸਮੇਂ ਦੌਰਾਨ ਖਾਲਸੇ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਅਤੇ ਬਹੁਗਿਣਤੀ ਨਵੀਂ ਭਰਤੀ ਹਕੂਮਤ ਦੇ ਜ਼ੁਲਮਾਂ ਦੀ ਲਿਤਾੜੀ ਹਿੰਦੂ ਜਨਤਾ ਵਿਚੋਂ ਹੋਈ। ਇਸ ਕਰਕੇ ਅਠਾਰਵੀਂ-ਉਨ੍ਹੀਵੀਂ ਸਦੀ ਦਾ ਸਮਾਂ ਉਦਾਸੀ ਅਤੇ ਨਿਰਮਲਾ ਪ੍ਰਣਾਲੀ ਲਈ ਬਹੁਤ ਢੁਕਵਾਂ ਸੀ। ਦੂਜੇ ਪਾਸੇ ਜਦੋਂ ਸਿੱਖੀ ਉੱਪਰ ਵੈਦਿਕ ਕਰਮ-ਕਾਂਡ ਅਤੇ ਅੰਧਵਿਸ਼ਵਾਸ ਭਾਰੂ ਹੋਣ ਲੱਗਾ ਤਾਂ 'ਸਿੰਘ ਸਭਾਈ' ਪ੍ਰਣਾਲੀ ਨੇ ਖਾਲਸਾ ਪੰਥ ਦੀ ਨਿਆਰੀ ਹੋਂਦ ਲਈ ਵਿਆਖਿਆਕਾਰੀ ਦਾ ਮੋਰਚਾ ਸੰਭਾਲਿਆ। ਜਸਬੀਰ ਸਿੰਘ ਆਹਲੂਵਾਲੀਆ ਅਨੁਸਾਰ 'ਸਿੰਘ ਸਭਾ' ਲਹਿਰ ਦੇ ਨਵੇਂ ਵਿਚਾਰਧਾਰਾਇਕ ਤਕਾਜ਼ੇ ਦਾ ਪ੍ਰਤੀਕ ਭਾਈ ਕਾਹਨ ਸਿੰਘ (ਨਾਭਾ) ਦੀ ਪੁਸਤਕ ਦਾ ਨਾਂ :'ਹਮ ਹਿੰਦੂ ਨਹੀਂ" ਨੂੰ ਮੰਨਿਆ ਜਾ ਸਕਦਾ ਹੈ।[121] ਇਸ ਸਮੇਂ ਪੰਜਾਬ ਅੰਗਰੇਜ਼ੀ ਹਕੂਮਤ ਦੇ ਅਧੀਨ ਹੋ ਚੁਕਾ ਸੀ। ਸਿੰਘ ਸਭਾ ਲਹਿਰ ਈਸਾਈ ਪ੍ਰਚਾਰਕਾਂ ਅਤੇ ਆਧੁਨਿਕ ਯੁਗ ਦੇ ਪੱਛਮੀ ਗਿਆਨ ਪ੍ਰਬੰਧ ਨਾਲ ਵੀ ਸੰਵਾਦ ਵਿਚ ਸੀ। ਇਸ ਪਰਭਾਵ ਕਰਕੇ 'ਗੁਰ ਦਰਸ਼ਨ' ਸੰਬੰਧੀ ਵਿਧੀਪੂਰਨ ਅਤੇ ਅਕਾਦਮਿਕ ਪੱਧਰ ਦੀਆਂ ਰਚਨਾਵਾਂ ਸਾਹਮਣੇ ਆਉਣੀਆਂ ਸ਼ੁਰੂ ਹੋਈਆਂ।

ਵੀਹਵੀਂ ਸਦੀ ਵਿਚ ਸਿੱਖ ਮਿਸ਼ਨਰੀ ਸੰਸਥਾਵਾਂ, ਕਾਲਜ ਅਤੇ ਯੂਨੀਵਰਸਿਟੀਆਂ ਵਿਚ ਸਿੱਖ ਧਰਮ ਦਾ ਅਧਿਐਨ ਸ਼ੁਰੂ ਹੋਇਆ। ਭਾਈ ਵੀਰ ਸਿੰਘ ਦੀ ਰਚਨਾ 'ਗੁਰਮਤਿ ਨਿਰਣਯ', ਭਾਈ ਕਾਨ੍ਹ ਸਿੰਘ ਨਾਭਾ ਦੇ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਅਤੇ 'ਗੁਰਮਤਿ ਮਾਰਤੰਡ', ਸ਼ੇਰ ਸਿੰਘ ਦੀ ਰਚਨਾ 'Sikh Philosophy' (ਅਨੁ. ਗੁਰਮਤਿ ਦਰਸ਼ਨ), ਸਾਹਿਬ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ', ਭਾਈ ਜੋਧ ਸਿੰਘ ਦੀ ਪੁਸਤਕ 'ਗੁਰਮਤਿ ਨਿਰਣਯ', ਸਰਦੂਲ ਸਿੰਘ ਕਵੀਸ਼ਰ ਦੀ ਪੁਸਤਕ 'ਸਿੱਖ ਧਰਮ ਦਰਸ਼ਨ', ਰਤਨ ਸਿੰਘ ਜੱਗੀ ਦੇ 'ਸ੍ਰੀ ਗੁਰੂ ਗ੍ਰੰਥ ਵਿਸ਼ਵਕੋਸ਼' ਅਤੇ 'ਸਿੱਖ ਪੰਥ ਵਿਸ਼ਵਕੋਸ਼', ਹਰਬੰਸ ਸਿੰਘ ਦਾ 'The Encyclopedia of Sikhism' ਇਸ ਸਮੇਂ ਦੀਆਂ ਪ੍ਰਮੁੱਖ ਰਚਨਾਵਾਂ ਹਨ। ਇਸ ਤਰ੍ਹਾਂ ਗੁਰ ਦਰਸ਼ਨ ਉੱਪਰ ਇਤਿਹਾਸਕ ਵਹਾਅ ਦਾ ਪਰਭਾਵ ਸਪਸ਼ਟ ਹੁੰਦਾ ਹੈ।

ਇਤਿਹਾਸ ਦੇ ਨਾਲ-ਨਾਲ ਇਤਿਹਾਸਕਾਰ ਵੀ ਗੁਰ ਦਰਸ਼ਨ ਦੇ ਕਾਰਜ ਵਿਚ ਮਹੱਤਵਪੂਰਨ

---

[121] ਜਸਬੀਰ ਸਿੰਘ ਆਹਲੂਵਾਲੀਆ, *ਸਿੱਖ ਫ਼ਲਸਫ਼ੇ ਦੀ ਭੂਮਿਕਾ,* ਅੰਮ੍ਰਿਤਸਰ: ਰਘਬੀਰ ਰਚਨਾ ਪ੍ਰਕਾਸ਼ਨ, 1976, ਪੰਨਾ 36.

ਯੋਗਦਾਨ ਪਾਉਂਦਾ ਹੈ। ਇਤਿਹਾਸਕ ਘਟਨਾਵਾਂ ਦੀ ਸਹੀ ਪੇਸ਼ਕਾਰੀ ਸਦਕਾ ਹੀ ਸਿੱਖ ਧਰਮ ਦੇ ਸਿਧਾਂਤ ਅਤੇ ਵਿਹਾਰ ਦੇ ਸੰਬੰਧ ਸਮਝਿਆ ਜਾ ਸਕਦਾ ਹੈ।

5. ਤਰਕ

ਸਿੱਖ ਧਰਮ ਵਿਚ ਤਰਕ ਦੇ ਮਹੱਤਵ ਬਾਰੇ ਗੁਰਨਾਮ ਕੌਰ ਦਾ ਕਥਨ ਹੈ "The Sikh Gurus gave a very important place to reason in the secular as well as spiritual life of man. They have encouraged that type of reasoning which results in constructive thought and leads to the seeking of knowledge."[122] ਗੁਰਬਾਣੀ ਵਿਚ 'ਤਰਕ' ਨਾਲ ਸੰਬੰਧਿਤ ਅਕਲ, ਬਿਬੇਕ ਅਤੇ ਗਿਆਨ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਪਰ ਇਨ੍ਹਾ ਸ਼ਬਦਾਂ ਨੂੰ ਇਥੇ ਨਵੇਂ ਅਰਥਾਂ ਵਿਚ ਪੇਸ਼ ਕੀਤਾ ਗਿਆ ਹੈ। ਗੁਰੂ ਜੀ 'ਅਕਲ' ਨੂੰ ਪਦਾਰਥਕ ਪ੍ਰਾਪਤੀ ਅਤੇ ਵਾਦ-ਵਿਵਾਦ ਵਿਚ ਵਿਅਰਥ ਗਵਾਉਣ ਦੀ ਬਜਾਏ ਪਰਮਾਤਮਾ ਦੀ ਸੇਵਾ ਅਤੇ ਸ਼ਬਦ ਦੀ ਵਿਚਾਰ ਲਈ ਲਾਉਣ ਵਾਲਿਆਂ ਨੂੰ ਹੀ ਧਰਮੀ ਮੰਨਦੇ ਹਨ :

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥
ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ॥
ਅਕਲਿ ਇਹ ਨ ਆਖੀਐ ਅਕਲਿ ਗਵਾਈਐ ਬਾਦਿ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥ [123]

ਤਰਕ ਦਾ ਦੂਜਾ ਮਹੱਤਵਪੂਰਨ ਕਾਰਜ ਜਿਗਿਆਸੂ ਨੂੰ ਪਖੰਡ ਅਤੇ ਅੰਧ-ਵਿਸ਼ਵਾਸ ਤੋਂ ਬਚਾਉਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੇ ਨਾਂ ਤੇ ਕੀਤੇ ਜਾ ਰਹੇ ਪਾਖੰਡ ਤੋਂ ਸੁਚੇਤ ਕਰਕੇ ਗਿਆਨ ਬਿਬੇਕ ਰਾਹੀਂ ਧਰਮ ਕਮਾਉਣ ਦੀ ਸੇਧ ਦਿੱਤੀ ਹੈ :

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ;
ਕਹੂੰ ਸਨਿਆਸਿ ਭੇਸ ਬਨ ਕੈ ਦਿਖਾਵਈ।

---

[122] Reason And Revelation In Sikhism, Gurnam Kaur, *ਸਿੱਖ ਅਧਿਐਨ*, ਬਲਕਾਰ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 1998, ਪੰਨਾ 210.

[123] ਸ੍ਰੀ ਗੁਰੂ ਗ੍ਰੰਥ ਸਾਹਿਬ, *ਸਲੋਕ ਮ:੧*, ਪੰਨਾ 1245.

ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ;
ਕਹੂੰ ਲੋਭ ਕੀ ਖੁਮਾਰੀ ਸੋਂ ਅਨੇਕ ਗੁਨ ਗਾਵਹੀ।
ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ;
ਕਹੂੰ ਡੰਡਧਾਰੀ ਹੁਇ ਕੈ ਲੋਗਨ ਭ੍ਰਮਾਵਈ।
ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋਂ;
ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ।੧੨।੮੨।[124]

ਗੁਰਬਾਣੀ ਅਨੁਸਾਰ ਤਰਕ ਮਨੁੱਖ ਨੂੰ ਦਵੈਤ ਦੇ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਸੱਚ ਤੱਕ ਪਹੁੰਚਾਉਂਦਾ ਹੈ। 'ਗੁਰ ਦਰਸ਼ਨ' ਦਾ ਅੰਤਮ ਸੱਚ ੧ੴ ਹੈ, ਇਸ ਕਰਕੇ ਇੱਕ ਪਰਮਾਤਮਾ ਨੂੰ ਸਿਮਰਨਾ ਅਸਲ ਗਿਆਨ ਹੈ ਅਤੇ ਅਜੇਹੀ ਬੁੱਧ ਬਿਬੇਕ ਵਾਲੇ ਮਨੁੱਖ ਦਾ ਉੱਚਾ ਸਤਿਕਾਰ ਹੈ :

ਸੋਈ ਗਿਆਨੀ ਜਿ ਸਿਮਰੈ ਏਕ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ॥[125]

ਇਸ ਤਰ੍ਹਾਂ ਗੁਰਬਾਣੀ ਅਕਲ ਨੂੰ ਧਰਮ ਦੀ ਸੂਝ ਦੇ ਕਾਰਜ ਲਈ ਸਹਾਈ ਮੰਨਦੀ ਹੈ ਪਰ ਇਹ ਅਕਲ ਸਾਧਾਰਣ ਬੌਧਕ ਅਮਲ ਨਹੀਂ ਹੈ ਸਗੋਂ ਉਹ ਵਿਸ਼ਵਾਸ, ਪ੍ਰੇਮ ਅਤੇ ਸ਼ਰਧਾ ਨਾਲ ਜੁੜਿਆ ਹੋਇਆ ਗਿਆਨ ਹੈ :

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥[126] ਅਤੇ
ਡੂਬੇ ਨਰਕ ਧਾਰਿ ਮੂੜ੍ਹ ਗਿਆਨ ਕੇ ਬਿਨਾ ਬਿਚਾਰ;
ਭਾਵਨਾ ਬਿਹੀਨ ਕੈਸੇ ਗਿਆਨ ਕੋ ਬਿਚਾਰ ਹੀਂ।੮੩।[127]

ਇਸ ਵਿਸ਼ਵਾਸ ਵਾਲੇ ਗਿਆਨ-ਬਿਬੇਕ ਦੀ ਪ੍ਰਾਪਤੀ ਬੌਧਿਕ ਜਾਂ ਸਰੀਰਕ ਕੋਸ਼ਿਸ਼ ਨਾਲ ਨਹੀਂ ਹੁੰਦੀ ਅਤੇ ਨਾ ਹੀ ਪਰੰਪਰਾਗਤ ਛੇ ਸ਼ਾਸਤਰਾਂ ਦੇ ਦੱਸੇ ਕਰਮਾਂ ਨਾਲ ਹੁੰਦੀ ਹੈ। ਵਿਕਾਰਾਂ ਦਾ ਨਾਸ ਅਤੇ ਪਰਮਾਤਮਾ ਦਾ ਮਿਲਾਪ ਤਾਂ ਨਿਰੋਲ ਪਰਮਾਤਮਾ ਦੀ ਕਿਰਪਾ ਨਾਲ ਹੀ ਸੰਭਵ ਹੈ:

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥

---

124 ਰਣਧੀਰ ਸਿੰਘ (ਸੰਪਾ.), ਸ਼ਬਦਾਰਥ ਦਸਮ ਗ੍ਰੰਥ ਸਾਹਿਬ, *ਅਕਾਲ ਉਸਤਤਿ*, ਪਟਿਆਲਾ: ਪੰਜਾਬੀ ਯੂਨੀਵਰਸਿਟੀ 1973, ਪੰਨਾ 27.
125 ਉਹੀ, *ਭੈਰਉ ਮਹਲਾ ੫,* ਪੰਨਾ 1150.
126 ਉਹੀ, *ਗਉੜੀ ਸੁਖਮਨੀ ਮ:੫,* ਪੰਨਾ 285.
127 ਰਣਧੀਰ ਸਿੰਘ (ਸੰਪਾ.), ਸ਼ਬਦਾਰਥ ਦਸਮ ਗ੍ਰੰਥ ਸਾਹਿਬ, *ਅਕਾਲ ਉਸਤਤਿ,* ਪੰਨਾ 28.

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥[128]

ਇਸ ਤਰ੍ਹਾਂ ਗੁਰਬਾਣੀ ਵਿਚ ਤਰਕ ਲਈ ਅਕਲ, ਵਿਚਾਰ ਅਤੇ ਬਿਬੇਕ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਨੂੰ ਬੌਧਕ ਸਿਆਣਪ ਦੀ ਬਜਾਏ ਰੱਬੀ ਦਾਤ ਮੰਨਿਆ ਗਿਆ ਹੈ। ਤਰਕ ਸਿੱਖੀ ਦੇ ਸਿਧਾਂਤਕ ਅਤੇ ਅਮਲੀ ਦੋਹਾਂ ਪੱਖਾਂ ਲਈ ਸਹਾਈ ਸਾਬਤ ਹੁੰਦਾ ਹੈ। ਅੰਧਵਿਸ਼ਵਾਸ ਤੋਂ ਦੂਰ ਰਹਿ ਕੇ ਹਿਰਦੇ ਵਿਚ ਨਾਮ ਦਾ ਵਾਸਾ, ਨਾਮ ਦੀ ਵਿਚਾਰ ਅਤੇ ਪਰਮਾਤਮਾ ਨੂੰ ਸਭ ਥਾਂ ਹਾਜ਼ਰ ਵੇਖਣਾ ਇਸਦੇ ਲੱਛਣ ਦੱਸੇ ਗਏ ਹਨ। ਗੁਰਨਾਮ ਕੌਰ ਦੇ ਸ਼ਬਦਾਂ ਵਿਚ "On the whole, the function of reason on theoretical level is to discover truth, to make the seeker understand the *Nam*, which is the manifestation of God, and the ultimate truth. On practical level its function is to guide his conduct, to take away him from the irrational beliefs and superstitions and make him rational."[129]

7. ਗੁਰਦੁਆਰਾ

ਗੁਰਦੁਆਰਾ ਸੰਸਥਾ ਨੇ 'ਗੁਰ ਦਰਸ਼ਨ' ਦੇ ਵਿਕਾਸ ਵਿਚ ਵਡਮੁਲਾ ਯੋਗਦਾਨ ਪਾਇਆ ਹੈ। ਗੁਰਦੁਆਰਾ ਸਿੱਖ ਧਰਮ ਦਾ ਕੇਂਦਰੀ ਚਿੰਨ੍ਹ ਹੈ। ਗੁਰਦੁਆਰਾ ਉਹ ਹੈ ਜਿਸ ਨੂੰ ਗੁਰੂ ਸਾਹਿਬ ਵੱਲੋਂ ਪ੍ਰਚਾਰ ਹਿਤ, ਸਿੱਖ ਪੰਥ ਵੱਲੋਂ ਗੁਰੂ ਸਾਹਿਬਾਨ ਦੀ ਯਾਦ ਵਿਚ ਅਤੇ ਨਗਰ/ਇਲਾਕੇ ਦੀ ਸੰਗਤ ਨੂੰ ਰੋਜਾਨਾ ਉਪਦੇਸ਼ ਲਈ ਉਸਾਰਿਆ ਗਿਆ ਹੋਵੇ। ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਲਾਜ਼ਮੀ ਹੈ। ਗੁਰਦੁਆਰਾ ਸੰਸਥਾ ਦਾ ਸਿੱਖ ਧਰਮ ਦੇ ਸਿਧਾਂਤ ਅਤੇ ਅਮਲ ਲਈ ਖਾਸ ਯੋਗਦਾਨ ਹੈ। ਕਾਨ੍ਹ ਸਿੰਘ ਨਾਭਾ ਗੁਰਦੁਆਰਾ ਸੰਸਥਾ ਬਾਰੇ ਲਿਖਦੇ ਹਨ, "ਸਿੱਖਾਂ ਦਾ ਗੁਰਦੁਆਰਾ ਵਿਦਜਾਰਥੀਆਂ ਲਈ ਸਕੂਲ, ਆਤਮਜਿਗਜਾਸਾ ਵਾਲਿਆਂ ਲਈ ਗਜਾਨਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ।"[130]

ਗੁਰਦੁਆਰੇ ਅੰਦਰ ਗੁਰਸ਼ਬਦ ਦੀ ਕੀਤੀ ਜਾਂਦੀ ਰੋਜਾਨਾ ਕਥਾ ਅਤੇ ਕੀਰਤਨ ਨੇ ਸਿੱਖੀ ਦੀ ਸੂਝ ਅਤੇ ਅਨੁਭਵ ਦੇ ਵਿਕਾਸ ਵਿਚ ਵਡਮੁੱਲਾ ਹਿੱਸਾ ਪਾਇਆ ਹੈ। ਭਾਈ ਵੀਰ ਸਿੰਘ ਅਨੁਸਾਰ 'ਗੁਰ ਦਰਸ਼ਨ'

---

128 ਸ੍ਰੀ ਗੁਰੂ ਗ੍ਰੰਥ ਸਾਹਿਬ, *ਸੋਰਠਿ ਮਹਲਾ ੫ ਘਰੁ ੨ ਅਸਟਪਦੀਆ*, ਪੰਨਾ 641.

129 'Reason And Revelation in Sikhism', Gurnam Kaur, *ਸਿੱਖ ਅਧਿਐਨ,* ਬਲਕਾਰ ਸਿੰਘ (ਸੰਪਾ.), ਪੰਨਾ 211.

130 *ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 416-17.

ਦਾ ਸ਼ੁਰੂਆਤੀ ਕਾਰਜ ਗੁਰਬਾਣੀ ਕੀਰਤਨ ਰਾਹੀਂ ਹੁੰਦਾ ਰਿਹਾ ਹੈ। ਉਨ੍ਹਾ ਦੇ ਅਨੁਸਾਰ "ਸਿੱਖੀ ਵਿਚ ਇਹ ਰੌ, ਕਿ ਗੁਰਬਾਣੀ ਵਿਚ ਆਏ ਖ਼ਯਾਲ ਇਕ ਆਸ਼ੇ ਨੂੰ ਨਿਰੂਪਣ ਕਰਨ ਵਾਲੇ ਇਕ ਥਾਂ ਦਿਸ ਪੈਣ, ਬਹੁਤ ਪੁਰਾਣੀ ਹੈ, ਸਗੋਂ ਗੁਰੂ ਸਾਹਿਬਾਨ ਦੇ ਵਕਤ ਦੀ ਹੈ। ਕੀਰਤਨ ਕਰਨ ਵਾਲੇ, ਹਰੀ ਕੀਰਤਨ ਦੇ ਪ੍ਰਚਾਰਕ ਰਬਾਬੀ ਤੇ ਰਾਗੀ ਆਪਣੇ ਕੀਰਤਨ ਵਿਚ ਇਕ ਸ਼ਬਦ ਦਾ ਕੀਰਤਨ ਕਰਦਿਆਂ, ਉਸ ਭਾਵ ਦੇ ਹੋਰ ਸ਼ਬਦ ਯਾ ਤੁਕਾਂ ਉਸ ਭਾਵ ਨੂੰ ਨਿਰੂਪਣ ਕਰਨ ਲਈ, ਆਪਣੇ ਕੀਰਤਨਾਂ ਵਿਚ ਸੁਣਾਇਆ ਕਰਦੇ ਸਨ, ਜਿਸ ਨੂੰ 'ਪ੍ਰਮਾਣ ਦੇਣਾ' ਕਹਿਆ ਕਰਦੇ ਸਨ।[131]

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਗੁਰਦੁਆਰਾ ਸੰਸਥਾ ਨੇ ਖਾਲਸਾ ਪੰਥ ਨੂੰ ਜਥੇਬੰਦਕ ਰੂਪ ਵਿਚ ਇੱਕਮੁੱਠ ਰੱਖਣ ਅਤੇ ਸਿੱਖ ਪਛਾਣ ਦੀ ਸਥਾਪਤੀ ਲਈ ਮਹੱਤਵਪੂਰਨ ਰੋਲ ਨਿਭਾਇਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਸਿੱਖ ਸਿਧਾਂਤ ਅਤੇ ਰਹਿਤ ਸੰਬੰਧੀ ਫੈਸਲੇ ਲਏ ਅਤੇ ਲਾਗੂ ਕੀਤੇ ਜਾਂਦੇ ਹਨ। ਗੁਰਮਤਿ ਦੇ ਪ੍ਰਚਾਰ ਨੂੰ ਉਤਸ਼ਾਹਿਤ ਕਰਨ ਅਤੇ ਗੁਰਮਤਿ ਵਿਰੋਧੀ ਤੱਤਾਂ ਨੂੰ ਠੱਲ ਪਾਉਣ ਲਈ ਸਮੇਂ ਸਮੇਂ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲ-ਕਦਮੀ ਕੀਤੀ ਜਾਂਦੀ ਹੈ।

**'ਗੁਰ ਦਰਸ਼ਨ' ਦੇ ਮੁੱਖ ਵਿਸ਼ੇ**

ਗੁਰ ਦਰਸ਼ਨ ਦੇ ਮੁੱਖ ਵਿਸ਼ਿਆਂ ਨੂੰ ਹੇਠ ਲਿਖੇ ਅਨੁਸਾਰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਸਿਧਾਂਤਕ ਭਾਗ :
   - (ੳ) ਅਕਾਲ ਪੁਰਖ
   - (ਅ) ਕੁਦਰਤ
   - (ੲ) ਜੀਵ
   - (ਸ) ਮੁਕਤੀ
2. ਅਧਿਆਤਮਿਕ ਭਾਗ :
   - (ਸ) ਗੁਰੂ
   - (ਹ) ਹਉਮੈ
   - (ਕ) ਨਦਰਿ
   - (ਖ) ਨਾਮ
   - (ਗ) ਹੁਕਮ
   - (ਘ) ਸਚਖੰਡ
   - (ਙ) ਮੀਰੀ-ਪੀਰੀ
   - (ਚ) ਸਚਿਆਰ

[131] ਭਾਈ ਵੀਰ ਸਿੰਘ, ਮੁਖਬੰਧ, ਜੋਧ ਸਿੰਘ, *ਗੁਰਮਤਿ ਨਿਰਣਯ, ਪੰਨਾ ਘ.*

3. ਰਹਿਤ ਭਾਗ :

(ਜ) ਸ਼ਖਸੀ ਰਹਿਣੀ (ਝ) ਪੰਥਕ ਰਹਿਣੀ

'ਗੁਰ ਦਰਸ਼ਨ' ਦਾ ਕੇਂਦਰੀ ਵਿਚਾਰ ਇੱਕ ਅਕਾਲ ਪੁਰਖ ਦੇ ਵਿਸ਼ਵਾਸ ਦੁਆਲੇ ਉਸਰਿਆ ਹੈ। ਇਲਮ-ਅਲ-ਕਲਾਮ ਵਿਚ ਜੋ ਥਾਂ ਤੌਹੀਦ ਦੀ ਹੈ 'ਗੁਰ ਦਰਸ਼ਨ' ਵਿਚ ਉਹੀ ਥਾਂ 'ਅਕਾਲ ਪੁਰਖ' ਦੀ ਹੈ। ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਵੈਦਿਕ ਛੇ ਸ਼ਾਸਤਰਾਂ ਨਾਲ ਚੰਗੀ ਤਰ੍ਹਾਂ ਵਾਬਸਤਾ ਸਨ। ਆਪ ਨੇ ਛੇ ਸ਼ਾਸਤਰਾਂ ਦੇ ਅਧਿਆਤਮ ਦੀ ਥਾਂ ਵਾਦ-ਵਿਵਾਦ ਵਿਚ ਵਾਧਾ ਕਰਨ ਵਾਲੇ, ਕਰਮ-ਕਾਂਡੀ ਅਤੇ ਤਾਰਕਿਕ ਗਿਆਨ ਨੂੰ ਰੱਦ ਕੀਤਾ ਹੈ। ਗੁਰੂ ਸਾਹਿਬਾਨ ਨੇ ਜਿੱਥੇ ਸਿੱਖ ਧਰਮ ਦੀ ਨੀਂਹ ਵਿਸਮਾਦ ਅਨੁਭਵ ਵਿਚ ਰੱਖੀ ਉਥੇ ਇਸ ਨੂੰ ਤਾਰਕਿਕ ਅਤੇ ਖੁਸ਼ਕ ਬੌਧਿਕ ਕਿਸਮ ਦੀ ਚੁੰਝ ਚਰਚਾ ਤੋਂ ਦੂਰ ਰੱਖਣ ਲਈ ਥਾਂ-ਥਾਂ ਸੇਧ ਦਿੱਤੀ ਹੈ।

ਵੈਦਿਕ ਸ਼ਾਸਤਰਾਂ ਦੇ ਪਰਭਾਵ ਨਾਲ ਇਨ੍ਹਾਂ ਨੂੰ ਮੰਨਣ ਵਾਲੀਆਂ ਵੱਖ-ਵੱਖ ਸੰਪਰਦਾਵਾਂ ਦਾ ਜਨਮ ਹੋਇਆ। ਇਹ ਸਭ ਸ਼ਾਸਤਰ ਅਤੇ ਸੰਪਰਦਾਵਾਂ 'ਵੇਦ' ਨੂੰ ਪ੍ਰਮਾਣ ਅਤੇ ਦੈਵੀ ਬਾਣੀ ਤਾਂ ਮੰਨਦੇ ਹਨ ਪਰ ਇਹ ਇੱਕ ਰੱਬ ਦੀ ਵਿਸ਼ਵਾਸੀ ਵੈਦਿਕ ਕੌਮ ਦੀ ਉਸਾਰੀ ਵਿਚ ਅਸਫਲ ਸਾਬਿਤ ਹੋਏ ਹਨ। ਗੁਰੂ ਸਾਹਿਬ ਨੇ ਸਿੱਖ ਨੂੰ ਹਲਤ ਅਤੇ ਪਲਤ ਦੋਵੇਂ ਸਵਾਰਨ ਦੀ ਸੇਧ ਦਿੱਤੀ ਹੈ ਜਿਸ ਲਈ ਸਿੱਖ ਧਰਮ ਦਾ ਇੱਕ ਕੌਮ ਵਜੋਂ ਇੱਕਮੱਠ ਰਹਿਣਾ ਲਾਜ਼ਮੀ ਸ਼ਰਤ ਹੈ। ਇਸ ਕਰਕੇ 'ਗੁਰ ਦਰਸ਼ਨ' ਦੀ ਵੈਦਿਕ ਪਰੰਪਰਾ ਦੇ ਛੇ ਸ਼ਾਸਤਰਾਂ ਨਾਲੋਂ ਮੁੱਖ ਵਿਸ਼ੇਸ਼ਤਾ 'ਗੁਰੂ' ਦੀ ਮਹੱਤਤਾ ਹੈ। 'ਗੁਰ ਦਰਸ਼ਨ' ਦਾ ਕੋਈ ਵਿਆਖਿਆਕਾਰ ਜਾਂ ਸ਼ਾਸਤਰੀ ਗੁਰੂ ਸਾਹਿਬ ਨੂੰ ਉਲੰਘ ਨਹੀਂ ਸਕਦਾ। 'ਗੁਰ ਦਰਸ਼ਨ' ਵੈਦਿਕ ਸ਼ਾਸਤਰਾਂ ਵਾਂਗ ਆਪਣਾ ਵੱਖਰਾ ਰਾਹ ਨਹੀਂ ਚਲਾਉਂਦਾ ਸਗੋਂ ਇਹ ਗੁਰੂ ਸਾਹਿਬ ਦੇ ਚਲਾਏ 'ਗਾਡੀ-ਰਾਹ' ਦੀ ਸੇਵਾ ਨੂੰ ਹੀ ਆਪਣਾ ਮੁੱਖ ਨਿਸ਼ਾਨਾ ਬਣਾਉਂਦਾ ਹੈ।

ਵੈਦਿਕ ਪਰੰਪਰਾ ਵਿਚ ਅਵੈਦਿਕ/ਦੂਜੀ ਵਿਚਾਰਧਾਰਾ ਦਾ ਖੰਡਨ ਕਰਨਾ 'ਸ਼ਾਸਤਰ' ਦਾ ਮੁਖ ਲੱਛਣ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ 'ਗੁਰ ਦਰਸ਼ਨ' ਦੀ ਜੋ ਨੀਂਹ ਰੱਖੀ ਉਹ ਸਾਂਝੀਵਾਲਤਾ ਵਾਲੀ ਹੈ। 'ਗੁਰ ਦਰਸ਼ਨ' ਦੂਜੇ ਦੀ ਸੁਤੰਤਰ ਹੋਂਦ ਅਤੇ ਵਿਸ਼ਵਾਸ ਦਾ ਪੂਰਾ ਸਤਿਕਾਰ ਕਰਦਾ ਹੈ। ਸਿੱਖ ਧਰਮ ਦੇ ਸਰਬੋਤਮ ਧਰਮ-ਸ਼ਾਸਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਜੀ ਦੀ ਬਾਣੀ ਰਾਹੀਂ ਨਮਾਜ਼ ਗੁਜਾਰਨ ਦੀ ਸੱਦ ਦਰਜ ਹੋਣਾ ਇਸ ਦੀ ਉੱਘੀ ਉਦਾਹਰਣ ਹੈ। ਵਜ਼ੀਰ ਸਿੰਘ ਨੇ 'ਗੁਰ ਦਰਸ਼ਨ' ਦੀ ਪਰਿਭਾਸ਼ਾ ਦਿੰਦਿਆਂ ਖਾਸ-ਤੌਰ 'ਤੇ ਇਸ ਦੇ ਕਾਰਜਾਂ ਵਿਚੋਂ ਦੂਜੇ ਦੀ ਧਰਮ-ਪ੍ਰਨਾਲੀ ਦੀ

ਨਿਖੇਧੀ ਉੱਪਰ ਰੋਕ ਲਾਈ ਹੈ। ਧਰਮ-ਸ਼ਾਸਤਰ ਦੇ ਮਨੋਰਥ ਵਿਚ ਇਹ ਇੱਕ ਨਿੱਗਰ ਬਦਲਾਅ ਸਾਬਿਤ ਹੁੰਦਾ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ 'ਗੁਰ ਦਰਸ਼ਨ' ਸਿੱਖ ਧਰਮ ਦੇ ਸਿਧਾਂਤ, ਅਧਿਆਤਮ ਅਤੇ ਰਹਿਤ ਦੀ ਤੱਤਸਾਰੀ ਅਤੇ ਵਿਧਿਪੂਰਨ ਵਿਆਖਿਆ ਨੂੰ ਆਪਣਾ ਮੁੱਖ ਵਿਸ਼ਾ ਬਣਾਉਂਦਾ ਹੈ। 'ਗੁਰ ਦਰਸ਼ਨ' ਦੀ ਵਿਆਖਿਆ ਗੁਰੁਸ਼ਬਦ, ਸਿੱਖ ਪਰੰਪਰਾ, ਇਤਿਹਾਸ, ਗੁਰਦੁਆਰਾ ਅਤੇ ਤਰਕ ਆਦਿ ਤੱਤਾਂ ਨੂੰ ਆਧਾਰ ਬਣਾਉਂਦੀ ਹੈ। 'ਗੁਰ ਦਰਸ਼ਨ' ਤੋਂ ਸਿੱਖ ਧਰਮ ਲਈ ਢੁਕਵੇਂ ਪ੍ਰਚਾਰ ਅਤੇ ਪ੍ਰਸਾਰ ਦੀ ਆਸ ਕੀਤੀ ਜਾਂਦੀ ਹੈ। ਵੈਦਿਕ ਸ਼ਾਸਤਰ, ਜੈਨ ਮੀਮਾਂਸਾ, ਈਸਾਈ ਥਿਆਲੋਜੀ ਅਤੇ ਇਸਲਾਮਕ ਇਲਮ-ਅਲ-ਕਲਾਮ ਆਦਿ ਵਿਚ ਨਾ ਸਿਰਫ 'ਗੁਰ ਦਰਸ਼ਨ' ਦਾ ਮਹੱਤਵਪੂਰਨ ਥਾਂ ਹੈ ਸਗੋਂ 'ਗੁਰ ਦਰਸ਼ਨ' ਨੇ ਧਰਮ-ਸ਼ਾਸਤਰੀ ਅਧਿਐਨ ਨੂੰ ਹੋਰ ਵਿਸ਼ਾਲ ਅਤੇ ਸਾਰਥਕ ਬਣਾਇਆ ਹੈ।

# ਗੁਰਬਿਲਾਸ ਪਾਤਸ਼ਾਹੀ ੧੦ : ਸਿੱਖ ਸਿਧਾਂਤ

## (i) ਅਕਾਲ ਪੁਰਖ

ਇੱਕ ਈਸ਼ਵਰਵਾਦ ਸਿੱਖ ਧਰਮ ਦਾ ਬੁਨਿਆਦੀ ਸਿਧਾਂਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਰੂਆਤ ੧ੴ ਤੋਂ ਹੁੰਦੀ ਹੈ। ਸਿੱਖ ਸਿਧਾਂਤ ਦਾ ਆਧਾਰ ਤੱਤ ਅਤੇ ਕੇਂਦਰੀ ਵਿਚਾਰ 'ਅਕਾਲ ਪੁਰਖ' ਦਾ ਸਿਧਾਂਤ ਹੈ। ਵਜ਼ੀਰ ਸਿੰਘ ਅਨੁਸਾਰ "ਸਿੱਖ-ਮਤ ਦੀ ਅਧਿਆਤਮਿਕਤਾ ਬ੍ਰਹਮ ਦੇ ਇਸੇ ਸੰਕਲਪ ਉੱਤੇ ਉਸਰੀ ਹੋਈ ਹੈ, ਜਿਸ ਨੂੰ ਗੁਰਬਾਣੀ ਨੇ ਏਕੇ ਦਾ ਪ੍ਰਤੀਕ ਦਿੱਤਾ ਹੈ। ਇਸੇ ਨੂੰ ਪਰਮ-ਆਤਮਾ, ਪਾਰਬ੍ਰਹਮ, ਅਕਾਲ ਪੁਰਖ ਕਿਹਾ ਗਿਆ ਹੈ।[1] 'ਅਕਾਲ' ਸ਼ਬਦ ਗੁਰਬਾਣੀ ਵਿਚ ਵਿਸ਼ੇਸ਼ਣ ਅਤੇ ਸੰਗਯਾ ਦੋਹਾਂ ਰੂਪਾਂ ਵਿਚ ਵਰਤਿਆ ਗਿਆ ਹੈ। 'ਪੁਰਖ' ਸੰਬੰਧੀ ਸ਼ੇਰ ਸਿੰਘ ਦਾ ਮੱਤ ਹੈ "ਪੁਰਖੀ ਭਾਵ ਦਾ ਤੱਤ ਏਸ ਗੱਲ ਵਿਚ ਹੈ ਕਿ ਉਹ ਦੂਜਿਆਂ ਦੇ ਹਾਵਾਂ-ਭਾਵਾਂ ਲਈ ਜਵਾਬੀ ਮਿਲਵਰਤਣ ਰੱਖਦਾ ਹੋਵੇ। ਮਨੁੱਖ ਦੀ ਜੀਵਨ ਰੌਂ ਦੇ ਵੇਗ ਨੂੰ ਤਿੱਖਾ ਕਰ ਦੇਵੇ ਤੇ ਵਿਘਨ-ਰਹਿਤ ਬਣਾ ਦੇਵੇ। ਇੱਕ ਨਿਰਜੀਵ ਤੇ ਅਚੇਤ ਰੱਬ, ਜੋ ਪੁਰਖੀ ਭਾਵ ਤੋਂ ਕੋਰਾ ਹੈ; ਕਿਸ ਤਰ੍ਹਾਂ ਮਾਤਾ-ਪਿਤਾ ਭਾਵ ਰੱਖ ਕੇ ਆਪਣੇ ਭਗਤਾਂ ਲਈ ਪਿਆਰ ਤੇ ਹਮਦਰਦੀ ਰੱਖ ਸਕਦਾ ਹੈ ? ਰੱਬ ਉਹ ਜਿਹੜਾ ਮੁਰੱਬੀ ਹੋਵੇ ਤੇ ਆਪਣੇ ਭਗਤਾਂ ਦੀ ਸਾਰ ਲਵੇ, ਪੈਜ ਰੱਖੇ।"[2] 'ਗੁਰ ਦਰਸ਼ਨ' ਵਿਚ 'ਅਕਾਲ ਪੁਰਖ' ਦਾ ਸੰਕਲਪ ਸ਼ੁੱਧ ਬ੍ਰਹਮ ਦਾ ਵਾਚਕ ਹੈ। ਮਹਾਨ ਕੋਸ਼ ਅਨੁਸਾਰ ਅਕਾਲ ਪੁਰਖ ਦਾ ਅਰਥ "ਉਹ ਹਸ੍ਤੀ, ਜਿਸ ਦਾ ਕਦੇ ਕਾਲ ਨਹੀਂ, ਅਵਿਨਾਸ਼ੀ ਸੱਤਾ" ਹੈ।[3] ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ "ਗੁਰਮਤਿ ਵਿਚ ਪਰਮਾਤਮਾ ਨੂੰ 'ਅਕਾਲ-ਮੂਰਤਿ' ਅਤੇ 'ਕਰਤਾ-ਪੁਰਖ' ਮੰਨਿਆ ਗਿਆ ਹੈ। 'ਅਕਾਲ-ਪੁਰਖ' ਇਨ੍ਹਾਂ ਦੋਹਾਂ ਸ਼ਬਦ ਯੁਗਲਾਂ ਤੋਂ ਇੱਕ ਇੱਕ ਸ਼ਬਦ ਨਾਲ ਬਣਿਆ ਹੋਣ ਕਾਰਣ ਇਨ੍ਹਾਂ ਦੋਹਾਂ ਸ਼ਬਦ ਯੁਗਲਾਂ ਦੀਆਂ ਮਾਨਤਾਵਾਂ ਨੂੰ ਆਪਣੇ ਵਿਚ ਗ੍ਰਹਿਣ ਕਰਦਾ ਹੈ। ਉਸ ਦਾ ਸਰੂਪ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ ਅਤੇ ਉਹ ਕਰਤਾ ਪੁਰਖ ਹੈ।"[4]

**ਇੱਕ 'ਅਕਾਲ ਪੁਰਖ' :** 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਪਰਮਾਤਮਾ ਲਈ ਅਕਾਲ ਪੁਰਖ ਦੇ ਨਾਲ-ਨਾਲ ਵਾਹਿਗੁਰੂ, ਪਰਮ ਸੱਤ, ਖੜਗ ਕੇਤ, ਸ੍ਰੀ ਅਸਿਕੇਤ, ਮਹਾਕਾਲ, ਸਰਬਕਾਲ, ਸਰਬਲੋਹ, ਸਾਹਿਬ, ਸ੍ਰੀ ਹਰਿ, ਪ੍ਰਭ, ਅਕਾਲ ਮੂਰਤਿ, ਪਰਮ ਜੋਤਿ ਅਤੇ ਅੱਲਾ ਆਦਿ ਨਾਂ ਵਰਤੇ ਗਏ ਹਨ। ਦੋਹਾਂ ਗ੍ਰੰਥਾਂ ਦਾ ਨਾਇਕ, ਭਾਵ ਗੁਰੂ ਗੋਬਿੰਦ ਸਿੰਘ ਜੀ ਇੱਕ ਅਕਾਲ ਪੁਰਖ ਦੇ ਉਪਾਸਕ ਹਨ ਅਤੇ ਉਸ ਦੇ

---

1. ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995, ਪੰਨਾ 3.
2. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਈ 2004, ਪੰਨਾ 276.
3. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1999, ਪੰਨਾ 36.
4. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਪਹਿਲਾ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2002, ਪੰਨਾ 26.

ਪ੍ਰੇਮ-ਰੰਗ ਵਿਚ ਰੰਗੇ ਹੋਏ ਹਨ :

ਧੀਰਜ ਧਾਮ ਅਗਮ ਕ੍ਰਿਪਾਨਿਧਿ ਏਕ ਅਕਾਲ ਜੂ ਕੇ ਰਸ ਰਤਾ॥[5]

ਕੁਇਰ ਸਿੰਘ ਅਤੇ ਸੁੱਖਾ ਸਿੰਘ ਦੋਵਾਂ ਕਵੀਆਂ ਨੇ ਆਪਣੀ ਰਚਨਾ ਦੇ ਮੰਗਲਾਚਰਣ ਵਿਚ ਅਕਾਲ ਪੁਰਖ ਦੀ ਅਰਾਧਨਾ ਕੀਤੀ ਹੈ। ਦੋਹਾਂ ਕਵੀਆਂ ਦੇ ਮੰਗਲਾਚਰਣ ਦਾ ਬਹੁਤਾ ਹਿੱਸਾ ਆਪਸ ਵਿਚ ਮਿਲਦਾ-ਜੁਲਦਾ ਹੈ। ਕੁਇਰ ਸਿੰਘ ਨੇ ਆਪਣੀ ਰਚਨਾ ਦਾ ਸਿਰਲੇਖ "ੴ ਸ੍ਰੀ ਵਾਹਗੁਰੂ ਜੀ ਕੀ ਫਤਹ। ਅਥ ਸ੍ਰੀ ਗੁਰ ਬਿਲਾਸ ਲਿਖਯਤੇ" ਬਣਾਇਆ ਹੈ। ਸੁੱਖਾ ਸਿੰਘ ਨੇ ਆਪਣੀ ਰਚਨਾ ਦਾ ਸਿਰਲੇਖ "ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ। ਅਥ ਗੁਰਬਿਲਾਸ ਦਸਵੀਂ ਪਾਤਸ਼ਾਹੀ ਕਾ ਲਿਖ੍ਯਤੇ" ਬਣਾਇਆ ਹੈ। ਉਸ ਵੱਲੋਂ ਗੁਰਬਿਲਾਸ ਦੇ ਨਾਲ 'ਪਾਤਸ਼ਾਹੀ ਦਸਵੀਂ' ਲਿਖਣਾ ਉਸ ਦੇ ਵਿਸ਼ੇ ਨੂੰ ਕੁਇਰ ਸਿੰਘ ਨਾਲੋਂ ਵਧੇਰੇ ਢੁਕਵੇਂ ਰੂਪ ਵਿਚ ਪੇਸ਼ ਕਰਦਾ ਹੈ।

ਦੋਹਾਂ ਰਚਨਕਾਰਾਂ ਨੇ ਸਿਰਲੇਖ ਵਿਚ ਗੁਰਬਿਲਾਸ ਤੋਂ ਪਹਿਲਾਂ ਥੋੜੇ ਮਾਤ੍ਰਿਕ ਭੇਦ ਨਾਲ 'ੴ ਸ੍ਰੀ ਵਾਹਗੁਰੂ ਜੀ ਕੀ ਫਤਹ' ਅਤੇ 'ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ' ਸ਼ਬਦ ਲਿਖੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਰੂਆਤ ੴ ਤੋਂ ਹੁੰਦੀ ਹੈ ਜਿਸ ਦੇ ਅਰਥ "ਅਕਾਲ ਪੁਰਖ ਇੱਕ ਹੈ" ਹਨ।[6] ਕਾਨ੍ਹ ਸਿੰਘ ਅਨੁਸਾਰ "ਓਅੰਕਾਰ ਸ਼ਬਦ ਦਾ ਮੂਲ ਅਵ ਧਾਤੁ ਹੈ, ਜਿਸ ਦਾ ਅਰਥ ਹੈ ਰਖਜਾ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਨਾ ਆਦਿ। 'ਓਅੰ' ਸ਼ਬਦ ਸਭ ਦੀ ਰਖਜਾ ਕਰਨ ਵਾਲੇ ਕਰਤਾਰ ਦਾ ਬੋਧਕ ਹੈ. ਓਅੰਕਾਰ ਸ਼ਬਦ ਦਾ ਅਰਥ ਹੈ- ਓਅੰ ਧੁਨਿ (ਓਅੰ ਦਾ ਉੱਚਾਰਣ)। ਕਈ ਥਾਈਂ "ਓਅੰਕਾਰ" ਸ਼ਬਦ ਕਰਤਾਰ ਦਾ ਬੋਧਕ ਭੀ ਦੇਖੀਦਾ ਹੈ. ਸੰਸਕ੍ਰਿਤ ਦੇ ਵਿਦਵਾਨਾਂ ਨੇ ੳ ਅ ਮ ਤਿੰਨ ਅੱਖਰਾਂ ਨੂੰ ਬ੍ਰਹਮਾ ਵਿਸ਼ਨੂ ਸ਼ਿਵ ਮੰਨਕੇ ਓਅੰ ਨੂੰ ਤਿੰਨ ਦੇਵ ਰੂਪ ਕਲਪਿਆ ਹੈ, ਪਰ ਗੁਰੁਮਤ ਵਿੱਚ ਓਅੰ ਦੇ ਮੁੱਢ ਏਕਾ ਅੰਗ ਲਿਖਕੇ ਸਿੱਧ ਕੀਤਾ ਹੈ ਕਿ ਕਰਤਾਰ ਇੱਕ ਹੈ."[7] ਮੂਲ ਮੰਤਰ ਦਾ ਇਹ ਪਹਿਲਾ ਸ਼ਬਦ ਸਿੱਖ ਧਰਮ ਦਾ ਸਰਬੋਤਮ ਚਿੰਨ੍ਹ ਹੈ। ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈ ਕੇ ਸਿੱਖ ਧਰਮ ਨਾਲ ਸੰਬੰਧਿਤ ਸਮੂਹ ਰਚਨਾਵਾਂ ਦੀ ਸ਼ੁਰੂਆਤ ੴ ਤੋਂ ਕਰਨ ਦੀ ਪਰੰਪਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵੱਖ-ਵੱਖ ਬਾਣੀਆਂ ਦੇ ਮੁੱਢ ਵਿਚ, 'ੴ ਤੋਂ ਗੁਰਪ੍ਰਸਾਦਿ ਤੱਕ' ਮੂਲ ਮੰਤਰ ਦੇ ਕਈ ਰੂਪ ਦਰਜ ਮਿਲਦੇ ਹਨ। ਇਨ੍ਹਾਂ ਵਿਚੋਂ ਬਹੁਤੀ ਥਾਂ 'ੴ ਸਤਿਗੁਰੁ ਪ੍ਰਸਾਦਿ' ਸ਼ਬਦ ਦਰਜ ਹੈ। ਸਾਹਿਬ ਸਿੰਘ ਨੇ 'ੴ ਤੋਂ ਗੁਰਪ੍ਰਸਾਦਿ' ਤੱਕ ਦੇ ਸ਼ਬਦ ਨੂੰ ਇਨ੍ਹਾਂ ਰਚਨਾਵਾਂ ਤੋਂ ਵੱਖਰਾ ਮੰਨਿਆ ਹੈ। ਉਨ੍ਹਾਂ ਅਨੁਸਾਰ ਇਹ 'ਜਪੁ' ਅਤੇ 'ਆਸਾ ਕੀ ਵਾਰ' ਆਦਿ ਬਾਣੀ ਦਾ

---

[5] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 202, ਪੰਨਾ 72.

[6] ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ ਪਹਿਲੀ, ਜਲੰਧਰ: ਰਾਜ ਪਬਲਿਸ਼ਰਜ਼, 1972, ਪੰਨਾ 47.

[7] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 21.

ਮੰਗਲਾਚਰਣ ਨਹੀਂ ਸਗੋਂ ਸਿੱਖੀ ਦਾ 'ਮੂਲ ਮੰਤਰ' ਹੈ।[8] ਦੂਜੇ ਪਾਸੇ ਕਾਨ੍ਹ ਸਿੰਘ ਨਾਭਾ 'ਮੂਲ ਮੰਤਰ' ਅਤੇ 'ਵਾਹਿਗੁਰੂ ਜੀ ਕੀ ਫਤਿਹ' ਨੂੰ ਮੰਗਲਾਚਰਣ ਦੇ ਦੋ ਵੱਖ-ਵੱਖ ਰੂਪ ਮੰਨਦੇ ਹਨ। ਕਾਨ੍ਹ ਸਿੰਘ ਅਨੁਸਾਰ 'ਮੰਗਲਚਾਰ. ਉਤਸਵ ਦੀ ਰਸਮ. ਗ੍ਰੰਥ ਦੇ ਮੁੱਢ ਇਸ਼੍ਟਦੇਵ ਦਾ ਆਰਾਧਨ ਹੈ। ਮੰਗਲਾਚਰਣ ਦੇ ਤਿੰਨ ਭੇਦ ਮੰਨੇ ਗਏ ਹਨ- (ੳ) ਵਸ੍ਤੁ ਨ੍ਰਿਦੇਸ਼ਾਤ੍ਮਕ. ਗ੍ਰੰਥ ਵਿਚ ਜਿਸ ਦਾ ਜ਼ਿਕਰ ਕਰਨਾ ਹੈ, ਉਸ ਦੇ ਹੀ ਗੁਣ ਮਹਿਮਾ ਲੱਛਣ ਬੋਧ ਕਰਾਉਣ ਵਾਲਾ ਮੰਗਲ. ਜੈਸੇ ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ. (ਅ) ਆਸ਼ੀਰਵਾਦਾਤ੍ਮਕ. ਜਿਸ ਤੋਂ ਕਲਯਾਣ ਦੀ ਕਾਮਨਾ ਕੀਤੀ ਜਾਵੇ, ਜੈਸੇ- ਵਾਹਗੁਰੂ ਜੀ ਕੀ ਫਤਹ. (ੲ) ਨਮਸ੍ਕਾਰਾਤ੍ਮਕ. ਜਿਸ ਵਿੱਚ ਪ੍ਰਣਾਮ ਕੀਤਾ ਜਾਵੇ, ਜੈਸੇ- ਪ੍ਰਣਵੋ ਆਦਿ ਏਕੰਕਾਰਾ.'[9] ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ 'ੴ ਸਤਿਗੁਰ ਪ੍ਰਸਾਦਿ' ਦੀ ਹੀ ਵਰਤੋਂ ਕੀਤੀ ਹੈ। ਸ੍ਰੀ ਦਸਮ ਗ੍ਰੰਥ ਜੀ ਦੀ ਬਾਣੀ ਵਿਚ 'ੴ ਸਤਿਗੁਰ ਪ੍ਰਸਾਦਿ' ਦੇ ਨਾਲ-ਨਾਲ 'ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ' ਦੀ ਵਰਤੋਂ ਕੀਤੀ ਗਈ ਹੈ।

'ਗੁਰਬਿਲਾਸ ਪਾਤਸ਼ਾਹੀ ੧੦' ਦੇ ਦੋਹਾਂ ਕਵੀਆਂ ਵੱਲੋਂ ਰਚਨਾ ਦੇ ਮੁੱਢ ਵਿਚ ਦਰਜ ਸ਼ਬਦਾਂ ਦੇ ਸੰਦਰਭ ਵਿਚ ਸਾਹਿਬ ਸਿੰਘ ਅਤੇ ਕਾਨ੍ਹ ਸਿੰਘ ਦੋਹਾਂ ਵਿਦਵਾਨਾਂ ਦੇ ਵਿਚਾਰ ਮਹੱਤਵਪੂਰਨ ਹਨ। ਇਹ ਸ਼ਬਦ ਮੰਗਲਾਚਰਣ ਅਤੇ 'ਗੁਰਮਤਿ ਦੀ ਛਾਪ' ਦੋਹਾਂ ਰੂਪਾਂ ਵਿਚ ਪ੍ਰਵਾਨ ਹਨ। ਮਹਾਨ ਕੋਸ਼ ਅਨੁਸਾਰ ਵਾਹਿਗੁਰੂ ਜੀ ਕੀ ਫਤਿਹ "ਸਿੱਖਾਂ ਦੇ ਪਰਸਪਰ ਮਿਲਣ ਸਮੇਂ ਦਾ ਸ਼ਿਸ਼੍ਟਾਚਾਰ ਬੋਧਕ ਵਾਕ ਹੈ। ਇਸ ਦਾ ਅਰਥ ਹੈ- ਜਯ ਕਰਤਾਰ ਦੀ।"[10] ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀ ਰਚਨਾ ਦੀ ਸ਼ੁਰੂਆਤ 'ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ' ਨਾਲ ਕਰਕੇ ਸਿੱਖ ਸਿਧਾਂਤ ਅਤੇ ਪਰੰਪਰਾ ਨਾਲ ਆਪਣਾ ਨਿਸ਼ਚਾ ਪਰਗਟ ਕੀਤਾ ਹੈ। ਸਿੱਖ ਜਗਤ ਲਈ ਨਿਰਗੁਣ-ਸਰਗੁਣ ਵਿਚ ਏਕਤਾ ਦੇ ਮਾਲਕ ਪਰਮਾਤਮਾ ਦਾ ਚਿੰਨ੍ਹ ੴ ਹੈ। ਧਰਮ ਦੇ ਪੈਰੋਕਾਰ ਕਾਰਜ ਦਾ ਸ਼ੁਭ-ਆਰੰਭ ਆਪਣੇ ਪਵਿੱਤਰ ਤੇ ਸ਼ੁਭ ਚਿੰਨ੍ਹ ਨਾਲ ਹੀ ਕਰਦੇ ਹਨ। ਜਿਵੇਂ 'ਓਮ' ਸ਼ਬਦ ਸਨਾਤਨ ਧਰਮ ਦੇ ਰੱਬੀ ਫਲਸਲੇ ਨੂੰ ਪੇਸ਼ ਕਰਦਾ ਹੋਇਆ ਉਨ੍ਹਾਂ ਲਈ ਪਵਿੱਤਰ ਚਿੰਨ੍ਹ ਵੀ ਹੈ। ਇਸੇ ਤਰ੍ਹਾਂ ਸਿੱਖ ਧਰਮ ਦੇ ਇੱਕ ਈਸ਼ਵਰਵਾਦ ਦੇ ਸਿਧਾਂਤ ਨੂੰ ਪੇਸ਼ ਕਰਨ ਵਾਲਾ ੴ ਚਿੰਨ੍ਹ ਸਿੱਖ ਧਰਮ ਵਿਚ ਪਵਿੱਤਰਤਾ ਦਾ ਦਰਜਾ ਰੱਖਦਾ ਹੈ। ਇਸ ਲਈ ੴ ਸੰਸਾਰ ਦੇ ਬਾਕੀ ਧਰਮਾਂ ਨਾਲੋਂ ਸਿੱਖ ਧਰਮ ਦੇ ਨਵੇਕਲੇਪਣ ਦਾ ਪ੍ਰਤੀਕ ਹੈ। ਵਾਹਿਗੁਰੂ ਜੀ ਕੀ ਫਤਿਹ ਜਿਥੇ ਰਚਨਾ ਦੀ ਸ਼ੁਰੂਆਤ ਮੌਕੇ ਅਸਚਰਜ ਰੂਪ ਪਰਮਾਤਮਾ ਦੀ ਜੈਕਾਰ ਕਰਨਾ ਹੈ, ਉਥੇ ਪਾਠਕ ਨਾਲ ਗੁਰੂ ਕਥਾ ਅਤੇ ਕਵੀ ਦੇ ਮੇਲ ਦੇ

[8] ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ ਪਹਿਲੀ, ਪੰਨਾ 47.
[9] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1000.
[10] ਉਹੀ, ਪੰਨਾ 1087.

ਸ਼ਿਸ਼ਟਾਚਾਰ ਵਜੋਂ ਵੀ ਵੇਖਿਆ ਜਾ ਸਕਦਾ ਹੈ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਦੀ ਰਚਨਾ ਵਿਚ ਅਕਾਲ ਪੁਰਖ ਦੇ ਸਿਧਾਂਤ ਸੰਬੰਧੀ ਅਧਿਐਨ ਕਰਨ ਲਈ ਸਭ ਤੋਂ ਪਹਿਲਾ ਨੁਕਤਾ ਉਨ੍ਹਾਂ ਵੱਲੋਂ ਲਿਖੇ ਗਏ ਮੰਗਲਾਚਰਣ ਹਨ। ਭਾਰਤੀ ਕਾਵਿ ਪਰੰਪਰਾ ਵਿਚ ਮੰਗਲਾਚਰਣ ਦਾ ਵਿਸ਼ੇਸ਼ ਮਹੱਤਵ ਹੈ। ਕਾਨ੍ਹ ਸਿੰਘ ਨਾਭਾ ਵੱਲੋਂ ਮੰਗਲਾਚਰਣ ਦੀ ਦਿੱਤੀ ਗਈ ਪਰਿਭਾਸ਼ਾ ਵਿਚ ਰਚਨਾ ਅਤੇ ਰਚਨਾਕਾਰ ਦੇ ਇਸ਼੍ਟ ਦਾ ਸੰਬੰਧ ਸਪਸ਼ਟ ਕੀਤਾ ਗਿਆ ਹੈ। ਵੈਦਿਕ ਧਰਮ ਦੇ ਕਵੀਆਂ ਦੀ ਰਚਨਾ ਦੇ ਮੰਗਲ ਵਿਚ ਆਮ ਤੌਰ ਤੇ ਗਣੇਸ਼ ਅਤੇ ਸਰਸਵਤੀ ਦੇਵੀ ਨੂੰ ਅਰਾਧਨ ਦੀ ਪਰੰਪਰਾ ਹੈ। ਸਿੱਖ ਰਚਨਾਕਾਰਾਂ ਨੇ ਆਪਣੀ ਰਚਨਾ ਦੇ ਮੁੱਢ ਵਿਚ ਅਕਾਲ ਪੁਰਖ ਅਤੇ ਗੁਰੂ ਸਾਹਿਬ ਨੂੰ ਹੀ ਧਿਆਇਆ ਹੈ। ਕੁਇਰ ਸਿੰਘ ਅਤੇ ਸੁੱਖਾ ਸਿੰਘ ਵੱਲੋਂ ਕੀਤੇ ਗਏ ਮੰਗਲਾਚਰਣ ਵਿਚ ਅਕਾਲ ਪੁਰਖ ਅਤੇ ਗੁਰੂ ਸਾਹਿਬ ਨੂੰ ਆਪਣਾ ਇਸ਼੍ਟ ਮੰਨਦੇ ਹੋਏ ਉਨ੍ਹਾਂ ਤੋਂ ਕਿਰਪਾ ਦੀ ਬੇਨਤੀ ਕੀਤੀ ਗਈ ਹੈ।

**ਆਦਿ-ਅਨਾਦਿ (ਨਿਰਗੁਣ-ਸਰਗੁਣ) :** ਸੁੱਖਾ ਸਿੰਘ ਵੱਲੋਂ ਚੌਪਈ ਛੰਦ ਵਿਚ ਲਿਖਿਆ ਗਇਆ ਮੰਗਲਾਚਰਣ ਸੀਮਤ ਅੱਖਰੀ ਭੇਦ ਨਾਲ ਲਗਭਗ ਕੁਇਰ ਸਿੰਘ ਦੇ ਲਿਖੇ ਮੰਗਲਾਚਰਣ ਨਾਲ ਮਿਲਦਾ-ਜੁਲਦਾ ਹੈ। ਮੰਗਲਾਚਰਣ ਦੇ ਪਹਿਲੇ ਤਿੰਨ ਬੰਦਾਂ ਵਿਚ 'ਆਦਿ ਪੁਰਖ' ਅੱਗੇ ਕਵੀ ਨੇ ਬੇਨਤੀ ਕੀਤੀ ਹੈ। ਉਹ 'ਆਦਿ ਪੁਰਖ' ਸਿਰਜਣਹਾਰ ਹੈ ਅਤੇ ਸਮੁੱਚਾ ਪਸਾਰਾ ਉਸੇ ਦਾ ਕੀਤਾ ਹੋਇਆ ਹੈ। ਉਹ ਅਡੋਲ ਪਰਮਾਤਮਾ ਇੱਕ ਹੁੰਦਾ ਹੋਇਆ ਵੀ ਸਭ ਥਾਂ ਹਾਜ਼ਰ ਹੈ। ਉਸ ਨੂੰ ਕੋਈ ਜਾਣ ਨਹੀਂ ਸਕਦਾ ਭਾਵ ਉਹ ਸਾਡੇ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ। ਪਰਮਾਤਮਾ ਆਕਾਸ਼, ਜਲ ਅਤੇ ਧਰਤੀ ਭਾਵ ਸਾਰੀ ਸ੍ਰਿਸ਼ਟੀ ਵਿਚ ਵਸਿਆ ਹੋਇਆ ਹੈ। ਉਹ ਸ੍ਰਿਸ਼ਟੀ ਵਿਚ ਵਸੇ ਹੋਣ ਦੇ ਬਾਵਜੂਦ ਇਨ੍ਹਾਂ ਤੱਤਾਂ ਵਿਚ ਸੀਮਤ ਨਹੀਂ ਹੈ। ਸ੍ਰਿਸ਼ਟੀ ਦੀ ਸਿਰਜਣਾ ਕਰਕੇ ਜੀਵਾਂ ਨੂੰ ਕਾਰ-ਵਿਹਾਰ ਵਿਚ ਲਾਉਂਦਾ ਅਤੇ ਆਪ ਸ੍ਰਿਸ਼ਟੀ ਤੋਂ ਨਿਰਲੇਪ ਰਹਿ ਕੇ ਇਸ ਖੇਡ ਨੂੰ ਦੇਖਦਾ ਹੈ :

ਬਿਨਵੌਂ ਆਦਿ ਪੁਰਖੁ ਕਰਤਾਰਾ। ਜਿਨ ਯਹਿ ਕੀਨੋ ਸਕਲ ਪਸਾਰਾ।
ਅੱਚੁਤ ਏਕ ਅਨਿਕ ਘਟ ਬਾਸੀ। ਅਲਖ ਪੁਰਖੁ ਕੋ ਲਖੈ ਸੁ ਤਾਸੀ॥
ਗਗਨ ਭੂਮਿ ਜਲ ਤੱਤ ਪ੍ਰਕਾਸੈ। ਸਗਲ ਸ੍ਰਿਸਿਟ ਮਹਿ ਕੀਨ ਨਿਵਾਸੈ।
ਲੋਗਨ ਕੋ ਇਹ ਬਿਧਿ ਭਰਮੈ ਕੈ। ਨਿਰਖਤ ਆਪਿ ਨਿਆਰੋ ਹ੍ਵੈ ਕੈ॥ [11]

ਅਤੇ

ਆਦਿ ਪੁਰਖ ਬਿਨਵੋ ਕਰਤਾਰਾ। ਜਾਸ ਕੀਨ ਯਹਿ ਸਕਲ ਪਸਾਰਾ।

---

[11] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 1-2, ਪੰਨਾ 1.

ਏਕ ਅਨੇਕ ਸਕਲ ਘਟ ਬਾਸੀ। ਅਚੁਤ ਅਲਖ ਪੁਰਖ ਅਬਿਨਾਸੀ॥
ਭੂਮ ਗਗਨ ਜਲ ਤਤ ਪ੍ਰਕਾਸੈ। ਸਗਲ ਸ੍ਰਿਸਟ ਮਹਿ ਕੀਨ ਨਿਵਾਸੈ।
ਲੋਗਨ ਕੋ ਇਹ ਬਿਧ ਭਰਮੈ ਕੈ। ਨਿਰਖਤੁ ਆਪ ਨਿਆਰੋ ਹ੍ਵੈਕੈ॥[12]

ਉਪਰੋਕਤ ਬੰਦਾਂ ਵਿਚ 'ਅਕਾਲ ਪੁਰਖ' ਦੇ ਸ੍ਰਿਸ਼ਟੀ ਪਸਾਰੇ ਤੋਂ ਪਹਿਲਾਂ ਦੇ 'ਆਦਿ', 'ਅਚੁਤ', 'ਅਲਖ' ਅਤੇ 'ਅਬਿਨਾਸੀ' ਸਰੂਪ ਨੂੰ ਬਿਆਨ ਕੀਤਾ ਗਿਆ ਹੈ ਜਿਸ ਤੋਂ ਅਕਾਲ ਪੁਰਖ ਦਾ ਨਿਰਗੁਣ ਸਰੂਪ ਪਰਗਟ ਹੁੰਦਾ ਹੈ। ਕਵੀਆਂ ਨੇ ਪਰਮ-ਸੱਤਾ ਨੂੰ 'ਕਰਤਾਰ' ਕਹਿ ਕੇ ਉਸ ਦੇ 'ਕਰਤਾ' ਸਰੂਪ ਨੂੰ ਉਜਾਗਰ ਕੀਤਾ ਹੈ। ਕਰਤਾ ਪਰਮਾਤਮਾ ਨੇ ਸਿਰਜਣਾ ਕਿਹੜੀ ਕੀਤੀ ਹੈ ? ਕੁਲ ਸੰਸਾਰ, ਬ੍ਰਹਿਮੰਡ ਅਤੇ ਹੋਂਦ ਜਿਸ ਦੇ ਲਈ ਕਵੀ ਨੇ 'ਸਗਲ ਪਸਾਰਾ' ਸ਼ਬਦ ਦੀ ਵਰਤੋਂ ਕੀਤੀ ਹੈ, ਦਾ ਸਾਜਨਹਾਰ ਅਕਾਲ ਪੁਰਖ ਹੈ।

'ਅਕਾਲ ਪੁਰਖ' ਸਮੁੱਚੇ ਪਸਾਰੇ ਨੂੰ ਸਾਜ ਕੇ ਆਪ ਉਸ ਵਿਚ ਰਮਿਆ ਹੋਇਆ ਹੈ। ਪਸਰੇ ਹੋਏ ਪਸਾਰੇ ਦੇ ਹਰ ਜ਼ਰੇ ਵਿਚ ਉਸ ਦਾ ਨਿਵਾਸ ਹੈ। ਧਰਤੀ, ਆਕਾਸ਼ ਅਤੇ ਜਲ ਆਦਿ ਤੱਤਾਂ ਵਿਚ ਉਸੇ ਦਾ ਹੀ ਪ੍ਰਕਾਸ਼ ਹੈ ਭਾਵ ਸਮੁੱਚਾ ਪਰਗਟਾਵਾ 'ਅਕਾਲ ਪੁਰਖ' ਦਾ ਹੀ ਪਰਗਟ ਰੂਪ ਹੈ। ਕਵੀਆਂ ਵੱਲੋਂ ਪੇਸ਼ ਕੀਤਾ ਗਿਆ ਇਹ ਪਰਗਟਾਵਾ 'ਅਕਾਲ ਪੁਰਖ' ਦਾ ਸਰਗੁਣ ਸਰੂਪ ਹੈ। ਬੰਦ ਦੇ ਅਖੀਰ ਵਿਚ ਕਵੀ ਸਰਗੁਣ ਤੋਂ ਫਿਰ ਨਿਰਗੁਣ ਸਰੂਪ ਵੱਲ ਲੈ ਜਾਂਦੇ ਹਨ। ਉਹ ਕਹਿੰਦੇ ਹਨ ਕਿ ਲੋਕਾਈ ਨੂੰ ਭਰਮਾਉਣ ਵਾਲਾ ਅਕਾਲ ਪੁਰਖ ਆਪ ਵੱਖ ਹੋ ਕੇ ਵੇਖਦਾ ਹੈ। ਗੁਰੂ ਸਾਹਿਬ ਅਕਾਲ ਪੁਰਖ ਦੇ ਨਿਰਗੁਣ-ਸਰਗੁਣ ਸਰੂਪ ਬਾਰੇ ਦੱਸਦੇ ਹਨ :

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥[13]

ਕੁਇਰ ਸਿੰਘ ਨੇ ਗੁਰੂ ਸਾਹਿਬ ਵਲੋਂ ਕਾਜ਼ੀ ਨਾਲ ਅਕਾਲ ਪੁਰਖ ਦੇ ਸਰੂਪ ਉੱਪਰ ਕੀਤੇ ਵਿਚਾਰ ਨੂੰ ਪੇਸ਼ ਕੀਤਾ ਹੈ। ਇਸਲਾਮਕ ਸਿਧਾਂਤ ਅਨੁਸਾਰ ਰੱਬ ਦੇ ਅਪਰ-ਅਪਾਰ ਸਰੂਪ ਦੇ ਜਵਾਬ ਵਿਚ ਗੁਰੂ ਜੀ ਕਾਜੀ ਨੂੰ ਦੱਸਦੇ ਹਨ ਕਿ ਪਰਮਾਤਮਾ ਦੂਰ ਤੋਂ ਦੂਰ ਅਤੇ ਨੇੜੇ ਤੋਂ ਨੇੜੇ ਹੈ, ਉਹ ਘਟ-ਘਟ ਵਿਚ ਵਸਦਾ ਹੈ :

ਬਹੁਰ ਮਸਨਵੀ ਮੈ ਇਮ ਕਹਾ। ਸਰਬ ਘਟਾ ਮੈ ਸਾਹਿਬ ਅਹਾ।
ਚੀਟੀ ਆਦਿ ਬਿਰੰਚਿ ਤੇ ਜਾਨੋ। ਸਬ ਮੈ ਖਾਲਕ ਪੂਰ ਸਮਾਨੋ।[14]

---

12 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 2-3, ਪੰਨਾ 1.
13 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਗਉੜੀ ਸੁਖਮਨੀ ਮ: ੫*, ਪੰਨਾ 287.
14 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 166, ਪੰਨਾ 246.

ਕੁਇਰ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਕੇਸਗੜ੍ਹ ਦੀ ਧਰਤੀ ਤੇ ਖਾਲਸਾ ਪੰਥ ਨੂੰ ਇੱਕ ਅਕਾਲ ਪੁਰਖ ਦੀ ਸ਼ਰਨ ਵਿਚ ਰਹਿਣ ਦਾ ਹੁਕਮ ਦਿੱਤਾ :

ਮੋਰ ਬਚਨ ਸੋ ਕਰੋ ਪਿਆਰਾ। ਸਰਬ ਕਾਲ ਹੋਇ ਰੱਛ ਤੁਹਾਰਾ॥
ਝੂਠੇ ਸਰਬ ਉਪਾਵ ਤਿਆਗੋ। ਸ੍ਰੀ ਅਸੀਧੁਜ ਕੀ ਚਰਨੀ ਲਾਗੋ।[15]

ਸੁੱਖਾ ਸਿੰਘ ਨੇ ਖਾਲਸਾ ਸਾਜਨਾ ਸਮੇਂ ਗੁਰੂ ਜੀ ਵੱਲੋਂ ਪੇਸ਼ ਕੀਤੇ ਅਕਾਲ ਪੁਰਖ ਦੇ ਸਰੂਪ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਪੁਨ ਸ੍ਰੀ ਸਤਿਗੁਰ ਬਚਨ ਉਚਾਰੇ। ਤਿਨ ਕੈ ਸੋਕ ਦੂਰ ਕਰ ਡਾਰੇ।
ਸੁਨਹੁ ਖਾਸ ਬਰ ਕਥਾ ਸੁਨਾਊ। ਤੁਮਰੇ ਚਿਤ ਕਾ ਭਰਮ ਮਿਟਾਊ॥
ਅਚੁਤ ਆਦਿ ਅਨੰਤ ਪ੍ਰਭ ਕਹਤ ਅਛੇਦ ਅਭੇਦ।
ਜਾ ਕੋ ਪਾਰ ਨ ਪਾਵਈ ਸਿਵ ਬਿਰੰਚ ਅਰ ਬੇਦ॥
ਸੋ ਨਿਜ ਆਦਿ ਅਗਾਧ ਕਹਾਯੋ। ਜਿਨ ਇਹ ਚੌਦਹ ਲੋਕ ਬਨਾਯੋ।
ਰੂਪ ਰੇਖ ਜਾਕਰ ਕਛੂ ਨਾਹੀ। ਏਕ ਅਨੇਕ ਸਗਲ ਘਟ ਮਾਹੀ॥
ਦੇਵ ਦੈਤ ਜਿਹ ਜਛ ਬਨਾਏ। ਕਿੰਨਰ ਨਾਗ ਮਨੁਛ ਉਪਾਏ।
ਹਿੰਦਵਾਨਾ ਤਰਕਾਨਾ ਜਾਨੋ। ਇਹ ਸਭ ਸਾਜ ਜੁਦਾ ਪਹਚਾਨੋ॥[16]

**ਕਰਤਾ-ਭਰਤਾ-ਹਰਤਾ :** 'ਗੁਰ ਦਰਸ਼ਨ' ਵਿਚ ਵੈਦਿਕ ਧਰਮ ਦੇ ਤ੍ਰੀਦੇਵ ਦੇ ਉਸ ਸਿਧਾਂਤ ਨੂੰ ਨਕਾਰਿਆ ਗਿਆ ਹੈ ਜਿਸ ਅਨੁਸਾਰ ਸੰਸਾਰ ਨੂੰ ਪੈਦਾ ਕਰਨ ਵਾਲਾ ਬ੍ਰਹਮਾ, ਪਾਲਨ ਵਾਲਾ ਵਿਸ਼ਨੂੰ ਅਤੇ ਸੰਘਾਰ ਕਰਨ ਵਾਲਾ ਸ਼ਿਵ ਹਨ। ਗੁਰੂ ਸਾਹਿਬ ਇੱਕ ਅਕਾਲ ਪੁਰਖ ਨੂੰ ਹੀ ਅੰਤਮ ਸਤਾ ਮੰਨਦੇ ਹਨ ਅਤੇ ਉਸ ਤੋਂ ਸੁਤੰਤਰ ਹੋਰ ਕਿਸੇ ਦੇਵ ਦੀ ਹੋਂਦ ਨਹੀਂ ਮੰਨਦੇ। ਜਿਥੋਂ ਤੱਕ ਇਨ੍ਹਾਂ ਤਿੰਨ ਦੇਵਾਂ ਦਾ ਸਵਾਲ ਹੈ ਇਨ੍ਹਾਂ ਨੂੰ ਗੁਰੂ ਸਾਹਿਬ ਨੇ ਮਾਇਆ ਦੇ ਅਧੀਨ, ਰੋਗੀ ਅਤੇ ਅਕਾਲ ਪੁਰਖ ਦੇ ਕੀਤੇ ਹੋਏ ਮੰਨਿਆ ਹੈ :

ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥[17]

---

[15] ਉਹੀ, ਛੰਦ 38-39, ਪੰਨਾ 111.
[16] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 80-83, ਪੰਨਾ 177.
[17] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਗੂਜਰੀ ਕੀ ਵਾਰ ਮਹਲਾ ੩,* ਪੰਨਾ 509.

ਕੁਇਰ ਸਿੰਘ ਅਕਾਲ ਪੁਰਖ ਦੇ ਸੰਸਾਰ ਵਿਚ ਰਮੇ ਹੋਏ, ਸਿਰਜਕ, ਪਾਲਕ ਅਤੇ ਹਰਤਾ ਸਰੂਪ ਨੂੰ ਪੇਸ਼ ਕਰਦਿਆਂ ਲਿਖਦਾ ਹੈ :

ਨੀਰ ਬੁਦਾਬੁਦਾ ਏਕੈ ਮਾਨੋ। ਤਾ ਕੋ ਭੇਦ ਸੁ ਵਾਚ ਪਛਾਨੋ।
ਤਜੋਂ ਈਸਰ ਮੈ ਕਲਪਿਤ ਜੀਵਾ। ਸ੍ਰਿਜ ਪਾਲਨ ਸੰਘਾਰਨ ਥੀਵਾ॥[18]

**ਅਗਮ-ਅਗੋਚਰ :** ਗੁਰਬਿਲਾਸ ਪਾਤਸ਼ਾਹੀ ੧੦ ਦੇ ਮੰਗਲਾਚਰਣ ਦੇ ਅਗਲੇ ਤਿੰਨ ਬੰਦ ਪਰਮਾਤਮਾ ਦੇ ਅਗਮ ਅਤੇ ਅਗੋਚਰ ਗੁਣ ਨੂੰ ਪਰਗਟ ਕਰਦੇ ਹਨ। ਕਿਉਂਕਿ ਦੇਵਤਾ, ਰਾਖਸ਼, ਨਾਗ, ਨਾਚ ਕਰਨ ਵਾਲੇ ਅਤੇ ਯਖਸ਼ ਆਦਿ ਸਮੂਹ ਦਾ ਰਚਨਹਾਰ 'ਅਕਾਲ ਪੁਰਖ' ਹੈ। ਇਸ ਕਰਕੇ ਕੀਤੇ ਹੋਏ ਕਰਤਾ ਦਾ ਅੰਤ ਕਿਵੇਂ ਪਾ ਸਕਦੇ ਹਨ। ਵੱਡੀ ਉਮਰ ਵਾਲਾ ਲੋਮਸ, ਹਜਾਰਾਂ ਮੂੰਹਾਂ ਵਾਲਾ ਸ਼ੇਸ਼ਨਾਗ, ਮੋਨ ਧਾਰਨ ਕਰਨ ਵਾਲੇ, ਵਰਤ ਰੱਖਣ ਵਾਲੇ ਮਹਾਂ ਮੁਨੀ ਹਜਾਰਾਂ ਸਾਲ ਤਪ ਕਰਕੇ ਵੀ ਤੇਰਾ ਅੰਤ ਨਹੀਂ ਪਾ ਸਕੇ। ਚਾਰ ਮੂੰਹਾਂ ਵਾਲਾ ਬ੍ਰਹਮਾ, ਚਾਰ ਵੇਦ, ਮਹਾਭਾਰਤ ਅਤੇ ਛੇ ਸ਼ਾਸਤਰ ਵੀ ਪਰਮਾਤਮਾ ਦੇ ਗੁਣਾਂ ਦਾ ਪਾਰਾਵਾਰ ਨਹੀਂ ਪਾ ਸਕੇ। ਕਵੀ ਅਨੁਸਾਰ ਪਰਮਾਤਮਾ ਕਿਸੇ ਕਰਮ ਨਾਲ ਵੱਸ ਵਿਚ ਨਹੀਂ ਆਉਂਦਾ। ਇਸ ਕਰਕੇ ਸਭ ਸਿਆਣਿਆਂ ਨੇ ਅਕਾਲ ਪੁਰਖ ਨੂੰ ਬੇਅੰਤ ਦੱਸਿਆ ਹੈ :

ਦਾਨਵ ਦੇਵ ਫਨਿੰਦ ਬਨਾਈ। ਕਿੰਨਰ ਜੱਛ ਰਚੇ ਅਧਿਕਾਈ।
ਬਡੇ ਬਡੇ ਮੋਨੀ ਬ੍ਰਤ ਧਾਰੀ। ਕਈ ਕਲਪ ਜਿਨ ਜਪਤ ਗੁਜਾਰੀ॥
ਲੋਮਸ ਤੇ ਤਪ ਬਲ ਅਧਿਕਾਈ। ਸਹਸ ਬਦਨ ਸਹਸਾਨਨ ਗਾਈ।
ਚਤੁਰਾਨਨ ਮੁਖ ਚਾਰ ਸੁ ਕਰੇ। ਪੂਤ ਪਾਂਚ ਖਟ ਤਿਹ ਸਿਸ ਧਰੇ॥
ਤਦਪਿ ਅੰਤ ਕਛੂ ਨਹੀ ਪਾਯੋ। ਸਭ ਮਿਲ ਨੇਤੈ ਨੇਤ ਬਤਾਯੋ।
ਕੋਟਿ ਜਤਨ ਕਰਮੈ ਨਹੀ ਆਵੈ। ਚਾਰੋ ਬੇਦ ਸਾਧ ਮੁਨਿ ਗਾਵੈ॥[19]

ਅਤੇ

ਦਾਨਵ ਦੇਵ ਫਨਿੰਦ ਬਨਾਈ। ਕਿੰਨਰ ਜਛ ਰਚੇ ਅਧਿਕਾਈ।
ਬਡੇ ਬਡੇ ਮੋਨੀ ਬ੍ਰਤਧਾਰੀ। ਕਈ ਕਲਪ ਜਿਨ ਜਪਤ ਗੁਜਾਰੀ॥
ਲੋਮਸ ਤੇ ਤਪ ਬਲ ਅਧਿਕਾਈ। ਸਹਸਬਦਨ ਸਹਸਾਨਨ ਗਾਈ।
ਚਤਰਾਨਨ ਮੁਖ ਚਾਰ ਸੁ ਕਰੇ। ਪੂਤ ਪਾਂਚ ਖਟ ਤਿਹ ਸਿਸ ਧਰੇ॥

---

[18] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 113, ਪੰਨਾ 266.
[19] ਉਹੀ, ਛੰਦ 3-5, ਪੰਨਾ 1.

ਤਦਪ ਕਛੂ ਅੰਤ ਨਹੀ ਆਯੋ। ਸਭ ਮਿਲ ਨੇਤਹ ਨੇਤ ਬਤਾਯੋ।

ਕੋਟ ਜਤਨ ਕਰ ਮੈ ਨਹੀਂ ਆਵੈ। ਚਾਰ ਬੇਦ ਯੌ ਭੇਦ ਬਤਾਵੈ॥[20]

ਕਵੀ ਪਰਮਾਤਮਾ ਦੀ ਪ੍ਰਾਪਤੀ ਵਿਚ ਹਠ, ਜਪ-ਤਪ ਅਤੇ ਕਰਮ-ਕਾਂਡ ਨੂੰ ਸਹਾਈ ਨਹੀਂ ਮੰਨਦਾ। ਉਸ ਅਨੁਸਾਰ ਗੁਰੂ ਦੇ ਸਨਮੁਖ ਗੁਰਸਿੱਖ ਬਣ ਕੇ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ :

ਗੁਰਮੁਖਿ ਹ੍ਵੈ ਧਜਾਏ ਜੇ ਕੋਈ। ਸ੍ਰੀ ਹਰਿ ਜੂ ਕੋ ਪਾਵੈ ਸੋਈ।[21] ਅਤੇ

ਗੁਰਮੁਖ ਹ੍ਵੈ ਧਿਆਵੈ ਜੋ ਕੋਈ। ਸ੍ਰੀ ਹਰਿ ਜੂ ਕਹ ਪਾਵੈ ਸੋਈ।[22]

ਕੁਇਰ ਸਿੰਘ ਨੇ ਪਰਮਾਤਮਾ ਦਾ ਜੋ ਸੰਕਲਪ ਸਾਡੇ ਸਾਹਮਣੇ ਪੇਸ਼ ਕੀਤਾ ਹੈ ਉਹ ਸਾਂਖ ਸ਼ਾਸਤਰ ਦੇ ਪੁਰਖ ਅਤੇ ਪ੍ਰਕਿਰਤੀ ਦੇ ਵਿਚਾਰ ਤੋਂ ਵੱਖਰਾ ਹੈ। ਸਾਂਖ ਅਨੁਸਾਰ ਪੁਰਖ ਅਤੇ ਪ੍ਰਕਿਰਤੀ ਦੋਵੇਂ ਤੱਤ ਸੁਤੰਤਰ, ਆਦਿ ਅਤੇ ਅਨੰਤ ਹਨ। ਕਵੀ ਕੁਇਰ ਸਿੰਘ ਦਾ ਅਕਾਲ ਪੁਰਖ ਕੁਦਰਤ ਦਾ ਸਿਰਜਣਹਾਰ ਹੈ। ਕੁਇਰ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਅਕਾਲ ਪੁਰਖ ਤੋਂ ਵੱਖਰੀ ਪ੍ਰਕਿਰਤੀ ਜਾਂ ਕਿਸੇ ਹੋਰ ਤੱਤ ਦੀ ਹੋਂਦ ਨਹੀਂ ਹੈ। ਇੱਕ ਅਕਾਲ ਪੁਰਖ ਹੀ ਤੱਤ ਰੂਪ ਵਿਚ ਹੋਂਦ ਅਤੇ ਹਸਤੀ ਦਾ ਮਾਲਕ ਹੈ ਦੂਜਾ ਕੋਈ ਨਹੀਂ। ਇਹ ਦਿੱਸਦਾ ਸਾਰਾ ਪਸਾਰਾ ਅਕਾਲ ਪੁਰਖ ਦੀ ਮਾਇਆ ਹੈ :

ਅਕਾਲੰ ਸੁ ਮਾਯਾ ਦੁਈ ਲੋਕ ਜਾਨੋ। ਤ੍ਰਿਤੀ ਵਸਤੁ ਕਾਈ ਨਹੀਂ ਸਾਚ ਮਾਨੋ।

ਪੁਰਖੰ ਪ੍ਰਕਿਰਤੰ ਸਭੈ ਬੇਦ ਭਾਨੈ। ਏਕੋ ਅਨੇਕੋ ਨਹੀਂ ਔਰ ਠਾਨੈ।[23]

ਗੁਰਬਿਲਾਸ ਵਿਚੋਂ ਪਰਮਾਤਮਾ ਦਾ ਜੋ ਸਰੂਪ ਪ੍ਰਾਪਤ ਹੁੰਦਾ ਹੈ ਉਹ ਪੂਰਨ ਚੇਤੰਨ ਹੈ। ਸੰਸਾਰ ਦੀ ਹਰ ਘਟਨਾ ਦਾ ਉਹ ਨਿਆਂ ਕਰਨ ਵਾਲਾ ਹੈ। ਜ਼ਫਰਨਾਮੇ ਦੇ ਪ੍ਰਸੰਗ ਵਿਚ ਗੁਰੂ ਸਾਹਿਬ ਵੱਲੋਂ ਔਰੰਗਜ਼ੇਬ ਨੂੰ ਕਹੇ ਸ਼ਬਦਾਂ ਨੂੰ ਕਵੀ ਸੁੱਖਾ ਸਿੰਘ ਇਸ ਤਰ੍ਹਾਂ ਬਿਆਨ ਕਰਦਾ ਹੈ :

ਤੇਰੈ ਘਰ ਇਨਸਾਫ ਨਹਿ ਸੁਨ ਬਚ ਯਾਰ ਬਿਚਾਰ।

ਸਾਹਿਬ ਸਦਾ ਅਦਾਲਤੀ ਜਾਨਤ ਸਭ ਸੰਸਾਰ ...

ਤਿਹ ਸਾਚੇ ਦਰਬਾਰ ਮੈ ਕਰਹੋ ਤੋਹ ਖੁਆਰ।

ਤਹਾ ਜੂ ਦੇਨ ਜਬਾਬ ਕੋ ਕਰਿ ਰਖੁ ਯਾਰ ਤਿਯਾਰ॥[24]

---

[20] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 4-6, ਪੰਨਾ 1.
[21] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 6, ਪੰਨਾ 1.
[22] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 7, ਪੰਨਾ 1.
[23] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 52-53, ਪੰਨਾ 14.
[24] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 127-129, ਪੰਨਾ 344.

**ਅਕਾਲ ਪੁਰਖ ਅਤੇ ਅਵਤਾਰਵਾਦ :** 'ਗੁਰਬਿਲਾਸ ਪਾਤਸ਼ਾਹੀ ੧੦' ਦੀ ਸ਼ੈਲੀ ਕੁੱਝ ਹੱਦ ਤੱਕ ਵੈਸ਼ਨਵ ਵਾਦੀ ਪੌਰਾਣਿਕ ਸਾਹਿਤ ਨਾਲ ਮਿਲਦੀ-ਜੁਲਦੀ ਹੈ। ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਗੁਰੂ ਸਾਹਿਬ ਦੇ ਸੰਸਾਰ ਵਿਚ ਆਗਮਨ ਲਈ ਅਵਤਾਰ ਧਾਰਨ ਸ਼ਬਦ ਵਰਤਿਆ ਹੈ ਪਰ ਉਹ ਹਿੰਦੂ ਅਵਤਾਰਵਾਦ ਨਾਲੋਂ ਸਪਸ਼ਟ ਨਿਖੇੜਾ ਰੱਖਦਿਆਂ ਹੋਇਆਂ ਗੁਰੂ ਸਾਹਿਬ ਨੂੰ ਅਕਾਲ ਪੁਰਖ ਦਾ ਭਗਤ/ਸੇਵਕ ਮੰਨਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਹ ਵਿਚਾਰ ਸਪਸ਼ਟ ਕਰ ਦਿੱਤਾ ਹੈ :

ਜੋ ਹਮ ਕੋ ਪਰਮੇਸੁਰ ਉਚਰਿ ਹੈ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈ॥
ਮੋ ਕੋ ਦਾਸੁ ਤਵਨ ਕਾ ਜਾਨੋ॥ ਯਾ ਮੈ ਭੇਦੁ ਨ ਰੰਚ ਪਛਾਨੋ॥
ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥[25]

ਇਸ ਨੁਕਤੇ ਤੇ ਦੋਹਾਂ ਕਵੀਆਂ ਨੇ ਵੈਸ਼ਨਵਵਾਦ ਅਤੇ ਸ਼ੈਵਵਾਦ ਦੇ ਪਰਮਾਤਮਾ ਦੇ ਅਵਤਾਰ ਧਾਰਨ ਦੇ ਵਿਚਾਰ ਨਾਲੋਂ ਆਪਣਾ ਵਖਰੇਵਾਂ ਸਪਸ਼ਟ ਕਰ ਦਿੱਤਾ ਹੈ ਜੋ ਕਿ ਗੁਰਮਤਿ ਦੇ ਅਨੁਕੂਲ ਹੈ।

'ਅਕਾਲ ਪੁਰਖ' ਨਾ ਸਿਰਫ ਬ੍ਰਹਮੰਡ ਦਾ ਸਿਰਜਣਹਾਰ ਸਗੋਂ ਸੰਸਾਰ ਦਾ ਪਾਲਕ ਅਤੇ ਹਾਕਮ ਵੀ ਹੈ। ਉਹ ਪਸਾਰੇ ਦੇ ਘਟ-ਘਟ ਦਾ ਹਾਲ ਜਾਣਨ ਵਾਲਾ ਹੈ ਇਸ ਕਰਕੇ ਅੰਤਰਯਾਮੀ ਹੈ। ਅਕਾਲ ਪੁਰਖ ਆਪਣੇ ਭਗਤ ਨੂੰ ਸੰਸਾਰ ਵਿਚ ਧਰਮ ਚਲਾਉਣ ਦਾ ਹੁਕਮ ਦੇ ਕੇ ਭੇਜਦਾ ਹੈ। ਪਰਮਾਤਮਾ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਹੇਮਕੁੰਟ ਦੇ ਤਪ ਤੋਂ ਹਟਾ ਕੇ ਸੰਸਾਰ ਅੰਦਰ ਜ਼ੁਲਮ ਦੇ ਨਾਸ ਅਤੇ ਧਰਮ ਦੀ ਸਥਾਪਤੀ ਵਾਸਤੇ ਭੇਜਿਆ :

ਪੁਨਿ ਧਰ ਦੁਖਤ ਭਈ ਤੁਰਕਨ ਤੇ। ਟੂਟਤ ਜਨੇਊ ਬਧ ਗੋਧਨ ਤੇ॥
ਬਾਰ ਬਾਰ ਅਤਿ ਹੋਤ ਪੁਕਾਰਾ। ਤਾ ਤੇ ਮਹਾ ਕਾਲ ਮਨ ਧਾਰਾ।
ਮੋਰ ਅੰਸ ਜੋ ਨਗ ਸਿਰ ਸੋਹੀ। ਸਪਤਮ ਸੀਗ ਤਾਹ ਤਪ ਜੋਹੀ॥
ਤਾਹ ਪਠੋਂ ਨਿਜ ਸਸ ਸੋ ਜਾਨੂ। ਹੈ ਤਿਹ ਕਾਮ ਤਪੀ ਭਗਵਾਨੂ।
ਤਾਹ ਪੰਥ ਧਰ ਕਰ ਹੋਂ ਕਾਜੈ। ਤੁਰਕ ਮਲੇਛ ਨਾਸ ਹਿਤ ਸਾਜੈ॥
ਦੀਨ ਦੇਸ ਸ੍ਰੀ ਕਾਲ ਤਹਾਂਹੀ। ਬੋਲੇ ਸ੍ਰੀ ਗੁਰੁ ਤਬ ਅਸਤਾਂਹੀ ...
ਜਾਯ ਤਹਾਂ ਤੈ ਪੰਥ ਚਲਾਯ। ਕੁਬੁੱਧਿ ਕਰਨ ਤੇ ਲੋਕ ਹਟਾਯ ...
ਤੋਰ ਸਹਾਯਕ ਸਦ ਮੈ ਜਾਨੀ। ਹੰਤਾ ਤੋਹ ਭਏ ਨਹਿ ਮਾਨੀ॥[26]

---

[25] ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ, *ਬਚਿਤ੍ਰ ਨਾਟਕ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1973, ਪੰਨਾ 73.

[26] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 42-49, ਪੰਨਾ 13-14.

ਕਵੀ ਅਨੁਸਾਰ ਗੁਰੂ ਗੋਬਿੰਦ ਸਿੰਘ ਦੱਸਦੇ ਹਨ ਕਿ ਮੈਨੂੰ ਅਕਾਲ ਪੁਰਖ ਨੇ ਹੁਕਮ ਦੇ ਕੇ ਸੰਸਾਰ ਵਿਚ ਭੇਜਿਆ ਹੈ :

ਗੋਪ ਰਹੇ ਹਮ ਸੋ ਅਤਿ ਹੀ ਅਬ, ਸ੍ਰੀ ਹਰਿ ਮੋਹ ਨ ਗੋਪ ਰਖੀਜੈ।
ਅਕਾਲ ਪਠਯੋ ਹਮ ਕੋ ਅਬ ਤਾਵਤ, ਕੇਤਕ ਕਾਲ ਲੁਕੈ ਹਮ ਭੀਜੈ॥[27]

ਕਵੀ ਸੁੱਖਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਸਾਰ ਆਗਮਨ ਦਾ ਮਨੋਰਥ ਅਕਾਲ ਪੁਰਖ ਵੱਲੋਂ ਧਰਤੀ ਦੇ ਦੁਖ ਨਿਵਾਰਣ ਦਾ ਹੁਕਮ ਮੰਨਿਆ ਹੈ। ਇਸ ਕਰਕੇ ਅਕਾਲ ਪੁਰਖ ਆਪਣੀ ਰਚਨਾ ਲਈ ਮਿਹਰਵਾਨ ਹੈ, ਜੋ ਲੋਕਾਈ ਦੇ ਦੁਖ ਦੇਖ ਕੇ ਪਸੀਜਦਾ ਹੈ :

ਦੂਖ ਨਿਹਾਰ ਕਿਧੌ ਭੂਅ ਕੋ ਨਿਜ ਸ੍ਰੀ ਅਸਕੇਤ ਭਏ ਬਰਦਾਨੀ।
ਦੀਨ ਦਇਆਲ ਪਠਿਓ ਗੁਰ ਪੂਰਨ ਜਾ ਉਪਮਾ ਦਸਹੂੰ ਦਿਸ ਜਾਨੀ।[28]

**ਅਕਾਲ ਪੁਰਖ ਅਤੇ ਵੈਦਿਕ ਦੇਵ :** ਗੋਬਿੰਦ ਰਾਏ ਜੀ ਦੇ ਦਸਵੇਂ ਗੁਰੂ ਵਜੋਂ ਰਾਜ-ਅਭਿਖੇਕ ਸਮੇਂ ਇੱਕ ਬ੍ਰਾਹਮਣ ਨੇ ਆਪ ਨੂੰ ਜਨੇਊ ਧਾਰਨ ਕਰਨ ਦੀ ਬੇਨਤੀ ਕੀਤੀ ਪਰ ਗੁਰੂ ਸਾਹਿਬ ਨੇ ਮਨ੍ਹਾ ਕਰ ਦਿੱਤਾ। ਬ੍ਰਾਹਮਣ ਅਤੇ ਗੁਰੂ ਸਾਹਿਬ ਦੇ ਸੰਵਾਦ ਨੂੰ ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ :

ਦਿਜ ਕਹੈ ਬਡਨ ਰੀਤ ਜਗਧਾਰੀ। ਸੋ ਬਡਿ ਬਿਧ ਹਰਿ ਸੰਭੁ ਪ੍ਰਕਾਰੀ।
ਸ੍ਰੀ ਗੁਰ ਕਹੈ, ਬਡੋ ਮਹਾਕਾਲਾ। ਜਾ ਤੇ ਭਜੇ ਮਹੱਤੁਤ ਬਿਸਾਲਾ।
ਕਈ ਹਰੀ ਬਿਧ ਜਾਨੇ ਜਾਏ। ਤਾ ਨੇ ਮੋਹ ਐਸੇ ਬਚ ਠਾਏ।
ਧਰੋ ਅੱਸਿ ਤੁਮ ਗ੍ਰੀਵਾ ਅੰਤਰ। ਮਾਰੋ ਤੁਰਕ ਮਲੇਛ ਨਿਰੰਤਰ॥[29]

ਅਤੇ

ਪੁਨ ਦਿਜ ਕਹੀ ਵਡਨ ਕੀ ਰੀਤਾ। ਇਹ ਤਯਾਗੇ ਜਗ ਹੋਤ ਅਨੀਤਾ।
ਵਡੇ ਕਉਨ ਸ੍ਰੀ ਮੁਖ ਕਹ ਏਵਾ। ਬ੍ਰਹਮਾ ਬਿਸਨ ਰੁਦ੍ਰ ਜੁ ਦੇਵਾ॥
ਹਮਰੇ ਵਡੈ ਦੇਵ ਨਹਿ ਹੋਈ। ਮਾਨੈ ਮਹਾਕਾਲ ਹਮ ਸੋਈ।
ਵਹ ਹਮਰੋ ਰਛਕ ਭਗਵਾਨਾ। ਤਾ ਬਿਨ ਅਵਰ ਨ ਮਨ ਮੈਂ ਆਨਾ।[30]

---

[27] ਉਹੀ, ਛੰਦ 44, ਪੰਨਾ 52.
[28] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 4, ਪੰਨਾ 30.
[29] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 3, ਪੰਨਾ 48.
[30] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 186, ਪੰਨਾ 71.

ਦੋਹਾਂ ਕਵੀਆਂ ਨੇ ਗੁਰੂ ਸਾਹਿਬ ਵੱਲੋਂ ਸਿੱਖਾਂ ਨੂੰ ਵੈਦਿਕ ਕਰਮ-ਕਾਂਡ ਨਾਲੋਂ ਤੋੜ ਕੇ ਸਿਧਾ ਪਰਮਾਤਮਾ ਦੇ ਹੁਕਮ ਨਾਲ ਜੋੜਨ ਦੀ ਗਵਾਹੀ ਭਰੀ ਹੈ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਦਾ ਨਿਸ਼ਚਾ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਦਿ ਦੇਵਾਂ ਉੱਪਰ ਨਹੀਂ ਹੈ ਸਗੋਂ ਸਭ ਦੇਵਾਂ ਦੇ ਦੇਵ 'ਅਕਾਲ ਪੁਰਖ' ਉੱਪਰ ਹੈ।

**ਰੱਛਕ :** ਕੁਇਰ ਸਿੰਘ ਨੇ ਅਕਾਲ ਪੁਰਖ ਦੇ 'ਰੱਛਕ' ਸਰੂਪ ਨੂੰ ਸਪਸ਼ਟ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਸ਼ਬਦ ਆਪਣੀ ਰਚਨਾ ਵਿਚ ਸ਼ਾਮਿਲ ਕੀਤੇ ਹਨ। ਪਹਾੜੀ ਸੈਨਾ ਅਤੇ ਮੁਗਲ ਫੌਜ ਨਾਲ ਆਨੰਦਪੁਰ ਦੇ ਯੁੱਧ ਸਮੇਂ ਗੁਰੂ ਸਾਹਿਬ ਵੱਲੋਂ ਸਿੰਘਾਂ ਨੂੰ ਅਕਾਲ ਪੁਰਖ ਦਾ ਓਟ-ਆਸਰਾ ਲੈਣ ਦੇ ਦਿੱਤੇ ਉਪਦੇਸ਼ ਨੂੰ ਕੁਇਰ ਸਿੰਘ ਨੇ 'ਅਕਾਲ ਉਸਤਤਿ' ਦੇ ਇਸ ਸ਼ਬਦ ਰਾਹੀਂ ਪੇਸ਼ ਕੀਤਾ ਹੈ :

ਅਕਾਲ ਪੁਰਖ ਕੀ ਸਦਾ ਰਛਾ ਹਮ ਨੈ।
ਸਰਬ ਲੋਹ ਦੀ ਰਛਿਆ ਹਮ ਨੈ।
ਸਰਬ ਕਾਲ ਜੀ ਦੀ ਰਛਿਆ ਹਮ ਨੈ।
ਸਰਬ ਲੋਹ ਜੀ ਦੀ ਸਦਾ ਰਛਿਆ ਹਮ ਨੈ॥[31]

ਕਵੀ ਸੁੱਖਾ ਸਿੰਘ ਨੇ ਭੰਗਾਣੀ ਦੇ ਯੁੱਧ ਪਿਛੋਂ ਮਾਫ਼ੀ ਮੰਗਣ ਆਏ ਭੀਮ ਚੰਦ ਅਤੇ ਗੁਰੂ ਜੀ ਦਾ ਵਾਰਤਾਲਾਪ ਪੇਸ਼ ਕੀਤਾ ਹੈ। ਗੁਰੂ ਜੀ ਅਕਾਲ ਪੁਰਖ ਦੀ ਕਿਰਪਾ ਨੂੰ ਆਪਣੀ ਜਿੱਤ ਦਾ ਕਾਰਨ ਦੱਸਦੇ ਹਨ। ਕਵੀ ਨੇ 'ਬਚਿਤ੍ਰ ਨਾਟਕ' ਵਿਚ ਦਰਜ ਸ਼ਬਦ "ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥" ਦੇ ਭਾਵ ਅਰਥ ਨੂੰ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ :

ਜੋਰ ਸਾਥ ਹਮ ਤੇ ਗਜ ਚਾਹਾ। ਹਮ ਤੁਮ ਕੋ ਨਹੀ ਦਯੋ ਸੁ ਆਹਾ।
ਅਨਿਤ ਦੇਸ ਕੋ ਕਰ੍ਯੋ ਪਜਾਨਾ। ਤਹਾਂ ਜਾਇ ਤੁਮ ਦੂੰਦ ਉਠਾਨਾ॥
ਤੁਮ ਲਿਆਏ ਸੈਨਾ ਸੰਗ ਲਛਕ। ਹਮਰੋ ਏਕ ਖੜਗ ਧੁਜ ਰਛਕ।
ਜੀਤ ਕਰੀ ਹਮਰੀ ਤਿਹ ਥਾਨਾ। ਖਲ ਦਲ ਕਰੇ ਖੰਡਾ ਬਿਧ ਨਾਨਾ॥[32]

**ਰਮਿਆ ਹੋਇਆ :** ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਚੌਦਾਂ ਲੋਕਾਂ, ਚਾਰ ਵੇਦਾਂ ਅਤੇ ਛੇ ਸ਼ਾਸਤਰਾਂ ਵਿਚ ਇੱਕ ਪਰਮਾਤਮਾ ਨੂੰ ਹੀ ਰਮਿਆ ਹੋਇਆ ਵੇਖਿਆ ਹੈ। ਗੁਰੂ ਸਾਹਿਬ ਨੇ ਇੱਕ ਅਕਾਲ

---

[31] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 84, ਪੰਨਾ 129.
[32] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 22-23, ਪੰਨਾ 119.

ਪੁਰਖ ਵਿਚ ਹੀ ਕੁੱਲ ਪਸਾਰਾ ਵਿਖਾਇਆ ਹੈ ਜੋ ਅਨੇਕਤਾ ਵਿਚ ਵੀ ਇੱਕ ਹੈ। ਕਵੀ ਸੁੱਖਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ 'ਅਕਾਲ ਪੁਰਖ' ਦੇ ਪ੍ਰੇਮ ਰਸ ਵਿਚ ਰੰਗੇ ਹੋਏ ਦੱਸਣ ਲਈ ਗੁਰੂ ਸਾਹਿਬ ਦੀ 'ਸ੍ਵੈਯਾ' ਬਾਣੀ ਦੀ ਵਿਆਖਿਆ ਆਪਣੇ ਸ਼ਬਦਾਂ ਵਿਚ ਪੇਸ਼ ਕੀਤੀ ਹੈ :

ਚੌਦਹ ਚਾਰ ਖਟਾਨ ਬਿਖੈ ਪ੍ਰਭ ਏਕ ਬਿਨਾ ਤੁਵ ਔਰ ਨਾ ਜਾਨਿਯੋ।
ਸਾਤ ਅਕਾਸ ਪਤਾਰ ਸੁ ਸਾਤਨ ਏਕ ਬਿਨਾ ਤਵ ਔਰ ਨ ਮਾਨਿਯੋ।
ਜੀਵਨ ਮੈ ਜਲ ਮੈ ਥਲ ਮੈ ਬਸੁਧਾ ਨਗ ਮੈ ਤੁਧ ਏਕ ਪਛਾਨਿਯੋ।
ਪੂਰਨ ਮਤ ਦਯਾਨਿਧਿ ਸਾਹਿਬੁ ਏਕ ਹੀ ਕੋ ਮਧਿ ਏਕ ਬਖਾਨਿਯੋ॥[33]

**ਸੁਖਨਿਧ :** ਗੁਰਬਿਲਾਸ ਅਨੁਸਾਰ ਸਿਰਫ 'ਅਕਾਲ ਪੁਰਖ' ਹੀ ਧਿਆਉਣ-ਯੋਗ ਹੈ। 'ਅਕਾਲ ਪੁਰਖ' ਸਾਰੇ ਸੁਖਾਂ ਦਾ ਦਾਤਾ ਹੈ। ਨਾਂਦੇੜ ਵਿਖੇ ਗੁਰੂ ਸਾਹਿਬ ਜੀ ਵਲੋਂ ਸਾਥੀ ਸਿੰਘਾਂ ਨੂੰ ਦਿੱਤੇ ਅੰਤਮ ਉਪਦੇਸ਼ ਨੂੰ ਸੁੱਖਾ ਸਿੰਘ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਹੁਕਮ ਹੋਆ ਬਤੀਆਂ ਸੁਨ ਭਾਈ। ਆਗ ਰਖਿਯੋ ਗੰਢ ਮਧ ਪਾਈ।
ਸ੍ਰੀ ਅਸਧੁਜ ਕਾਲ ਰੂਪ ਕਰਾਯੋ। ਅਕਾਲ ਪੁਰਖ ਕੋ ਚਰਨੀ ਲਾਯੋ॥
ਰੂਪ ਰੰਗ ਜਾਕਰ ਨਹੀ ਕੋਈ। ਘਟ ਮੈ ਤੁਮੈ ਲਖਾਯੋ ਸੋਈ।
ਤਾਂਕਹ ਨਿਰਖ ਜਪੋ ਮਨ ਮਾਹੀ। ਅਧਿਕ ਸੂਖ ਹੈ ਤੁਮੈ ਮਹਾਂ ਹੀ॥[34]

ਇਸ ਤਰ੍ਹਾਂ ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਪਰਮ ਸੱਤ ਦੇ ਸੰਕਲਪ ਲਈ ਮੁੱਖ ਰੂਪ ਵਿਚ 'ਅਕਾਲ ਪੁਰਖ' ਸ਼ਬਦ ਦੀ ਵਰਤੋਂ ਕੀਤੀ ਹੈ। ਵਜ਼ੀਰ ਸਿੰਘ ਅਨੁਸਾਰ "ਪਰਮ-ਸੱਤਾ ਦੇ ਨਿਰੋਲ ਨਿਰਗੁਣ ਪੱਖ ਤੋਂ ਲੈ ਕੇ ਪੂਰਨ ਸਰਗੁਣ ਪੱਖ ਤੱਕ ਪੰਜ ਪ੍ਰਮੁੱਖ ਸਰੂਪ ਪ੍ਰਸਤੁਤ ਹੁੰਦੇ ਹਨ। ਇਹ ਪੰਜੇ ਪੱਖ ਇੱਕੋ-ਇੱਕ ਦੈਵੀ ਹਸਤੀ ਦੇ ਰੁਖ ਹਨ, ਨਾ ਕਿ ਪੰਜ ਸੁਤੰਤਰ ਸ਼ਕਤੀਆਂ ਜਾਂ ਹਸਤੀਆਂ ਦੇ, ਇਹ ਪੰਜ ਸਰੂਪ ਹੇਠ-ਲਿਖੇ ਹਨ: (1) ਬ੍ਰਹਮ (2) ਕਰਤਾ (3) ਹੁਕਮੀ (4) ਅੰਤਰਯਾਮੀ (5) ਮਿਹਰਵਾਨ।"[35] ਦੋਹਾਂ ਕਵੀਆਂ ਨੇ ਪਰਮ-ਸੱਤਾ ਦੇ ਜਿਨ੍ਹਾਂ ਸਰੂਪਾਂ ਨੂੰ ਬਿਆਨ ਕੀਤਾ ਹੈ ਉਨ੍ਹਾਂ ਵਿਚ ਅਕਾਲ, ਕਰਤਾ, ਹੁਕਮੀ, ਅੰਤਰਯਾਮੀ ਅਤੇ ਮਿਹਰਵਾਨ ਆਦਿ ਪ੍ਰਮੁੱਖ ਹਨ।

---

[33] ਉਹੀ, ਛੰਦ 207, ਪੰਨਾ 73.
[34] ਉਹੀ, ਛੰਦ 24-25, ਪੰਨਾ 441.
[35] ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪੰਨਾ 2.

## (ii) ਕੁਦਰਤ

'ਗੁਰ ਦਰਸ਼ਨ' ਵਿਚ 'ਸਿੱਖ ਵਿਸ਼ਵ-ਸਿਧਾਂਤ' ਦੀ ਪੇਸ਼ਕਾਰੀ ਲਈ ਕੁਦਰਤ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਕੁਦਰਤ ਅਰਬੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿਚ ਸ਼ਾਮਲ ਹੋਇਆ ਸ਼ਬਦ ਹੈ। ਮਹਾਨ ਕੋਸ਼ ਅਨੁਸਾਰ ਕੁਦਰਤ ਦਾ ਅਰਥ "ਤਾਕਤ, ਸ਼ਕਤੀ, ਮਾਇਆ, ਕਰਤਾਰ ਦੀ ਰਚਨਾਸ਼ਕਤੀ" ਹੈ।[36] ਸੰਸਾਰ ਦੀ ਰਚਨਾ ਕਦੋਂ ਹੋਈ, ਕਿਵੇਂ ਹੋਈ ਅਤੇ ਕਿਸ ਨੇ ਕੀਤੀ ? ਇਹ ਸਵਾਲ ਦਾਰਸ਼ਨਿਕ ਜਗਤ ਵਿਚ ਬਹੁਤ ਮਹੱਤਵਪੂਰਨ ਮੰਨੇ ਗਏ ਹਨ। ਧਰਮ ਸੰਸਾਰ ਅਤੇ ਜੀਵ ਦਾ ਮਨੋਰਥ ਮਿਥਦਾ ਹੈ। ਇਸ ਕਰਕੇ ਸੰਸਾਰ ਬਾਰੇ ਉਪਰੋਕਤ ਸਵਾਲਾਂ ਦਾ ਜਵਾਬ ਦੇਣਾ ਵੀ ਧਰਮ ਦਾ ਫਰਜ ਚਿਤਵਿਆ ਜਾਂਦਾ ਹੈ। ਸੰਸਾਰ ਬਾਰੇ ਵਿਚਾਰਵਾਨਾਂ ਨੇ ਅਨੇਕਾਂ ਕਲਪਨਾ ਉਡਾਰੀਆਂ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਕੱਲੇ ਵੈਦਿਕ ਧਰਮ ਵਿਚ ਹੀ ਸ੍ਰਿਸ਼ਟੀ ਉਤਪਤੀ ਬਾਰੇ ਅਨੇਕਾਂ ਵਿਚਾਰ ਪ੍ਰਾਪਤ ਹੁੰਦੇ ਹਨ। ਦੂਜੇ ਪਾਸੇ ਸਾਮੀ ਧਰਮਾਂ ਨੇ ਵੀ ਸੰਸਾਰ ਦੀ ਰਚਨਾ ਅਤੇ ਰਚਨਾ ਕਾਲ ਬਾਰੇ ਸਿਧਾਂਤ ਪੇਸ਼ ਕੀਤਾ ਹੈ ਜਿਸ ਅਨੁਸਾਰ ਪਰਮਾਤਮਾ ਨੇ ਛੇ ਦਿਨਾਂ ਵਿਚ ਸੰਸਾਰ ਦੀ ਰਚਨਾ ਕੀਤੀ। ਸਤਵੇਂ ਦਿਨ ਰਚਨਾ ਪੂਰੀ ਹੋਣ ਤੇ ਆਰਾਮ ਕੀਤਾ। 'ਗੁਰ ਦਰਸ਼ਨ' ਅਨੁਸਾਰ ਸੰਸਾਰ ਦੀ ਰਚਨਾ ਨਾਲ ਜੁੜੇ ਹੋਏ ਸਵਾਲਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਸਵਾਲ ਹੈ ਸੰਸਾਰ ਦੀ ਰਚਨਾ ਕਿਸ ਨੇ ਕੀਤੀ ? ਇਸ ਸਵਾਲ ਦੇ ਜਵਾਬ ਵਿਚ 'ਗੁਰ ਦਰਸ਼ਨ' 'ਅਕਾਲ ਪੁਰਖ' ਦੇ 'ਕਰਤਾ' ਸਰੂਪ ਨੂੰ ਪੇਸ਼ ਕਰਦਾ ਹੈ। ਭਾਵ ਸੰਸਾਰ ਦੀ ਰਚਨਾ ਅਕਾਲ ਪੁਰਖ ਨੇ ਕੀਤੀ ਹੈ। ਬਾਕੀ ਸਵਾਲਾਂ ਨੂੰ ਗੁਰੂ ਸਾਹਿਬ ਨੇ ਰਚਨਾਕਾਰ ਉੱਪਰ ਹੀ ਛੱਡ ਦਿੱਤਾ ਹੈ ਕਿਉਂਕਿ ਜਿਸ ਨੇ ਰਚਨਾ ਕੀਤੀ ਹੈ ਉਹੀ ਜਾਣਦਾ ਹੈ ਕਿ ਰਚਨਾ ਕਿਵੇਂ ਅਤੇ ਕਦੋਂ ਹੋਈ ਹੈ। 'ਜਪੁ' ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਰਚਨਾ ਦੇ ਸਮੇਂ ਬਾਰੇ ਵੱਖ-ਵੱਖ ਧਰਮਾਂ ਦੇ ਆਗੂਆਂ ਵੱਲੋਂ ਕੀਤੇ ਜਾਂਦੇ ਦਾਵੇ ਨਾਲ ਅਸਹਿਮਤੀ ਜਤਾਉਦਿਆਂ ਆਪਣਾ ਵਿਚਾਰ ਇਸ ਤਰ੍ਹਾਂ ਪੇਸ਼ ਕੀਤਾ ਹੈ :

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥

---

[36] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 339.

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥[37]

ਸੰਸਾਰ ਦੀ ਰਚਨਾ ਕਦੋਂ ਅਤੇ ਕਿਵੇਂ ਹੋਈ, ਇਸ ਸਵਾਲ ਦਾ ਜਵਾਬ ਗੁਰੂ ਸਾਹਿਬ ਨੇ ਪਰਮਾਤਮਾ ਉੱਪਰ ਹੀ ਛੱਡ ਦਿੱਤਾ ਹੈ। ਇਸ ਸਵਾਲ ਦਾ ਜਵਾਬ ਮਨੁੱਖ ਦੀ ਪਹੁੰਚ ਤੋਂ ਪਰੇ ਹੈ। ਇਸ ਲਈ ਉਹ ਸਿਰਫ ਅਨੁਮਾਨ ਹੀ ਲਾ ਸਕਦਾ ਹੈ, ਅਸਲ ਭੇਦ ਤਾਂ ਪਰਮਾਤਮਾ ਹੀ ਜਾਣਦਾ ਹੈ :

ਤੁਮਰਾ ਲਖਾ ਨ ਜਾਇ ਪਸਾਰਾ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥[38]

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ ਕੁਦਰਤ, ਸੰਸਾਰ, ਰਚਨਾ, ਪਸਾਰਾ ਅਤੇ ਸ੍ਰਿਸ਼ਟੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਦੋਹਾਂ ਕਵੀਆਂ ਨੇ ਮੰਗਲਾਚਰਣ ਦੀ ਪਹਿਲੀ ਪੰਕਤੀ ਵਿਚ ਹੀ ਕੁਦਰਤ ਦੇ ਸਿਧਾਂਤ ਬਾਰੇ ਆਪਣਾ ਵਿਚਾਰ ਸਪਸ਼ਟ ਕਰ ਦਿੱਤਾ ਹੈ :

ਬਿਨਵੌ ਆਦਿ ਪੁਰਖੁ ਕਰਤਾਰਾ। ਜਿਨ ਯਹਿ ਕੀਨੋ ਸਕਲ ਪਸਾਰਾ।[39]

ਦੋਵੇਂ ਕਵੀ 'ਕੁਦਰਤ' ਨੂੰ ਆਦਿ ਨਹੀਂ ਮੰਨਦੇ ਸਗੋਂ ਪੈਦਾ ਕੀਤੀ ਹੋਈ ਮੰਨਦੇ ਹਨ। 'ਕੁਦਰਤ' ਨੂੰ ਪੈਦਾ ਕਰਨ ਵਾਲੇ 'ਆਦਿ ਪੁਰਖ' ਨੂੰ ਕਵੀਆਂ ਨੇ ਕਰਤਾਰ ਲਿਖਿਆ ਹੈ। ਕਵੀਆਂ ਨੇ 'ਆਦਿ ਪੁਰਖ' ਸ਼ਬਦ ਪਰਮਾਤਮਾ ਵਾਸਤੇ ਵਰਤੇ ਹਨ। ਦੋਵਾਂ ਕਵੀਆਂ ਨੇ 'ਕੁਦਰਤ' ਦੇ ਰਚਨਾ ਕਾਲ ਬਾਰੇ ਕੋਈ ਵਿਚਾਰ ਪੇਸ਼ ਨਹੀਂ ਕੀਤਾ। ਵਜ਼ੀਰ ਸਿੰਘ ਅਨੁਸਾਰ "ਜਿਥੋਂ ਤਕ ਵਿਸ਼ਵ-ਰਚਨਾ ਦੇ ਹੋਂਦ ਵਿਚ ਆਉਣ ਦੇ ਸਮੇਂ ਦਾ ਪ੍ਰਸ਼ਨ ਹੈ, ਇਸ ਬਾਰੇ ਸਿੱਖ-ਵਿਸ਼ਵਾਸ ਚੁੱਪ-ਹੀ-ਭਲੀ ਦਾ ਹਾਮੀ ਹੈ।"[40] ਇਸ ਕਰਕੇ ਕੁਇਰ ਸਿੰਘ ਅਤੇ ਸੁੱਖਾ ਸਿੰਘ ਵੱਲੋਂ ਪੇਸ਼ ਕੀਤਾ ਪਰਮਾਤਮਾ ਅਤੇ ਕੁਦਰਤ ਦਾ ਆਪਸੀ ਸੰਬੰਧ 'ਗੁਰ ਦਰਸ਼ਨ' ਦੇ ਅਨੁਕੂਲ ਹੈ। ਭਾਰਤੀ ਛੇ ਸ਼ਾਸਤਰਾਂ ਵਿਚੋਂ 'ਸਾਂਖ ਸ਼ਾਸਤਰ' ਪੁਰਖ ਅਤੇ ਪ੍ਰਕਿਰਤੀ ਦੋਹਾਂ ਨੂੰ ਆਦਿ-ਅਨਾਦਿ ਮੰਨਦਾ ਹੈ ਪਰ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਸਾਂਖ ਦੇ ਵਿਚਾਰ ਤੋਂ ਆਪਣਾ ਸਪਸ਼ਟ ਨਖੇੜਾ ਕਰ ਲਿਆ ਹੈ। ਹਰਪਾਲ ਸਿੰਘ ਪੰਨੂ ਅਨੁਸਾਰ "ਭਾਰਤੀ ਚਿੰਤਨ ਦੀ 'ਪ੍ਰਕਿਰਤੀ', ਵਿਸ਼ੇਸ਼ ਕਰਕੇ ਸਾਂਖ ਦਰਸ਼ਨ ਦੇ ਸੰਦਰਭ ਵਿਚ, ਨਾਨਕ-ਬਾਣੀ ਵਿਚਲੇ ਕੁਦਰਤ ਦੇ ਸੰਕਲਪ ਨਾਲੋਂ ਵੱਖਰੇ ਅਰਥਾਂ ਦੀ ਧਾਰਨੀ ਹੈ। ਸਾਂਖ ਵਿਚ 'ਪੁਰਸ਼' ਅਤੇ 'ਪ੍ਰਕਿਰਤੀ' ਦੋਵੇਂ ਅੰਤਿਮ ਸੱਤਾ ਹਨ। ਪੁਰਸ਼ ਨਿਰੋਲ ਚੇਤਨਾ ਹੈ, ਪ੍ਰਕਿਰਤੀ ਅਚੇਤ ਦ੍ਰਵ ਹੈ। ਦੋਵੇਂ ਸੁਤੰਤਰ ਹੋਂਦਾਂ ਹਨ, ਜਿਨ੍ਹਾਂ ਦੀ ਪਰਸਪਰ ਕ੍ਰਿਆ ਪਦਾਰਥਕ ਜਗਤ ਦੀ ਰਚਨਾ ਕਰਦੀ ਹੈ। ਪੁਰੁਸ਼ 'ਕਰਤਾ' ਨਹੀਂ, ਨਾ ਹੀ ਉਹ ਜਗਤ ਦਾ ਰਚਣਹਾਰ, ਪ੍ਰਭੂ ਜਾਂ ਸੁਆਮੀ ਹੈ।

---

[37] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਜਪੁ*, ਪੰਨਾ 4.
[38] ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਤੀਜੀ, *ਚੌਪਈ (ਚਰਿਤ੍ਰ 404)*, ਪੰਨਾ
[39] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 1, ਪੰਨਾ 1.
[40] ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪੰਨਾ 6.

ਕੇਵਲ ਉਸ ਦੀ ਨੇੜਤਾ ਤੇ ਦ੍ਰਿਸ਼ਟਤਾ ਮੂਲ-ਪ੍ਰਕ੍ਰਿਤੀ ਨੂੰ ਆਪਣੇ ਤ੍ਰੈਗੁਣੀ ਸੁਭਾ ਦੇ ਅਨੁਕੂਲ ਰਚਨਾਤਮਕ ਕ੍ਰਿਆ ਲਈ ਪ੍ਰੇਰਦੀ ਹੈ ਅਤੇ ਵਿਕਾਸ ਦਾ ਅਮਲ ਜਾਰੀ ਹੋ ਜਾਂਦਾ ਹੈ।"[41]

ਗੁਰਬਿਲਾਸ ਪਾਤਸ਼ਾਹੀ ੧੦ ਦੇ ਮੰਗਲਾਚਰਣ ਦੇ ਤੀਜੇ ਬੰਦ ਵਿਚ ਕਵੀ ਨੇ ਅਕਾਲ ਪੁਰਖ ਵੱਲੋਂ ਰਾਖਸ਼, ਦੇਵਤਾ, ਨਾਗ, ਕਿੰਨਰ, ਯਕਸ਼ ਆਦਿ ਦੀ ਰਚਨਾ ਬਾਰੇ ਲਿਖਿਆ ਹੈ।[42] ਵੈਦਿਕ ਪਰੰਪਰਾ ਵਿਚ ਸ੍ਰਿਸ਼ਟੀ ਰਚਨਾ ਦੇ ਪ੍ਰਸੰਗ ਵਿਚ ਦੇਵਤਾ ਅਤੇ ਰਾਖਸ਼ਾਂ ਆਦਿ ਦੀ ਰਚਨਾ ਬਾਰੇ ਅਨੇਕਾਂ ਮਿਥਾਂ ਪ੍ਰਚਲਿਤ ਹਨ ਪਰ ਦੋਹਾਂ ਕਵੀਆਂ ਨੇ ਉਪਰੋਕਤ ਵਿਚਾਰ ਨਾਲ ਇੱਕ ਅਕਾਲ ਪੁਰਖ ਵੱਲੋਂ ਕੁਦਰਤ ਦੇ ਵੱਖ-ਵੱਖ ਜੀਅ ਪੈਦਾ ਕਰਨ ਦੀ ਗੱਲ ਕੀਤੀ ਹੈ। 'ਗੁਰ ਦਰਸ਼ਨ' ਅਨੁਸਾਰ 'ਕੁਦਰਤ' ਵਿਚਲੀ ਜੋਤਿ ਅਕਾਲ ਪੁਰਖ ਦੀ ਜੋਤ ਦਾ ਹੀ ਪਰਗਟਾਵਾ ਹੈ :

ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥[43]

ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ ਗੁਰਬਾਣੀ ਦੇ ਇਸ ਜੋਤਿ ਸਿਧਾਂਤ ਨੂੰ ਪੇਸ਼ ਕੀਤਾ ਹੈ। ਕਵੀ ਆਕਾਸ਼, ਧਰਤੀ ਅਤੇ ਪਾਣੀ ਵਿਚ ਅਕਾਲ ਪੁਰਖ ਦਾ ਹੀ ਪ੍ਰਕਾਸ਼ ਦੇਖਦੇ ਹਨ :

ਗਗਨ ਭੂਮਿ ਜਲ ਤੱਤ ਪ੍ਰਕਾਸੈ। ਸਗਲ ਸ੍ਰਿਸਿਟ ਮਹਿ ਕੀਨ ਨਿਵਾਸੈ।[44] ਅਤੇ

ਭੂਮ ਗਗਨ ਜਲ ਤਤ ਪ੍ਰਕਾਸੈ। ਸਗਲ ਸ੍ਰਿਸਟ ਮਹਿ ਕੀਨ ਨਿਵਾਸੈ।[45]

ਕਵੀ ਨੇ ਜਗਤ ਦੇ ਝੂਠ ਅਤੇ ਸੱਚ ਦੋਹਾਂ ਰੂਪਾਂ ਦਾ ਬਹੁਤ ਸੋਹਣੇ ਢੰਗ ਨਾਲ ਨਖੇੜਾ ਕੀਤਾ ਹੈ। ਕਵੀ ਅਨੁਸਾਰ ਜੇਕਰ ਜਗਤ ਦੇ ਪਦਾਰਥਾਂ ਪਿੱਛੇ ਲਗ ਕੇ ਮਨੁੱਖ ਜੀਵਨ ਦੇ ਅਸਲ ਮਨੋਰਥ ਨੂੰ ਭੁੱਲ ਜਾਵੇ ਤਾਂ ਜਗਤ ਤੇ ਜਗਤ ਦੇ ਪਦਾਰਥ ਮਿਥਿਆ ਅਤੇ ਕੂੜ ਹਨ। ਦੂਜੇ ਪਾਸੇ ਜੇਕਰ ਮਨੁੱਖ ਗਿਆਨਵਾਨ ਹੋ ਕੇ ਜਗਤ ਵਿਚ ਵਸਦੇ ਪਰਮਾਤਮਾ ਨੂੰ ਪਛਾਣ ਲਵੇ ਤਾਂ ਜਗਤ ਸੱਤ ਅਤੇ ਪਵਿੱਤਰ ਹੋ ਜਾਂਦਾ ਹੈ। ਕਵੀ ਕੁਇਰ ਸਿੰਘ ਅਨੁਸਾਰ ਝੂਠ ਕੁੱਝ ਵੀ ਨਹੀਂ ਕਿਉਂਕਿ ਸਭ ਕੁੱਝ ਪੂਰਨ ਸਤ ਪਰਮਾਤਮਾ ਦਾ ਹੀ ਪੈਦਾ ਕੀਤਾ ਹੋਇਆ ਹੈ :

ਤਬ ਦੋਨੋ ਮੈ ਭਯੋ ਪ੍ਰਸੰਨਾ। ਆਸਤਿ ਨਾਸਤਿ ਦੋਨੋ ਧਰਮਾ॥
ਨਾਸਤਿ ਏਕ ਨਹੀ ਜਗ ਕੋਈ। ਭਯੋ ਏਕ ਅਦੁਤੀ ਸੋ ਸੋਈ।[46]

---

[41] ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ ਸਿਧਾਂਤ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987, ਪੰਨਾ V.
[42] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 3, ਪੰਨਾ 1.
[43] ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਗ ਧਨਾਸਰੀ ਮਹਲਾ ੧*, ਪੰਨਾ 13.
[44] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 2, ਪੰਨਾ 1.
[45] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 3, ਪੰਨਾ 1.
[46] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 179-80, ਪੰਨਾ 273.

'ਗੁਰ ਦਰਸ਼ਨ' 'ਕੁਦਰਤ' ਦੇ ਸੱਚ ਹੋਣ ਦੇ ਵਿਚਾਰ ਤੇ ਭਾਰਤੀ ਦਰਸ਼ਨਾਂ ਨਾਲੋਂ ਆਪਣੀ ਵਿਸ਼ੇਸ਼ਤਾ ਰੱਖਦਾ ਹੈ। ਸਾਂਖ ਸ਼ਾਸਤਰ ਅਨੁਸਾਰ ਪ੍ਰਕਿਰਤੀ ਆਦਿ ਅਤੇ ਅਨਾਦਿ ਹੈ ਦੂਜੇ ਪਾਸੇ ਵੇਦਾਂਤ ਅਨੁਸਾਰ ਸੰਸਾਰ ਧੂੰਏ ਦੇ ਬਦਲ ਵਾਂਗ ਨਿਰਾ ਇੱਕ ਭੁਲੇਖਾ ਹੈ। ਗੁਰੂ ਨਾਨਕ ਦੇਵ ਜੀ ਕੁਦਰਤ ਨੂੰ ਆਦਿ-ਅਨਾਦਿ ਨਹੀਂ ਸਗੋਂ ਪਰਮਾਤਮਾ ਦੀ ਰਚਨਾ ਮੰਨਦੇ ਹਨ। ਕਿਉਂਕਿ ਰਚਨਾਕਾਰ ਸੱਚਾ ਹੈ ਇਸ ਲਈ ਉਸ ਦੀ ਰਚਨਾ ਭਾਵ ਕੁਦਰਤ ਕੋਈ ਛਲਾਵਾ ਨਹੀਂ ਸਗੋਂ ਸੱਚੀ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥[47]

ਗੁਰੂ ਨਾਨਕ ਦੇਵ ਜੀ ਨੇ ਨਾ ਸਿਰਫ ਕੁਦਰਤ ਨੂੰ ਸੱਚਾ ਹੀ ਮੰਨਿਆ ਹੈ ਸਗੋਂ ਅਸਚਰਜ ਵੀ ਮੰਨਿਆ ਹੈ। ਆਪ 'ਜਪੁ' ਬਾਣੀ ਵਿਚ ਕੁਦਰਤ ਦੇ ਅਸੰਖ ਰੂਪਾਂ, ਵਰਤਾਰਿਆਂ ਨੂੰ ਬਿਆਨ ਕਰਦਿਆਂ ਆਖਦੇ ਹਨ :

ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥[48]

ਕੁਇਰ ਸਿੰਘ ਆਪਣੀ ਰਚਨਾ ਵਿਚ ਔਰੰਗਜ਼ੇਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦਾ ਸੰਵਾਦ ਪੇਸ਼ ਕਰਦਾ ਹੈ। ਔਰੰਗਜ਼ੇਬ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਰਾਮਾਤ ਵਖਾਉਣ ਲਈ ਕਹਿਣ ਤੇ ਗੁਰੂ ਜੀ ਨੇ ਫੁਰਮਾਇਆ ਕਿ ਕਰਾਮਾਤ ਦਾ ਮਾਲਕ ਤਾਂ ਪਰਮਾਤਮਾ ਹੈ ਜਿਸ ਨੇ ਕੁਦਰਤ ਸਾਜੀ ਹੈ। ਇਸ ਕਰਕੇ ਕਵੀ ਅਨੁਸਾਰ 'ਕੁਦਰਤ' ਪਰਮਾਤਮਾ ਦੀ ਕਰਾਮਾਤ ਹੈ ਅਤੇ ਜੋ ਜੀਵ ਕੁਦਰਤ ਨੂੰ ਕਾਦਰ ਭਾਵ ਪਰਮਾਤਮਾ ਤੋਂ ਵੱਖ ਮੰਨਦੇ ਹਨ ਉਹ ਅਗਿਆਨ ਵਿਚ ਫਸੇ ਹੋਏ ਹਨ :

ਕਰਾਮਾਤ ਸਹੀ ਪ੍ਰਭ ਕੇ ਢਿਗ ਹੈ, ਹਮ ਤੋ ਇਨ ਦਾਸਨ ਦਾਸ ਪ੍ਰਕਾਰੀ।
ਕੁਦਰਤ ਜਾਹਰ ਹੈ ਤਿਨ ਕੀ, ਨਹਿ ਜਾਨਤ ਜੇ ਸੋਈ ਮੰਦ ਲਿਖਾਰੀ॥[49]

ਕਵੀ ਕੁਇਰ ਸਿੰਘ ਕੁਦਰਤ ਦੇ ਤੱਤਾਂ ਵਿਚ ਲੁਕੇ ਹੋਏ ਰਹੱਸ ਦਾ ਹਵਾਲਾ ਦੇ ਕੇ ਕੁਦਰਤ ਪਿੱਛੇ ਕਾਰਜਸ਼ੀਲ ਕਰਤੇ ਨੂੰ ਪਰਗਟ ਕਰਦਿਆਂ ਲਿਖਦਾ ਹੈ ਕਿ ਬਿਨਾਂ ਥੰਮ ਤੋਂ ਆਕਾਸ਼ ਥਿਰ ਹੈ, ਚੰਦ ਅਤੇ ਸੂਰਜ ਲਗਾਤਾਰ ਘੁੰਮ ਰਹੇ ਹਨ। ਕਵੀ ਅਨੁਸਾਰ ਇਹ ਪਦਾਰਥਕ ਸਤਾ ਨਹੀਂ ਹੈ। ਆਕਾਸ਼, ਸੂਰਜ ਅਤੇ ਚੰਦ ਨੂੰ ਉਨ੍ਹਾਂ ਦੇ ਕਾਰਜ ਲਈ ਥਿਰ ਕਰਨਾ 'ਅਕਾਲ ਪੁਰਖ' ਦੀ ਸੱਤਾ ਦਾ ਪਰਗਟਾਵਾ ਹੈ। ਹਵਾ, ਅਗਨ ਅਤੇ ਧਰਤੀ ਆਦਿ ਤੱਤ ਪਰਮਾਤਮਾ ਨੇ ਹੀ ਥਾਪੇ ਹਨ ਜਿਨ੍ਹਾਂ ਸਦਕਾ ਕੁਦਰਤ ਦੀ ਸਿਰਜਣਾ ਹੋਈ ਹੈ :

---

47 ਸ੍ਰੀ ਗੁਰੂ ਗ੍ਰੰਥ ਸਾਹਿਬ, *ਸਲੋਕ ਮ : ੧, ਪੰਨਾ 463.*
48 ਉਹੀ, *ਜਪੁ*, ਪੰਨਾ 4.
49 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 46, ਪੰਨਾ 35.

ਬਿਨ ਯੂਪ ਅਕਾਸ ਬਿਰਾਜਤ ਹੇ ਸਸਿ ਸੂਰ ਫਿਰੈ ਨਿਧ ਨਾਹਿ ਕਿਨਾਰੀ।

ਵਾਤ ਰੁ ਅਗਨਿ ਰੁ ਭੂਮ ਬਿਰਾਜਤ ਅਰੁ ਤਾ ਕਰ ਸ੍ਰਿਸਟਿ ਰਚੀ ਸਭ ਸਾਰੀ।[50]

ਕਵੀ ਨੇ ਉਪਰੋਕਤ ਬੰਦ ਰਾਹੀਂ 'ਕੁਦਰਤ' ਦੇ ਇੱਕ ਹੋਰ ਵਿਸ਼ੇਸ਼ ਪੱਖ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਦਰਤ ਦਾ ਇਹ ਪੱਖ ਉਸ ਦਾ ਦੋਸ਼-ਰਹਿਤ, ਕਮਾਲ ਅਤੇ ਪੂਰਨ ਹੋਣਾ ਹੈ। ਗੁਰਬਾਣੀ ਅਨੁਸਾਰ ਕੁਦਰਤ ਨੂੰ ਪੂਰਾ ਮੰਨਿਆ ਗਿਆ ਹੈ ਕਿਉਂਕਿ ਕੁਦਰਤ ਦਾ ਕਰਤਾ 'ਅਕਾਲ ਪੁਰਖ' ਪੂਰਾ ਹੈ। ਇਸ ਕਰਕੇ ਪੂਰੇ ਦੀ ਰਚਨਾ ਅਧੂਰੀ ਕਿਵੇਂ ਹੋ ਸਕਦੀ ਹੈ ? ਰਚਨਾ ਵੀ ਪੂਰੀ ਹੈ :

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹਿ॥

ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥[51]

ਕਵੀ ਸੁੱਖਾ ਸਿੰਘ ਨੇ ਕੁਦਰਤ ਨੂੰ ਇੱਕ ਹੋਰ ਰੂਪ ਵਿਚ ਪੇਸ਼ ਕੀਤਾ ਹੈ। ਕੁਦਰਤ ਦਾ ਇਹ ਰੂਪ ਖੇਡ ਹੈ ਜਿਸ ਨੂੰ ਖੇਡਣ ਵਾਲਾ 'ਅਕਾਲ ਪੁਰਖ' ਹੈ। ਉਹੀ ਕੁਦਰਤ ਦੇ ਵਿਚ ਵਿਚਰ ਕੇ ਖੇਡਦਾ ਹੈ। ਕਿਉਂਕਿ 'ਗੁਰੂ' ਅਤੇ 'ਅਕਾਲ ਪੁਰਖ' ਅਭੇਦ ਹਨ ਇਸ ਲਈ ਗੁਰੂ ਇਸ ਖੇਡ ਦਾ ਨਿਗਰਾਨ ਹੈ ਜੋ ਆਪਣੇ ਸੇਵਕ ਨੂੰ ਸੱਚ ਦੇ ਮਾਰਗ ਤੇ ਤੋਰਦਾ ਹੈ ਅਤੇ ਦੋਖੀਆਂ ਨੂੰ ਝੂਠ ਦੇ ਰਾਹ ਤੇ ਤੋਰ ਕੇ ਤਬਾਹ ਕਰ ਦਿੰਦਾ ਹੈ :

ਗੁਰੂ ਅਲੇਖ ਪਾਕ ਹੈ ਜਾਮਾ। ਆਪੇ ਖੇਲਤ ਮਧਿ ਤਮਾਮਾ।

ਸੇਵਕ ਕੌ ਸਾਚਾ ਕਰ ਤਾਰੈ। ਦੋਖੀ ਕਉ ਕਰ ਝੂਠ ਸੰਘਾਰੇ॥[52]

ਦੂਜੇ ਪਾਸੇ ਇਹ ਕੁਦਰਤ ਨਿਰੀ ਖੇਡ ਨਹੀਂ ਹੈ ਸਗੋਂ ਜੀਵ ਵਾਸਤੇ ਇੱਕ ਪਰੀਖਿਆ ਹੈ। ਜੋ ਜੀਵ ਪਦਾਰਥ ਦੇ ਲੋਭ ਵਿਚ ਫਸ ਜਾਂਦੇ ਹਨ ਉਨ੍ਹਾਂ ਲਈ ਇਹ ਸੰਸਾਰ ਇੱਕ ਨਾ ਤਰੇ ਜਾ ਸਕਣ ਵਾਲੇ ਅਥਾਹ ਸਮੁੰਦਰ ਵਾਂਗ ਹੈ। ਜੀਵ ਇਸ ਸਮੁੰਦਰ ਵਿਚ ਫਸ ਕੇ ਚੁਰਾਸੀ ਲੱਖ ਜੂਨਾਂ ਦੇ ਆਵਾਗਵਣ ਵਿਚ ਗੋਤੇ ਖਾਂਦੇ ਰਹਿੰਦੇ ਹਨ। ਇਸ ਚੁਰਾਸੀ ਦੇ ਚੱਕਰ ਤੋਂ ਸਿਰਫ ਗੁਰੂ ਹੀ ਬਚਾ ਸਕਦਾ ਹੈ। ਹਰਪਾਲ ਸਿੰਘ ਪੰਨੂ ਕੁਦਰਤ ਅਤੇ ਮਾਇਆ ਦੇ ਸੰਬੰਧ ਬਾਰੇ ਲਿਖਦੇ ਹਨ "ਕੁਦਰਤ ਅਤੇ ਮਾਇਆ ਦੋਵੇਂ ਰੱਬ ਦੀਆਂ ਸ਼ਕਤੀਆਂ ਹਨ। ਕੁਦਰਤ ਦੀ ਪਛਾਣ ਕਰਦਿਆਂ ਮਾਇਆ ਪਰਦਾ ਤਾਣ ਕੇ ਵਿਘਨਕਾਰੀ ਬਣ ਜਾਂਦੀ ਹੈ। ਦਿੱਸਦਾ ਜਗਤ ਜੇ ਵਿਕਾਰ ਪੈਦਾ ਨਹੀਂ ਕਰਦਾ ਤਾਂ ਇਹ 'ਕੁਦਰਤ' ਹੈ, ਪਰ ਜੇ ਪੰਜ ਚੋਰ ਆਪਣਾ ਕਾਰਜ ਕਰੀ ਤੁਰੇ ਜਾਂਦੇ ਹਨ ਤਾਂ ਫਿਰ ਇਹ 'ਮਾਇਆ' ਹੈ।"[53] ਸੁੱਖਾ ਸਿੰਘ ਨੇ ਕੁਦਰਤ ਨੂੰ ਦੁੱਖ ਅਤੇ ਭੈ ਦਾ ਘਰ ਵੀ ਦੱਸਿਆ ਹੈ,

---

[50] ਉਹੀ, ਛੰਦ 46-47, ਪੰਨਾ 35.

[51] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਸਲੋਕ ਵਾਰਾਂ ਤੇ ਵਧੀਕ (ਮ: ੧)*, ਪੰਨਾ 1412.

[52] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 83, ਪੰਨਾ 341.

[53] ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ ਸਿਧਾਂਤ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987, ਪੰਨਾ 16.

ਜੋ ਨਾ ਸਮਝੀ ਜਾ ਸਕਣ ਵਾਲੀ ਮਾਇਆ ਹੈ। ਗੁਰੂ ਦੇ ਮਿਲਾਪ ਸਦਕਾ ਇਸ ਮਾਇਆ ਨੂੰ ਸਮਝ ਕੇ, ਇਹ ਸਾਗਰ ਤਰਨਾ ਸੌਖਾ ਹੋ ਜਾਂਦਾ ਹੈ :

ਯਾ ਭਵ ਸਾਗਰ ਬੂਡਤ ਤੇ ਗੁਰ ਨਾਮ ਦਯੋ ਸਤਿ ਪਾਰ ਸੁ ਕੀਨੇ।[54]

ਕੁਇਰ ਸਿੰਘ ਜੀਵ ਦੀ ਸੰਸਾਰਕ ਪਛਾਣ ਅਤੇ ਰੂਪ ਨੂੰ ਮਾਰੂਥਲ ਵਿਚ ਪਾਣੀ ਵਾਂਗ ਭੁਲੇਖਾ ਮਾਤਰ ਮੰਨਦਾ ਹੈ। ਜੇਕਰ ਮਨੁੱਖ ਆਪਣੇ ਪੰਜ-ਭੂਤਕ ਸਰੀਰ ਨੂੰ ਸੱਚ ਅਤੇ ਸਥਾਈ ਮੰਨ ਲਵੇ ਤਾਂ ਇਹ ਸੰਸਾਰ ਅਣਗਿਣਤ ਦੁਖਾਂ ਦਾ ਕਾਰਨ ਬਣ ਜਾਂਦਾ ਹੈ। ਨਦੀ ਵਿਚ ਵਹਿੰਦੀ ਹੋਈ ਲੱਕੜ ਜਾਂ ਕਿਸ਼ਤੀ ਨਾਲ ਜਿਸ ਤਰ੍ਹਾਂ ਨਦੀ ਕੰਢੇ ਬਣੀ ਘਾਹ ਦੀ ਛੱਪਰੀ ਦਾ ਕੋਈ ਸਾਥ ਨਹੀਂ ਬਣਦਾ ਇਸੇ ਤਰ੍ਹਾਂ ਹੀ ਜੀਵ ਅਤੇ ਸੰਸਾਰਕ ਪਦਾਰਥਾਂ ਦਾ ਸਾਥ ਸਥਾਈ ਨਹੀਂ ਹੈ :

ਨਾਮ ਰੂਪ ਸਭ ਝੂਠ ਸੰਜੋਗਾ। ਮ੍ਰੀਚ ਮਾਹਿ ਜਜੋਂ ਨੀਰ ਪ੍ਰਯੋਗਾ।
ਸੱਤ ਬੁੱਧਿ ਜੇ ਨਿਰਯਾ ਧਾਰੇ। ਪਾਵੈ ਦੂਖ ਘਨੇ ਜਿਮ ਬਾਰੇ॥
ਨਦੀ ਪ੍ਰਵਾਹ ਕਾਠ ਬਹ ਜੈਸੇ। ਘਾਸ ਤ੍ਰਿਨਾਤ੍ਰ ਮੇਲ ਨਾ ਤੈਸੇ।
ਨਦੀ ਕੰਠ ਤਰ ਸਿਕਤਾ ਧਾਮਾ। ਨੌਕਾ ਜਨ ਸੋ ਜਿਨ ਹਿਤ ਠਾਨਾ॥[55]

ਕੁਇਰ ਸਿੰਘ ਨੇ ਕੁਦਰਤ ਦੇ ਮਾਇਕ ਅਤੇ ਅਸਥਾਈ ਸਰੂਪ ਦੇ ਨਾਲ-ਨਾਲ ਇਸ ਦਾ ਸੱਤ ਅਤੇ ਸਥਾਈ ਸਰੂਪ ਵੀ ਬਿਆਨ ਕੀਤਾ ਹੈ। ਕੁਇਰ ਸਿੰਘ ਸੰਸਾਰ ਨੂੰ ਝੂਠ ਨਹੀਂ ਮੰਨਦਾ ਸਗੋਂ ਉਸ ਅਨੁਸਾਰ ਤਾਂ ਪੂਰੀ ਕੁਦਰਤ ਪਰਮਾਤਮਾ ਦਾ ਹੀ ਰੂਪ ਅਤੇ ਅੰਸ ਹੈ:

ਬਹੁਰ ਮਸਨਵੀ ਮੈ ਇਮ ਕਹਾ। ਸਰਬ ਘਟਾ ਮੈ ਸਾਹਿਬ ਅਹਾ।
ਚੀਟੀ ਆਦਿ ਬਿਰੰਚਿ ਤੇ ਜਾਨੋ। ਸਬ ਮੈ ਖਾਲਕ ਪੂਰ ਸਮਾਨੋ॥[56]

## (iii) ਜੀਵਾਤਮਾ

'ਅਕਾਲ ਪੁਰਖ' ਅਤੇ 'ਕੁਦਰਤ' ਤੋਂ ਬਾਅਦ 'ਗੁਰ ਦਰਸ਼ਨ' ਅੰਦਰ ਤੀਜਾ ਸਿਧਾਂਤ 'ਜੀਵਾਤਮਾ' ਸਾਹਮਣੇ ਆਉਂਦਾ ਹੈ। ਕਿਸੇ ਵਿਸ਼ੇਸ਼ ਦਰਸ਼ਨ ਵਿਚਲਾ 'ਜੀਵਾਤਮਾ' ਦਾ ਸਿਧਾਂਤ ਉਸ ਦੇ ਪਰਮਸੱਤਾ ਅਤੇ ਕੁਦਰਤ ਦੇ ਸਿਧਾਂਤ ਨੂੰ ਜੋੜਨ ਦਾ ਕੰਮ ਕਰਦਾ ਹੈ। ਪਰਮਸੱਤਾ ਵੱਲੋਂ ਸਾਜੀ ਗਈ ਕੁਦਰਤ ਦੇ ਮਹੱਤਵ ਨੂੰ ਸਹੀ ਅਰਥ ਵਿਚ ਜਾਣਨ ਲਈ ਜੀਵਾਤਮਾ ਦੀ ਹੋਂਦ, ਹਸਤੀ, ਕਾਰਜ ਖੇਤਰ ਅਤੇ ਉਦੇਸ਼ ਨੂੰ ਸਮਝਣਾ ਲਾਜ਼ਮੀ ਹੈ। ਮਹਾਨ ਕੋਸ਼ ਅਨੁਸਾਰ ਜੀਵਾਤਮਾ "ਦੇਹ ਨੂੰ ਚੇਤਨਸੱਤਾ ਦੇਣ ਵਾਲਾ ਆਤਮਾ, ਰੂਹ,

---

[54] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 209, ਪੰਨਾ 46.
[55] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 179-180, ਪੰਨਾ 187-88.
[56] ਉਹੀ, ਛੰਦ 166, ਪੰਨਾ 246.

ਪ੍ਰਤਜਗਾਤਮਾ" ਹੈ।[57] ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ "ਜੀਵਾਤਮਾ ਤੋਂ ਭਾਵ ਹੈ ਸਰੀਰ ਵਿਚ ਸਥਿਤ ਆਤਮਾ (ਚੈਤਨਯ ਸਰੂਪ)। ਜੀਵ ਪਰਮਾਤਮਾ ਦਾ ਅੰਸ਼ ਹੈ ਅਤੇ ਚੈਤਨਯ ਸਰੂਪ ਹੈ। ਜੜ੍ਹ ਦੇਹ ਤੋਂ ਭਿੰਨ ਹੈ ਅਤੇ ਅਜੜ੍ਹ ਹੈ।"[58] ਉਪਰੋਕਤ ਹਵਾਲੇ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੀਵਾਤਮਾ ਉਹ ਤੱਤ ਹੈ ਜਿਸ ਦਾ ਕੁਦਰਤ ਦੇ ਪੰਜ ਭੌਤਿਕ ਤੱਤਾਂ ਨਾਲ ਮੇਲ ਹੋਣ ਤੇ ਮਨੁੱਖ, ਪਸ਼ੂ, ਪੰਛੀ ਆਦਿ ਜੀਵਨ ਸ਼ੁਰੂ ਹੁੰਦਾ ਹੈ। ਇਹ ਜੀਵਾਤਮਾ ਭੌਤਿਕ, ਸਥੂਲ ਜਾਂ ਜੜ੍ਹ ਨਹੀਂ ਹੈ ਸਗੋਂ ਚੇਤਨ ਹੈ। ਬ੍ਰਹਮੰਡ ਵਿਚਲਾ ਜੀਵਨ ਆਤਮਾ ਅਤੇ ਭੌਤਕ ਤੱਤਾਂ ਦੇ ਮੇਲ ਸਦਕਾ ਹੈ। ਇਸ ਤਰ੍ਹਾਂ 'ਜੀਵਆਤਮਾ' ਭੌਤਿਕ ਸਰੀਰ ਵਿਚ ਕਾਰਜਸ਼ੀਲ ਹੁੰਦਿਆਂ ਹੋਇਆਂ 'ਅਕਾਲ ਪੁਰਖ' ਦੀ ਅੰਸ ਹੈ। ਗੁਰੂ ਅਮਰ ਦਾਸ ਜੀ 'ਆਨੰਦ' ਬਾਣੀ ਵਿਚ ਦੱਸਦੇ ਹਨ ਕਿ ਜੀਵਨ ਦਾ ਆਧਾਰ ਅਕਾਲ ਪੁਰਖ ਵਲੋਂ ਸਰੀਰ ਵਿਚ ਰੱਖੀ ਆਤਮ-ਜੋਤ ਹੈ :

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ॥[59]

ਗੁਰਬਿਲਾਸ ਪਾਤਸ਼ਾਹੀ ੧੦ ਵਿਚ ਪੇਸ਼ ਕੀਤੇ ਗਏ ਮੁਕਤੀ ਦੇ ਸੰਕਲਪ ਨੂੰ ਜਾਣਨ ਲਈ ਪਹਿਲਾਂ ਇਹ ਜਾਣਨ ਦੀ ਲੋੜ ਹੈ ਕਿ ਕਵੀ 'ਜੀਵ' ਦੀ ਹੋਂਦ ਅਤੇ ਹਸਤੀ ਬਾਰੇ ਕੀ ਦ੍ਰਿਸ਼ਟੀਕੋਣ ਰੱਖਦੇ ਹਨ। ਕੁਇਰ ਸਿੰਘ ਜੀਵ ਨੂੰ ਅਕਾਲ ਪੁਰਖ ਵਿਚੋਂ ਹੀ ਪੈਦਾ ਹੋਇਆ ਮੰਨਦਾ ਹੈ। ਉਸ ਅਨੁਸਾਰ ਅਕਾਲ ਅਤੇ ਜੀਵ ਦਾ ਸੰਬੰਧ ਉਹੀ ਹੈ ਜਿਹੜਾ ਪਾਣੀ ਅਤੇ ਬੁਲਬੁਲੇ ਦਾ ਹੈ :

ਨੀਰ ਬੁਦਾਬੁਦਾ ਏਕੈ ਮਾਨੋ। ਤਾ ਕੋ ਭੇਦ ਸੁ ਵਾਚ ਪਛਾਨੋ।
ਤਜੋਂ ਈਸਰ ਮੈ ਕਲਪਿਤ ਜੀਵਾ। ਸ੍ਰਿਜ ਪਾਲਨ ਸੰਘਾਰਨ ਥੀਵਾ॥[60]

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚੋਂ ਕੁਇਰ ਸਿੰਘ ਦੇ ਵਿਚਾਰ ਦੀ ਪ੍ਰੋੜਤਾ ਪ੍ਰਾਪਤ ਹੁੰਦੀ ਹੈ :

ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈ
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ।
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ

---

57 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 527.
58 ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਦੂਜਾ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2002, ਪੰਨਾ 33.
59 ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਮਕਲੀ ਮਹਲਾ ੩ ਅਨੰਦੁ*, ਪੰਨਾ 921.
60 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 113, ਪੰਨਾ 266.

ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ॥

ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ

ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ॥ [61]

ਕਵੀ ਜੀਵ ਦੇ ਜੀਵਨ ਚੱਕਰ ਵਿਚ ਪੈਣ ਦੀ ਪਹਿਲੀ ਕੜੀ ਨੂੰ ਭਾਲਣ ਦੀ ਕੋਸ਼ਿਸ਼ ਨਹੀਂ ਕਰਦਾ ਸਗੋਂ ਸਿਧਾ ਜੀਵ ਦੇ ਚੁਰਾਸੀ ਲੱਖ ਜੂਨਾਂ ਵਿਚ ਫਸਣ ਦੀ ਹੀ ਗੱਲ ਕਰਦਾ ਹੈ। ਗੁਰਮਤਿ ਅਨੁਸਾਰ ਸੰਸਾਰ ਅਤੇ ਪਹਿਲੇ ਜੀਵ ਦਾ ਜਨਮ ਕਿਉਂ ਹੋਇਆ? ਇਸ ਸਵਾਲ ਦਾ ਜਵਾਬ ਅਕਾਲ ਪੁਰਖ ਦਾ ਹੁਕਮ ਹੀ ਮੰਨਿਆ ਗਿਆ ਹੈ। ਇਹ ਹੁਕਮ ਕੀ ਹੈ ਇਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਪਰ ਹੁਕਮ ਬੇਅੰਤ ਹੈ ਅਤੇ ਸਾਰਾ ਆਕਾਰ-ਪਸਾਰਾ ਹੁਕਮ ਦੇ ਹੀ ਅਧੀਨ ਹੈ :

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ [62]

ਕੁਇਰ ਸਿੰਘ ਅਨੁਸਾਰ ਮਨੁੱਖਾ ਜਨਮ ਉਚੀ ਪਦਵੀ ਅਤੇ ਸ਼ਿਰੋਮਣੀ ਮੌਕਾ ਹੈ ਜੋ ਚੁਰਾਸੀ ਲੱਖ ਜੂਨਾਂ ਵਿਚ ਦੁਖ ਸਹਿ ਕੇ ਜੀਵ ਨੂੰ ਪ੍ਰਾਪਤ ਹੁੰਦਾ ਹੈ :

ਮਾਨੁਖ ਦੇਹ ਦੀਪ ਪੁਨਿ ਜੰਬੂ। ਕਿਆ ਸੁਖ ਚਾਹਤ ਨਹਿ ਅਵਲੰਬੂ॥ [63]

ਕਵੀ ਅਨੁਸਾਰ ਸੰਸਾਰ ਦੇ ਰਿਸ਼ਤੇ ਨਾਤੇ ਤਾਂ ਬੇੜੀ ਵਿਚ ਸਵਾਰ ਮੁਸਾਫਰਾਂ ਵਾਂਗ ਥੋੜ ਚਿਰੇ ਅਤੇ ਕੱਚੇ ਹਨ :

ਜਿਮ ਨੌਕਾ ਜਨ ਸੰਗਤ ਮਾਨਾ। ਤਜੋਂ ਸੰਸਾਰ ਸੁਤ ਬੰਧ ਪਛਾਨਾ॥ [64]

ਜੋ ਜੀਵ ਮਨੁੱਖਾ ਜਨਮ ਪ੍ਰਾਪਤ ਕਰਕੇ ਰਸ-ਭੋਗ ਵਿਚ ਉਲਝ ਜਾਂਦਾ ਹੈ ਉਹ ਸੁਨਹਰੀ ਮੌਕਾ ਗਵਾ ਕੇ ਪਛਤਾਉਂਦਾ ਹੈ। ਮਨੁੱਖਾ ਜਨਮ ਦੇ ਭੋਗ ਅਤੇ ਰਸ-ਕਸ ਜੀਵ ਨੂੰ ਮੁੜ ਚੁਰਾਸੀ ਦੇ ਗੇੜ ਵਿਚ ਫਸਾ ਦਿੰਦੇ ਹਨ :

ਪੁੰਨਿ ਕਰਮ ਕਰ ਦੇਹਿ ਸੁ ਪਾਈ। ਦੇਹਿ ਪਾਇ ਪੁੰਨ ਭੋਗ ਸੁ ਖਾਹੀ॥

ਭੋਗਨ ਕੋ ਫਲ ਜਨਮ ਸੁ ਦੇਹਾ। ਬੀਚ ਚੌਰਾਸੀ ਭਯੋ ਸੰਦੇਹਾ।

ਚੌਰਾਸੀ ਮੈ ਗਲਤ ਸਦਾਏ। ਹਾਇ ਹਾਇ ਕਰ ਪੁਨ ਪਛੁਤਾਏ॥ [65]

---

[61] ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ, *ਅਕਾਲ ਉਸਤਤਿ*, ਪੰਨਾ 29.

[62] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਜਪੁ*, ਗੁਰੂ ਨਾਨਕ ਦੇਵ ਜੀ, ਪੰਨਾ 1.

[63] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 169, ਪੰਨਾ 272.

[64] ਉਹੀ, ਛੰਦ 115, ਪੰਨਾ 266.

[65] ਉਹੀ, ਛੰਦ 169-70, ਪੰਨਾ 272.

ਕਵੀ ਸੁੱਖਾ ਸਿੰਘ ਨੇ ਜੀਵ ਦੇ ਆਵਾਗੌਣ ਦਾ ਜਿਕਰ ਕਰਦਿਆਂ ਉਸ ਨੂੰ ਚੁਰਾਸੀ ਲੱਖ ਜੂਨਾਂ ਵਿਚ ਫਸਿਆ ਹੋਇਆ ਮੰਨਿਆ ਹੈ। ਇਸ ਚੁਰਾਸੀ ਦੇ ਗੇੜ ਦੇ ਖਾਤਮੇ ਨੂੰ ਮੁਕਤੀ ਦਾ ਨਾਂ ਦਿੱਤਾ ਗਿਆ ਹੈ ਜੋ ਪਵਿੱਤਰਤਾ ਦੀ ਪ੍ਰਾਪਤੀ ਹੈ। ਕਵੀ ਅਨੁਸਾਰ ਇਹ ਗੁਰੂ, ਸੰਤ ਅਤੇ ਸੰਗਤ ਰਾਹੀਂ ਪ੍ਰਾਪਤ ਹੁੰਦੀ ਹੈ :

ਜਨਮ ਅਰੁ ਮਰਨ ਮੈ ਗਰਤ ਨਿਸਦਿਨ ਹੁਤੇ
ਕਟਹਿ ਨਹ ਕਾਲ ਬਹੁ ਜੋਨਿ ਧਾਰੀ।
ਸੈਲ ਅਰੁ ਬੈਲ ਹਰਿ ਸ੍ਵਾਨ ਗਰਧਬ ਭਏ
ਕੀਟ ਪਤੰਗ ਮੈ ਫਿਰੈ ਸਾਰੀ।
ਨਾਗ ਅਰ ਕਾਗ ਪੁਨ ਖਗ ਸੁਰ ਨਰ ਭਏ
ਚੀਲ ਮਹਖੀਨ ਕੀ ਦੁਖ ਸਹਾਰੀ।
ਸਰਬ ਯਹ ਕਾਟ ਕੈ ਪਾਕ ਪਾਵਨ ਭਏ
ਸੰਤ ਕੇ ਸੰਗ ਕੀ ਤਰੇ ਤਾਰੀ॥[66]

ਕੁਇਰ ਸਿੰਘ ਅਨੁਸਾਰ ਭਾਈ ਮਨੀ ਸਿੰਘ ਨੇ ਸ਼ਹੀਦੀ ਵੇਲੇ ਸਿੰਘਾਂ ਨੂੰ ਉਪਦੇਸ਼ ਕੀਤਾ ਕਿ ਮਨੁੱਖ ਦੇ ਕੀਤੇ ਹੋਏ ਕਰਮ ਅਤੇ ਵਾਸ਼ਨਾਵਾਂ ਮਿਲ ਕੇ ਉਸ ਨੂੰ ਚੁਰਾਸੀ ਦੇ ਜਨਮ-ਮਰਣ ਦੇ ਗੇੜ ਵਿਚ ਪਾ ਦਿੰਦੇ ਹਨ :

ਕਰਮ ਵਾਸਨਾ ਸੰਗ ਮਿਲਾਈ। ਚੌਰਾਸੀ ਮੈ ਜਾਇ ਸਮਾਈ॥[67]

ਭਾਈ ਮਨੀ ਸਿੰਘ ਜੀ ਦੁਆਰਾ ਗੁਰੂ ਦੇ ਮਾਰਗ ਉੱਪਰ ਚਲ ਕੇ ਜੀਵਨ ਸਫਲ ਬਣਾਉਣ ਦਾ ਸਿਧਾਂਤ ਕੁਇਰ ਸਿੰਘ ਨੇ ਬਹੁਤ ਸੋਹਣੇ ਢੰਗ ਨਾਲ ਪੇਸ਼ ਕੀਤਾ ਹੈ। ਮਨੁੱਖਾ ਜਨਮ ਅਤੇ ਗੁਰੂ ਦੀ ਸੰਗਤ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ। ਮਨ ਵਿਚ ਪਦਾਰਥਕ ਸੁਖਾਂ ਦੀ ਥਾਂ ਗੁਰੂ ਪਿਆਰ ਟਿਕ ਜਾਣ ਨਾਲ ਮਨੁੱਖ ਨੂੰ ਦੇਹ ਅਤੇ ਆਤਮਾ ਦਾ ਭੇਦ ਪ੍ਰਾਪਤ ਹੋ ਜਾਂਦਾ ਹੈ :

ਭੋਗਨ ਕੋ ਫਲ ਅਬ ਇਹ ਹੋਈ। ਸੁਨੋ ਸਿੰਘ ਅਬ ਧਰਮ ਸੰਗੋਈ।
ਪੂਰਬ ਪੁੰਨ ਕਰਮ ਅਤਿ ਪਾਏ। ਨਿਹਚਾ ਗੁਰ ਮੈ ਲਖਤ ਸਬਾਏ॥
ਦੇਹ ਨ ਆਵਤ ਬਾਰੰ ਬਾਰਾ। ਕਤਾ ਸੁਖ ਵਿਸਯਨ ਅਲਪ ਸੁ ਧਾਰਾ।
ਭਯੋ ਵੈਰਾਗ ਦੇਹਿ ਕੇ ਮਾਹੀ। ਤਨ ਸੁਖ ਮਿਥਿਆ ਜਗਤ ਸੁਨਾਈ॥

---

[66] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 32, ਪੰਨਾ 421.
[67] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 176, ਪੰਨਾ 273.

ਜਗਤ ਨਾਹਿ ਜਬ ਹੀ ਮੈ ਭਾਸਾ। ਤਬ ਹੀ ਭਯੋ ਅਧਜਾਸ ਕੋ ਨਾਸਾ।[68]

ਭਰਮ ਦਾ ਨਾਸ ਹੋਣ 'ਤੇ ਗਿਆਨ ਦਾ ਪਰਗਟਾਵਾ ਹੋ ਜਾਂਦਾ ਹੈ। ਜੀਵ ਅਕਾਲ ਪੁਰਖ ਦੇ ਹੁਕਮ ਨੂੰ ਸਮਝਕੇ ਸਰੀਰਕ ਅਤੇ ਆਤਮਿਕ ਦੋਹਾਂ ਮੰਡਲਾਂ ਵਿਚ ਖੁਸ਼ ਰਹਿੰਦਾ ਹੈ। ਅਕਾਲ ਪੁਰਖ ਹੀ ਸਦਾ ਥਿਰ (ਸਤਿ) ਹੈ ਅਤੇ ਦਿੱਸਦਾ ਪਸਾਰਾ ਅਸਥਾਈ ਹੋਣ ਕਰਕੇ ਅਸਤਿ ਹੈ। ਜਦੋਂ ਅਸਥਾਈ ਪਸਾਰੇ ਪਿੱਛੇ ਅਕਾਲ ਪੁਰਖ ਦਾ ਹੁਕਮ ਵਰਤਦਾ ਦਿਸ ਪਵੇ ਤਾਂ ਜੀਵ ਨੂੰ ਸੰਸਾਰਕ ਅਤੇ ਪਰਮਾਰਥਕ ਦੋਹਾਂ ਦੀ ਪਵਿੱਤਰਤਾ ਦੀ ਸੂਝ ਹੋ ਜਾਂਦੀ ਹੈ। ਬੇਸ਼ਕ ਸੰਸਾਰ ਅਸਥਾਈ ਹੈ ਪਰ ਉਹ ਝੂਠ ਨਹੀਂ ਹੈ ਕਿਉਂਕਿ ਸਭ ਕੁੱਝ ਇੱਕ ਅਤੇ ਸੱਚੇ ਅਕਾਲ ਪੁਰਖ ਤੋਂ ਹੀ ਪੈਦਾ ਹੋਇਆ ਹੈ। ਜਦ ਪੈਦਾ ਕਰਨ ਵਾਲਾ ਸੱਚਾ ਹੈ ਤਾਂ ਉਸ ਦੀ ਰਚਨਾ ਝੂਠੀ ਨਹੀਂ ਹੋ ਸਕਦੀ। ਕੁਇਰ ਸਿੰਘ ਦੇ ਸ਼ਬਦਾਂ ਵਿਚ :

ਤਬ ਦੋਨੋ ਮੈ ਭਯੋ ਪ੍ਰਸੰਨਾ। ਆਸਤਿ ਨਾਸਤਿ ਦੋਨੋ ਧਰਮਾ।
ਨਾਸਤਿ ਏਕ ਨਹੀ ਜਗ ਕੋਈ। ਭਯੋ ਏਕ ਅਦੁਤੀ ਸੋ ਸੋਈ।[69]

'ਕੁਦਰਤ' ਨੂੰ 'ਅਕਾਲ ਪੁਰਖ' ਦਾ ਪਰਗਟ ਰੂਪ ਜਾਣ ਲੈਣ ਨਾਲ ਸਭ ਜੀਵ ਪਰਮਾਤਮਾ ਦੇ ਹੀ ਦਿਸ ਪੈਂਦੇ ਹਨ। ਇਸ ਅਵਸਥਾ ਵਿਚ ਵੈਰੀ ਅਤੇ ਮਿਤਰ ਵਿਚ ਫਰਕ ਮਿਟ ਜਾਂਦਾ ਹੈ ਅਤੇ ਦੁਖ-ਸੁਖ ਇੱਕ ਸਮਾਨ ਹੋ ਜਾਂਦੇ ਹਨ :

ਜਬ ਭਯੋ ਬ੍ਰਹਮ ਭਾਸ ਜਗ ਸਾਰਾ। ਨਹਿ ਦੁਸਮਨ ਨਹਿ ਮੀਤ ਹਮਾਰਾ॥
ਦੇਹਿ ਨਾਸਤਿ ਇਕ ਸਾਖੀ ਆਸਤ। ਤਬ ਕਜਾ ਦੂਖ ਜਗਤ ਸੁਖ ਭਾਸਤ।[70]

### (iv) ਮੁਕਤੀ :

ਕਾਨ੍ਹ ਸਿੰਘ ਨਾਭਾ ਅਨੁਸਾਰ 'ਮੁਕਤੀ' ਦਾ ਮੂਲ ਧਾਤੂ ਮੁਚੁ ਹੈ ਅਤੇ ਸ਼ਾਬਦਿਕ ਅਰਥ "ਛੁਟਕਾਰਾ ਰਿਹਾਈ. ਅਵਿਦਜਾ ਦੇ ਬੰਧਨਾਂ ਤੋਂ ਛੁਟਕਾਰਾ. ਕਲੇਸ਼ਾਂ ਤੋਂ ਰਿਹਾਈ" ਹਨ।[71] ਭਾਰਤੀ ਧਰਮਾਂ ਵਿਚ ਮੁਕਤੀ ਦੇ ਵੱਖ-ਵੱਖ ਅਰਥ ਮੰਨੇ ਗਏ ਹਨ। ਜੈਨ ਧਰਮ ਅਨੁਸਾਰ 'ਆਤਮਾ ਦੇ ਪਦਾਰਥ ਨਾਲ ਸੰਬੰਧ ਨੂੰ ਪੂਰੀ ਤਰ੍ਹਾਂ ਖਤਮ ਕਰਨ ਨੂੰ ਮੁਕਤੀ ਮੰਨਿਆ ਗਿਆ ਹੈ।'[72] ਬੁਧ ਧਰਮ ਅਨੁਸਾਰ 'ਦੁਖ ਦੇ ਕਾਰਨ ਅਤੇ ਦੁਖ ਦਾ ਅੰਤ ਹੀ ਮੁਕਤੀ ਹੈ।'[73] 'ਸਾਂਖ ਸ਼ਾਸਤਰ ਅਨੁਸਾਰ ਦੁਖਾਂ ਦਾ ਸਦਾ ਲਈ ਅਤੇ ਪੂਰਨ ਖਾਤਮਾ ਹੀ ਮੁਕਤੀ

---

[68] ਉਹੀ, ਛੰਦ 177-79, ਪੰਨਾ 273.
[69] ਉਹੀ, ਛੰਦ 179-80, ਪੰਨਾ 273.
[70] ਉਹੀ, ਛੰਦ 180-81, ਪੰਨਾ 273.
[71] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 981.
[72] Satshchandra Chatterjee and Dhirendramohan Datta, *An intoduction to indian Philosophy,* New Delhi: Rupa Publications India Pvt. Ltd. p 97.
[73] Ibid, p 118.

ਹੈ ਜੋ ਜੀਵਨ ਦਾ ਮੁਖ ਮਨੋਰਥ (ਪੁਰਸ਼ਾਰਥ) ਹੈ।'[74] 'ਵੇਦਾਂਤ ਅਨੁਸਾਰ ਮੁਕਤੀ ਸਦਾ-ਥਿਰ ਆਨੰਦ ਹੈ ਕਿਉਂਕਿ ਬ੍ਰਹਮ ਆਨੰਦ ਸਰੂਪ ਹੈ ਅਤੇ ਮੁਕਤੀ ਬ੍ਰਹਮ ਨਾਲ ਸਾਖਿਆਤਕਾਰ।'[75] 'ਗੁਰ ਦਰਸ਼ਨ' ਅਨੁਸਾਰ ਮੁਕਤੀ ਦਾ ਭਾਵ ਅਕਾਲ ਪੁਰਖ ਨਾਲ ਇੱਕ-ਮਿੱਕਤਾ ਮੰਨਿਆ ਗਿਆ ਹੈ ਪਰ ਇਸ ਦਾ ਅਰਥ ਸਰੀਰ ਦੇ ਖਾਤਮੇ ਪਿਛੋਂ ਨਿਰੰਕਾਰ ਨਾਲ ਮੇਲ ਨਹੀਂ ਹੈ। ਸਗੋਂ ਜੀਵਨ ਦੌਰਾਨ ਆਪਣੇ-ਆਪ ਨੂੰ ਅਕਾਲ ਪੁਰਖ ਦੇ ਹੁਕਮ ਵਿਚ ਢਾਲਣ ਦੀ ਸਫਲਤਾ ਪ੍ਰਾਪਤ ਕਰਨਾ ਹੈ। ਕਾਨ੍ਹ ਸਿੰਘ ਨਾਭਾ ਅਨੁਸਾਰ "ਸਿੱਖ ਮਤ ਦੀ ਮੁਕਤੀ- ਗੁਰਮੁਖਾਂ ਦੀ ਸੰਗਤਿ ਦ੍ਵਾਰਾ ਨਾਮ ਦੇ ਤਤ੍ਵ ਅਤੇ ਅਭ੍ਯਾਸ ਦੇ ਪ੍ਰਕਾਰ ਨੂੰ ਜਾਣਕੇ ਸਿਰਜਣਹਾਰ ਨਾਲ ਲਿਵ ਜੋੜਨਾ। ਹੌਮੈ ਤ੍ਯਾਗਕੇ ਪਰੋਪਕਾਰ ਕਰਨਾ। ਅੰਤਹਕਰਣ ਨੂੰ ਅਵਿਦ੍ਯਾ ਅਤੇ ਭ੍ਰਮਜਾਲ ਤੋਂ ਸ਼ਰੀਰ ਅਪਵਿਤ੍ਰਤਾ ਤੋਂ ਪਾਕ ਰੱਖਣਾ। ਅਰਥਾਤ ਨਾਮ ਦਾਨ ਇਸਨਾਨ ਦਾ ਸੇਵਨ ਕਰਨਾ।"[76] ਗੁਰਬਾਣੀ ਅਨੁਸਾਰ ਮੁਕਤੀ ਪ੍ਰਾਪਤੀ ਦੇ ਸਾਧਨਾਂ ਬਾਰੇ ਰਤਨ ਸਿੰਘ ਜੱਗੀ ਦਾ ਮਤ ਹੈ "ਗੁਰੂ ਗ੍ਰੰਥ ਸਾਹਿਬ ਵਿਚ ਮੁਕਤੀ ਪ੍ਰਾਪਤੀ ਦੇ ਮੁਖ ਸਾਧਨ ਪ੍ਰੇਮ ਭਗਤੀ ਅਤੇ ਨਿਮਰਤਾ ਦੱਸ ਕੇ ਗੁਰੂ ਦੇ ਸ਼ਬਦ ਦੀ ਆਰਾਧਨਾ ਦੁਆਰਾ ਆਪਣੇਪਨ ਦੀ ਭਾਵਨਾ ਜਾਂ ਹਉਮੈ ਨੂੰ ਨਸ਼ਟ ਕਰਨ ਉੱਤੇ ਬਲ ਦਿੱਤਾ ਗਿਆ ਹੈ।"[77]

ਕੁਇਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਨਾਂਦੇੜ ਵਿਖੇ ਰਹਿਤ ਦੇ ਧਾਰਨੀ ਸਿੰਘਾਂ ਨੂੰ ਮੁਕਤੀ ਪ੍ਰਾਪਤੀ ਦਾ ਬਚਨ ਦਿੱਤਾ ਹੈ :

ਜੇ ਕਰ ਰਹਤ ਰਹੈਂ ਨਿਸ ਬਾਸਰ, ਜਾਇ ਅਕਾਲ ਕੇ ਮਾਹਿ ਰਹਾਈ।[78]

ਕਵੀ ਸੁੱਖਾ ਸਿੰਘ ਨੇ ਦੱਖਣ ਦੇਸ ਵਿਚ ਗੁਰੂ ਤੇਗ ਬਹਾਦਰ ਜੀ ਵੱਲੋਂ ਪ੍ਰਚਾਰ ਹਿਤ ਭੇਜੇ ਇੱਕ ਸਾਧੂ ਦੀ ਸਾਖੀ ਵਿਚ ਦੱਸਿਆ ਹੈ ਕਿ ਗੁਰੂ ਦੇ ਦਰਸ਼ਨਾਂ ਨਾਲ ਹੀ ਜਨਮ-ਮਰਣ ਦਾ ਬੰਧਨ ਖਤਮ ਹੋ ਜਾਂਦਾ ਹੈ। ਕਵੀ ਅਨੁਸਾਰ ਮੁਕਤੀ ਤੋਂ ਬਿਨਾਂ ਜੀਵ ਦੀ ਹਾਲਤ ਬਹੁਤ ਨੀਵੀਂ ਅਤੇ ਮੌਤ ਦੇ ਡਰ ਅਧੀਨ ਹੈ। ਦੂਜੇ ਪਾਸੇ ਮੁਕਤੀ ਦੀ ਅਵਸਥਾ ਨਿਰੰਕਾਰ ਵਾਂਗ ਹੀ ਨਿਰਮਲ ਹੈ :

ਰਾਵਰੀ ਦੇਹ ਅਬਹ ਕੌ ਦੇਖ ਕਰ ਸੂਰ ਕੇ ਤਾਤ ਕੀ ਕਾਟ ਜਾਰੀ।
ਦੀਨ ਮਲੀਨ ਅਧੀਨ ਹਮ ਜੰਤ ਥੇ ਭਏ ਅਬਿ ਸਾਚ ਹੂੰ ਨਿਰੰਕਾਰੀ॥[79]

ਕਵੀ ਕੁਇਰ ਸਿੰਘ ਨੇ ਆਪਣੀ ਰਚਨਾ ਅੰਦਰ 'ਮੁਕਤੀ' ਦੇ ਸਿਧਾਂਤ ਨੂੰ ਸਪਸ਼ਟ ਕਰਨ ਲਈ

---

[74] Ibid, p 263.
[75] Ibid, p 379.
[76] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 981.
[77] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਦੂਜਾ, ਪੰਨਾ 388-89.
[78] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 74, ਪੰਨਾ 263.
[79] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 31, ਪੰਨਾ 421.

'ਮਾਰੂ ਮਹਲਾ ੫' ਦਾ ਸ਼ਬਦ "ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ" ਦਰਜ ਕੀਤਾ ਹੈ। ਇਸ ਸ਼ਬਦ ਵਿਚ ਪਰਮਾਤਮਾ ਦੀ ਕਿਰਪਾ ਨਾਲ ਸੰਤ ਜਨਾਂ ਦੀ ਸੰਗਤ ਪ੍ਰਾਪਤ ਹੋਣਾ ਦੱਸਿਆ ਹੈ। ਸੰਤਾਂ ਦੀ ਸੰਗਤ ਵਿਚ ਪਰਮਾਤਮਾ ਦੇ ਗੀਤ ਗਾਉਣ ਨਾਲ ਖੇਚਲ ਖਤਮ ਹੋ ਜਾਂਦੀ ਹੈ, ਸਾਰੇ ਦੁਖ ਤੇ ਵਿਕਾਰ ਮਿਟ ਜਾਂਦੇ ਹਨ ਅਤੇ ਜੀਵ ਅਕਾਲ ਪੁਰਖ ਵਿਚ ਲਿਵਲੀਨਤਾ ਦੀ ਸ਼ਿਰੋਮਣੀ ਪਦਵੀ ਪ੍ਰਾਪਤ ਕਰਦਾ ਹੈ।

ਕਵੀ ਸੁੱਖਾ ਸਿੰਘ 'ਮੁਕਤੀ' ਦੇ ਲੱਛਣ ਦੱਸਦੇ ਹੋਏ ਲਿਖਦਾ ਹੈ ਕਿ ਮੁਕਤ ਅਵਸਥਾ ਵਿਚ ਮਨੁੱਖ ਦੀ ਦੁਰਮਤਿ ਦਾ ਨਾਸ ਹੋ ਜਾਂਦਾ ਹੈ ਅਤੇ ਬਿਬੇਕ ਦੀ ਪ੍ਰਾਪਤੀ ਹੁੰਦੀ ਹੈ। ਜੀਵ ਦਾ ਮਨ ਕਾਮ ਅਤੇ ਕ੍ਰੋਧ ਆਦਿ ਵਿਸ਼ਿਆਂ ਵਿਚੋਂ ਨਿਕਲ਼ ਕੇ ਗੁਰੂ ਚਰਨਾਂ ਵਿਚ ਲੀਨ ਰਹਿੰਦਾ ਹੈ। ਸਾਧ ਦੀ ਸੰਗਤ ਦਾ ਸਦਕਾ ਪਰਮਾਤਮਾ ਦੇ ਨਾਮ ਦਾ ਰੰਗ ਲੱਗ ਜਾਂਦਾ ਹੈ। ਜੀਵ ਪੰਜ ਵਿਕਾਰਾਂ, ਛੇ ਕਰਮਾਂ, ਤਿੰਨ ਗੁਣਾਂ ਅਤੇ ਪੱਚੀ ਤੱਤਾਂ ਦੇ ਘੇਰੇ ਤੋਂ ਲੰਘ ਕੇ ਅਕਾਲ ਪੁਰਖ ਦੇ ਸੱਚੇ ਦਰਬਾਰ ਵਿਚ ਪਹੁੰਚ ਜਾਂਦਾ ਹੈ :

ਰਿਧਿ ਅਰੁ ਸਿਧ ਪੁਨ ਬੁਧ ਪ੍ਰਾਪਤ ਭਈ ਗਈ ਦੁਰਮਤਿ ਜੋ ਦੁਸਹਿ ਕਾਰੀ।
ਕਾਮ ਔ ਕ੍ਰੋਧ ਕੀ ਜੜਤ ਕੌ ਜਾਰਿ ਕੇ ਗਹੇ ਪਦ ਕੰਜ ਵਹਿ ਉਰ ਮੰਝਾਰੀ।
ਸਾਧ ਕਾ ਸੰਗ ਪੈ ਰੰਗ ਹਰਿ ਕੌ ਲਗਯੋ ਸੁਨੀ ਅਨਹਦ ਕੀ ਘੋਖ ਨਿਆਰੀ।
ਪਾਂਚ ਖਟ ਤੀਨ ਪਾਚੀਸ ਕੌ ਲਾਂਘ ਕਰ ਗਏ ਦਰਬਾਰ ਸਾਚੇ ਸੁਧਾਰੀ॥[80]

ਕੁਇਰ ਸਿੰਘ ਦੱਸਦਾ ਹੈ ਕਿ ਪਰਿਵਾਰਕ ਰਿਸ਼ਤੇ-ਨਾਤੇ ਮੁਸਾਫਰਾਂ ਦੇ ਇਕੱਠ ਵਾਂਗ ਹਨ। ਮਨੁੱਖ ਇਨ੍ਹਾਂ ਰਿਸ਼ਤਿਆਂ ਦੇ ਝੂਠੇ ਮੋਹ ਕਰਕੇ ਹੀ ਵਾਰ-ਵਾਰ ਜਨਮ-ਮਰਣ ਦੇ ਗੇੜ ਵਿਚ ਫਸਦਾ ਹੈ। ਇਸ ਕਰਕੇ ਅਹੰਕਾਰ, ਮਮਤਾ ਅਤੇ ਲੋਭ ਤੋਂ ਨਿਰਲੇਪ ਹੋਣਾ ਜੀਵ ਲਈ ਲਾਜ਼ਮੀ ਹੈ। ਕਵੀ ਵਿਕਾਰਾਂ ਤੋਂ ਮੁਕਤ ਸਿੱਖ ਦੀ ਜੀਵਨ-ਮੁਕਤ ਅਵਸਥਾ ਨੂੰ ਬਿਆਨ ਕਰਦਿਆਂ ਦੱਸਦਾ ਹੈ :

ਗੰਧ੍ਰਬ ਪੁਰ ਤਰ ਹੇਤ ਸੁ ਸਾਰੇ। ਯਾ ਬਿਧਿ ਗ੍ਰਿਹ ਸਨਬੰਧ ਵਿਚਾਰੇ।
ਜਨਮ ਮਰਨ ਕੋ ਕਾਰਨ ਮੋਹਾ। ਹੰ ਮਮ ਤਜੇ ਲੋਭ ਪੁਨਿ ਕੋਹਾ॥[81]

ਵੈਦਿਕ ਧਰਮ ਵਿਚ ਚੰਗੇ ਅਤੇ ਮਾੜੇ ਕਰਮਾਂ ਦੇ ਫਲ ਵਜੋਂ ਜੀਵ ਵਿਚ ਰਜੋ, ਤਮੋ ਅਤੇ ਸਤੋ ਗੁਣਾਂ ਦੀ ਪ੍ਰਧਾਨਤਾ ਮੰਨੀ ਗਈ ਹੈ। ਇਸ ਕਰਕੇ ਜੀਵ ਕਰਮ-ਕਾਂਡ ਰਾਹੀਂ ਸੁਖ ਭੋਗ ਸਕਦਾ ਹੈ ਪਰ ਗੁਰਮਤਿ ਵਿਚ ਰਜੋ, ਤਮੋ ਅਤੇ ਸਤੋ ਤਿੰਨਾਂ ਗੁਣਾਂ ਨੂੰ ਮਾਇਆ ਦੇ ਅਧੀਨ ਮੰਨਿਆ ਗਿਆ ਹੈ। ਇਸ ਕਰਕੇ ਇਨ੍ਹਾਂ ਤਿੰਨ ਗੁਣਾਂ ਤੋਂ ਉੱਪਰ ਚੌਥੀ ਪਦਵੀ ਦਾ ਰਾਹ ਦੱਸਿਆ ਗਿਆ ਹੈ :

---

80 ਉਹੀ, ਛੰਦ 33, ਪੰਨਾ 422.
81 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 181, ਪੰਨਾ 188.

ਰਜ ਤਮ ਸਤ ਕਲ ਤੇਰੀ ਛਾਇਆ॥ ਜਨਮ ਮਰਣ ਹਉਮੈ ਦੁਖੁ ਪਾਇਆ॥

ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ॥[82]

ਕੁਇਰ ਸਿੰਘ ਨੇ ਆਪਣੀ ਰਚਨਾ ਵਿਚ ਗੁਰਮਤਿ ਦੇ ਇਸੇ ਸਿਧਾਂਤ ਨੂੰ ਪੇਸ਼ ਕੀਤਾ ਹੈ। ਕਵੀ ਅਨੁਸਾਰ ਸਿੱਖ ਆਪਣੇ ਇਸ਼ਟ ਭਾਵ ਅਕਾਲ ਪੁਰਖ ਨਾਲ ਇੱਕਰਸ ਸੁਰਤ ਜੋੜ ਕੇ ਰੱਖਦਾ ਹੈ। ਗੁਰੂ ਦਾ ਸਿੱਖ ਜੀਵਨ ਦੇ ਵਿਵਹਾਰ ਨੂੰ ਛੱਡਦਾ ਨਹੀਂ ਸਗੋਂ ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਕਾਰਾਂ ਤੋਂ ਦੂਰ ਰਹਿ ਕੇ ਕਿਰਤ ਕਰਦਾ ਹੋਇਆ ਨਿਰਲੇਪ ਅਤੇ ਅਤੀਤ ਰਹਿੰਦਾ ਹੈ। ਏਹੀ ਜੀਵਨ-ਮੁਕਤ ਅਵਸਥਾ ਹੈ :

ਸਤ ਰਜ ਤਮ ਤੁਰੀਆ ਗਤਿ ਪਾਵੈ। ਤੀਨ ਅਵਸਥਾ ਤਜ ਥਿਰਤਾਵੈ।

ਜੀਵ ਈਸ ਕੋ ਵਾਚ ਤਿਆਗੇ। ਸਾਖੀ ਲਖ ਸ੍ਰੂਪ ਮੈ ਪਾਗੈ॥

ਇਸ੍ਾਨਿਸ੍ ਮਾਹਿ ਨਹੀ ਲੇਪਾ। ਦ੍ਵੈਤ ਕਾਰਜੰ ਨਾਹਿ ਨ ਛੇਪਲਾ।

ਨਾਲੀ ਈਕ ਸਮ ਨਜਾਰੇ ਹੋਈ। ਗਜਾਨੀ ਆਨ ਤਜੈ ਸੁਖ ਲੋਈ॥

ਤਜਾਗ ਗ੍ਰਹਨ ਨਹਿ ਤਾ ਮੈ ਕੋਯ। ਨਹਿ ਵੈਰਾਗ ਰਾਗ ਪੁਨਿ ਜੋਯ।

ਭੂਖਨ ਤਜੈ ਭਾਵ ਕਨਕੰ ਧਰ। ਰਹੈ ਨਿਰਾਮੈ ਬ੍ਰਹਮ ਸਮੰ ਬਰ॥

ਇਉਂ ਵਿਚਾਰ ਗੁਰ ਸਮ ਸਦ ਰਹੈ। ਨਹਿ ਰਾਗੰ ਨਹਿ ਦੋਖੰ ਲਹੈ।

ਸਰਬ ਬਿਵਹਾਰਨ ਮਾਹਿ ਅਤੀਤਾ। ਪਰਾਲਬਧ ਕਰ ਯਹਿ ਮਨ ਰੀਤਾ॥[83]

ਗੁਰਮਤਿ ਅਨੁਸਾਰ ਸੱਚਖੰਡ ਦਾ ਬਿਆਨ ਕਰਦਿਆਂ ਸ਼ੇਰ ਸਿੰਘ ਦੱਸਦੇ ਹਨ "ਇਹ ਸੱਚਖੰਡ ਪ੍ਰਾਪਤੀ ਬ੍ਰਹਮ ਵਿਚ ਅਭੇਦਤਾ, ਆਦਿ ਅਨਾਦਿ ਵਾਲੀ ਅਫੁਰ ਅਵਸਥਾ ਹੈ। ਇਸ ਅਵਸਥਾ ਵਿਚ ਸਾਧਾਰਨ ਗਿਆਨ ਵਾਲੇ ਫੁਰਨੇ ਨਹੀਂ ਹੁੰਦੇ। ਕੋਈ ਹਰਖ ਸੋਗ ਨਹੀਂ, ਦੁਖ ਸੁਖ ਨਹੀਂ, ਆਸਾ ਨਿਰਾਸਾ ਨਹੀਂ। ਆਪਾ ਅਣਾਪਾ, ਆਪਣਾ ਬੇਗਾਨਾ ਨਹੀਂ। ਖੁਦੀ, ਬਖੀਲੀ, ਤਕੱਬਰੀ ਨਹੀਂ। ਕੋਈ ਚੇਤਾ ਨਹੀਂ, ਯਾਦ ਨਹੀਂ। ਰੀਤ ਨਹੀਂ ਨਾਦ ਨਹੀਂ। ਇਹ ਪਰਮ ਧਿਆਨੀ ਅਵਸਥਾ ਹੈ। ਇਹ ਆਪਾ ਚੀਨਣ ਤੋਂ ਪ੍ਰਾਪਤ ਹੁੰਦੀ ਹੈ। ਉਹ ਹਉਮੈ ਦਾ ਅਭਾਵ ਕਰਕੇ ਪਾਰਬ੍ਰਹਮ ਵਿਚ ਲੀਨ ਹੋਣ ਦਾ ਨਾਉਂ ਹੈ। ਇਹ ਸੁੰਨ ਜਾਂ ਅਣਹੋਂਦ ਨਹੀਂ, ਇਹ 'ਸਤਿ' ਹੈ। ਰੱਬ ਵਿਚ ਜੀਵਨ ਹੈ। ਰੱਬ ਦੇ ਨਾਲ ਮੇਲ ਤੇ ਰੱਬ ਨਾਲ ਇੱਕ-ਮਿੱਕ ਹੋਣਾ ਹੈ।"[84] ਕੁਇਰ ਸਿੰਘ ਨੇ ਅਹੰਕਾਰ ਅਤੇ ਮੋਹ ਨੂੰ ਮੁਕਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ

---

[82] ਸ੍ਰੀ ਗੁਰੂ ਗ੍ਰੰਥ ਸਾਹਿਬ, *ਮਾਰੂ ਮਹਲਾ ੧*, ਪੰਨਾ 1038.

[83] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 181-185, ਪੰਨਾ 188.

[84] ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 357.

ਮੰਨਿਆ ਹੈ। ਕੁਇਰ ਸਿੰਘ ਨੇ ਇੱਕ ਸਿੱਖ ਦੀ ਸਾਖੀ ਪੇਸ਼ ਕੀਤੀ ਹੈ ਜੋ ਗੁਰੂ ਜੀ ਤੋਂ ਆਪਣਾ ਨਾਸ ਮੰਗਦਾ ਹੈ। ਗੁਰੂ ਜੀ ਨੇ ਉਸ ਸਿੱਖ ਨੂੰ ਗਲ਼ ਨਾਲ ਲਾ ਲਿਆ। ਸਾਥੀ ਸਿੱਖਾਂ ਦੇ ਪੁੱਛਣ ਤੇ ਗੁਰੂ ਜੀ ਨੇ ਦੱਸਿਆ ਕਿ ਇਸ ਸਿੱਖ ਨੇ ਆਪਣੇ ਅਹੰਕਾਰ ਅਤੇ ਮਮਤਾ ਦਾ ਨਾਸ ਪ੍ਰਾਪਤ ਕਰ ਲਿਆ ਹੈ। ਵਿਕਾਰਾਂ ਦਾ ਖਾਤਮਾ ਹੋ ਜਾਣ ਸਦਕਾ ਹੁਣ ਇਸ ਵਿਚ ਬ੍ਰਹਮ ਅੰਸ਼ ਹੀ ਬਾਕੀ ਰਹਿ ਗਿਆ ਹੈ :

ਹੰਤਾ ਮਮਤਾ ਮੂਲ ਸੁ ਮਾਰਾ। ਮੈ ਮੇਰੋ ਸਭ ਦ੍ਵੈਤ ਸੰਘਾਰਾ॥
ਪਾਛੈ ਨਿਜ ਬਪੁ ਬ੍ਰਹਮ ਸੁ ਰਹਜੋ। ਤਾ ਕਰ ਕੰਠ ਲਗਾਯੋ ਚਹਜੋ।[85]

ਕਵੀ ਕੁਇਰ ਸਿੰਘ ਨੇ ਇੰਦ੍ਰਿਆਵੀ ਸੁਖ, ਮਮਤਾ ਅਤੇ ਕਾਮਨਾਵਾਂ ਨੂੰ ਅਸੱਤ ਦੱਸਿਆ ਹੈ। ਸੱਤ ਵਸਤੂ ਕੇਵਲ ਆਤਮ ਤੱਤ ਹੈ। ਸੱਤ ਅਤੇ ਅਸੱਤ ਦਾ ਭੇਦ ਨਾ ਕਰ ਸਕਣਾ ਹੀ ਵੱਡਾ ਅਉਖਾ ਕਾਰਜ ਹੈ, ਜੋ ਗੁਰੂ ਦੀ ਕਿਰਪਾ ਨਾਲ ਪੂਰਾ ਹੋ ਸਕਦਾ ਹੈ। ਪਦਾਰਥਾਂ ਦੀ ਲਾਲਸਾ ਲਈ ਕੀਤੇ ਧਾਰਮਿਕ ਕਰਮ ਮਨੁੱਖ ਨੂੰ ਮੁਕਤ ਨਹੀਂ ਕਰ ਸਕਦੇ ਸਗੋਂ ਉਹ ਸੁਖ-ਦੁਖ ਦੇ ਗੇੜ ਵਿਚ ਫਸਿਆ ਰਹਿੰਦਾ ਹੈ। ਕਵੀ ਅਨੁਸਾਰ ਗੁਰੂ ਦੇ ਦਰਸ਼ਨ ਮਾਤਰ ਨਾਲ ਜੀਵ ਚੁਰਾਸੀ ਲਖ ਜੂਨ ਦੇ ਗੇੜ ਵਿਚੋਂ ਬਚ ਸਕਦਾ ਹੈ :

ਅਸੱਤ ਵਸਤੁ ਕੋ ਸੱਤ ਉਰ ਜਾਨ। ਯਹੀ ਵਸਤ ਹੈ ਭਵਹਿ ਮਹਾਨ।
ਸੁਤਹਿ ਨਾਰ ਕੀ ਸੰਗਤਿ ਮਾਨ। ਯਹੀ ਮਮਤਾ ਬਡੀ ਮਹਾਨ॥
ਮਨ ਇੰਦ੍ਰੀ ਕੀ ਸੰਗਤ ਪਾਈ। ਭੂਲ ਗਯੋ ਆਤਮ ਵਹੁ ਜਾਈ।
ਅਸਤ ਵਸਤ ਕੋ ਸਤ ਉਰ ਜਾਨਾ। ਯਹੀ ਵਸਤ ਹੈ ਭਵਹਿ ਮਹਾਨਾ॥
ਆਪਨ ਕੋ ਯਹਿ ਦੇਹ ਸੁ ਮਾਨ। ਸੁਖ ਦੁਖ ਕੀ ਮਨੌਤ ਤਹਿ ਠਾਨ।
ਸਹਿਤ ਮਨੌਤ ਕਰਮ ਜੋ ਕਰੈ। ਬੀਚ ਚੌਰਾਸੀ ਕੇ ਅਨੁਸਰੈ॥
ਤਾ ਕੇ ਰੱਖਕ ਹੋ ਤੁਮ ਸ੍ਵਾਮੀ। ਸਭ ਜੀਵਨ ਕੇ ਅੰਤਰਜਾਮੀ।
ਤਾ ਤੇ ਬਡੇ ਭਾਗ ਹਮ ਪਾਏ। ਤੁਮ ਸੇ ਸ੍ਵਾਮੀ ਗ੍ਰਿਹ ਮੈ ਆਏ॥
ਨਾਹਿ ਜਨਮ ਹੋਵਗ ਭਵ ਮਾਹੀ। ਚਰਨ ਕਮਲ ਤੁਮਰੇ ਨਿਰਖਾਹੀ।[86]

ਕਵੀ ਕੁਇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਕਾਜ਼ੀ ਦੇ ਸੰਵਾਦ ਰਾਹੀਂ ਸਿੱਖ ਲਈ ਮੁਕਤੀ ਪ੍ਰਾਪਤੀ ਦਾ ਮਾਰਗ ਦੱਸਿਆ ਹੈ। ਗੁਰੂ ਜੀ ਕਾਜੀ ਨੂੰ ਦੱਸਦੇ ਹਨ ਕਿ ਵਿਕਾਰਾਂ ਤੋਂ ਆਪਣੇ-ਆਪ ਨੂੰ ਬਚਾ ਕੇ ਮਨੁੱਖ ਸਿਰਫ ਸਰੀਰਕ ਮੁਕਤੀ ਪ੍ਰਾਪਤ ਕਰ ਸਕਦਾ ਹੈ। ਆਤਮਿਕ ਤੌਰ ਤੇ ਉਹ ਤਾਂ ਹੀ ਮੁਕਤ ਹੋ

[85] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 27-28, ਪੰਨਾ 175.
[86] ਉਹੀ, ਛੰਦ 202-06, ਪੰਨਾ 189.

ਸਕਦਾ ਹੈ ਜੇਕਰ ਨਿਮਰਤਾ ਸਹਿਤ ਗੁਰੂ ਦੇ ਚਰਨਾਂ ਦਾ ਓਟ-ਆਸਰਾ ਲਵੇ, ਅਕਾਲ ਪੁਰਖ ਦਾ ਨਾਮ ਆਪਣੇ ਮਨ ਵਿਚ ਵਸਾਏ ਅਤੇ ਉੱਤਮ ਕਾਰਜ ਕਰੇ। ਜਗਿਆਸੂ ਦੀ ਪਹੁੰਚ ਤਾਂ ਏਥੇ ਤੱਕ ਹੀ ਹੋ ਸਕਦੀ ਹੈ, ਅੱਗੇ ਅਕਾਲ ਪੁਰਖ ਦੀ ਰਜ਼ਾ, ਮਿਹਰ ਹੀ ਸਹਾਈ ਹੁੰਦੀ ਹੈ :

> ਕਰੈ ਜਤਨ ਜਗਜਾਸੀ ਸਾਰੈ। ਪਾਪ ਕਰਮ ਤੇ ਤਨ ਕੋ ਮਾਰੈ।
> ਮਨ ਕੀ ਪਾਕੀ ਯਹੀ ਨਿਹਾਰੋ। ਖੁਦੀ ਸਾਥ ਮਨ ਕਰੇ ਨ ਪਜਾਰੋ॥
> ਸੋ ਖਾਲਸ ਨਿਜ ਤਨ ਤੇ ਹੋਈ। ਕੋਟ ਜਤਨ ਜੇ ਕਰੈ ਸੁ ਕੋਈ।[87]

ਕਵੀ ਨੇ ਸਿੱਖ-ਮੁਕਤੀ ਦੇ ਸਿਧਾਂਤ ਵਿਚ ਅਕਾਲ ਪੁਰਖ ਦੇ ਹੁਕਮ ਦਾ ਵਿਸ਼ੇਸ਼ ਮਹੱਤਵ ਉਜਾਗਰ ਕੀਤਾ ਹੈ। ਕਵੀ ਅਨੁਸਾਰ ਜੀਵ ਦਾ ਮੁਕਤੀ ਵੱਲ ਪਹਿਲਾ ਕਦਮ ਗੁਰੂ ਦੀ ਪ੍ਰਾਪਤੀ ਹੈ ਅਤੇ ਗੁਰੂ ਦੀ ਪ੍ਰਾਪਤੀ ਅਕਾਲ ਪੁਰਖ ਦੀ ਕਿਰਪਾ ਨਾਲ ਹੁੰਦੀ ਹੈ। ਗੁਰੂ ਦੀ ਸੇਵਾ ਵਿਚ ਲੱਗ ਕੇ ਜੀਵ ਤਨ ਅਤੇ ਮਨ ਦੀ ਪਵਿੱਤਰਤਾ ਸਿੱਖਦਾ ਹੈ ਪਰ ਤਨ-ਮਨ ਦੀ ਪਵਿੱਤਰਤਾ ਨਾਲ ਅਕਾਲ ਪੁਰਖ ਦਾ ਮਿਲਾਪ ਨਹੀਂ ਹੁੰਦਾ। ਅਕਾਲ ਪੁਰਖ ਦਾ ਮਿਲਾਪ ਤਾਂ ਉਸ ਦੇ ਹੁਕਮ ਨਾਲ ਹੀ ਹੋ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

> ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
> ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥
> ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
> ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥
> ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
> ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[88]

ਕਵੀ ਕੁਇਰ ਸਿੰਘ ਜਪੁ ਬਾਣੀ ਦੀ ਉਪਰੋਕਤ ਪਉੜੀ ਦੇ ਭਾਵ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

> ਜੇ ਪਰਮੇਸਰ ਕਰੁਨਾ ਧਾਰੈ। ਕਾਮਲ ਮੁਰਸਦ ਮਿਲੈ ਪਿਆਰੈ॥
> ਤਾ ਕੀ ਸੁਹਬਤ ਜਾ ਕੋ ਹੋਵੈ। ਤਨ ਕੇ ਕਸਮਲ ਸਗਲੇ ਖੋਵੈ।
> ਨਾਮ ਦਾਨ ਪੂਜਾ ਸਿਵ ਕਰੈ। ਨਿਸ ਦਿਨ ਗੁਰ ਮੂਰਤਿ ਰਿਦ ਧਰੈ॥
> ਯਾ ਬਿਧਿ ਜਤਨ ਜਬੈ ਸਿਖ ਕੈ ਹੈ। ਤਨ ਕੀ ਪਾਕੀ ਲਗ ਤਬ ਜੈਹੈ।

---

[87] ਉਹੀ, ਛੰਦ 154-55, ਪੰਨਾ 245.
[88] ਸ੍ਰੀ ਗੁਰੂ ਗ੍ਰੰਥ ਸਾਹਿਬ, *ਜਪੁ*, ਪੰਨਾ 1.

ਤਨ ਕੀ ਪਾਕੀ ਜੇ ਇਨ ਪਾਈ। ਮਨ ਕੀ ਤਾ ਕੈ ਹਾਥ ਨ ਆਈ॥

ਤਬ ਇਹ ਗੁਨਹਿਗਾਰ ਕੋ ਨਾਹੀ। ਯੌਂ ਸਮਝੋ ਕਾਜੀ ! ਮਨ ਮਾਹੀ।

ਜਗਜਾਸੀ ਪਰ ਹੈ ਯਹਿ ਬਾਤਾ। ਔਰ ਕਹਾ ਜਾਨੇ ਵਸ ਭ੍ਰਾਤਾ॥[89]

ਗੁਰੂ ਦੇ ਰਾਹੀਂ ਸਿੱਖ ਅਕਾਲ ਪੁਰਖ ਦੇ ਨਾਮ ਨਾਲ ਪ੍ਰੀਤ ਜੋੜੇ ਤਾਂ ਇਸ ਪ੍ਰੇਮ ਦਾ ਸਦਕਾ ਪ੍ਰਾਪਤ ਹੋਈ ਮਿਹਰ ਹੀ ਮੁਕਤੀ ਦਾ ਰਾਹ ਹੈ। ਸ਼ੇਰ ਸਿੰਘ ਇਸ ਵਿਚਾਰ ਦੀ ਪ੍ਰੋੜਤਾ ਕਦਿਆਂ ਲਿਖਦੇ ਹਨ "ਇਸ ਮੁਕਤੀ ਦਾ ਸਾਧਨ ਹੈ ਪ੍ਰੇਮ। ਪ੍ਰੇਮ ਦਾ ਸਾਧਨ ਹੈ ਵਾਹਿਗੁਰੂ ਦੇ ਗੁਣਾਂ ਦਾ ਸਿਮਰਨ, ਵਾਹਿਗੁਰੂ ਦੇ ਸਰੂਪ ਦਾ ਚਿੰਤਨ। ਇਸ ਤੋਂ ਲਿਵ ਤੇ ਫਿਰ ਇੱਕ-ਰਸ ਮੇਲ। ਇਸ ਦੇਹ ਵਿਚ ਹੁੰਦਿਆਂ ਵੀ ਜੋ ਇਸ ਅਵਸਥਾ ਵਿਚ ਹੈ, ਉਹ ਭੀ ਮੁਕਤ ਹੈ। ਉਸ ਨੂੰ ਜੀਵਨ ਮੁਕਤ ਕਿਹਾ ਹੈ।"[90] ਕਵੀ ਨੇ ਉਪਰੋਕਤ ਬੰਦ ਵਿਚ ਸਪਸ਼ਟ ਕੀਤਾ ਹੈ ਕਿ ਸਿੱਖ ਸਿਧਾਂਤ ਅਨੁਸਾਰ ਮੁਕਤੀ ਕਿਸੇ ਵਿਸ਼ੇਸ਼ ਕਰਮ ਜਪ, ਤਪ, ਹੋਮ, ਦਾਨ ਆਦਿ ਦੇ ਫਲ ਵਜੋਂ ਪ੍ਰਾਪਤ ਹੋਣੀ ਨਿਸ਼ਚਤ ਨਹੀਂ ਹੈ। ਸਗੋਂ ਕਰਮ ਤਾਂ ਫਸਲ ਬੀਜਣ ਅਤੇ ਕੱਟਣ ਵਾਂਗ ਜੀਵ ਨੂੰ ਵਾਰ-ਵਾਰ ਸੁਖ ਅਤੇ ਦੁਖ ਦੇ ਗੇੜ ਵਿਚ ਹੀ ਫਸਾਈ ਰੱਖਦੇ ਹਨ :

ਖੇਤ੍ਰ ਮਾਹਿ ਬੀਜਰ ਕੋ ਸੰਧ। ਦੇਸ ਦੇਸ ਕੇ ਮਾਹਿ ਰਵੰਤ।

ਨਟ ਤਰੰਗ ਉਪ ਤਲੈ ਕਹੂੰ ਜਨ। ਤਾਤੇ ਕਰਮ ਚਾਹੈ ਬੰਧਨ ਗਨ॥[91]

ਕੁਇਰ ਸਿੰਘ ਮੁਕਤੀ ਦੀ ਪ੍ਰਾਪਤੀ ਗੁਰੂ ਦੇ ਬਚਨਾਂ ਰਾਹੀਂ ਹੋਣੀ ਮੰਨਦਾ ਹੈ। ਪ੍ਰਯਾਗ ਵਿਖੇ ਗੋਬਿੰਦ ਰਾਏ ਜੀ ਨੇ ਬ੍ਰਾਹਮਣਾਂ ਦੀ ਬੇਨਤੀ ਸੁਣ ਕੇ ਉਨ੍ਹਾਂ ਨੂੰ ਸੁਖ ਅਤੇ ਮੁਕਤੀ ਦਾ ਵਰ ਦਿੱਤਾ :

ਸ੍ਰੀ ਗੁਰ ਭਨੇ "ਕਛੁ ਮਾਂਗ ਹੋ", "ਤਮ ਦੇਤ ਹੋ ਨਹੀ ਸੋਚਨੰ"।

ਤਬ ਤਾਂਹਿ ਮਾਗਯੋ ਸਾਂਤ ਸੁਖ, ਪੁਨਿ ਮੋਖ ਤ੍ਰਿਪਤ ਸੁ ਭੋਗਨੰ।

ਅਸ ਦੇਤ ਤਾਕੋ ਨਾਥ ਜੀ, ਬਡ ਸੋਭ ਤਾ ਪੁਰ ਪਾਵਹੀ।[92]

'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਪੇਸ਼ ਕੀਤੇ ਗਏ ਪਰਲੋਕ ਦੇ ਵਿਚਾਰ ਤੋਂ ਪਰੰਪਰਾਗਤ 'ਸਵਰਗ' ਜਾਂ ਭੌਤਿਕ ਤਤਾਂ ਦੇ ਦੇਸ ਆਦਿ ਦਾ ਭੁਲੇਖਾ ਨਾ ਪਵੇ, ਇਸ ਲਈ ਕਵੀ ਸੁੱਖਾ ਸਿੰਘ ਨੇ ਗੁਰੂ ਦੇ 'ਥਿਰ ਨਿਵਾਸ' ਨੂੰ ਬਿਆਨ ਕਰਕੇ ਸੱਚਖੰਡ ਦੇ ਵਿਚਾਰ ਨੂੰ ਸਪਸ਼ਟ ਕਰ ਦਿੱਤਾ ਹੈ :

ਧਰਮ ਗਗਨ ਜਿਹ ਦਿਸ ਨਹੀ ਪਾਨੀ ਪਵਨ ਅਕਾਰ।

---

[89] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 156-58, ਪੰਨਾ 245-46.
[90] ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 360.
[91] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 116, ਪੰਨਾ 266.
[92] ਉਹੀ, ਛੰਦ 98, ਪੰਨਾ 19.

ਸੁਧ ਚਿੰਤਨ ਸੁ ਦੇਸ ਵਹੁ ਜਿਹ ਗੁਰ ਬਸੇ ਦਯਾਰ॥

ਪਚਾਹਿਣ ਘਨ ਘੋਰ ਬਿਰਾਜੈ। ਜਗਮਗ ਜੋਤ ਸਦਾ ਜਿਹ ਗਾਜੈ।

ਤਾਂ ਪੁਰ ਬਸੈ ਸਾਧ ਵਹੁ ਜਾਈ। ਜੋ ਇਹ ਸਾਖੀ ਪ੍ਰੇਮ ਲਗਾਈ॥ [93]

ਕਵੀ ਸੁੱਖਾ ਸਿੰਘ ਨੇ ਜੀਵ ਦੇ ਆਵਾਗਵਣ ਤੋਂ ਮੁਕਤ ਹੋ ਕੇ ਜਿਸ ਥਾਂ ਨਿਵਾਸ ਦਾ ਵਰਨਣ ਕੀਤਾ ਹੈ ਉਹ 'ਗੁਰ ਦਰਸ਼ਨ' ਦੇ ਨੁਕਤੇ ਤੋਂ ਬਹੁਤ ਮਹੱਤਵਪੂਰਨ ਹੈ। ਕਵੀ ਅਨੁਸਾਰ ਉਸ ਅਸਥਾਨ ਨੂੰ ਧਰਤੀ, ਸਵਰਗ ਅਤੇ ਪਾਤਾਲ ਦੇ ਜੀਵਾਂ ਵਿਚੋਂ ਇਥੋਂ ਤੱਕ ਕਿ ਵਰੁਣ ਅਤੇ ਬ੍ਰਹਮਾ ਆਦਿ ਦੇਵਤਿਆਂ ਨੇ ਵੀ ਕਦੀ ਨਹੀਂ ਵੇਖਿਆ। ਵਿਸ਼ਵ ਦਾ ਮਾਲਕ ਕਹਾਉਣ ਵਾਲਾ ਸ਼ਿਵ ਅਤੇ ਰਾਜਾ ਕਹਾਉਣ ਵਾਲਾ ਇੰਦ੍ਰ ਉਸ ਦੀ ਇੱਕ ਕਿਰਨ ਦੀ ਚਮਕ ਮਾਤਰ ਹਨ। ਅਗਸਤ, ਪੁਲਸਤ ਅਤੇ ਵਿਸ਼ਿਸ਼ਟ ਆਦਿ ਮਹਾਨ ਤਪੀ ਆਪਣੀ ਸਾਰੀ ਘਾਲ ਪਿਛੋਂ ਜਿਸ ਅਕਾਲ ਪੁਰਖ ਬਾਰੇ ਕੁੱਝ ਕਹਿ ਸਕਣ ਦੇ ਸਮ੍ਰਥ ਨਹੀਂ ਹੋ ਸਕੇ, ਪੂਰਾ ਗੁਰੂ ਜੀਵ ਨੂੰ ਉਸ ਪਰਮਾਤਮਾ ਵਿਚ ਲਿਵਲੀਨ ਕਰ ਸਕਦਾ ਹੈ :

ਸੁਰਗ ਪਾਤਾਲ ਆਕਾਸ ਤੇ ਆਦਿ ਲੈ ਬਰਨ ਬਿਰੰਚ ਨਹ ਕਬਿ ਨਿਹਾਰੀ।

ਬਿਸ੍ਵ ਕੋ ਈਸ ਪ੍ਰਿਥੀਸ ਜਾ ਕੌ ਕਹੇ ਸੰਭੁ ਸੁਰੇਸ ਹੈ ਕਿਰਨ ਮਝਾਰੀ।

ਅਗਸਤ ਪੁਲਸਤ ਬਸਿਸਟ ਨੈ ਸੋਧ ਕੈ ਕਰੀ ਹੈ ਆਪ ਕੋ ਮੋਨ ਪਿਯਾਰੀ।

ਤਾਸ ਮੈ ਲੀਨ ਪਰਬੀਨ ਗੁਰ ਬਰ ਕਰੇ ਭਏ ਮਿਰਗੀਸ ਨਿਜ ਕੇਸ ਧਾਰੀ॥ [94]

ਕਵੀ ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ 'ਸੱਚਖੰਡ' ਦੀ ਪ੍ਰਾਪਤੀ ਨੂੰ ਜੀਵ ਦਾ ਸ਼ਿਰੋਮਣੀ ਉਦੇਸ਼ ਮੰਨਿਆ ਹੈ। ਕਵੀ ਨੇ ਮੁਕਤੀ ਦੀ ਥਾਂ ਗੁਰੂ ਸਾਹਿਬ ਦੇ ਚਰਨਾਂ ਵਿਚ ਰਹਿੰਦਿਆਂ ਆਨੰਦ ਦੀ ਪ੍ਰਾਪਤੀ ਨੂੰ ਆਦਰਸ਼ ਰੂਪ ਵਿਚ ਪੇਸ਼ ਕੀਤਾ ਹੈ। ਗੁਰੂ ਰਾਹੀਂ ਪਰਮਾਤਮਾ ਦੇ ਸਦਾ ਥਿਰ ਚਰਨਾਂ ਵਿਚ ਨਿਵਾਸ ਪ੍ਰਾਪਤ ਹੁੰਦਾ ਹੈ ਜਿਥੇ ਚਿੰਤਾ, ਰੋਗ, ਬੁਢਾਪਾ ਆਦਿ ਦੁਖ ਨਹੀਂ ਲੱਗ ਸਕਦੇ। ਸੁੱਖਾ ਸਿੰਘ ਅਨੁਸਾਰ ਗੁਰਸਿੱਖ ਗੁਰੁਸ਼ਬਦ ਨੂੰ ਸਮਝ ਕੇ ਦੇਹੀ ਅੰਦਰਲੇ ਅਮਰ ਲੋਕ ਨੂੰ ਖੋਜ ਲੈਂਦਾ ਹੈ ਅਤੇ ਸੰਸਾਰ ਦੇ ਮਾਇਆ ਜਾਲ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਸਾਹਿਬ ਦੀ ਦੱਸੀ ਰਹਿਤ ਨੂੰ ਧਾਰਨ ਕਰਕੇ ਜੀਵ ਅੰਮ੍ਰਿਤ ਦੇ ਭੰਡਾਰ ਨੂੰ ਪ੍ਰਾਪਤ ਕਰ ਸਕਦਾ ਹੈ ਜਿਸ ਦਾ ਸਦਕਾ ਉਸ ਦਾ ਆਵਾਗਵਣ ਭਾਵ ਜਨਮ-ਮਰਣ ਦਾ ਚੱਕਰ ਖਤਮ ਹੋ ਜਾਂਦਾ ਹੈ:

ਜੋ ਸਬਦ ਰਹਤ ਬਾਣੀ ਬਿਚਾਰ। ਜਿਹ ਲਯੋ ਸਮਝਿ ਆਛੈ ਸੁਧਾਰ॥

ਬਰ ਅਮਰ ਲੋਕ ਦੇਹੀ ਮੰਝਾਰ। ਜਿਹ ਲਖ੍ਯੋ ਆਛ ਤਜ ਕੈ ਜੰਜਾਰ।

---

[93] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 3-4, ਪੰਨਾ 250.

[94] ਉਹੀ, ਛੰਦ 34, ਪੰਨਾ 422.

ਸੋ ਆਨ ਜਾਨ ਤੇ ਗਯੋ ਛੂਟ। ਤਿਹ ਲਯੋ ਅਮੀ ਅਨਹਤ ਸੁ ਲੂਟ॥ [95]

ਸੁੱਖਾ ਸਿੰਘ ਉਪਰੋਕਤ ਬੰਦ ਵਿਚ ਮੁਕਤੀ ਪ੍ਰਾਪਤੀ ਲਈ ਦੇਹ ਦਾ ਅੰਤ ਲਾਜ਼ਮੀ ਨਹੀਂ ਮੰਨਦਾ। ਕਵੀ ਅਨੁਸਾਰ ਮੁਕਤੀ ਦੇਣ ਵਾਲਾ ਅੰਮ੍ਰਿਤ, ਦੇਹ ਦੇ ਵਿਚ ਹੀ ਮੌਜੂਦ ਹੈ ਜਿਸ ਨੂੰ ਜੀਵ ਨੇ ਗੁਰੁਸ਼ਬਦ ਦੇ ਆਸਰੇ ਨਾਲ ਖੋਜਣਾ ਹੈ। ਇਸ ਤਰ੍ਹਾਂ ਸੁੱਖਾ ਸਿੰਘ 'ਗੁਰ ਦਰਸ਼ਨ' ਦੇ ਜੀਵਨ-ਮੁਕਤੀ ਦੇ ਸਿਧਾਂਤ ਨੂੰ ਹੀ ਪੇਸ਼ ਕਰਦਾ ਹੈ। ਜੀਵਨ-ਮੁਕਤ ਹੋਣ ਤੋਂ ਭਾਵ ਹੈ ਕਿ ਮੁਕਤੀ ਮਰਣ ਉਪਰੰਤ ਨਹੀਂ ਸਗੋਂ ਜੀਵਨ ਜੀਉਦਿਆਂ ਹੀ ਮਨੁੱਖ ਮੁਕਤ ਹੋ ਸਕਦਾ ਹੈ। ਧਰਮ ਸਿੰਘ ਅਨੁਸਾਰ "In so far as the theme of liberation is concerned, the Sikh theology is not only distinct and independent but also very specific and definite. The concept of liberation in Sikh theology does not confine itself to the salvation or liberation of soul as it depart from human body at the time of death because that would mean it complete irrelevance to the society as a whole. It no doubt aims at the individual soul's ultimate union with the Supreme Soul because the former is a particle of the latter, a manifestation in historical dimension of the latter and must in the end merge with its source ... Such a person is also called *jiwan-mukta,* the one who has become librated not only from all ideas of social, economic and political discrimination and exploitation in his lifetime, but also from the soul's bondage in the further process of transmigration."[96]

ਕਵੀ ਸੁੱਖਾ ਸਿੰਘ ਅਨੁਸਾਰ ਜੀਵ ਦੇ ਆਪਣੇ ਕਰਮ ਅਤੇ ਵਾਸ਼ਨਾਵਾਂ ਹੀ ਉਸ ਦੀ ਮੁਕਤੀ ਵਿਚ ਰੁਕਾਵਟ ਹਨ। ਇਸ ਕਰਕੇ ਮੁਕਤੀ ਪ੍ਰਾਪਤੀ ਲਈ ਆਪਣੇ ਅੰਤਰ-ਮਨ ਦੀ ਪਵਿੱਤਰਤਾ ਲਾਜ਼ਮੀ ਹੈ। ਕਵੀ ਅਨੁਸਾਰ ਗੁਰੂ ਦੀ ਸ਼ਰਨ ਤੋਂ ਬਿਨਾਂ ਮਨੁੱਖ ਦੇ ਆਪਣੇ ਕੀਤੇ ਉਪਰਾਲੇ ਉਸਨੂੰ ਪਵਿੱਤਰਤਾ ਤੱਕ ਨਹੀਂ ਪਹੁੰਚਾ ਸਕਦੇ। ਗੁਰੂ ਦਾ ਮੇਲ ਪਰਮਾਤਮਾ ਦੀ ਕਿਰਪਾ ਨਾਲ ਹੁੰਦਾ ਹੈ ਇਸ ਲਈ ਜੀਵ ਦਾ ਮੁਕਤ ਹੋਣਾ ਜਾਂ ਬੰਧਨ ਵਿਚ ਰਹਿਣਾ ਅੰਤਮ ਰੂਪ ਵਿਚ ਪਰਮਾਤਮਾ ਦੇ ਹੁਕਮ ਉੱਪਰ ਨਿਰਭਰ ਕਰਦਾ ਹੈ। ਇਸ ਤਰ੍ਹਾਂ ਕਵੀ ਵੱਲੋਂ ਪੇਸ਼ ਕੀਤਾ ਮੁਕਤੀ ਦਾ ਸਿਧਾਂਤ 'ਕਰਮ' ਦੇ ਅਧੀਨ ਨਹੀਂ ਸਗੋਂ ਅਕਾਲ ਪੁਰਖ ਦੀ ਮਿਹਰ ਦੇ ਅਧੀਨ ਹੈ ਜੋ ਕਿ 'ਗੁਰ ਦਰਸ਼ਨ' ਦੇ ਸਿਧਾਂਤ ਦੇ ਅਨੁਕੂਲ ਹੈ।

---

95 ਉਹੀ, ਛੰਦ 120-21, ਪੰਨਾ 144.
96 Dharam singh, *Sikh theology of libration,* New Delhi: Harman Publishing Hous, 1991, p 31.

ਗੁਰੂ ਅਤੇ ਸ਼ਬਦ ਅਕਾਲ ਪੁਰਖ ਦਾ ਰੂਪ ਹਨ। ਪੰਜ ਭੂਤਕ ਸਰੀਰ ਦੇ ਅੰਦਰ ਸੂਖਮ ਪਰਮ ਤੱਤ ਮੌਜੂਦ ਹੈ। ਜੀਵ ਆਪਣੇ ਅੰਦਰ ਹੀ ਪਰਮ ਤੱਤ ਦੀ ਭਾਲ ਕਰ ਸਕਦਾ ਹੈ। ਮਾਇਕ ਵਿਸ਼ਿਆਂ ਤੋਂ ਸੁਰਤ ਨੂੰ ਰੋਕ ਕੇ ਆਤਮ ਤੱਤ ਉੱਪਰ ਇਕਾਗਰਤਾ ਨਾਲ ਅੰਮ੍ਰਿਤ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ :

ਇੜਾ ਪਿੰਗੁਲਾ ਨੌ ਗ੍ਰਿਹ ਪਾਰ। ਆਗੈ ਸਤਿਗੁਰ ਦੀਨ ਦਇਆਰ॥
ਆਪ ਮਧਿ ਜੋ ਨਿਰਖੇ ਆਪ। ਤਉ ਜਾਨੋ ਯਾ ਕੋ ਪਰਤਾਪ।
ਸੁਰਤ ਸੰਕੋਚ ਦਿਬ ਕਰ ਦਿਸਟ। ਚੀਨੈ ਅੰਮ੍ਰਿਤ ਏ ਰਸ ਮਿਸਟ॥[97]

ਭਗਤ ਬੇਣੀ ਜੀ ਨੇ ਜੀਵ ਦੇ ਨਉਂ ਭੌਤਕ ਅਤੇ ਦਸਵੇਂ ਸੂਖਮ ਦਰਵਾਜੇ ਦੇ ਰਹੱਸ ਨੂੰ ਖੋਲਿਆ ਹੈ। ਭਗਤ ਜੀ ਦੱਸਦੇ ਹਨ ਕਿ ਜੋ ਜੀਵ ਗੁਰੂ ਦੀ ਕਿਰਪਾ ਰਾਹੀਂ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ ਉਸ ਦਾ ਦਸਵਾਂ ਦਵਾਰ ਖੁਲ ਜਾਂਦਾ ਹੈ। ਅਜਿਹੇ ਜੀਵ ਨੂੰ ਸਰੀਰਕ ਅਭਿਆਸ, ਜੋਗ ਅਤੇ ਤੀਰਥਾਂ ਦੀ ਲੋੜ ਨਹੀਂ ਰਹਿੰਦੀ :

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥
ਬੇਣੀ ਸੰਗਮੁਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥
ਸੰਤਹੁ ਤਹਾ ਨਿਰੰਜਨ ਰਾਮੁ ਹੈ॥ ਗੁਰ ਗਮਿ ਚੀਨੈ ਬਿਰਲਾ ਕੋਇ॥
ਤਹਾਂ ਨਿਰੰਜਨੁ ਰਮਈਆ ਹੋਇ॥੧॥ ਰਹਾਉ॥
ਦੇਵ ਸਥਾਨੈ ਕਿਆ ਨੀਸਾਣੀ॥ ਤਹ ਬਾਜੇ ਸਬਦ ਅਨਾਹਦ ਬਾਣੀ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ॥ ਸਾਖੀ ਜਾਗੀ ਗੁਰਮੁਖਿ ਜਾਣੀ॥੨॥
ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥
ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥
ਉਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥੪॥[98]

ਗੁਰੂ ਅਮਰ ਦਾਸ ਜੀ ਅਨੁਸਾਰ ਗੁਰੂ ਦੀ ਕਿਰਪਾ ਅਤੇ ਭਾਵਨਾ ਨਾਲ ਦਸਮ ਦੁਆਰ ਦੇਖਿਆ ਜਾ ਸਕਦਾ ਹੈ। ਉਸ ਅਵਸਥਾ ਦੀ ਵਡਿਆਈ ਬਹੁਤ ਵੱਡੀ ਹੈ :

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥

---

[97] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 43-44, ਪੰਨਾ 276.
[98] ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਮਕਲੀ ਬਾਣੀ ਬੇਣੀ ਜੀਉ ਕੀ*, ਪੰਨਾ 974.

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ

ਦਸਵਾ ਗੁਪਤੁ ਰਖਾਇਆ॥

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥

ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ

ਵਾਜਾ ਪਵਣੁ ਵਜਾਇਆ॥[99]

ਕਵੀ ਸੁੱਖਾ ਸਿੰਘ ਨੇ ਨਾਰਦ ਮੁਨੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਨਿਲ ਖੰਭ ਭੇਟ ਕਰਨ ਦੀ ਸਾਖੀ ਦਰਜ ਕੀਤੀ ਹੈ। ਗੁਰੂ ਜੀ ਨੇ ਭੇਟ ਕੀਤੇ ਹੋਏ ਖੰਭ ਤੀਰ ਨਾਲ ਲਾ ਕੇ ਅਕਾਸ਼ ਵੱਲ ਚਲਾਏ ਤਾਂ ਉਹ ਤੀਰ ਮੁੜ ਧਰਤੀ ਤੇ ਵਾਪਸ ਨਹੀਂ ਆਏ। ਗੁਰੂ ਜੀ ਨੇ ਸਿੱਖਾਂ ਨੂੰ ਉਪਦੇਸ਼ ਕੀਤਾ ਕਿ ਜਿਸ ਤਰ੍ਹਾਂ ਇਹ ਅਨਿਲ ਖੰਭ ਦੀ ਛੂਹ ਨਾਲ ਤੀਰ ਅਨਿਲ ਦੇਸ ਵਿਚ ਪਹੁੰਚ ਗਏ ਹਨ ਇਸੇ ਤਰ੍ਹਾਂ ਹੀ ਗੁਰੂ ਦੇ ਸ਼ਬਦ ਦੀ ਛੂਹ ਨਾਲ ਜੀਵ ਗੁਰੂ ਦੇ ਦੇਸ਼ ਪਹੁੰਚ ਜਾਂਦਾ ਹੈ :

ਇਸੀ ਭਾਂਤਿ ਪਿਆਰੇ ਸਹੀ ਜਾਨ ਲੀਜੈ। ਭਨੋ ਭੇਦ ਛੋਰੰ ਨਹੀ ਸੰਕ ਕੀਜੈ।

ਗੁਰੂ ਦੀਨ ਬੰਧੰ ਅਕਾਸੰ ਪਰੀ ਹੈ। ਅਛੇਦੰ ਅਭੇਦੰ ਆਖੇਧੰ ਸਰੀ ਹੈ॥

ਜਹਾ ਰੋਗ ਚਿੰਤਾ ਦੁਖੀ ਸੂਖ ਦੋਈ। ਨਹੀ ਕਾਮ ਕ੍ਰੋਧੰ ਜਰਾ ਰੋਗ ਸੋਈ।

ਸਬੈ ਏਸ ਊਚੰ ਗੁਰੂ ਕੀ ਧਰੀ ਹੈ। ਜਿਤੀ ਸੁਧ ਬਾਣੀ ਗੁਰੂ ਕੀ ਕਰੀ ਹੈ॥

ਜਿ ਕੋ ਸਿਖ ਸੰਤੰ ਤਿਸੈ ਪ੍ਰੇਮ ਕੈਹੈ। ਲਏ ਆਪ ਬਾਣੀ ਘਰੰ ਕੋ ਸਿਧੈਹੈ।

ਜਹਾ ਨਾਥ ਆਲਾ ਦਿਪੈ ਜੋਤ ਭਾਰੀ। ਘੁਰੈ ਘੋਰ ਬਾਜੰ ਅਨੇਕੰ ਪ੍ਰਕਾਰੀ॥

ਮਹਾ ਸੁਧ ਦੇਸੰ ਪ੍ਰਵੇਸੰਤ ਸਾਧੂ। ਰਟੈ ਏਕ ਨਾਮੰ ਅਲੇਖੰ ਅਗਾਧੂ।

ਰਿਖੀ ਚੀਤ ਰੋਕੰ ਬਸੈ ਕੋਇ ਜਾਈ। ਜਿਸੰ ਪੂਰ ਭਾਗੰ ਲਿਖੈ ਲੇਖ ਆਈ॥[100]

ਕਵੀ ਕੁਇਰ ਸਿੰਘ ਗੁਰੂ ਛੋਹ ਰਾਹੀਂ ਮੁਕਤੀ ਦੇ ਸਿਧਾਂਤ ਨੂੰ ਸਥਾਪਤ ਕਰਨ ਲਈ ਗੁਰੂ ਜੀ ਦੇ ਸ਼ਿਕਾਰ ਖੇਡਣ ਦੀ ਸਾਖੀ ਪੇਸ਼ ਕਰਦਾ ਹੈ। ਗੁਰੂ ਜੀ ਦੇ ਸ਼ਿਕਾਰ ਖੇਡਣ ਨੂੰ ਬ੍ਰਾਹਮਣ ਨੇ ਪਾਪ ਆਖਿਆ ਤਾਂ ਗੁਰੂ ਜੀ ਨੇ ਸਭ ਮਾਰੇ ਹੋਏ ਜਾਨਵਰ ਜਿੰਦਾ ਕਰ ਦਿੱਤੇ। ਮੋਏ ਹੋਏ ਜਾਨਵਰਾਂ ਨੇ ਉਠ ਕੇ ਗੁਰੂ ਜੀ ਦੇ ਹੱਥੀਂ ਮਾਰੇ ਜਾਣ ਕਰਕੇ ਪ੍ਰਾਪਤ ਹੋਈ 'ਮੁਕਤੀ' ਬਾਰੇ ਇਸ ਤਰ੍ਹਾਂ ਦੱਸਿਆ :

---

[99] ਉਹੀ, *ਰਾਮਕਲੀ ਮਹਲਾ ੩ ਅਨੰਦੁ*, ਪੰਨਾ 922.
[100] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 37-40, ਪੰਨਾ 275-76.

ਯੌਂ ਸੁਨ ਪਸੁ ਲਹਿ ਜਿੰਦ ਨਸਾਨੇ। ਐਸ ਭਾਂਤਿ ਮੁਖ ਬੈਨ ਬਖਾਨੇ॥

"ਅਬ ਗੁਰ ਆਯਸ ਮਿਟਤੀ ਨਾਹੀ। ਹਮਰੋ ਸ੍ਰਾਪ ਬਿਪ੍ਰ ਕੋ ਆਹੀ।

ਹਮ ਛੂਟੇ ਤੇ ਜੋਨ ਨਿਜਾਰੀ। ਪਾਵੈਂ ਬਾਸ ਮੋਖ ਸੁਰਗਾਰੀ॥"[101]

ਕਵੀ ਸੁੱਖਾ ਸਿੰਘ ਅਨੁਸਾਰ 'ਮੁਕਤੀ' ਦੀ ਪ੍ਰਾਪਤੀ ਪ੍ਰੇਮ-ਭਾਵ ਨਾਲ ਗੁਰੂ ਜੀ ਦੀ ਅੰਮ੍ਰਿਤ ਰੂਪੀ ਕਥਾ ਸੁਣਨ ਨਾਲ ਪ੍ਰਾਪਤ ਹੁੰਦੀ ਹੈ :

ਇਹ ਬਿਧਿ ਅਦਭੁਤ ਧਯਾਇ ਬਖਾਨ੍ਯੋ। ਗੁਰ ਪ੍ਰਸਾਦਿ ਜੈਸੇ ਅਨੁਮਾਨ੍ਯੋ।

ਆਗੈ ਕਹੋ ਅਵਰ ਪੁਨ ਸਾਖੀ। ਅੰਮ੍ਰਿਤ ਰੂਪ ਪ੍ਰਗਟ ਮਮ ਲਾਖੀ॥

ਸੁਨੈ ਪ੍ਰੇਮ ਲਾਈ। ਚਿੰਤਾ ਕਾਲ ਜਾਈ।

ਲਹੈ ਸੁਖ ਐਸਾ। ਕ੍ਰਿਪਾਸਿੰਧ ਜੈਸਾ॥

ਬਸੈ ਤੌਨ ਆਲੈ। ਦਿਪੈ ਜੋਤ ਜੁਆਲੇ।

ਜਰਾ ਕਾਲ ਨਾਹੀ। ਤਿਸੈ ਧਾਮ ਜਾਹੀ॥[102]

ਕਵੀ ਸੁੱਖਾ ਸਿੰਘ ਵੱਲੋਂ ਇਸ ਬੰਦ ਵਿਚ ਪੇਸ਼ ਕੀਤਾ ਗਿਆ ਮੁਕਤੀ ਦਾ ਸਰੂਪ ਗੁਰਮਤਿ ਦੇ 'ਸੱਚਖੰਡ' ਦੇ ਸਿਧਾਂਤ ਦਾ ਪੂਰੀ ਤਰ੍ਹਾਂ ਅਨੁਸਾਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਨੂੰ ਜਗਦੀ ਜੋਤਿ ਦੇ ਰੂਪ ਵਿਚ ਪੇਸ਼ ਕੀਤਾ ਹੈ :

ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥[103]

ਗੁਰੂ ਅਰਜਨ ਦੇਵ ਜੀ ਗੁਰਮਤਿ ਵਿਚ ਅੰਤਮ ਪ੍ਰਾਪਤੀ ਦਾ ਵਸੀਲਾ ਸਾਧ ਸੰਗਤ ਨੂੰ ਦੱਸਦੇ ਹਨ, ਜਿਸ ਨਾਲ ਪਰਮ ਗਿਆਨ, ਪਰਮ ਜੋਤਿ ਵਿਚ ਲਿਵਲੀਨਤਾ ਅਤੇ ਆਵਾਗਵਣ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ :

ਕਬਹੂ ਸਾਧਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥

ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥

ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥

---

[101] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 22-23, ਪੰਨਾ 93.
[102] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 439-41, ਪੰਨਾ 90.
[103] ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਤੀਜੀ, *ਸਵਯੇ,* ਪੰਨਾ

ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥[104]

ਕਵੀ ਸੁੱਖਾ ਸਿੰਘ ਨੇ ਜੀਵ ਦੇ ਬੰਧਨਾਂ ਦੀ ਖਲਾਸੀ ਲਈ ਗੁਰੂ ਨੂੰ ਹੀ ਇੱਕੋ-ਇੱਕ ਵਸੀਲਾ ਮੰਨਿਆ ਹੈ। ਕਵੀ ਅਨੁਸਾਰ ਗੁਰੂ ਦੇ ਕਰ ਕਮਲਾਂ ਦੀ ਛੂਹ ਮਾਤਰ ਨਾਲ ਹੀ ਜੀਵ ਦਾ ਉਧਾਰ ਹੋ ਜਾਂਦਾ ਹੈ। 'ਭੰਗਾਣੀ ਬਿਜੈ' ਅਧਿਆਏ ਵਿਚ ਕਵੀ ਨੇ ਇੱਕ ਸ਼ੇਰ ਦੇ ਸ਼ਿਕਾਰ ਦੀ ਸਾਖੀ ਪੇਸ਼ ਕੀਤੀ ਹੈ। ਗੁਰੂ ਜੀ ਨੇ ਸਿੰਘਾਂ ਨੂੰ ਦੱਸਿਆ ਕਿ ਇਹ ਸ਼ੇਰ ਪਾਂਡਵਾਂ ਦੇ ਸਮੇਂ ਵਿਚ ਇੱਕ ਮਹਾਨ ਯੋਧਾ ਸੀ, ਜੋ ਕਰਮਾਂ ਦੇ ਵੱਸ ਸ਼ੇਰ ਦੀ ਜੂਨ ਵਿਚ ਪੈ ਗਿਆ। ਗੁਰੂ ਜੀ ਦੇ ਹੱਥੋਂ ਮਰਨ ਕਰਕੇ ਉਹ ਸ਼ੇਰ ਪੂਰਨ ਸ਼ੁਧ ਹੋ ਗਿਆ ਅਤੇ ਉਸ ਦੀ ਜੂਨਾਂ ਵਿਚ ਭਟਕਣਾਂ ਖਤਮ ਹੋ ਗਈ :

ਬੀਰ ਹੁਤੋ ਇਹ ਤੌਨ ਸਮੇ ਅਬ ਕੇਹਰ ਜੋਨਿ ਧਰੀ ਜਗ ਆਈ।
ਅੰਨ ਜੁ ਕਾਮ ਨ ਥੋ ਇਹ ਮਾਰਨ ਬੀਰ ਸੁਨੋ ਸਬ ਮੋਦ ਬਢਾਈ।
ਕਾਟ ਸੁ ਜੌਨ ਦਈ ਇਹ ਕੀ ਅਬ ਸੁਧ ਭਯੋ ਜਸੁ ਕੰਚਨ ਹਾਈ।[105]

ਕਵੀ ਕੁਇਰ ਸਿੰਘ ਨੇ ਗੁਰਮਤਿ ਵਿਚ ਮੁਕਤੀ ਪ੍ਰਾਪਤੀ ਦੇ ਬਿਲਕੁਲ ਵੱਖਰੇ ਢੰਗ ਨੂੰ ਪੇਸ਼ ਕੀਤਾ ਹੈ। ਇਹ ਢੰਗ ਹੈ ਧਰਮ-ਯੁੱਧ ਅਤੇ ਸ਼ਹਾਦਤ ਦਾ। ਚਮਕੌਰ ਦੀ ਗੜ੍ਹੀ ਵਿਚ ਗੁਰੂ ਜੀ ਨੇ ਘਿਰੇ ਹੋਏ ਸਿੰਘਾਂ ਨੂੰ ਮੁਕਤੀ ਅਤੇ ਰਾਜ-ਭਾਗ ਪ੍ਰਾਪਤੀ ਦਾ ਢੰਗ ਇਸ ਤਰ੍ਹਾਂ ਦੱਸਿਆ ਹੈ :

ਸ੍ਰੀ ਗੁਰ ਕਹਯੋ, "ਜੈਸ ਤੁਮ ਕਰੋ। ਤੈਸੇ ਬਾਤ ਕਰੋ ਜੇ ਚਹੋ॥
ਜੇ ਕਰ ਧਰਮ ਧਰੋ ਕਰ ਜੰਗਾ। ਪੁਨਿ ਪਾਵੋਗੇ ਰਾਜ ਨਿਸੰਗਾ।
ਰਾਜ ਪਾਇ ਪੁਨਿ ਮੋਖ ਕਰਾਹੀ। ਯਾ ਬਿਧਿ ਪੇਖ ਲਹੋ ਮਨ ਮਾਹੀ॥"[106]

ਗੁਰੂ ਪਿਆਰੇ ਸਿੰਘਾਂ ਨੇ ਅਗੋਂ ਜੋ ਜਵਾਬ ਦਿੱਤਾ ਉਹ ਕਾਬਲੇ ਗੌਰ ਹੈ। ਸਿੰਘ ਗੁਰੂ ਜੀ ਤੋਂ ਰਾਜ ਜਾਂ ਮੁਕਤੀ ਦੀ ਥਾਂ ਅਗਲੇ ਜਨਮ ਵਿਚ ਵੀ ਚਰਨਾਂ ਦੀ ਸੇਵਾ ਮੰਗਦੇ ਹਨ :

ਹੋਇ ਬਿਦਾ ਇਮ ਭਾਖਤ ਹੈਂ ਪ੍ਰਭੁ, ਮੇਲ ਤੁਮੈ ਕਬ ਹੋਇ ਲਖਾਹੀ।
ਦੂਸਰ ਜਨਮ ਮਿਲੈ ਤੁਮ ਕੋ ਪ੍ਰਭੁ, ਦਾਨ ਦਿਜੈ ਨਹਿ ਆਨ ਸੁ ਜਾਹੀ।
ਯੌਂ ਕਹਿ ਕੇ ਲਹਿ ਕੇ ਚਹਿ ਕੇ ਤਬ, ਆਵਤ ਸਿੰਘਨ ਜਜੋਂ ਭਭਕਾਂਹੀ।
ਸੀਸ ਅਰਦਾਸ ਕਰਾਵਤ ਹੈਂ, ਗੁਰ ਪਾਹਿ ਖੁਸੀ ਲਹਿ ਯਾਰਨ ਮਾਹੀ॥[107]

---

[104] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਗਉੜੀ ਸੁਖਮਨੀ ਮ: ੫*, ਪੰਨਾ 278.
[105] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 54, ਪੰਨਾ 96.
[106] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 82-83, ਪੰਨਾ 178.
[107] ਉਹੀ, ਛੰਦ 91, ਪੰਨਾ 179.

ਸਿੱਖ ਧਰਮ ਵਿਚ ਸਵਰਗ ਦਾ ਸੰਕਲਪ ਬਾਕੀ ਧਰਮਾਂ ਦੇ ਸਵਰਗ ਦੇ ਸੰਕਲਪਾਂ ਤੋਂ ਵੱਖਰਾ ਹੈ। ਸਿੱਖ ਸਿਧਾਂਤ ਅਨੁਸਾਰ ਗੁਰੂ ਅਤੇ ਸੰਤ ਜਨਾਂ ਦੀ ਸਤਿਸੰਗਤ ਹੀ ਸਿੱਖ ਲਈ ਸਵਰਗ ਅਤੇ ਸੱਚਖੰਡ ਹੈ ਜਿਥੇ ਬੈਠ ਕੇ ਉਸ ਦੇ ਸਾਰੇ ਦੁਖ, ਰੋਗ, ਸੰਤਾਪ ਅਤੇ ਵਿਕਾਰ ਆਨੰਦ ਵਿਚ ਬਦਲ ਜਾਂਦੇ ਹਨ। ਧਰਮ ਸਿੰਘ ਸਵਰਗ ਦੇ ਸਿੱਖ ਸੰਕਲਪ ਦੀ 'ਮੀਮਾਂਸਾ' ਦੇ ਸਵਰਗ ਨਾਲ ਤੁਲਨਾ ਕਰਦਿਆਂ ਲਿਖਦੇ ਹਨ "The Sikh conception of *sawarga* or paradise is different from that of other religious traditions. It is not an independent and distinct geographical entity, beyond this world, as the Mimansa school hold, where man can enjoy divine pleasures ... the Sikh spiritual ideal is not the *swarga* of some yonder region. If he aspires for the *sawarga,* it is on this very earth where the *gurmukh* meet in congregation to sing His praises."[108] ਸੁੱਖਾ ਸਿੰਘ ਨੇ ਸੰਗਤ ਨੂੰ ਹੀ ਸੱਚਖੰਡ ਦੱਸਿਆ ਹੈ ਜਿਸ ਰਾਹੀਂ ਜੀਵ ਆਪਣੇ ਅਸਲੇ ਨੂੰ ਪਛਾਣ ਕੇ ਦੁਖਾਂ ਦੀ ਥਾਂ ਸੁਖ ਪ੍ਰਾਪਤ ਕਰ ਸਕਦਾ ਹੈ :

ਸਚਖੰਡ ਸੰਗਤ ਮਹ ਜਾਵੈ। ਨਿਜ ਸਰੂਪ ਨਿਰਖਤ ਬਿਸਮਾਵੈ॥
ਨਾਮ ਦਾਨ ਸੰਗ ਕਰੈ ਜੁ ਪ੍ਰੀਤ। ਪਾਵੈ ਪ੍ਰਬਲ ਅਧਿਕ ਸੁਭ ਨੀਤ॥[109]

ਕੁਇਰ ਸਿੰਘ ਨੇ ਜੀਵ ਦੇ ਜਨਮ-ਮਰਨ ਦੇ ਗੇੜ ਨੂੰ ਬਹੁਤ ਮਾਰਮਿਕ ਢੰਗ ਨਾਲ ਪੇਸ਼ ਕਰਦਿਆਂ ਸੰਗਤ ਨੂੰ ਅੰਤਮ ਟਿਕਾਣੇ ਵਜੋਂ ਪੇਸ਼ ਕੀਤਾ ਹੈ। ਸੰਗਤ ਵਿਚ ਪ੍ਰਾਪਤ ਬਿਬੇਕ ਨਾਲ ਜਨਮ ਮਰਨ ਦਾ ਭੈ ਇਸ ਤਰ੍ਹਾਂ ਖਤਮ ਹੋ ਜਾਂਦਾ ਹੈ ਜਿਵੇਂ ਰੱਸੀ ਨੂੰ ਜਾਣ ਲੈਣ ਤੇ ਸੱਪ ਦਾ ਡਰ ਖਤਮ ਹੋ ਜਾਂਦਾ ਹੈ:

ਭੋਗ ਚੌਰਾਸੀ ਅੰਤ ਮਯਾ ਕਰ। ਲਹਤ ਦੇਹ ਮਾਨੁਖ ਕੀ ਆਤੁਰ।
ਮਾਤ ਗਰਭ ਮੈ ਅਤਿ ਦੁਖ ਪਾਏ। ਜੇਰ ਗ੍ਰਿੰਥ ਮੈ ਸਿਰ ਤਲਵਾਏ॥
ਲੋਹ ਤਾਰ ਜਿਮ ਜਨਮ ਲਹਾਈ। ਪੁਨਿ ਬਾਲਕ ਮੈ ਅਤਿ ਦੁਖ ਪਾਈ।
ਜਵਾ ਬ੍ਰਿਧ ਪੁਨਿ ਦੂਖਨ ਧਾਮਾ। ਇਕ ਸਤਿਸੰਗਤਿ ਮੈ ਬਿਸ੍ਰਾਮਾ॥
ਜਬ ਬਿਬੇਕ ਪ੍ਰਗਟੈ ਰਿਦੈ, ਖਟ ਗੁਨ ਕਰੈ ਨਿਵਾਸ।
ਜਨਮ ਮਰਨ ਭ੍ਰਮ ਭਾਸ ਹੈ, ਜਿਮ ਰਜੁ ਲਖ ਅਹਿ ਨਾਸ॥[110]

ਕੁਇਰ ਸਿੰਘ ਨੇ ਮੁਕਤੀ ਦੇ ਨਵੇਕਲੇ ਸਿੱਖ ਸਿਧਾਂਤ ਨੂੰ ਪੇਸ਼ ਕਰਦਿਆਂ ਪਰਉਪਕਾਰ ਲਈ ਦਿੱਤੀ

---

108 Dharam Singh, *Sikh Theology of Liberation,* New Delhi: Harman Publishing House, 1991, p 81.
109 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 19, ਪੰਨਾ 2.
110 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 118-20, ਪੰਨਾ 266-67.

ਸ਼ਹਾਦਤ ਨੂੰ ਮੁਕਤੀ ਪ੍ਰਾਪਤੀ ਦੱਸਿਆ ਹੈ। ਚਾਲੀ ਮੁਕਤਿਆਂ ਦੀ ਸ਼ਹਾਦਤ ਦਾ ਸਦਕਾ ਹੀ ਮੁਕਤਸਰ ਵਰਗੇ ਪਵਿੱਤਰ ਅਸਥਾਨ ਦੀ ਸਥਾਪਨਾ ਹੋਈ :

ਸਿਰ ਦੈ ਸਭ ਮੁਕਤੇਸਰ ਲਰੇ। ਨਾਮ ਮੁਕਤ ਸਰ ਤਾ ਤੇ ਧਰੇ।[111]

ਅਜਿਹੇ ਮੁਕਤ ਮਨੁੱਖ ਰਿਧ-ਸਿਧ, ਧਰਤੀ ਅਤੇ ਸਵਰਗ ਦੇ ਰਾਜ ਭਾਗ ਦੀ ਥਾਂ ਪਰਉਪਕਾਰ ਦੇ ਅਭਿਲਾਖੀ ਹੁੰਦੇ ਹਨ। ਗੁਰੂ ਜੀ ਨੇ ਮੁਕਤਸਰ ਵਿਖੇ ਫੱਟੜ ਹੋਏ ਮੁਕਤੇ ਸਿੰਘਾਂ ਨੂੰ ਵਰ ਮੰਗਣ ਲਈ ਬਚਨ ਕੀਤਾ ਤਾਂ ਉਨ੍ਹਾਂ ਨੇ ਆਪ ਨੂੰ 'ਬੇਦਾਵਾ' ਪਾੜਨ ਲਈ ਬੇਨਤੀ ਕੀਤੀ। ਕਵੀ ਅਨੁਸਾਰ ਗੁਰੂ ਜੀ ਨੂੰ ਇਹ ਬੇਦਾਵਾ ਉਨ੍ਹਾਂ ਮੁਕਤਿਆਂ ਨੇ ਨਹੀਂ ਸਗੋਂ ਕੁਝ ਹੋਰ ਸਿੰਘ ਨੇ ਦਿੱਤਾ ਸੀ। ਗੁਰੂ ਜੀ ਨੇ ਮੁਕਤਿਆਂ ਨੂੰ ਆਪਣੇ ਵਾਸਤੇ ਕੁੱਝ ਮੰਗਣ ਲਈ ਕਿਹਾ :

"ਭਗਤਿ ਵੈਕੁੰਠ ਸੁਰਗ ਕਿਨ ਲੀਜੈ। ਚੌਦਹਿ ਲੋਕ ਰਾਜ ਕਿਨ ਕੀਜੈ॥
ਜੋ ਟੂਟੈ ਜਾਵਨ ਤਿਹ ਦੀਜੈ ਤਿਨ ਬੇਮੁਖ ਕਾ ਨਾਮ ਨ ਲੀਜੈ।"[112]

ਅਗੋਂ ਸਿੰਘਾਂ ਨੇ ਬੇਨਤੀ ਕੀਤੀ:

"ਰਿੱਧਿ ਸਿੱਧਿ ਜੋ ਚਾਰ ਪਦਾਰਥ। ਹਮ ਲੇਵੇਂ ਨਹੀ ਅਪਨੇ ਸ੍ਵਾਰਥ।
ਤੁਮ ਪਰ ਸ੍ਵਾਰਥ ਦੇਹ ਜੋ ਧਰੀ। ਖੁਲੇ ਕਿਵਾੜ ਸਮਝ ਇਹ ਪਰੀ"॥[113]

ਇਸ ਤਰ੍ਹਾਂ ਕਵੀ ਗੁਰੂ ਸਾਹਿਬ ਅਤੇ ਸਿੰਘਾਂ ਦੇ ਵਾਰਤਾਲਾਪ ਰਾਹੀਂ ਵਾਹਿਗੁਰੂ ਦੀ ਸੱਚੀ ਪ੍ਰੀਤ ਦਾ ਮੁਕਤੀ ਤੋਂ ਵੀ ਉੱਚੇ ਹੋਣ ਦਾ ਸਿਧਾਂਤ ਪੇਸ਼ ਕਰਦਾ ਹੈ। ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ :

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥[114]

ਕਵੀ ਸੁੱਖਾ ਸਿੰਘ ਨੇ ਗੁਰੂ ਵੱਲੋਂ ਚਲਾਏ ਧਰਮ ਦੇ ਮਾਰਗ ਤੇ ਸ਼ਹਾਦਤ ਦੇਣ ਨੂੰ ਜੀਵਨ ਦੀ ਸ਼ਿਰੋਮਣੀ ਪ੍ਰਾਪਤੀ ਦੱਸਿਆ ਹੈ। ਸੰਗੋ ਸ਼ਾਹ ਜੀ ਦੀ ਸ਼ਹਾਦਤ ਤੇ ਕਵੀ ਨੇ ਪਰਲੋਕ ਵਿਚ ਉਨ੍ਹਾਂ ਦੀ ਹੋ ਰਹੀ ਜੈਕਾਰ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਉਤੈ ਖਾਨ ਮਾਰਾ। ਇਤੇ ਸਿੰਘ ਸਵਾਰਾ।
ਗਿਰੈ ਬਾਣ ਆਲੈ। ਗਯੋ ਜਸੁ ਨਾਲੇ।

---

[111] ਉਹੀ, ਛੰਦ 84, ਪੰਨਾ 208.
[112] ਉਹੀ, ਛੰਦ 76-77, ਪੰਨਾ 208.
[113] ਉਹੀ, ਛੰਦ 77-78, ਪੰਨਾ 208.
[114] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਦੇਵਗੰਧਾਰੀ ੫,* ਪੰਨਾ 534.

ਇਤੈ ਹਾਹਾਕਾਰਾ। ਉਤੈ ਜੈ ਜੈ ਕਾਰਾ।[115]

'ਗੁਰਮਤਿ' ਵਿਚ ਇਕੱਲੀ ਆਤਮਿਕ ਮੁਕਤੀ ਨੂੰ ਪੂਰਨ ਨਹੀਂ ਮੰਨਿਆ ਗਿਆ ਬਲਕੀ ਮਨੁੱਖ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਦੀ ਅਜਾਦੀ ਨੂੰ ਵੀ ਉਸ ਦੀ ਪਰਮਾਥਕ ਮੁਕਤੀ ਨਾਲ ਜੋੜਿਆ ਗਿਆ ਹੈ। ਭਗਤ ਨਾਮਦੇਵ ਜੀ ਦਾ ਸ਼ਬਦ "ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ"[116] ਸਿੱਖ-ਮੁਕਤੀ ਦੇ ਸੰਸਾਰਕ ਸਰੋਕਾਰ ਨੂੰ ਪੇਸ਼ ਕਰਦਾ ਹੈ। ਧਰਮ ਸਿੰਘ ਅਨੁਸਾਰ "Since Sikhism integrates the concept of *miri* (temporal authority) and piri (spirituality), *mukti* in Sikhism also implies man's liberation from social, economic and political injustice, oppression and exploitation along with the liberation of soul from the cycle of birth and death."[117] ਕਵੀ ਸੁੱਖਾ ਸਿੰਘ ਨੇ ਧਰਮ-ਯੁੱਧ ਨੂੰ ਪਵਿੱਤਰ ਕਾਰਜ ਦੱਸਿਆ ਹੈ। ਕਵੀ ਅਨੁਸਾਰ ਧਰਮ-ਯੁੱਧ ਵਿਚ ਸ਼ਹਾਦਤ ਪ੍ਰਾਪਤ ਹੋਣ ਤੇ ਪਰਮਾਤਮਾ ਦੇ ਚਰਨਾਂ ਵਿਚ ਨਿਵਾਸ ਪ੍ਰਾਪਤ ਹੁੰਦਾ ਹੈ:

ਜੌ ਜਿਤ ਹੈ ਜਸ ਹ੍ਵੈ ਜਗ ਮਾਹੀ। ਜੂਝੈ ਸ੍ਰੀ ਹਰਿ ਪੁਰ ਕੋ ਜਾਹੀ॥
ਇਹ ਸਮ ਅਵਰ ਬਾਤ ਨਹ ਕਾਈ। ਦੀਨ ਮਜਬ ਕਾ ਜੁਧ ਸੋ ਭਾਈ ...
ਛਤ੍ਰੀ ਕੋ ਦੁਰਲਭ ਜਗ ਆਹਿ। ਜੁਧ ਸਮਾਨ ਅਵਰ ਪੁਨ ਨਾਹਿ।
ਜੇਤਕ ਪਗ ਸਨਮੁਖ ਹ੍ਵੈ ਲਰਹੀ। ਤੇਤਕ ਬਰਖ ਸਵਰਗ ਫਿਰ ਫਿਰਹੀ॥
ਜਿਤੈ ਬੂੰਦ ਲੋਹੂ। ਗਿਰੇ ਆਗ ਓਹੂ।
ਭੁਗੈ ਜਾ ਬੈਕੁੰਠਾ। ਨਹੀ ਬਾਤ ਝੁੰਠਾ॥[118]

ਖਿਦਾਰਣੇ ਦੀ ਢਾਬ ਤੇ ਸੂਬਾ ਸਰਹੰਦ ਦੀ ਫੌਜ ਨਾਲ ਜੂਝਣ ਵਾਲੇ ਸਿੰਘਾਂ ਨੂੰ ਗੁਰੂ ਸਾਹਿਬ ਨੇ 'ਮੁਕਤੇ' ਕਿਹਾ ਹੈ। ਸ਼ਹਾਦਤ ਰਾਹੀਂ ਮੁਕਤੀ ਪ੍ਰਾਪਤ ਕਰਨ ਵਾਲੇ 'ਮੁਕਤਿਆਂ' ਦੇ ਨਾਂ ਤੇ ਹੀ ਗੁਰੂ ਸਾਹਿਬ ਨੇ ਖਿਦਰਾਣੇ ਦਾ ਨਾਮਕਰਨ 'ਮੁਕਤਸਰ ਸਹਿਬ' ਕੀਤਾ :

ਖਿਦਰਾਣਾ ਕਰਿ ਮੁਕਤਸਰ ਮੁਕਤ ਮੁਕਤ ਸਭ ਕੀਨ।
ਹੋਇ ਸਾਬਤ ਜੂਝੇ ਜਬੈ ਬਡੋ ਮਰਤਬੇ ਲੀਨ॥[119]

---

[115] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 281-82, ਪੰਨਾ 113.
[116] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਮਲਾਰ* (ਭਗਤ ਨਾਮਦੇਵ ਜੀ), ਪੰਨਾ 1292.
[117] Dharam Singh, *Sikh Theology of Libration*, p 41.
[118] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 62-65, ਪੰਨਾ 201-02.
[119] *ਕਹੇ ਮੁਕਤ ਸਾਜੁਜੰ ਜਿਨੇ ਰਣੰ ਮਚਾਇਯੋ। ਸੁ ਆਨ ਜਾਨ ਬੰਧਨੰ ਤਿਨੇ ਤਰਾਸ ਟਾਰਿਯੋ॥*
ਉਹੀ, ਛੰਦ 250, ਪੰਨਾ 355. ਅਤੇ ਛੰਦ 104, ਪੰਨਾ 295.

## ਗੁਰਬਿਲਾਸ ਪਾਤਸ਼ਾਹੀ ੧੦ : ਸਿੱਖ ਅਧਿਆਤਮ

### (i) ਗੁਰੂ

'ਗੁਰੂ' ਜੀਵ ਦਾ 'ਅਕਾਲ ਪੁਰਖ' ਨਾਲ ਮਿਲਾਪ ਕਰਵਾਉਣ ਵਾਲਾ ਹੈ। ਸਿੱਖ ਧਰਮ ਵਿਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਨੂੰ ਇੱਕ ਜੋਤਿ ਮੰਨਿਆ ਗਿਆ ਹੈ। ਕਾਨ੍ਹ ਸਿੰਘ ਨਾਭਾ ਅਨੁਸਾਰ "ਗੁਰੂ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ, ਜੋ ਅਗਜਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗਜਾਨ ਸਮਝਾਉਂਦਾ ਹੈ, ਉਹ ਗੁਰੂ ਹੈ।"[120] ਗੁਰੂ ਆਪਣੇ ਸਿੱਖ ਨੂੰ ਨਾ ਸਿਰਫ ਚੰਗੇ ਰਾਹ ਦਾ ਉਪਦੇਸ਼ ਕਰਨ ਵਾਲਾ ਹੈ ਸਗੋਂ ਉਸ ਦਾ ਜੀਵਨ ਆਦਰਸ਼ ਵੀ ਹੈ। ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿਚ "ਸੱਚ ਤਾਂ ਇਹ ਹੈ ਕਿ ਗੁਰਮਤਿ ਵਿਚ ਗੁਰੂ ਦਾ ਓਹੀ ਸਥਾਨ ਹੈ ਜੋ ਸਰੀਰ ਵਿਚ ਰੀੜ ਦੀ ਹੱਡੀ ਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਕੋਈ ਪੰਨਾ ਨਹੀਂ ਜਿਸ ਵਿਚ ਗੁਰੂ ਦੇ ਮਹੱਤਵ, ਸਰੂਪ ਅਤੇ ਲੋੜ ਉੱਤੇ ਪ੍ਰਤੱਖ ਜਾਂ ਪਰੋਖ ਰੂਪ ਵਿਚ ਪ੍ਰਕਾਸ਼ ਨਾ ਪਾਇਆ ਗਿਆ ਹੋਵੇ। 'ਮੂਲ' ਮੰਤ੍ਰ ਵਿਚ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਗੁਰੂ ਦੀ ਕ੍ਰਿਪਾ ਦੱਸਿਆ ਗਿਆ ਹੈ।"[121]

'ਗੁਰਬਿਲਾਸ ਪਾਤਸ਼ਾਹੀ ੧੦' ਰਚਨਾ ਪੂਰੇ ਤੌਰ ਤੇ ਗੁਰੂ ਸ਼ਖਸੀਅਤ, ਗੁਰੂ ਸੋਭਾ ਅਤੇ ਭਗਤੀ ਨੂੰ ਸਮਰਪਿਤ ਹੈ। ਪਰ ਕਵੀ ਸੁੱਖਾ ਸਿੰਘ ਨੇ ਬਹੁਤ ਸਪਸ਼ਟ ਕਹਿ ਦਿੱਤਾ ਹੈ ਕਿ ਗੁਰੂ ਦੀ ਸ਼ਖਸੀਅਤ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਕਵੀ ਅਨੁਸਾਰ ਜੇਕਰ ਸਰਸਵਤੀ ਦੇਵੀ ਵਕਤਾ ਹੋਵੇ, ਜੰਗਲ ਕਲਮਾਂ ਹੋਣ, ਸਮੁੰਦਰ ਸਿਆਹੀ ਹੋਵੇ, ਸੱਤ ਦੀਪ ਕਾਗਜ਼ ਹੋਣ ਅਤੇ ਗਣੇਸ਼ ਵਰਗਾ ਤੇਜ਼ ਲਿਖਾਰੀ ਹੋਵੇ ਤਾਂ ਵੀ ਗੁਰੂ ਦੀ ਸੋਭਾ ਬਿਆਨ ਨਹੀਂ ਕੀਤੀ ਜਾ ਸਕਦੀ :

ਸਾਰਸੁਤੀ ਬਕਤਾ ਕੋਊ ਕਰੈ। ਲੇਬਨ (ਲੇਖਨ)[122] ਬਨ ਸਾਗਰ ਮਸ ਧਰੈ।
ਕਾਗਦ ਦੀਪ ਗਨੇਸ ਲਿਖਾਰੀ। ਤਦਪ ਗੁਰ ਜਸੁ ਅੰਤ ਨ ਪਾਰੀ॥ [123]

ਕਵੀ ਸੁੱਖਾ ਸਿੰਘ ਆਪਣੀ ਰਚਨਾ ਦਾ ਸਭ ਤੋਂ ਪਹਿਲਾ ਬੰਦ 'ਗੁਰੂ' ਨੂੰ ਸਮਰਪਿਤ ਕਰਦਿਆਂ ਹੋਇਆਂ ਗੁਰੂ ਪ੍ਰਤੀ ਆਪਣੀ ਅਥਾਹ ਸ਼ਰਧਾ ਪਰਗਟ ਕਰਦਾ ਹੈ। ਕਵੀ ਲਈ ਗੁਰੂ ਤੋਂ ਬਿਨਾਂ ਸੰਸਾਰ ਵਿਚ ਹੋਰ ਦੂਜਾ ਕੋਈ ਆਸਰਾ ਨਹੀਂ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਤੱਕ ਦਸ ਗੁਰੂ ਸਾਹਿਬਾਨ ਨੂੰ ਕਵੀ ਨੇ ਇੱਕ ਜੋਤਿ ਮੰਨਿਆ ਹੈ :

---

120 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 415.
121 ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 419.
122 Manuscript number - 000347, Folio number - 0413, Stanza- 409, Punjab Digital Library, Sector 28-A, Chandigarh. or http://www.panjabdigilib.org
123 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 208, ਪੰਨਾ 327.

ਸਕਲ ਬਿਘਨ ਅਘ ਹਰਨ ਕੋ ਤਿਮਰ ਤਪਤ ਅਗਿਆਨ।

ਗੁਰ ਨਾਨਕ ਗੋਬਿੰਦ ਸਿੰਘ ਬਿਨ ਅਵਰ ਨ ਜਗ ਮਹਿ ਆਨ॥[124]

'ਗੁਰ ਦਰਸ਼ਨ' ਦੇ ਅਧਿਆਤਮਿਕ ਭਾਗ ਵਿਚ 'ਗੁਰੂ' ਦਾ ਸਿਧਾਂਤ ਸਭ ਤੋਂ ਵੱਧ ਮਹੱਤਵਪੂਰਨ ਹੈ। ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ ਗੁਰੂ ਦੀ ਸ਼ਖਸੀਅਤ, ਮਹਾਨਤਾ ਅਤੇ ਲੋੜ ਨੂੰ ਬਹੁਤ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਕੁਇਰ ਸਿੰਘ ਨੇ ਆਪਣੀ ਰਚਨਾ ਦੇ ਮੰਗਲਾਚਰਣ ਵਿਚ ਅਕਾਲ ਪੁਰਖ ਦੇ ਗੁਣ ਗਾਉਣ ਪਿਛੋਂ ਭਵਜਲ ਸੰਸਾਰ ਵਿਚ ਮਨੁੱਖਾ ਜਨਮ ਦੀ ਸਫਲਤਾ ਲਈ ਗੁਰੂ ਨੂੰ ਹੀ ਇੱਕੋ-ਇੱਕ ਵਸੀਲੇ ਵਜੋਂ ਪੇਸ਼ ਕੀਤਾ ਹੈ :

ਗੁਰਮੁਖਿ ਹ੍ਵੈ ਧਜਾਏ ਜੇ ਕੋਈ। ਸ੍ਰੀ ਹਰਿ ਜੂ ਕੋ ਪਾਵੈ ਸੋਈ।

ਧੰਨ ਧੰਨ ਸਤਿਗੁਰੁ ਕਰਤਾਰਾ। ਕੀਨ ਜਵਨ ਯਹਿ ਪੰਥ ਸੁਧਾਰਾ॥[125]

ਦੋਹਾਂ ਕਵੀਆਂ ਅਨੁਸਾਰ ਗੁਰੂ ਨੇ ਮਨੁੱਖ ਦਾ ਲੋਕ-ਪਰਲੋਕ ਸੁਆਰਨ ਲਈ 'ਮਾਇਆ ਵਿਚ ਉਦਾਸੀ' ਦਾ ਸੁਖਾਲਾ ਮਾਰਗ ਦੱਸਿਆ ਹੈ। ਉਨ੍ਹਾਂ ਅਨੁਸਾਰ ਗੁਰੂ ਨੇ ਪਰਮਾਤਮਾ ਦੇ ਕੁਦਰਤ ਦੇ ਕਣ-ਕਣ ਵਿਚ ਵਸਦੇ ਪਰਮਾਤਮਾ ਦੇ ਪਰਗਟ ਦਰਸ਼ਨ ਕਰਵਾਏ ਹਨ :

ਸ੍ਰੀ ਅਸਿਧੁਜ ਕਹੁ ਪ੍ਰਗਟ ਦਿਖਾਯੋ। ਗੁਰਮੁਖਿ ਗਾਡੀ ਰਾਹਿ ਚਲਾਯੋ।[126]

ਭਾਈ ਗੁਰਦਾਸ ਜੀ ਨੇ ਗੁਰੂ ਵੱਲੋਂ ਮਾਇਆ ਵਿਚ ਉਦਾਸੀ ਦੇ ਸੁਖਾਲੇ ਮਾਰਗ ਨੂੰ 'ਗੁਰਮੁਖਿ ਗਾਡੀ ਰਾਹੁ' ਦਾ ਨਾਂ ਦਿੱਤਾ ਹੈ :

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ।

ਪੰਜਿ ਦੂਤਿ ਕਰਿ ਭੂਤ ਵਸਿ ਦੁਰਮਤਿ ਦੂਜਾ ਭਾਉ ਮਿਟਾਇਆ।

ਸਬਦ ਸੁਰਤਿ ਲਿਵਿ ਚਲਣਾ ਜਮੁ ਜਾਗਾਤੀ ਨੇੜਿ ਨ ਆਇਆ।

ਬੇਮੁਖਿ ਬਾਰਹ ਵਾਟ ਕਰਿ ਸਾਧਸੰਗਤਿ ਸਚੁ ਖੰਡੁ ਵਸਾਇਆ।

ਭਾਉ ਭਗਤਿ ਭਉ ਮੰਤ੍ਰੁ ਦੇ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।

ਜਿਉ ਜਲ ਅੰਦਰਿ ਕਮਲ ਹੈ ਮਾਇਆ ਵਿਚਿ ਉਦਾਸੁ ਰਹਾਇਆ।

ਆਪੁ ਗਵਾਇ ਨ ਆਪੁ ਗਣਾਇਆ॥[127]

---

[124] ਉਹੀ, ਛੰਦ 1, ਪੰਨਾ 1.

[125] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 6, ਪੰਨਾ 1.

[126] ਉਹੀ, ਛੰਦ 7, ਪੰਨਾ 1. ਅਤੇ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 8, ਪੰਨਾ 1.

[127] ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਾਰ 5, ਪਉੜੀ 13.

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਆਪਣੇ-ਆਪ ਨੂੰ ਸਵਾਲ ਕਰਦੇ ਹਨ ਕਿ ਅਜਿਹੇ ਮਹਾਨ ਗੁਰੂ ਦੀ ਸ਼ਰਨ ਜਾਣ ਸਮੇਂ ਕਿਹੜਾ ਪਦਾਰਥ ਉਨ੍ਹਾਂ ਲਈ ਭੇਟਾ ਰਖੀਏ ? ਜਵਾਬ ਵਿਚ ਕਵੀ ਕੁਇਰ ਸਿੰਘ ਦੱਸਦਾ ਹੈ ਕਿ ਸਰੀਰ, ਮਨ ਅਤੇ ਧਨ ਦੀਆਂ ਜਿੰਨੀਆਂ ਵੀ ਪ੍ਰਾਪਤੀਆਂ ਹਨ, ਉਹ ਗੁਰੂ ਨੇ ਪਰਮਾਤਮਾ ਦੇ ਪ੍ਰੇਮ ਤੋਂ ਕੁਰਬਾਨ ਕਰ ਦਿੱਤੀਆਂ ਹਨ। ਇਸ ਕਰਕੇ ਗੁਰੂ ਸੰਸਾਰ ਦੀਆਂ ਸਭ ਦੌਲਤਾਂ ਅਤੇ ਪ੍ਰਾਪਤੀਆਂ ਤੋਂ ਉੱਪਰ ਹੈ। ਕੋਈ ਭੇਟਾ ਇਸ ਯੋਗ ਨਹੀਂ ਕਿ ਉਹ ਗੁਰੂ ਸਾਹਮਣੇ ਪੇਸ਼ ਕੀਤੀ ਜਾ ਸਕੇ। ਸਿੱਖ ਵਾਸਤੇ ਇੱਕੋ ਹੀ ਵਸੀਲਾ ਹੈ ਕਿ ਉਹ ਆਪਣੇ ਮਨ ਅਤੇ ਕਾਮਨਾਵਾਂ ਨੂੰ ਗੁਰੂ ਅੱਗੇ ਅਰਪਣ ਕਰ ਦੇਵੇ ਅਤੇ ਹਿਰਦੇ ਵਿਚ ਗੁਰੂ ਦੇ ਚਰਨਾਂ ਦੀ ਯਾਦ ਨੂੰ ਟਿਕਾ ਲਵੇ :

ਤਨ ਮਨ ਧਨ ਨਿਧਿ ਇਨ ਸਬ ਵਾਰੀ। ਮਨ ਮਨਸਾ ਦੈ ਪਗ ਪਰ ਵਾਰੀ।
ਨਿਜ ਉਰ ਮੈ ਅੰਬੁਜ ਧਰ ਪਾਦਾ। ਆਦਿ ਅਨੀਲ ਅਭੇਦ ਅਨਾਦਾ॥[128]

ਸੁੱਖਾ ਸਿੰਘ ਲਿਖਦਾ ਹੈ ਕਿ ਤਨ, ਮਨ ਅਤੇ ਧਨ ਸਭ ਗੁਰੂ ਨੇ ਹੀ ਬਣਾਏ ਹਨ। ਇਸ ਕਰਕੇ ਸਿੱਖ ਆਪਣੇ ਮਨ ਅਤੇ ਇਛਾਵਾਂ ਨੂੰ ਚਾਅ ਅਤੇ ਉਮਾਹ ਨਾਲ ਗੁਰੂ ਤੋਂ ਸਦਕੇ ਕਰੇ ਅਤੇ ਗੁਰੂ ਦੇ ਆਦਿ, ਨਿਰਮਲ, ਬੇਅੰਤ ਅਤੇ ਸਦਾ ਰਹਿਣ ਵਾਲੇ ਚਰਨਾਂ ਨੂੰ ਮਨ ਵਿਚ ਵਸਾ ਲਵੇ :

ਤਨੁ ਮਨੁ ਧਨੁ ਨਿਧ ਇਨੈ ਸਭ ਧਾਰੀ। ਮਨ ਮਨਸਾ ਰੁਚਿ ਸਿਉ ਦੈ ਵਾਰੀ।
ਨਿਜ ਉਰ ਮੈ ਅੰਭੁਜ ਧਰ ਪਾਦਾ। ਆਦਿ ਅਨੀਲ ਅਭੇਦ ਅਨਾਦਾ॥[129]

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਬੇਸ਼ਕ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਗੁਰੂ ਦੀ ਉਪਮਾ ਕਰਨ ਅਤੇ ਗੁਣ ਗਾਉਣ ਲਈ ਹੀ ਕੀਤੀ ਹੈ ਪਰ ਦੋਵੇਂ ਕਵੀ ਸਪਸ਼ਟ ਰੂਪ ਵਿਚ ਦੱਸਦੇ ਹਨ ਕਿ 'ਗੁਰੂ' ਦੀ ਸ਼ਖਸੀਅਤ ਅਤੇ ਵਡਿਆਈ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ :

ਕਹਨ ਕਥਨ ਲਿਖਨੈ ਨਹੀ ਆਵੈ। ਅਗਮ ਅਗੋਚਰ ਪਰੈ ਸਮਾਵੈ।[130]

ਅਤੇ

ਕਹਨ ਕਥਨ ਲਿਖਨੇ ਕਬਿ ਆਵੈ। ਅਗਮ ਅਗੋਚਰ ਪਰੇ ਸਮਾਵੈ।[131]

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਗੁਰੂ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਤਾਂ ਗੁਰੂ ਬਾਰੇ ਜਣਿਆ ਕਿਵੇਂ ਜਾਵੇ ? ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਨਿਰਣਾ ਹੈ ਕਿ ਗੁਰੂ ਦੇ ਪ੍ਰੇਮੀ ਸੰਤ

---

[128] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 8, ਪੰਨਾ 2.
[129] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 9, ਪੰਨਾ 1.
[130] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 9, ਪੰਨਾ 2.
[131] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 10, ਪੰਨਾ 1.

ਜਨਾਂ ਦੇ ਹਿਰਦੇ ਵਿਚ ਗੁਰੂ ਦਾ ਨਿਵਾਸ ਹੈ ਜਿਥੋਂ ਉਸ ਦਾ ਪ੍ਰਕਾਸ਼ ਪ੍ਰਾਪਤ ਕੀਤਾ ਜਾ ਸਕਦਾ ਹੈ :

ਸੰਤਨ ਕੇ ਉਰ ਮੈ ਤਿਹ ਥਾਨਾ। ਨਿਸਦਿਨ ਕਰ ਹੀ ਤਾ ਅਸਥਾਨਾ।[132]

ਅਤੇ

ਸੰਤਨ ਕੇ ਉਰ ਮੈ ਤਿਨ ਵਾਸਾ। ਨਿਸਦਿਨ ਕਰ ਹੀ ਤਾਹਿ ਪ੍ਰਕਾਸਾ।[133]

ਕਵੀਆਂ ਅਨੁਸਾਰ ਗੁਰੂ ਸ਼ਖਸੀਅਤ ਨੂੰ ਸਾਧਾਰਣ ਮਨੁੱਖ ਦੀ ਸ਼ਖਸੀਅਤ ਵਾਂਗ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਗੁਰੂ ਸ਼ਖਸੀਅਤ ਦੈਵੀ ਹੈ, ਰਹੱਸ ਭਰਪੂਰ ਹੈ ਅਤੇ ਅਨੁਭਵ ਦਾ ਵਿਸ਼ਾ ਹੈ। ਪੂਰਨ ਸਿੰਘ ਅਨੁਸਾਰ ਗੁਰੂ ਦੀ ਛਬੀ ਬਣਾਈ ਨਹੀਂ ਜਾ ਸਕਦੀ। ਪੂਰਨ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਪੇਸ਼ ਕਰਨ ਸੰਬੰਧੀ 'ਗੁਰਬਿਲਾਸ' ਦੇ ਕਵੀਆਂ ਵੱਲੋਂ ਪ੍ਰਾਪਤ ਕੀਤੀ ਕੁੱਝ ਸਫਲਤਾ ਦਾ ਜ਼ਿਕਰ ਕਰਦੇ ਹਨ। ਅਜਿਹਾ ਕਰਦਿਆਂ ਪੂਰਨ ਸਿੰਘ ਲਗਭਗ ਉਪਰੋਕਤ ਬੰਦਾਂ ਦੀ ਹੀ ਵਿਆਖਿਆ ਪੇਸ਼ ਕਰਦੇ ਹਨ। ਪੂਰਨ ਸਿੰਘ ਦੇ ਸ਼ਬਦਾਂ ਵਿਚ "ਜਿਨ੍ਹਾਂ ਸੰਤਾਂ ਦੇ ਹਿਰਦੇ ਵਿਚ ਮੇਰੇ ਕਲਗੀਆਂ ਵਾਲੇ ਦੀ ਤਸਵੀਰ ਹੈ, ਉਹ ਲਿਖ ਨਹੀਂ ਸਕਦੇ, ਦੱਸ ਨਹੀਂ ਸਕਦੇ, ਕਢ ਨਹੀਂ ਸਕਦੇ, ਪਰ ਇਹ ਜਰੂਰ ਕਹਿਣਗੇ ਕਿ ਸਤਿਗੁਰ ਆਪ ਪਰਦਾ ਚੁਕੇ ਤੇ ਦੱਸੇ ਹਾਂ ਜੀ ਦੱਸੇ, ਨਹੀਂ ਤਾਂ ਕੌਣ ਦੱਸੇ ਤੇ ਕੌਣ ਦਸਾਏ, ਓਹੀ ਖਿੱਚੇ ਤਾਂ ਖਿੱਚੇ ਨਹੀਂ ਤਾਂ ਕੌਣ ਖਿੱਚੇ।"[134] ਇਸ ਪ੍ਰਸੰਗ ਵਿਚ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਦੀ ਕਥਾ ਵੀ ਮਹੱਤਵਪੂਰਨ ਹੈ। ਕੁਇਰ ਸਿੰਘ ਨੇ ਆਪਣੇ ਗ੍ਰੰਥ ਦੀ ਰਚਨਾ ਗੁਰੂ ਜੀ ਦੇ ਪ੍ਰੇਮੀ ਭਾਈ ਮਨੀ ਸਿੰਘ ਜੀ ਪਾਸੋਂ ਸੁਣ ਕੇ ਕੀਤੀ ਹੈ। ਸੁੱਖਾ ਸਿੰਘ ਵੀ ਆਪਣੀ ਰਚਨਾ ਲਈ ਪ੍ਰੇਰਨਾ ਗੁਰੂ ਸਾਹਿਬ ਪ੍ਰਤੀ ਪ੍ਰੇਮ ਭਾਵਨਾ ਨੂੰ ਹੀ ਦੱਸਦਾ ਹੈ।[135]

ਕਵੀ ਸੁੱਖਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨੂੰ ਬਿਆਨ ਕਰਦਿਆਂ ਦੱਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬੋਲਾਂ ਦੀ ਗੂੰਜ ਬਦਲਾਂ ਵਾਂਗ ਹੈ ਜੋ ਵੈਰੀਆਂ ਨੂੰ ਖਤਮ ਕਰ ਦਿੰਦੀ ਹੈ। ਗੁਰੂ ਜੀ ਦੇ ਸੇਵਕ ਸ਼ੇਰ ਦੇ ਪੰਜੇ ਵਾਂਗ ਤਾਕਤਵਰ ਅਤੇ ਫੁਰਤੀਲੇ ਜਵਾਨ ਹਨ। ਗੁਰੂ ਜੀ ਸਾਗਰ ਵਾਂਗ ਗਭੀਰ ਅਤੇ ਪਰਮਾਤਮਾ ਵਾਂਗ ਪੂਜਾ ਯੋਗ ਹਨ। ਗੁਰੂ ਗੋਬਿੰਦ ਸਿੰਘ ਜੀ ਪ੍ਰੇਮੀ ਜਨਾਂ ਦੇ ਪ੍ਰਾਣ ਅਤੇ ਪਰਮਾਤਮਾ ਦੇ ਨਾਮ ਰਸ ਵਿਚ ਲੀਨ ਹਨ :

ਮੇਘ ਸਮਾਨ ਜਿਸੇ ਧੁਨ ਪੂਰਨ ਚੂਰਨ ਕੈ ਅਰ ਧੋਲ ਧਰਾਹੀ।

---

[132] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 10, ਪੰਨਾ 2.

[133] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 10, ਪੰਨਾ 1.

[134] ਮਹਿੰਦਰ ਸਿੰਘ ਰੰਧਾਵਾ (ਸੰਪਾ.), *ਪੂਰਨ ਸਿੰਘ ਦੀ ਵਾਰਤਕ*, ਨਵੀ ਦਿੱਲੀ: ਸਾਹਿਤ ਅਕਾਦੇਮੀ, 1986, ਪੰਨਾ 138.

[135] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 96-102, ਪੰਨਾ 446.

ਕੇਹਰ ਜਯੋਂ ਕਰ ਪੰਜ ਤਰੀਨ ਸੁ ਰਾਖਤ ਹੈ ਸੁਭ ਦਾਸ ਸਦਾਈ।

ਸਾਗਰ ਸਮਾਨ ਗੰਭੀਰ ਮਤੇ ਗਤ ਸਾਹਿਬ ਜ੍ਯੋਂ ਨਿਜ ਪੂਜ ਕਰਾਹੀ।

ਯੌਂ ਸੁ ਸਦਾ ਜਨ ਕੀ ਵਹ ਜੀਵਨ ਪੀਵਨ ਅੰਮ੍ਰਿਤ ਨਾਮ ਰਸਾਹੀ॥[136]

ਕਵੀ ਕੁਇਰ ਸਿੰਘ ਅਨੁਸਾਰ 'ਗੁਰੂ' ਅੰਤਰਜਾਮੀ ਅਤੇ ਕਲਪ ਬ੍ਰਿਛ ਵਾਂਗ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਹੈ। ਗੁਰੂ ਸਭ ਸਿੱਖਾਂ ਦੇ ਕਾਰਜ ਰਾਸ ਕਰਦਾ ਹੈ :

ਕਲਪ ਤਰੋਵਰ ਸ੍ਰੀ ਗੁਰੁ ਚਰਨਾ। ਤਿਨ ਕਾ ਆਹਿ ਮੋਰ ਉਰ ਪਰਨਾ।

ਜੋ ਮਨਸਾ ਧਰਹੋ ਉਰ ਮਾਹੀ। ਕਰ ਹੈ ਪੂਰਨ ਜਹਾਂ ਤਹਾਂ ਹੀ॥[137]

ਕਵੀ ਅਨੁਸਾਰ ਗੁਰੂ ਸਾਰੀਆਂ ਸਿਧੀਆਂ ਦਾ ਖਜਾਨਾ ਹੈ ਜੋ ਮਨੁੱਖ ਇੱਕ ਵਾਰ ਗੁਰੂ ਦੀ ਛੂਹ ਪ੍ਰਾਪਤ ਕਰ ਲਵੇ ਉਹ ਪਾਰਸ ਦੀ ਸੰਗਤ ਵਿਚ ਆਏ ਲੋਹੇ ਵਾਂਗ ਮਾਲਾਮਾਲ ਹੋ ਜਾਂਦਾ ਹੈ :

ਸਗਲ ਸਿਧਿ ਗੁਰੁ ਮੈ ਸੁਨ ਭਾਈ। ਜਾਨਤ ਜਾ ਕਉ ਆਪ ਦਿਖਾਈ।

ਪਾਰਸ ਇਵ ਜਬ ਉਰ ਛੁਇ ਜਾਏ। ਕੰਚਨ ਕਰਤ ਮਨੂਰਹਿ ਭਾਏ॥[138]

ਕਵੀ ਕੁਇਰ ਸਿੰਘ ਅਨੁਸਾਰ ਸੰਸਾਰ ਅੰਦਰ ਧਰਮ ਹੀ ਸਥਾਈ ਰਹਿਣ ਵਾਲਾ ਹੈ ਬਾਕੀ ਸਭ ਕੁੱਝ ਝੂਠ ਹੈ। ਅਕਾਲ ਪੁਰਖ ਨਾਲ ਅਭੇਦ ਗੁਰੂ ਨਾਨਕ ਦੇਵ ਜੀ ਧਰਮ ਦੀ ਸਥਾਪਤੀ ਲਈ ਸੰਸਾਰ ਵਿਚ ਆਏ ਹਨ। ਕਵੀ ਨੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਗੁਰੂ ਸਾਹਿਬਾਨ ਦੇ ਪਰਉਪਕਾਰੀ ਜੀਵਨ ਨੂੰ ਸੰਖੇਪ ਵਿਚ ਪੇਸ਼ ਕੀਤਾ ਹੈ :

ਤਨ ਨਾਸੀ ਹੈ ਬਿਧ ਸੁਰ ਤਾਂਈ। ਕੇਵਲ ਧਰਮ ਰਹੈ ਜਗ ਮਾਂਹੀ।

ਧਰਮ ਹੇਤ ਗੁਰੁ ਨਾਨਕ ਰੂਪਾ। ਭਯੋ ਨਿਰਾਮੈ ਬ੍ਰਹਮ ਅਨੂਪਾ।

ਤਾਂਤੇ ਸ੍ਰੀ ਗੁਰੁ ਅੰਗਦ ਜਾਨਾ। ਤ੍ਰਿਤੀ ਚੌਥ ਜੋ ਗੁਰੁ ਸੁਖ ਠਾਨਾ।

ਬੇਦ ਰੂਪ ਸਮ ਵਿਸਨੁ ਅਨੂਪਾ। ਧਰਜੋ ਗ੍ਰੰਥ ਬਪੁ ਪੋਤ ਸਰੂਪਾ॥

ਗੁਰ ਅਰਜਨ ਜਗ ਧਰਮ ਧਰਾਯੋ। ਪੁਨਿ ਹਰਿ ਗੋਬਿੰਦ ਤੁਰਕਨ ਕੋ ਘਾਯੋ।

ਗੁਰ ਹਰਿ ਰਾਏ ਕਰੈ ਕਲਜਾਨਾ। ਧਰਾ ਧਰਮ ਜਗ ਨਾਮ ਵਿਤਾਨਾ॥

ਗੁਰ ਹਰਿ ਕ੍ਰਿਸਨ ਕੀਏ ਪੁਨਿ ਕਾਮਾ। ਪਰ ਹਿਤ ਭਏ ਗੁਰੂ ਏ ਜਾਨਾ।

---

[136] ਉਹੀ, ਛੰਦ 163, ਪੰਨਾ 210.
[137] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 10, ਪੰਨਾ 2.
[138] ਉਹੀ, ਛੰਦ 11, ਪੰਨਾ 2.

ਜੈਸ ਮੇਘ ਪਰ ਹਿਤੀ ਸੁਧਾਰੈ। ਤੈਸੇ ਬ੍ਰਹਮ ਗੁਰੂ ਬਪੁ ਕਾਰੋ॥[139]

ਕੁਇਰ ਸਿੰਘ ਅਨੁਸਾਰ ਗੁਰੂ ਤੇਗ ਬਹਾਦਰ ਜੀ ਪਰਮਾਤਮਾ ਦਾ ਹੀ ਰੂਪ ਹਨ। ਵੱਖ-ਵੱਖ ਵਿਸ਼ਵਾਸ ਅਤੇ ਕਾਮਨਾਵਾਂ ਵਾਲੇ ਲੋਕਾਂ ਨੂੰ ਗੁਰੂ ਜੀ ਵਿਚੋਂ ਆਪਣੀ ਸ਼ਰਧਾ ਅਨੁਸਾਰ ਦਰਸ਼ਨ ਹੁੰਦੇ ਹਨ। ਕਵੀ ਅਨੁਸਾਰ ਗੁਰੂ ਜੀ ਆਦਰਸ਼ਾਂ ਦੇ ਆਦਰਸ਼ ਅਤੇ ਇਸ਼ਟਾਂ ਦੇ ਇਸ਼ਟ ਹਨ। ਸੱਚੇ ਅਤੇ ਧਰਮੀ ਮਨੁੱਖਾਂ ਲਈ ਗੁਰੂ ਜੀ ਖੁਸ਼ਖਬਰੀ ਵਾਂਗ ਆਏ ਹਨ ਅਤੇ ਦੋਖੀਆਂ ਅਤੇ ਅਧਰਮੀਆਂ ਲਈ ਆਪ ਨਾਸ਼ ਬਣਕੇ ਆਏ ਹਨ :

ਲਖਤ ਲੋਗ ਮਨ ਖਿਚਤ ਹੈਂ, ਮੋਹਨ ਜਾਲ ਪ੍ਰਕਾਰ।
ਜੈਸ ਦ੍ਰਿਸ਼ਟਿ ਤੈਸੋ ਲਖੈ, ਸਤਿਗੁਰ ਬ੍ਰਹਮ ਅਕਾਰ॥
ਕੋਟਿ ਦੇਵ ਚਕ ਪਰਤ ਤੇਜ ਲਖ ਬ੍ਰਹਮ ਉਚਾਰਤ।
ਬਰੁਨ ਬਿਰੰਚਿਕਿ ਵਿਸਨੁ ਸੰਭੁ ਜਨੁ ਸਕ੍ਰ ਸੁਧਾਰਕ॥
ਲਖੈਂ ਤੁਰਕ ਸਮ ਨਾਸਨਿ ਆਪ ਕੋ ਹਿਤ ਪਹਿਚਾਨੇ।
ਸਾਧੂ ਪੇਖਤ ਸਾਧੁ ਜੋਗਿ ਸੰਕਰ ਸਮ ਜਾਨੈ।
ਬੀਰਨ ਦੇਖਯੋ ਬੀਰ ਬਰ ਰਵੀ ਕੰਜ ਪਹਿਚਾਨ।
ਕੱਸਪ ਪ੍ਰਿਥੁ ਲਖਿ ਕਾਸਪੀ ਦਾਸਨ ਸੁਰਤਰੁ ਮਾਨ॥
ਸਿੱਧਨ ਦੇਖਯੋ ਸਿਧ ਕਵਲ ਸੂਰਜ ਸਮ ਜਾਨੀ।
ਝੂਠੇ ਗੁਰ ਲੁਕ ਗਏ ਸੂਰ ਲਖ ਉਡਗ ਪ੍ਰਮਾਨੀ।
ਜਾ ਵਿਧ ਥੀ ਮਨ ਪ੍ਰੀਤ ਤੈਸ ਸਮ ਗੁਰ ਬਪੁ ਪੇਖਾ।
ਵਿਸਨ ਰੂਪ ਅਤਿ ਚਿੱਤ ਪਰੈ ਬਰ ਬੈਨ ਅਲੇਖਾ।[140]

ਕੁਇਰ ਸਿੰਘ ਨੇ ਗੁਰੂ ਜੀ ਦੀ ਅਵਸਥਾ ਨੂੰ ਬਿਆਨ ਕਰਦਿਆਂ ਗੁਰੂ ਜੀ ਦੇ ਪ੍ਰਭੂ ਨਾਮ ਦੇ ਰੰਗ, ਨਿਰਲੇਪਤਾ, ਰੂਹਾਨੀਅਤ ਦੀ ਸਿਖਰ ਅਤੇ ਪਰਉਪਕਾਰ ਨੂੰ ਉਜਾਗਰ ਕੀਤਾ ਹੈ :

ਬੈਠੇ ਹਰਿ ਧਨ ਮਨ ਮਹਿ ਧਾਰੀ। ਨਿਜ ਬਪੁ ਦੀਨ ਜਗਤ ਹਿਤਕਾਰੀ।
ਕਾ ਹਿਤ ਜਗ ਕੋ ਹਿਤ ਹੋ ਜਾਈ। ਪਰ ਉਪਕਾਰੀ ਸੰਤ ਸਹਾਈ॥
ਕਛੁ ਵਾਂਛਾ, ਕਛੁ ਰਾਗ ਨ ਦੋਖਾ। ਜਾ ਕੋ ਨਹੀ ਬੰਧ ਅਰੁ ਮੋਖਾ।

---

139 ਉਹੀ, ਛੰਦ 23-26, ਪੰਨਾ 3.
140 ਉਹੀ, ਛੰਦ 56-58, ਪੰਨਾ 14-15.

ਸਦਾ ਬੈਰਾਗ ਬੈਨੁ ਮੁਖ ਕਈ। ਅਸੰਸਕਤਿ ਕਹੁ ਪ੍ਰਗਟ ਦਿਖਈ॥

ਪਦਾਰਥ ਭਾਵਨੀ ਸਹਜੈ ਹੋਈ। ਨਹਿ ਮਨ ਰਾਜ ਸੁਪਨ ਸਮ ਲੋਈ।

ਤੁਰੀਆਤੀਤ ਸੁ ਯਾ ਤੇ ਜਾਨੀ। ਨਿਰਵਿਕਲਪ, ਨਹਿ ਕਲਪ ਸੁ ਠਾਨੀ॥

ਓਹੰ ਸੋਹੰ ਹੈ ਸਤਿ ਨਾਮਾ। ਅਜਪਾ ਜਾਪ ਸਦਾ ਸੁਖ ਧਾਮਾ।

ਨਹਿ ਮੈ ਤੂੰ ਹੈ ਯਾਹਿ ਬਿਚਾਰਾ। ਸਦਾ ਜਾਹਿ ਅਦ੍ਵੈਤ ਪ੍ਰਕਾਰਾ॥[141]

ਕੁਇਰ ਸਿੰਘ ਅਨੁਸਾਰ ਗੁਰੂ ਜੀ ਆਦਿ ਅਤੇ ਅਨੰਤ ਹਨ ਜਿਨ੍ਹਾਂ ਦੀਆਂ ਬਰਕਤਾਂ ਕਾਮਧੇਨ ਗਾਂ, ਕਲਪ ਬ੍ਰਿਛ ਅਤੇ ਪਾਰਸ ਆਦਿ ਤੋਂ ਕਈ ਗੁਣਾ ਵੱਧ ਹਨ। ਗੁਰੂ ਜੀ ਧਰਮ, ਅਰਥ, ਕਾਮ ਅਤੇ ਮੁਕਤੀ ਭਾਵ ਚਾਰੇ ਪਦਾਰਥ ਦੇਣ ਵਾਲੇ ਹਨ :

ਅਚੁਤ ਆਦਿ ਅਨੰਤ ਅਸੰ ਧਰ, ਦਰਸ ਦਿਖਾਵਤ ਸੰਗਤ ਸਾਰੀ।

ਧੇਨਸੁ ਪਾਰਸ ਕਲਪਤਰੂ ਇਨ ਤੇ ਅਧਿਕੰ ਜਸ ਆਹਿ ਅਪਾਰੀ।

ਚਾਰ ਪਦਾਰਥ ਮੋਖ ਤੇ ਆਦਿ ਹੀ, ਦੇਤ ਹੈ ਭੀਖ ਜੁ ਜਾਚਕ ਚਾਰੀ।

ਮਾਗਧ ਚਾਰਨ ਸੂਤਨ ਕੋ ਪੁਨਿ ਦੇਵਤ ਦਾਨ ਜੁ ਮੋਖ ਪ੍ਰਕਾਰੀ॥[142]

ਅਤੇ

ਜੋ ਮਨਸਾ ਕਰ ਆਵਈ, ਬਿਨ ਮਾਂਗੇ ਸਭ ਦੇਤ।

ਕੌਨ ਕਮੀ ਤਾਕੋ ਭਨੋ, ਸ੍ਰੀ ਗੁਰ ਪਦ ਜਹਿ ਚੇਤ॥

ਕਾਮ ਧੇਨੁ ਚਿੰਤਾਮਣੀ, ਪਾਰਸ ਸੁਰਤਰੁ ਜਾਨ।

ਰਿਧਿ ਸਿਧਿ ਬਾਰ ਬੁਹਾਰਹੀ, ਬੇਦ ਪਦਾਰਥ ਮਾਨ॥[143]

ਗੁਰੂ ਗੋਬਿੰਦ ਸਿੰਘ ਜੀ ਦਾ ਗੁਣ ਗਾਉਦਿਆਂ ਕਵੀ ਸੁੱਖਾ ਸਿਘ ਆਪ ਨੂੰ ਧੀਰਜ ਦਾ ਘਰ, ਪਹੁੰਚ ਤੋਂ ਪਰੇ, ਦਯਾ ਦੇ ਭੰਡਾਰ ਅਤੇ ਇੱਕ ਅਕਾਲ ਪੁਰਖ ਦੇ ਰੰਗ ਵਿਚ ਰੱਤੇ ਹੋਏ ਲਿਖਦਾ ਹੈ :

ਧੀਰਜ ਧਾਮ ਅਗਮ ਕ੍ਰਿਪਾਨਿਧਿ ਏਕ ਅਕਾਲ ਜੂ ਕੇ ਰਸ ਰਤਾ।[144]

ਕਵੀ ਸੁੱਖਾ ਸਿੰਘ ਅਨੁਸਾਰ 'ਗੁਰੂ' ਜਾਣੀਜਾਣ ਹੈ। ਰਾਜਾ ਭੀਮ ਚੰਦ ਨੇ ਆਪਣੇ ਮੰਤਰੀ ਨੂੰ ਗੁਰੂ ਜੀ ਪਾਸ ਝੂਠਾ ਬਹਾਨਾ ਲਾ ਕੇ ਹਾਥੀ ਮੰਗਣ ਭੇਜਿਆ। ਅਗੋਂ ਗੁਰੂ ਜੀ ਨੇ ਮੰਤਰੀ ਨੂੰ ਰਾਜੇ ਦੇ ਮਨ ਵਿਚਲੇ

---

141 ਉਹੀ, ਛੰਦ 85-88, ਪੰਨਾ 39.
142 ਉਹੀ, ਛੰਦ 13, ਪੰਨਾ 49.
143 ਉਹੀ, ਛੰਦ 74-75, ਪੰਨਾ 87.
144 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 202, ਪੰਨਾ 72.

ਕਪਟ ਬਾਰੇ ਇਸ ਤਰ੍ਹਾਂ ਬਚਨ ਕੀਤਾ :

ਸਰਬ ਗੁਰੂ ਕੇ ਗ੍ਰਿਹ ਮਹਿ ਅਹੀ। ਸੇਵਕ ਕੋ ਪ੍ਰਾਪਤ ਹੈ ਸਹੀ।
ਜੋਰਾ ਕਰ ਮਾਂਗੈ ਜੋ ਕੋਈ। ਖੜਗ ਧਾਰ ਪਾਵਤ ਹੈ ਸੋਈ॥
ਸਰਬ ਬਾਤ ਜੋ ਨ੍ਰਿਪ ਕਹੀ ਇਤ ਪ੍ਰਭ ਦਈ ਸੁਨਾਇ।
ਬਿਸਮ ਰੂਪ ਕੁਟਵਾਰ ਹ੍ਵੈ ਪਾਇਨ ਲਾਗੇ ਧਾਇ॥[145]

ਕਵੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਗਰੀਬਾਂ ਦੇ ਮਿੱਤਰ, ਸੰਤਾ ਦੇ ਸਹਾਈ ਅਤੇ ਦੁਸ਼ਟਾਂ ਦਾ ਨਾਸ ਕਰਨ ਵਾਲੇ ਅਤੇ ਪਰਮਾਤਮਾ ਦਾ ਰੂਪ ਹਨ :

ਦੀਨ ਸੁ ਬੰਧ ਸੁ ਸਾਹਿਬ ਜੀ ਪ੍ਰਭ ਗਾਫਲ ਗੰਜਨ ਸੰਤ ਹਿਤਾਈ।
ਕੀਰਤਿ ਕੇਤੁ ਸੁ ਬੰਸੁ ਵਤੰਸਤਿ ਰੂਪ ਅਨੂਪ ਧਰਯੋ ਹਰਿ ਆਈ ॥[146]

ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਕਰਦਿਆਂ ਸਿੱਖ ਧਰਮ ਦੇ ਨਵੇਕਲੇਪਣ ਨੂੰ ਉਜਾਗਰ ਕਰਦਾ ਹੈ। ਕਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੀ ਦਸਵੀਂ ਜੋਤਿ ਅਤੇ ਗੁਰੂ ਨਾਨਕ ਦੇਵ ਨੂੰ ਆਦਿ ਗੁਰੂ ਅਤੇ ਬ੍ਰਹਮਮਈ ਆਖ ਕੇ ਸਿੱਖੀ ਦੀ ਮੌਲਕਤਾ ਨੂੰ ਪੇਸ਼ ਕਰਦਾ ਹੈ :

ਧਰ ਸੰਤ ਅਵਤਾਰੀ, ਨਾਮ ਸਮਾਰੀ, ਕਾਮ ਗਤਾਰੀ, ਬ੍ਰਹਮ ਮਏ।
ਸ੍ਰੀ ਗੁਰ ਆਦੀ, ਤਾਕੀ ਗਾਦੀ, ਦਸਮ ਪ੍ਰਸਾਦੀ, ਰੂਪ ਜਏ॥[147]

ਕਵੀ ਸੁੱਖਾ ਸਿੰਘ ਜਿਥੇ ਦਸ ਗੁਰੂ ਸਾਹਿਬ ਨੂੰ ਇੱਕ ਜੋਤ ਮੰਨਦਾ ਹੈ ਉਥੇ ਉਹ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉੱਤਰ-ਅਧਿਕਾਰੀ ਗੁਰੂ ਸਾਹਿਬਾਨ ਨੂੰ ਇੱਕ ਬੰਸ ਵਜੋਂ ਬਿਆਨ ਕਰਦਾ ਹੈ :

ਰੂਪ ਅਨੂਪ ਸੁ ਬਿਮਲ ਗਤਿ ਅਬ ਬਰਨੋ ਬਰ (ਗੁਰ)[148] ਬੰਸ।
ਕਲਪ ਤਰੋਵਰ ਦਾਸ ਕਹ ਸਕਲ ਜਗਤ ਅਵਤੰਸ॥
ਅਚੁਤ ਅਲਖ ਅਭੇਵ, ਸ੍ਰੀ ਨਾਨਕ ਸਾਹਿਬ ਸਬਲ।
ਆਦਿ ਰੂਪ ਗੁਰਦੇਵ, ਪਾਰਬ੍ਰਹਮ ਪੂਰਨ ਬ੍ਰਹਮ॥
ਪੁਨ ਅੰਗਦ ਮਹਾਰਾਜ, ਪਰਮ ਤਤ ਭਏ ਤਤ ਮਿਲ।
ਸਗਲ ਜਗਤ ਸਿਰਤਾਜ, ਆਦਿ ਅਨੀਲ ਅਗਾਧਿ ਗਤ॥

---

145 ਉਹੀ, ਛੰਦ 357-58, ਪੰਨਾ 84.
146 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 14, ਪੰਨਾ 49.
147 ਉਹੀ, ਛੰਦ 21, ਪੰਨਾ 50.
148 Manuscript number - 000347, Folio number - 012, Stanza- 55,

ਸ੍ਰੀ ਅੰਗਦ ਪਰਸਾਦਿ, ਅਮਰ ਦੇਵ ਸਤਿਗੁਰ ਭਏ।

ਆਦਿ ਅਨੀਲ ਅਗਾਧਿ, ਪਰਮ ਜੋਤਿ ਮਿਲਿ ਜੋਤਿ ਮਹਿ॥

ਰਾਮ ਨਾਮ (ਦਾਸ)[149] ਸਤਿਗੁਰ ਪੁਨ ਲਹੀਐ। ਜਗਤਾਰਕ ਸੋਢੀ ਪ੍ਰਭ ਕਹੀਐ।

ਸ੍ਰੀ ਅਰਜਨ ਤਿਹ ਤੇ ਗੁਰ ਭਯੋ। ਅਭਦਾਨ ਜਗ ਕੌ ਜਿਨ ਦਯੋ॥

ਸਬਦ ਜਹਾਜ ਸੇਤ ਜਿਹ ਬਾਂਧਿਓ। ਗੁਰਮੁਖਿ ਨਾਮੁ ਸਾਚ ਦੇ ਸਾਧਿਓ।

ਤਿਹ ਤੇ ਹਰਿ ਗੋਬਿੰਦ ਪਛਾਨਹੁ। ਅਚੁਤ ਅਲਖ ਪੁਰਖ ਭਗਵਾਨਹੁ॥

ਖਲ ਖੰਡਨ ਮੰਡਨ ਧਰ ਸਾਰੀ। ਖੜਗ ਪਾਨ ਸਾਹਿਬੁ ਅਵਤਾਰੀ।

ਖਲ ਦਲ ਭਲੀ ਭਾਤ ਜਿਹ ਖੰਡੇ। ਜਲ ਥਲੁ ਜਸੁ ਛਾਯੋ ਬ੍ਰਹਮੰਡੇ॥

ਪਰਮ ਜੋਤਿ ਜਬ ਜੋਤਿ ਮਿਲਾਨੀ। ਤਬ ਹਰਿ ਰਾਇ ਭਏ ਤਿਹ ਥਾਨੀ।

ਤਾਤੇ ਸ੍ਰੀ ਹਰਿ ਕ੍ਰਿਸਨ ਸੁ ਜਾਨੁਹ। ਏਕੁ ਜੋਤਿ ਸਭ ਮਹਿ ਪਹਿਚਾਨਹੁ।[150]

ਕਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਦਾ ਪੜਪੋਤਰਾ ਦੱਸਦਾ ਹੈ :

ਨਾਨਕ ਅੰਗਦ ਫੇਰੂ ਤਨੈ ਹਰਿਦਾਸ ਜਾਕੋ ਤੁਮ ਪੂਰਨ ਨਤਾ।[151]

ਕਵੀ ਕੁਇਰ ਸਿੰਘ ਗੁਰੂ ਨਾਨਕ ਦੇਵ ਜੀ ਨੂੰ ਪਰਮਾਤਮਾ ਨਾਲ ਇੱਕ-ਮਿੱਕਤਾ ਦੱਸਦਾ ਹੈ। ਕਵੀ ਆਪ ਨੂੰ 'ਬ੍ਰਹਮ ਰੂਪ ਸ੍ਰੇਸ਼ਟ' ਕਹਿ ਕੇ ਸੰਬੋਧਨ ਕਰਦਾ ਹੈ :

ਸ੍ਰੀ ਗੁਰੂ ਨਾਨਕ ਬ੍ਰਹਮ ਮਯੰਬਰ, ਤਾ ਪਦ ਰਾਜ ਸਿੰਘਾਸਨ ਕਾਰੀ।[152]

ਕਵੀ ਸੁੱਖਾ ਸਿੰਘ ਗੁਰੂ ਅਤੇ ਪਰਮਾਤਮਾ ਨੂੰ ਅਭੇਦ ਮੰਨਦਾ ਹੈ :

ਜਹਾਂ ਪਾਪ ਪੁੰਨ ਚਿੰਤਾ ਰੋਗ ਦੋਊ। ਤ੍ਰਿਤੰ ਚਾਰ ਪਾਂਚੰ ਸਤੰ ਖਾਟ ਓਊ।

ਸਦਾ ਨਿੰਦ ਓਰ ਦੁਖੰ ਸੂਖ ਪਯਾਨੌ। ਇਨੋ ਪਾਰ ਊਚੰ ਤੁੰਮ ਡੇਰ ਥਾਨੋ॥

ਜਹਾਂ ਰੈਨ ਦਿਵਸੰ ਨਹੀ ਸੂਰ ਚੰਦਾ। ਤਹਾ ਤੋਰ ਡੇਰਾ ਪ੍ਰਭੂ ਜੂ ਮੁੰਕਦਾ।

ਤੁਝੈ ਪਾਪ ਤਾਪੰ ਨਹੀ ਲੇਪ ਰਾਈ। ਅਛੇਦੰ ਅਭੇਦੰ ਸੁ ਦਾਤੌ ਕਹਾਈ॥[153]

ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਉਪਮਾ ਕਰਦਿਆਂ ਦੱਸਦੇ ਹਨ ਕਿ ਅਕਾਲ ਪੁਰਖ ਨਾਲ ਇੱਕ-ਮਿੱਕ ਹੋਏ ਉਸ ਦੇ ਭਗਤਾਂ ਦੀ ਉਪਮਾ ਕਥੀ ਨਹੀਂ ਜਾ ਸਕਦੀ ਸਿਰਫ ਉਨ੍ਹਾਂ ਤੋਂ ਆਪਾ

---

[149] Ibid. stanza-59.
[150] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 55-62, ਪੰਨਾ 5.
[151] ਉਹੀ, ਛੰਦ 206, ਪੰਨਾ 73.
[152] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 19, ਪੰਨਾ 49.
[153] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 9-10, ਪੰਨਾ 265.

ਕੁਰਬਾਨ ਕੀਤਾ ਜਾ ਸਕਦਾ ਹੈ :

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥
ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ॥[154]

ਕਵੀ ਸੁੱਖਾ ਸਿੰਘ ਅਨੁਸਾਰ 'ਗੁਰੂ' ਨਵੇਕਲਾ ਅਤੇ ਪਰਾ-ਦੇਸ ਦਾ ਨਿਵਾਸੀ ਹੈ। ਗੁਰੂ ਦਾ ਦੇਸ ਪਰਮ ਸੁਖਾਂ ਦਾ ਘਰ ਹੈ। ਗੁਰੂ ਦੀ ਬਾਣੀ ਨਾਲ ਮਨ ਜੋੜਕੇ ਸਿੱਖ ਵੀ ਗੁਰੂ ਦੇ ਦੇਸ ਪਹੁੰਚ ਜਾਂਦਾ ਹੈ :

ਗੁਰੂ ਦੀਨ ਬੰਧੰ ਅਕਾਸੰ ਪਰੀ ਹੈ। ਅਛੇਦੰ ਅਭੇਦੰ ਆਖੇਧੰ ਸਰੀ ਹੈ॥
ਜਹਾ ਰੋਗ ਚਿੰਤਾ ਦੁਖੀ ਸੂਖ ਦੋਈ। ਨਹੀ ਕਾਮ ਕ੍ਰੋਧੰ ਜਰਾ ਰੋਗ ਸੋਈ।
ਸਬੈ ਏਸ ਊਚੰ ਗੁਰੂ ਕੀ ਧਰੀ ਹੈ। ਜਿਤੀ ਸੁਧ ਬਾਣੀ ਗੁਰੂ ਕੀ ਕਰੀ ਹੈ॥
ਜਿ ਕੋ ਸਿਖ ਸੰਤੰ ਤਿਸੈ ਪ੍ਰੇਮ ਕੈਹੈ। ਲਏ ਆਪ ਬਾਣੀ ਘਰੰ ਕੋ ਸਿਧੈਹੈ।[155]

ਗੁਰੂ ਅਮਰ ਦਾਸ ਜੀ ਦੀ ਬਾਣੀ ਵਿਚੋਂ ਇਹ ਵਿਚਾਰ ਸਹੀ ਹੁੰਦੇ ਹਨ ਕਿ ਗੁਰੂ ਦਾ ਵਾਸ ਆਨੰਦ ਦੇ ਘਰ ਹੈ, ਗੁਰੂ ਦੀ ਬਾਣੀ ਦੁਖ, ਰੋਗ, ਸੰਤਾਪ ਦਾ ਨਾਸ ਕਰਦੀ ਹੈ ਅਤੇ ਗੁਰੂ ਦੇ ਚਰਨੀਂ ਲਗ ਕੇ ਅਵਸਥਾ ਗੁਰੂ ਵਾਲੀ ਬਣ ਜਾਂਦੀ ਹੈ :

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥[156]

ਕੁਇਰ ਸਿੰਘ ਗੁਰੂ ਨਾਨਕ ਦੇਵ ਦੇ ਆਗਮਨ ਨੂੰ ਸੰਸਾਰ ਲਈ ਹਨੇਰੇ ਦੇ ਖਾਤਮੇ ਅਤੇ ਚਾਨਣੀ ਸਵੇਰ ਵਜੋਂ ਬਿਆਨ ਕਰਦਾ ਹੈ :

ਸ੍ਰੀ ਪ੍ਰਭ ਆਯੋ, ਜਗ ਜਸ ਪਾਯੋ, ਜਨ ਰਵਿ ਛਾਯੋ ਰੈਨ ਹਤੀ।[157]

ਕਵੀ ਦਾ ਉਪਰੋਕਤ ਵਿਚਾਰ ਭਾਈ ਗੁਰਦਾਸ ਜੀ ਵਲੋਂ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਆਗਮਨ

---

[154] ਸ੍ਰੀ ਗੁਰੂ ਗ੍ਰੰਥ ਸਾਹਿਬ, *ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫,* ਪੰਨਾ 1385.
[155] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 37-39, ਪੰਨਾ 275-76.
[156] ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਮਕਲੀ ਮਹਲਾ ੩ ਅਨੰਦੁ*, ਪੰਨਾ 922.
[157] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 20, ਪੰਨਾ 50.

ਲਈ ਵਰਤੇ ਗਏ ਚਿੰਨ੍ਹਾਂ ਨਾਲ ਇੰਨ-ਬਿੰਨ ਮਿਲਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ :

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥[158]

ਕਵੀ ਕੁਇਰ ਸਿੰਘ ਅਨੁਸਾਰ ਪਵਿੱਤਰ ਕਰਮਾਂ, ਰਿਧੀਆਂ-ਸਿਧੀਆਂ, ਹੰਸ, ਬਾਵਨ, ਰਾਮ ਅਤੇ ਕ੍ਰਿਸ਼ਨ ਆਦਿ ਅਵਤਾਰਾਂ ਵਿਚ ਗੁਰੂ ਸਾਹਿਬ ਹੀ ਵਿਆਪਤ ਹਨ। ਇਸ ਤਰ੍ਹਾਂ ਕਵੀ ਨੇਕੀ ਦੇ ਸਾਰੇ ਰੂਪਾਂ ਵਿਚ ਗੁਰੂ ਹਾਜਰ ਦੱਸਦਾ ਹੈ :

ਖਟ ਕਾਰਨ ਮਾਹੀ, ਅਸਟ ਦਸਾਹੀ ਸਭ ਜਗ ਮਾਹੀ, ਏਕ ਤੁਹੀ।
ਸ੍ਰੀ ਗੁਰ ਆਹੀ, ਹੰਸ ਧਰਾਈ, ਬਾਵਨ ਮਾਹੀ ਰਾਮ ਮਹੀ॥
ਪੁਨਿ ਦੁਖ ਪਾਏ, ਲੋਕ ਸਬਾਏ, ਕਿਸਨ ਹੋ ਆਏ, ਕੰਸ ਹਨਾ।
ਪੁਨਿ ਧਰਮ ਨਸਾਨਾ, ਧਰ ਦੁਖ ਮਾਨਾ, ਸ੍ਰੀ ਪ੍ਰਭ ਜਾਨਾ, ਆਪ ਅਨਾ।
ਧਰ ਸੰਤ ਅਵਤਾਰੀ, ਨਾਮ ਸਮਾਰੀ, ਕਾਮ ਗਤਾਰੀ, ਬ੍ਰਹਮ ਮਏ।
ਸ੍ਰੀ ਗੁਰ ਆਦੀ, ਤਾਕੀ ਗਾਦੀ, ਦਸਮ ਪ੍ਰਸਾਦੀ, ਰੂਪ ਜਏ॥[159]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ ਸਾਹਿਬਾਨ ਦੀ ਬਾਣੀ ਵੀ ਗੁਰੂ ਸਾਹਿਬਾਨ ਨੂੰ ਇਸੇ ਰੂਪ ਵਿਚ ਆਦਿ, ਅਨੰਤ ਅਤੇ ਸਰਬ ਵਿਆਪਕ ਬਿਆਨ ਕਰਦੀ ਹੈ :

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥
ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ
ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥
ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ
ਈਸੁ ਬੰਮ੍ਹ੍ਹ ਗ੍ਯ੍ਯਾਨੁ ਧ੍ਯ੍ਯਾਨੁ ਧਰਤ ਹੀਐ ਚਾਹਿ ਜੀਉ॥
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥[160]

---

[158] ਅਮਰ ਸਿੰਘ ਚਾਕਰ (ਸੰਪਾ.) *ਵਾਰਾਂ ਭਾਈ ਗੁਰਦਾਸ ਜੀ*, ਵਾਰ 1, ਪਉੜੀ 27.
[159] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 21, ਪੰਨਾ 50.
[160] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਸਵਈਏ ਮਹਲੇ ਚਉਥੇ ਕੇ*, ਭਟ ਗਯੰਦ, ਪੰਨਾ 1402.

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਨੂੰ ਹਰ ਮਨੁੱਖ ਆਪਣੀ ਭਾਵਨਾ ਅਨੁਸਾਰ ਦੇਖਦਾ ਹੈ। ਗੁਰੂ ਜੀ ਸਾਧੂ, ਜੋਗੀ, ਸੂਰਵੀਰ, ਸਿਧ ਆਦਿ ਸਭ ਦੇ ਸ਼ਿਰੋਮਣੀ ਆਦਰਸ਼ ਹਨ। ਸੇਵਕ ਲਈ ਆਪ ਸਭ ਪਦਾਰਥ ਦੇਣ ਵਾਲੇ, ਗਰੀਬ ਅਤੇ ਕਮਜ਼ੋਰ ਲਈ ਰੱਖਿਆ ਕਰਨ ਵਾਲੇ ਅਤੇ ਖਾਲਸੇ ਲਈ ਅਕਾਲ ਪੁਰਖ ਦਾ ਰੂਪ ਹਨ :

> ਸਾਧੂ ਕਹਤ ਸਾਧ ਅਵਤਾਰੀ। ਜੋਗੀ ਕਰਤ ਜੋਗਿਸਵਰ ਭਾਰੀ।
> ਬੀਰਨ ਲਖ੍ਯੋ ਬੀਰ ਬਰ ਅਤ੍ਰੀ। ਜੋਧਨ ਜੋਧ ਰੂਪ ਧਰ ਛਤ੍ਰੀ ...
> ਦਾਸਨ ਕਲਪ ਬ੍ਰਿਛ ਕਰ ਚੀਨਾ। ਸਿਧਨ ਸਿਧ ਰੂਪ ਰਸ ਭੀਨਾ।
> ਦੀਨਨ ਕਹਾ ਦਾਨ ਬਡ ਦਾਇਕ। ਰਿਧ ਸਿਧ ਅਲੈ ਗੁਣ ਲਾਇਕ॥
> ਸੋਢ ਬੰਸ ਕੁਲ ਕਲਸ ਬਖਾਨਿਯੋ। ਆਦਿ ਅਕਾਲ ਖਾਲਸੋ ਜਾਨਿਯੋ।
> ਗੋ ਦਿਜ ਕਹਾ ਸੰਤ ਜਨ ਰਛਕ। ਕਾਮ ਧੇਨ ਜਾਨਿਓ ਜਗ ਭਿਛਕ॥
> ਧਰਮ ਸੁ ਕਹਾ ਧਰਮ ਜਗੁ ਧਰਤਾ। ਪੁੰਨ ਦਾਨ ਕਹ ਇਨ ਕੋ ਕਰਤਾ।
> ਗਯਾਨਨ ਗਨਿਯੋ ਗਿਆਨ ਕੋ ਸਾਗਰ। ਜੋਗਨ ਗਨਿਓ ਸੁ ਬਸਤ ਇਕਾਗੁਰ॥[161]

ਗੁਰੂ ਹੀ ਨਾਮ ਅਤੇ ਮੁਕਤੀ ਦੇਣ ਵਾਲਾ ਹੈ :

> ਯਾ ਭਵ ਸਾਗਰ ਬੂਡਤ ਤੇ ਗੁਰ ਨਾਮ ਦਯੋ ਸਤਿ ਪਾਰ ਸੁ ਕੀਨੇ।
> ਆਪ ਤਰੇ ਜੁ ਸੰਗਤ ਕੇ ਪੁਨ ਭੈ ਸੁ ਨਿਵਾਰ ਅਭੈ ਪਦ ਦੀਨੇ॥[162]

ਕਵੀ ਅਨੁਸਾਰ ਗੁਰੂ ਪਰਮਾਤਮਾ ਦਾ ਹੀ ਰੂਪ ਹੁੰਦਾ ਹੈ ਅਤੇ ਜਨਮ ਮਰਣ ਤੋਂ ਮੁਕਤ ਹੁੰਦਾ ਹੈ :

> ਗੁਰੂ ਪਾਕ ਜਾਮਾ। ਪਰੈ ਹੈ ਪਰਾਮਾ। ਜਮੈ ਮੌਤ ਨਾਹੀ। ਜਹਾਂ ਆਪ ਆਹੀ॥
> ਜਮੈ ਮੌਤ ਸਾਰਾ। ਗੁਰੂ ਸੌ ਬਿਚਾਰਾ। ਨਹੀ ਤਾਂਹਿ ਲੇਪੀ। ਗੁਰੂ ਹੈ ਅਲੇਪੀ॥[163]

ਕੁਇਰ ਸਿੰਘ ਗੁਰੂ ਜੀ ਨੂੰ ਅਵਤਾਰਾਂ ਦੇ ਅਵਤਾਰ, ਕਰਤਾ ਅਤੇ ਅਕਾਲ ਪੁਰਖ ਮੰਨਦਾ ਹੈ :

> ਧੀਰ ਨ ਮੀਰ ਨ ਬੀਰ ਨ ਤੋ ਸਮ, ਤੋਹ ਲਖਾ ਹਮ ਸ੍ਰੀ ਕਰਤਾਰ।
> ਸਾਹਨ ਸਾਹ ਗੁਬਿੰਦ ਗੁਰੂ, ਪ੍ਰਭੁ ਜੋ ਅਵਤਾਰਨ ਕੋ ਅਵਤਾਰ।[164]

ਇਸ ਤਰ੍ਹਾਂ ਜਿਥੇ ਕੁਇਰ ਸਿੰਘ ਇੱਕ ਸ਼ਰਧਾਲੂ ਦੇ ਤੌਰ ਤੇ 'ਗੁਰੂ' ਨੂੰ ਪਰਮਾਤਮਾ ਦਾ ਹੀ ਰੂਪ

---

161 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 79-83, ਪੰਨਾ 36.
162 ਉਹੀ, ਛੰਦ 209, ਪੰਨਾ 46.
163 ਉਹੀ, ਛੰਦ 147-48, ਪੰਨਾ 68.
164 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 25, ਪੰਨਾ 50.

ਮੰਨਦਾ ਹੈ ਉਥੇ ਗੁਰੂ ਗੋਬਿੰਦ ਸਿੰਘ ਜੀ ਦੇ ਮੁੱਖ ਤੋਂ ਕਹੇ ਗਏ ਵਾਕਾਂ ਰਾਹੀਂ ਪਰਮਾਤਮਾ ਦਾ ਸੇਵਕ, ਪਿਆਰਾ ਅਤੇ ਸੰਤ ਆਦਿ ਦਰਸਾਉਂਦਾ ਹੈ :

ਗੋਪ ਰਹੇ ਹਮ ਸੋ ਅਤਿ ਹੀ ਅਬ, ਸ੍ਰੀ ਹਰਿ ਮੋਹ ਨ ਗੋਪ ਰਖੀਜੈ।
ਅਕਾਲ ਪਠਜੋ ਹਮਕੋ ਅਬ ਤਾਵਤ, ਕੇਤਕ ਕਾਲ ਲੁਕੈ ਹਮ ਭੀਜੈ॥[165]

ਕਵੀ ਸੁੱਖਾ ਸਿੰਘ ਨੇ ਗੁਰਬਿਲਾਸ ਵਿਚ ਸਪਸ਼ਟ ਕੀਤਾ ਹੈ ਸੰਸਾਰ ਵਿਚ ਕੋਈ ਜੀਵ, ਦੇਵਤਾ, ਮੁਨੀ, ਰਿਸ਼ੀ, ਤਪੀ ਅਤੇ ਅਵਤਾਰ ਗੁਰੂ ਦੇ ਸਮਾਨ ਨਹੀਂ ਹੈ। ਕਵੀ ਨੇ ਭੰਗਾਣੀ ਯੁੱਧ ਸਮੇਂ ਗੁਰੂ ਜੀ ਦੇ ਸਨਮੁਖ ਮਹੰਤ ਕ੍ਰਿਪਾਲ ਦਾਸ ਦੀ ਬੇਨਤੀ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ :

ਬਡੇ ਭਾਗ ਤੋ ਕਹ ਹਮ ਪਾਯੋ। ਲੋਕ ਸੁਖੀ ਪਰਲੋਕ ਬਨਾਯੋ।
ਬ੍ਰਹਮਾਦਿਕ ਰਿਖਕੁ ਮੁਨ ਜੋਨੀ। ਕਿੰਨਰ ਜਛ ਭੁਜੰਗ ਅਮੋਨੀ॥
ਆਜ ਲਗੈ ਗਾਵਤ ਗੁਨ ਆਯੋ। ਤੁਵ ਪ੍ਰਸਾਦਿ ਸੌ ਇਹ ਮਮ ਪਾਯੋ।
ਅਬ ਮਨ ਮੈ ਨਿਸਚੈ ਹਿਮ ਆਈ। ਤੁਵ ਸਮਾਨ ਪ੍ਰਭ ਸੁਰ ਨਰ ਨਾਹੀ॥
ਕੋਟ ਬਿਸਨ ਬ੍ਰਹਮੇ ਤ੍ਰਿਪਰਾਰੀ। ਇਨ ਪਾਵੋ ਪਰ ਦਿਜਿਯੈ ਵਾਰੀ।[166]

ਕਵੀ ਸੁੱਖਾ ਸਿੰਘ ਨੇ ਸੰਸਾਰ ਦੇ ਬਾਕੀ ਰਹਿਬਰਾਂ ਅਤੇ ਅਵਤਾਰਾਂ ਦੇ ਸਮਾਨਾਂਤਰ 'ਗੁਰੂ' ਨੂੰ ਸਰਬ-ਉਚ ਸਥਾਨ ਦਿੰਦਿਆਂ ਸੱਭ ਤੋਂ ਪਹਿਲੇ ਅਤੇ ਸਰਬ ਸਾਂਝੇ ਗੁਰੂ ਦੇ ਰੂਪ ਵਿਚ ਪੇਸ਼ ਕੀਤਾ ਹੈ :

ਜੋ ਗੁਰ ਪੀਰ ਜਗਤ ਇਹ ਮਾਹੀ। ਸਰਬ ਆਦਿ ਨਾਨਕ ਗੁਰ ਆਹੀ।
ਨਾਨਕ ਮਧਿ ਖੁਦਾਇ ਸੋ ਜਾਣੁ। ਰਤੀ ਨ ਅੰਤਰ ਦੁਤੈ ਪਛਾਣੁ।
ਆਲਮ ਕੁਲ ਤਾਰਨ ਕੇ ਕਾਜਾ। ਨਾਨਕ ਗੁਰੂ ਗਰੀਬ ਨਿਵਾਜਾ।
ਹਿੰਦਨ ਔ ਤੁਰਕਨ ਕੋ ਸਾਂਝਾ। ਸਮਝ ਲੇਹੁ ਤਾ ਕਉ ਮਨ ਮਾਂਝਾ॥[167]

ਕਵੀ ਕੁਇਰ ਸਿੰਘ 'ਗੁਰੂ' ਬਾਰੇ ਇਹ ਤੱਥ ਵਿਸ਼ੇਸ਼ ਤੌਰ ਤੇ ਪੇਸ਼ ਕਰਦਾ ਹੈ ਕਿ 'ਗੁਰੂ' ਨੂੰ ਮਨੁੱਖ ਨਾ ਸਮਝੋ। ਕਵੀ ਅਨੁਸਾਰ ਗੁਰੂ ਨੇ ਜਿਸ ਜੀਵ ਨੂੰ ਮਾਇਆ ਵਿਚ ਫਸਾਉਣਾ ਹੋਵੇ ਉਸ ਦੀ ਮਤ ਫੇਰ ਦਿੰਦਾ ਹੈ। ਨਤੀਜੇ ਵਜੋਂ ਉਹ ਜੀਵ ਗੁਰੂ ਨੂੰ ਮਨੁੱਖ ਸਮਝਣ ਲਗ ਪੈਂਦਾ ਹੈ। ਕਵੀ ਰਾਜਾ ਭੀਮ ਚੰਦ ਦੇ ਅਗਿਆਨੀ ਹੋਣ ਦਾ ਪ੍ਰਮਾਣ ਉਸ ਵੱਲੋਂ ਗੁਰੂ ਸਾਹਿਬ ਨੂੰ ਮਨੁੱਖ ਸਮਝਣਾ ਦੱਸਦਾ ਹੈ :

ਭੀਮ ਸੁ ਚੰਦ ਬਡੋ ਬਰ ਰਾਜਨ, ਤਾ ਕਰ ਫੇਰ ਦਯੋ ਮਨ ਸਾਈ।

---

165 ਉਹੀ, ਛੰਦ 44, ਪੰਨਾ 52.
166 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 228-30, ਪੰਨਾ 109-10.
167 ਉਹੀ, ਛੰਦ 51-52, ਪੰਨਾ 238.

ਮਾਨਸ ਰੂਪ ਲਖੇ ਗੁਰ ਕੋ ਤਿਨ ਦੂਰ ਭਯੋ ਗੁਰ ਗਯਾਨ ਗਵਾਈ।

ਤਾਵਤ ਕਾਲ ਸੁ ਕਾਲ ਕ੍ਰਿਪਾ ਕਰ, ਔਰ ਤੇ ਔਰ ਭਯੋ ਮਨ ਰਾਈ॥[168]

ਕਵੀ ਕੁਇਰ ਸਿੰਘ ਆਪਣੀ ਰਚਨਾ ਵਿਚ ਦੱਸਦਾ ਹੈ ਕਿ ਲਾਲ ਸਿੰਘ ਦੇ ਗੁਨਾਹ ਦਾ ਅਸਲ ਕਾਰਨ ਗੁਰੂ ਜੀ ਨੂੰ ਮਨੁੱਖ ਸਮਝਣਾ ਹੈ। ਗੁਰੂ ਜੀ ਵੱਲੋਂ ਸ਼ੰਕਾ ਦੂਰ ਕੀਤੇ ਜਾਣ ਤੇ ਲਾਲ ਸਿੰਘ ਨੇ ਇਸ ਤਰ੍ਹਾਂ ਅਰਦਾਸ ਕੀਤੀ :

"ਪ੍ਰਸਨੋਤਰ ਮੈ ਅਧਿਕ ਨਿਸੰਗਾ। ਕਰੇ ਸੰਕ ਤਜ ਤੁਮਰੇ ਸੰਗਾ॥

ਖਿਮਾ ਕਰੋ ਸਤਿਗੁਰ ਭਗਵਾਨਾ। ਮੈ ਤੁਮ ਕੋ ਨਰ ਕਰ ਪਹਿਚਾਨਾ।"[169]

ਕਵੀ ਸੁੱਖਾ ਸਿੰਘ ਨੇ ਗੁਰੂ ਦੀ ਪਰਾ-ਮਨੁੱਖੀ ਸ਼ਖਸੀਅਤ ਨੂੰ ਵਿਸ਼ੇਸ਼ ਕਰਕੇ ਉਜਾਗਰ ਕੀਤਾ ਹੈ। ਕਵੀ ਅਨੁਸਾਰ ਗੁਰੂ ਨੂੰ ਮਨੁੱਖ ਸਮਝਣਾ ਸਭ ਤੋਂ ਵੱਡੀ ਭੁੱਲ ਹੈ :

ਮਾਨੁਖ ਨਾਹ ਗੁਰੂ ਕਹ ਲਹੀਐ। ਅਚੁਤ ਨਾਥ ਅਗਾਧ ਸੁ ਕਹੀਐ॥[170]

ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਵੱਲੋਂ ਭੇਜੇ ਗਏ ਹਾਥੀ ਦਾ ਮੁਕਾਬਲਾ ਕਰਨ ਲਈ ਮਸੰਦ ਦੁਨੀ ਚੰਦ ਚੁਣਿਆ। ਦੁਨੀ ਚੰਦ ਹਾਥੀ ਨਾਲ ਮੁਕਾਬਲਾ ਕਰਨੋਂ ਡਰ ਗਿਆ। ਦੁਨੀ ਚੰਦ ਆਪਣੇ ਮਨ ਦੇ ਤੌਖਲੇ ਸਿੱਖਾਂ ਸਾਹਮਣੇ ਜਾਹਰ ਕਰਨ ਲੱਗਾ ਅਤੇ ਆਪਣੇ ਸਾਥੀਆਂ ਸਮੇਤ ਭੱਜਣ ਦੀ ਵਿਉਂਤ ਬਣਾਉਣ ਲੱਗਾ। ਭਾਈ ਗੁਰਬਖਸ਼ ਸਿੰਘ ਨੇ ਦੁਨੀ ਚੰਦ ਨੂੰ ਸਮਝਾਇਆ ਕਿ ਵੇਦ, ਸਿਮ੍ਰਿਤ, ਸ਼ਾਸਤਰ, ਪੁਰਾਣ ਜਿਸ ਦੇ ਗੁਣ ਗਾਉਂਦੇ ਹਨ ਅਤੇ ਦੇਵ, ਦਾਨਵ, ਕਿੰਨਰ, ਜਛ ਆਦਿ ਜਿਸ ਦਾ ਧਿਆਨ ਧਰਦੇ ਹਨ ਗੁਰੂ ਗੋਬਿੰਦ ਸਿੰਘ ਉਸੇ ਅਕਾਲ ਪੁਰਖ ਦਾ ਹੀ ਰੂਪ ਹਨ :

ਨਿਜ ਮੁਖ ਸੋ ਪੁਨ ਬਚਨ ਉਚਾਰੋ। ਸੁਨੋ ਦੁਨੀ ਬਿਧ ਬਚਨ ਹਮਾਰੋ।

ਸਿੰਮ੍ਰਿਤ ਬੇਦ ਪੁਰਾਨ ਪਛਾਨਹੁ। ਕਿੰਨਰ ਜਛ ਦੇਵ ਅਰ ਦਾਨੋ।

ਕਲਮਲ ਬਦਨ ਚਾਰ ਜਿਹ ਧਿਆਈ। ਪੂਤ ਪਾਂਚ ਖਟੁ ਤਿਹ ਸਿਸ ਗਾਈ।

ਨਿਸ ਦਿਸ ਏ ਜਿਹ ਧਰਤ ਧਿਆਨਾ। ਸੇਸਨਾਗ ਕਹ ਨੇਤ ਬਖਾਨਾ॥

ਸੋ ਵਹ ਇਹੀ ਗੁਰੂ ਕਤ ਅਵਰਾ। ਕਹ ਹਮ ਸੋ ਸਭ ਹੀ ਇਹ ਠਵਰਾ।[171]

ਦੁਨੀ ਚੰਦ ਦੀਆਂ ਗੱਲਾਂ ਸੁਣ ਕੇ ਗੁਰਬਖਸ਼ ਸਿੰਘ ਦੇ ਮਨ ਦਾ ਵਿਚਾਰ ਬਿਆਨ ਕਰਦਿਆਂ ਕਵੀ

---

[168] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 60, ਪੰਨਾ 53.
[169] ਉਹੀ, ਛੰਦ 70, ਪੰਨਾ 165.
[170] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 125, ਪੰਨਾ 207.
[171] ਉਹੀ, ਛੰਦ 136-38, ਪੰਨਾ 225.

ਦੱਸਦਾ ਹੈ ਕਿ ਦੁਨੀ ਚੰਦ ਦੇ ਮਾੜੇ ਹਾਲ ਦਾ ਕਾਰਨ ਉਸ ਵੱਲੋਂ ਗੁਰੂ ਨੂੰ ਮਨੁੱਖ ਜਾਣਨਾ ਹੈ :

ਤਬੈ ਸਿੰਘ ਇਹ ਭਾਂਤਿ ਪਛਾਨੀ। ਯਹ ਮਸੰਦ ਮੂਰਖ ਓਗਿਆਨੀ।
ਪੂਜ ਬਿਰਾਟ ਏਨ ਜੋ ਖਾਈ। ਤਾਤੇ ਯਾਕੀ ਮਤ ਬਵਰਾਈ॥
ਸ੍ਰੀ ਸਤਿਗੁਰ ਕੋ ਨਰ ਕਰ ਜਾਨਤ। ਪ੍ਰਾਨ ਰਖਨ ਹਿਤ ਛਲ ਬਲ ਠਾਨਤ।
ਸਾਲੋ ਕਾ ਇਨ ਨਾਮ ਗਵਾਯੋ। ਪੋਤਾ ਭਲੋ ਮਧਿ ਕੁਲ ਆਯੋ॥ [172]

ਕਵੀ ਅਨੁਸਾਰ ਗੁਰੂ ਦੀ ਕਿਰਪਾ ਭਰੀ ਨਿਗਾਹ ਦਾ ਸਦਕਾ ਭਾਈ ਬਚਿੱਤਰ ਸਿੰਘ ਸੰਸਾਰ ਪ੍ਰਸਿਧ ਹੋਏ ਹਨ :

ਏਕ ਦਾਸ ਪਰ ਪਰੀ ਦ੍ਰਿਸਟ ਸੁ ਜਾਇ ਕੈ।
ਹੋ ਭਯੋ ਪ੍ਰਗਟ ਸੁਈ ਭਵਨ ਚੌਦਹੂੰ ਆਇ ਕੈ॥ [173]

ਆਨੰਦਪੁਰ ਸਾਹਿਬ ਉੱਪਰ ਸ਼ਾਹਜਾਦੇ ਅਤੇ ਹੋਰ ਅਹਿਦੀਆਂ ਵੱਲੋਂ ਕੀਤੇ ਹਮਲਿਆਂ ਦੌਰਾਨ ਕੁੱਝ ਲੋਕ ਗੁਰੂ ਜੀ ਦੇ ਰੋਕਣ ਦੇ ਬਾਵਜੂਦ ਸ਼ਹਿਰੋਂ ਭੱਜ ਗਏ। ਗੁਰੂ ਜੀ ਦੀ ਕਿਰਪਾ ਸਦਕਾ ਆਨੰਦਪੁਰ ਸੁਰੱਖਿਅਤ ਰਿਹਾ ਪਰ ਸ਼ਹਿਰੋਂ ਭੱਜਣ ਵਾਲੇ ਲੋਕ ਮੁਗਲ ਫੌਜ ਹੱਥੋਂ ਬਹੁਤ ਬੇਇਜ਼ਤ ਅਤੇ ਦੁਖੀ ਹੋਏ। ਸੁੱਖਾ ਸਿੰਘ ਉਨ੍ਹਾਂ ਲੋਕਾਂ ਦੀ ਤਰਸਯੋਗ ਹਾਲਤ ਦਾ ਕਾਰਨ ਉਨ੍ਹਾਂ ਦਾ ਗੁਰੂ ਵੱਲੋਂ ਬੇਮੁਖ ਹੋਣਾ ਮੰਨਦਾ ਹੈ :

ਸ੍ਰੀ ਸਤਿਗੁਰ ਤਿਨ ਨਰ ਕਰ ਜਾਨਾ। ਪੁਨ ਤਾਂਕੀ ਮੁਖ ਨਿੰਦ ਬਖਾਨਾ।
ਤਾਂਕੋ ਫਲ ਯਾ ਬਿਧ ਤਿਹ ਲਾਗਯੋ। ਲੋਗ ਦੁਖੀ ਪਰਲੋਕ ਤਯਾਗਯੋ॥ [174]

ਗੁਰੂ ਗੋਬਿੰਦ ਸਿੰਘ ਜੀ ਭਾਈ ਰਾਮ ਕੁਇਰ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਗਏ। ਭਾਈ ਰਾਮ ਕੁਇਰ ਜੀ ਦੇ ਮਨ ਵਿਚ ਵਿਚਾਰ ਆਇਆ ਕਿ ਗੁਰੂ ਜੀ ਦਾ ਸਰੀਰ ਨਾਜ਼ੁਕ ਹੈ ਅਤੇ ਕਮਾਨ ਬਹੁਤ ਭਾਰਾ ਹੈ। ਗੁਰੂ ਜੀ ਨੇ ਭਾਈ ਜੀ ਦਾ ਸ਼ੰਕਾ ਨਿਵਾਰਣ ਲਈ ਹਾਥੀ ਉੱਪਰ ਚੜ੍ਹਨ ਵੇਲੇ ਉਨ੍ਹਾਂ ਦੇ ਮੋਢੇ ਉੱਪਰ ਹੱਥ ਰੱਖ ਲਿਆ। ਭਾਈ ਜੀ ਦੇ ਮੋਢੇ ਉੱਪਰ ਤਿੰਨਾਂ ਲੋਕਾਂ ਦਾ ਭਾਰ ਪੈ ਗਿਆ ਅਤੇ ਗੁਰੂ ਜੀ ਨੇ ਬਚਨ ਉਚਾਰਨ ਕੀਤਾ ਕਿ ਗੁਰੂ ਰਾਮ ਦਾਸ ਜੀ ਦੀ ਕੁਲ ਤੋਂ ਬਿਨ੍ਹਾਂ ਹੋਰ ਕੌਣ ਇੱਕ ਪਲ ਇਸ ਨੂੰ ਸਹਾਰ ਸਕਦਾ ਹੈ। ਗੁਰੂ ਜੀ ਨੇ ਭਾਈ ਰਾਮ ਕੁਇਰ ਜੀ ਨੂੰ ਬਚਨ ਕੀਤਾ ਕਿ ਤੁਹਾਡਾ ਪਰਿਵਾਰ ਤਾਂ ਅਭੁੱਲ ਸੀ। ਤੁਹਾਡੇ ਤੋਂ ਇਹ ਭੁੱਲ ਕਿਵੇਂ ਹੋ ਗਈ :

ਹੁਤੋ ਅਭੂਲ ਤੁਮਰੋ ਸਦਨ। ਤੁਮ ਕਯੋਂ ਭਰਮੈ ਸੁਨ ਬਰ ਬਦਨ।

---

[172] ਉਹੀ, ਛੰਦ 146-47, ਪੰਨਾ 225.
[173] ਉਹੀ, ਛੰਦ 169, ਪੰਨਾ 227.
[174] ਉਹੀ, ਛੰਦ 182, ਪੰਨਾ 249.

ਸਤਿਗੁਰ ਕੋ ਜਾਨਓ ਕਰ ਨਰਾ। ਬਡੋ ਧਲਖ ਤਨ ਕੋਮਲ ਖਰਾ॥

ਜੋ ਤੁਮ ਜਾਨਤ ਬਲ ਨਿਧ ਗੁਰੂ। ਤੁਮ ਕਤ ਕਰ੍ਯੋ ਬਚਨ ਇਹ ਸੁਰੂ।

ਜੋ ਸਮਝਿਓ ਗੁਰ ਕੋ ਬਲ ਨਾਹਿ। ਤਬ ਯੌ ਬਚਨ ਬਖਾਨੇ ਆਹਿ॥[175]

ਭਾਈ ਰਾਮ ਕੁਇਰ ਜੀ ਨੇ ਆਪਣੀ ਭੁੱਲ ਦੀ ਖਿਮਾ ਮੰਗਦਿਆਂ ਬੇਨਤੀ ਕੀਤੀ ਕਿ ਗੁਰੂ ਦੇ ਕੌਤਕ ਬੇਅੰਤ ਹਨ ਅਤੇ ਜੀਵ ਭੁੱਲਣਹਾਰ ਹੈ :

ਭੂਲਨ ਮੈ ਭਾਖਿਯੋ ਹੋ ਜੰਤ। ਗੁਰ ਕੋ ਚਰਿਤ੍ਰ ਨ ਲਖੈ ਅਨੰਤ॥

ਤੋਰੀ ਪ੍ਰਬਲ ਨਾਥ ਜੂ ਮਾਇਆ। ਬ੍ਰਹਮਾਦਿਕ ਜਿਹ ਦੇਵ ਭੁਲਾਇਆ।

ਆਦਿ ਅੰਤੁ ਜਿਹ ਲਖਾ ਨ ਜਾਈ। ਸੋ ਬੂਝ ਜਿਹ ਸਿਯਾਮ ਸਹਾਈ॥[176]

ਕਵੀ ਕੁਇਰ ਸਿੰਘ ਅਨੁਸਾਰ 'ਗੁਰੂ' ਹੀ ਸੰਸਾਰ ਨੂੰ ਚਲਾਉਣ ਵਾਲਾ ਹੈ। ਗੁਰੂ ਸਾਹਿਬ ਦੇ ਖਿਲਾਫ ਮੁਹਿੰਮਾਂ ਵਿੱਢਣ ਵਾਲੇ ਵੀ ਗੁਰੂ ਨੇ ਆਪ ਹੀ ਇਸ ਪਾਸੇ ਲਾਏ ਹੋਏ ਹਨ। ਇਹ ਗੁਰੂ ਦੀ ਖੇਡ/ਬਿਲਾਸ ਹੈ :

ਆਪ ਹੀ ਖੇਲ ਕਰੇ ਜਗ ਨਾਯਕ ਘਾਯਕ ਸਤ੍ਰਨ ਕੇ ਸੁਖ ਗਾਮੀ॥[177]

ਅਤੇ

ਸਰਬ ਸਿੱਧ ਕੇ ਕਰਨੇ ਹਾਰੇ। ਰਿੱਧਿ ਸਿੱਧੀ ਜਹਿ ਬਾਰ ਬੁਹਾਰੇ।

ਰਾਜੇ ਤੁਰਕ ਲਰਤ ਜੇ ਜਾਨੋ। ਇਹ ਤੋ ਹਮਰੀ ਖੇਲ ਪਛਾਨੋ॥

ਬੀਰ ਸੁ ਧੀਰ ਬਾਜਿ ਗਜ ਰਾਜਾ। ਭੂਖੇ ਰਹਤ ਨਹੀ ਧਨ ਕਾਜਾ।

ਕਵਤਕ ਕਰਤ ਗਰੀਬ ਨਿਵਾਜਾ। ਕਛੁ ਚਰਿਤ੍ਰ ਨਿਰਖਨ ਕੈ ਕਾਜਾ॥[178]

ਕੁਇਰ ਸਿੰਘ ਅਨੁਸਾਰ ਗੁਰੂ ਦੇ ਦਰਸ਼ਨ ਮਾਤਰ ਨਾਲ ਹੀ ਦੋ ਜਹਾਨਾਂ ਦੀ ਸੋਝੀ ਅਤੇ ਸੁਖ ਪ੍ਰਾਪਤ ਹੋ ਜਾਂਦੇ ਹੈ :

ਅਧਮ ਅਨਿਕ ਜੋ ਦਰਸ ਕਰਾਹੀ। ਜਨਮ ਮਰਨ ਗਤਿ ਮੋਖ ਧਰਾਹੀ॥

ਜਿਨ ਮੇਰੋ ਸਤਿਗੁਰੁ ਕਰਤਾਰਾ। ਏਕ ਬਾਰ ਭਰ ਨੈਨ ਨਿਹਾਰਾ।

ਤਾਕੀ ਵਾਂਛਾ ਪੂਰਨ ਭਈ। ਈਤ ਊਤ ਕੀ ਚਿੰਤਾ ਗਈ।[179]

ਭਾਈ ਗੁਰਦਾਸ ਜੀ ਗੁਰੂ ਦੀ ਸ਼ਰਨ ਪ੍ਰਾਪਤ ਹੋਣ ਦਾ ਫਲ ਦੱਸਦੇ ਹਨ :

---

175 ਉਹੀ, ਛੰਦ 48-49, ਪੰਨਾ 253.
176 ਉਹੀ, ਛੰਦ 50-51, ਪੰਨਾ 253.
177 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 107, ਪੰਨਾ 57.
178 ਉਹੀ, ਛੰਦ 66-67, ਪੰਨਾ 165.
179 ਉਹੀ, ਛੰਦ 9-10, ਪੰਨਾ 63-64.

ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ

ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।

ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ

ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ।

ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ

ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ।

ਸਤਿਗੁਰੁ ਦਇਆ ਨਿਧਿ ਮਹਿਮਾ ਅਗਾਧਿ ਬੋਧਿ

ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥ [180]

ਕਵੀ ਸੁੱਖਾ ਸਿੰਘ ਨੇ ਗੁਰੂ ਦੇ ਦਰਸ਼ਨ ਦਾ ਵੱਡਾ ਮਹੱਤਵ ਬਿਆਨ ਕੀਤਾ ਹੈ। ਕਵੀ ਅਨੁਸਾਰ ਨੀਵੇਂ ਕਰਮ ਕਰਨ ਵਾਲਾ ਮਨੁੱਖ ਜੇਕਰ ਗੁਰੂ ਦੇ ਦਰਸ਼ਨ ਕਰ ਲਵੇ ਤਾਂ ਉਹ ਵੀ ਸ਼ੀਤਲ ਹੋ ਜਾਂਦਾ ਹੈ ਅਤੇ ਉਸ ਦੇ ਹਿਰਦੇ ਵਿਚ ਗਿਆਨ ਪਰਗਟ ਹੋ ਜਾਂਦਾ ਹੈ :

ਅਧਮ ਜੀਵ ਦਰਸਨ ਜੋਊ ਆਈ। ਸੀਤਲ ਹੋਤ ਦਰਸ ਕਹ ਪਾਈ॥

ਗਯਾਨ ਛਤ੍ਰ ਉਗਵਤ ਤਿਹ ਉਰਾ। ਜੋ ਦਰਸਤ ਆਨੰਦ ਚਲਿ ਪੁਰਾ। [181]

ਕਵੀ ਕੁਇਰ ਸਿੰਘ ਨੇ ਪੰਦ੍ਰਵੇਂ ਅਧਿਆਏ ਵਿਚ ਪਸ਼ੌਰ ਦੀ ਸੰਗਤ ਸੰਬੰਧੀ ਇੱਕ ਸਾਖੀ ਦਰਜ ਕੀਤੀ ਹੈ। ਆਨੰਦਪੁਰ ਨੂੰ ਮੁਗਲ ਫੌਜ ਦਾ ਘੇਰਾ ਪੈਣ ਕਰਕੇ ਇਹ ਸੰਗਤ ਰੁਕੀ ਹੋਈ ਸੀ। ਗੁਰੂ ਜੀ ਵੱਲੋਂ ਸੰਗਤ ਨੂੰ ਸ਼ਹਿਰ ਛੱਡ ਕੇ ਜਾਣ ਦੀ ਆਗਿਆ ਨਹੀਂ ਸੀ। ਪਸ਼ੌਰ ਦੀ ਸੰਗਤ ਨੇ ਇੱਕ ਬਜ਼ੁਰਗ ਦਾ ਝੂਠਾ ਬਿਬਾਣ ਬਣਾ ਕੇ ਸ਼ਹਿਰੋਂ ਨਿਕਲ਼ਨ ਦੀ ਕੋਸ਼ਿਸ਼ ਕੀਤੀ। ਜਾਣੀ-ਜਾਣ ਗੁਰੂ ਨੇ ਉਨ੍ਹਾਂ ਦਾ ਝੂਠ ਜਾਹਰ ਕਰ ਦਿੱਤਾ। ਸੰਗਤ ਡਰ ਗਈ ਪਰ ਗੁਰੂ ਜੀ ਨੇ ਫੁਰਮਾਇਆ ਕਿ ਡਰੋ ਨਾ ਅਸੀਂ ਤੁਹਾਨੂੰ ਇਸ ਕਰਕੇ ਰੋਕਿਆ ਹੈ ਕਿ ਲੋਕ ਇਹ ਨਾ ਕਹਿਣ ਕਿ ਗੁਰੂ ਛਲਿਆ ਗਇਆ ਹੈ :

ਜੇਕਰ ਤੁਮ ਜਾਤੇ ਯਾ ਥਾਨਾ। ਤਬ ਸੇ ਮੁਖ ਤੁਰਕਨ ਗਨ ਜਾਨਾ।

ਤੇ ਤੁਮ ਕਹਿਤੇ ਗਾਥ ਇਸਾਹੀ। ਤੁਮਰੋ ਗੁਰ ਕਛੁ ਜਾਨਤ ਨਾਹੀ॥

ਅੰਤਰਜਾਮੀ ਜੇ ਵਹਿ ਹੋਤਾ। ਤੁਮਰੇ ਛਲ ਬਲ ਜਾਨ ਨ ਲੇਤਾ।

ਯਾ ਕਰ ਹਮ ਤੁਮਰਾ ਕ੍ਰਿਤ ਕੀਜੈ। ਤੁਮ ਮਨ ਧਰੋ ਤ੍ਰਾਸ ਨਹੀ ਖੀਜੈ॥ [182]

---

[180] ਸੇਵਾ ਸਿੰਘ (ਸੰਪਾ.), *ਕਬਿੱਤ ਸਵੱਯੇ ਭਾਈ ਗੁਰਦਾਸ ਜੀ ਸਟੀਕ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2006, ਪੰਨਾ 100.

[181] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 44, ਪੰਨਾ 4.

[182] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 14-15, ਪੰਨਾ 167.

ਕੁਇਰ ਸਿੰਘ ਅਨੁਸਾਰ ਗੁਰੂ ਬਿਧ ਤੋਂ ਮੁਕਤ ਹੈ। ਗੁਰੂ ਜੀ ਦਾ ਸੰਸਾਰ ਆਗਮਨ ਅਤੇ ਕਾਰਜ ਕਰਮ ਦੇ ਅਧੀਨ ਨਹੀਂ ਸਗੋਂ ਪਰਉਪਕਾਰ ਹਿਤ ਹੈ :

ਗੁਰ ਕੋ ਪਰਾਲਬਧ ਨਹਿ ਕੋਯ। ਸਹਿਜੇ ਪਰ ਹਿਤ ਕਾਰਜ ਸੋਇ।[183]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਕਵੀ ਦੇ ਇਸ ਵਿਚਾਰ ਦੀ ਪ੍ਰੋੜਤਾ ਪ੍ਰਾਪਤ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥[184]

ਕੁਇਰ ਸਿੰਘ ਅਨੁਸਾਰ ਗੁਰੂ ਨਿਮਾਣਿਆਂ ਦਾ ਮਾਣ ਅਤੇ ਨਿਆਸਰਿਆਂ ਦਾ ਆਸਰਾ ਹੈ :

ਜਿਨ ਕਾ ਕੋਊ ਨ ਨਾਮ, ਤਿਨਾ ਸੰਗ ਆਪ ਹੈ।
ਹੋ, ਸਦਾ ਕਥਾ ਮਸਹੂਰ, ਸੰਗਤੀ ਜਾਪ ਹੈ॥[185]

'ਗੁਰ ਦਰਸ਼ਨ' ਵਿਚ ਗੁਰੂ ਅਤੇ ਸਿੱਖ ਦਾ ਆਪਸੀ ਪ੍ਰੇਮ ਬਹੁਤ ਮਹੱਤਵਪੂਰਨ ਹੈ। ਸਿੱਖ ਆਪਣੇ ਗੁਰੂ ਲਈ ਤਨ, ਮਨ ਅਤੇ ਧਨ ਸਭ ਕੁੱਝ ਵਾਰ ਦਿੰਦਾ ਹੈ ਅਤੇ ਗੁਰੂ ਆਪਣੇ ਸਿੱਖ ਨੂੰ ਅਕਾਲ ਪੁਰਖ ਦੇ ਨਾਮ ਦੀ ਪ੍ਰੀਤ ਲਾ ਕੇ ਆਪਣੇ ਵਰਗਾ ਹੀ ਬਣਾ ਲੈਂਦਾ ਹੈ। ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ :

ਰਾਮੋ ਰਾਮ ਨਾਮੁ ਸਤੇ ਸਤਿ ਗੁਰਮੁਖਿ ਜਾਣਿਆ ਰਾਮ॥
ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ॥
ਮਨੁ ਤਨੁ ਅਰਪਿਆ ਬਹੁਤੁ ਮਨਿ ਸਰਧਿਆ ਗੁਰ ਸੇਵਕ ਭਾਇ ਮਿਲਾਏ॥
ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ॥
ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥[186]

ਭਾਈ ਗੁਰਦਾਸ ਜੀ ਗੁਰੂ ਅਤੇ ਸਿੱਖ ਦੇ ਸੰਬੰਧ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ :

ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਤੁ ਵਰਤਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥[187]

---

[183] ਉਹੀ, ਛੰਦ 186, ਪੰਨਾ 188.
[184] ਸ੍ਰੀ ਗੁਰੂ ਗ੍ਰੰਥ ਸਾਹਿਬ, *ਸੂਹੀ ਮਹਲਾ ੫,* ਪੰਨਾ 749.
[185] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 29, ਪੰਨਾ 235.
[186] ਸ੍ਰੀ ਗੁਰੂ ਗ੍ਰੰਥ ਸਾਹਿਬ, *ਰਾਗ ਆਸਾ ਛੰਤ ਮਹਲਾ ੪ ਘਰੁ ੧, ਪੰਨਾ 444.*
[187] ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਵਾਰ 6, ਪਉੜੀ 5.

ਕੁਇਰ ਸਿੰਘ ਨੇ ਗੁਰੂ ਅਤੇ ਸਿੱਖ ਦੀ ਇੱਕ-ਮਿੱਕਤਾ ਨੂੰ ਬਹੁਤ ਸੋਹਣੇ ਸ਼ਬਦਾਂ ਵਿਚ ਪੇਸ਼ ਕੀਤਾ ਹੈ:

ਓਤ ਪੋਤ ਗੁਰ ਸਿਖ ਜਗ ਜਾਨੋ। ਜੈਸ ਨੌਮ ਗੁਰ ਸੰਗ ਸੋ ਮਾਨੋ॥
ਸਿਖ ਗੁਰ ਕੋ ਤਨ ਸੀਸ ਮਿਲਾਯੋ। ਓਤ ਪੋਤ ਗੁਰ ਸਿਖ ਯਾ ਭਾਯੋ।[188]

ਕਵੀ ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 'ਆਪੇ ਗੁਰ ਚੇਲਾ' ਵਾਲੇ ਰੂਪ ਨੂੰ ਬਾਖੂਬੀ ਪੇਸ਼ ਕੀਤਾ ਹੈ:

ਆਧ ਸਿੰਘਾਸਨ ਤੇ ਗੁਰ ਪੂਰਨ ਠਾਂਡ ਭਯੋ ਮਨ ਆਨੰਦ ਪਾਈ।
ਆਪਨ ਠੌਰ ਉਨੇ ਕਰ ਗੌਰ ਸੁ ਆਦਰ ਸੌ ਕਹ ਦੀਸ ਬੈਠਾਈ।
ਅੰਮ੍ਰਿਤ ਕਾਜ ਗਰੀਬ ਨਿਵਾਜ ਸੁ ਆਪ ਖਰੇ ਜੁਗ ਹਾਥ ਮਿਲਾਈ।
ਭੂਖਨ ਚੀਰ ਹਥਯਾਰ ਦਿਪੈ ਬਰ ਜਾ ਉਪਮਾ ਬਰਨੀ ਨਹੀ ਜਾਈ॥[189]

ਪਰ ਨਾਲ ਹੀ ਕਵੀ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ 'ਗੁਰੂ' ਜੀ ਦਾ ਖਾਲਸੇ ਅੱਗੇ ਝੁਕਣ ਦਾ ਕਾਰਣ ਉਨ੍ਹਾਂ ਵਿਚ ਕਿਸੇ ਘਾਟ ਦਾ ਲਖਾਇਕ ਨਹੀਂ ਸਗੋਂ ਗੁਰੂ ਜੀ ਨੇ ਇਹ ਕੌਤਕ ਖਾਲਸੇ ਨੂੰ ਵਡਿਆਈ ਦੇਣ ਲਈ ਕੀਤਾ ਹੈ :

ਛੀਰ ਸਮੁੰਦ੍ਰ ਕਿਧੌ ਗੁਰ ਪੂਰਨ ਲਾਲ ਰਤੰਨ ਧਰੇ ਜਿਹ ਮਾਹੀ।
ਅੰਮ੍ਰਿਤ ਧੇਨ ਸਸੀ ਸੁ ਧਨੰਤਰ ਕੌਨ ਗਨੈ ਗਨਤੀ ਕਛੁ ਨਾਹੀ।
ਰਿਧ ਸੁ ਸਿਧ ਪਦਾਰਥ ਕੋਟਕ ਬੀਚ ਬਸੈ ਜਿਹ ਕੀ ਪਰਛਾਹੀ।
ਸੋ ਗੁਰ ਪੂਰਨ ਅੰਮ੍ਰਿਤ ਮਾਂਗਤ ਕੌਤਕ ਸੰਤ ਲਖ੍ਯੋ ਯਹਿ ਆਹੀ।[190]

ਕਵੀ ਸੁੱਖਾ ਸਿੰਘ ਨੇ ਇੱਕ ਸਿੱਖ ਦੀ ਸਾਖੀ ਰਾਹੀਂ ਦੱਸਿਆ ਹੈ ਕਿ ਗੁਰੂ ਦਾ ਸਰੀਰ ਪਾਰਸ ਤੋਂ ਵੱਧ ਕਰਾਮਾਤੀ ਹੈ, ਜੋ ਮਿੱਟੀ ਨੂੰ ਵੀ ਸੋਨਾ ਬਣਾ ਸਕਦਾ ਹੈ। ਸਿੱਖ ਨੇ ਆਨੰਦਪੁਰ ਸਾਹਿਬ ਦੀ ਘੇਰਾਬੰਦੀ ਦੌਰਾਨ ਸਿੰਘਾਂ ਲਈ ਭੋਜਨ ਅਤੇ ਘੋੜਿਆਂ ਲਈ ਘਾਹ-ਪੱਠੇ ਦੀ ਘਾਟ ਵੇਖੀ। ਉਸ ਨੇ ਵਿਚਾਰ ਕੀਤਾ ਕਿ ਸ਼ਾਇਦ ਗੁਰੂ ਜੀ ਕੋਲ ਧਨ ਦੀ ਥੁੜ ਹੈ। ਇਸ ਸੋਚ ਕੇ ਸਿੱਖ ਨੇ ਗੁਰੂ ਜੀ ਨੂੰ ਕੀਮਤੀ ਪਾਰਸ ਭੇਟ ਕੀਤਾ ਪਰ ਗੁਰੂ ਜੀ ਨੇ ਉਸ ਪਾਰਸ ਨੂੰ ਨਦੀ ਵਿਚ ਸੁੱਟ ਦਿੱਤਾ। ਸਿੱਖ ਦੇ ਸਵਾਲ ਕਰਨ ਤੇ ਗੁਰੂ ਜੀ ਨੇ ਉਸ ਨੂੰ ਨਦੀ ਵਿਚ ਪਾਰਸ ਲੱਭਣ ਭੇਜਿਆ। ਜਦ ਸਿੱਖ ਨਦੀ ਵਿਚ ਗੋਤਾ ਲਾਇਆ ਤਾਂ ਉਥੇ ਪਏ ਰਤਨਾਂ ਦੇ ਢੇਰ ਵੇਖ ਕੇ ਉਹ ਹੈਰਾਨ ਰਹਿ ਗਿਆ :

---

188 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 57-58, ਪੰਨਾ 112.
189 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 72, ਪੰਨਾ 176.
190 ਉਹੀ, ਛੰਦ 99, ਪੰਨਾ 178.

ਜਾਹਿ ਅਬੈ ਜਲ ਮਧਿ ਨਦੀ ਸਰ ਮਾਰਿ ਤਰੈ ਟੁਬਕੀ ਚਿਤ ਲਾਈ।
ਜੋ ਬਹੁ ਬੇਰ ਕਹਿਓ ਬਚ ਸਾਹਿਬ ਮਧਿ ਧਸਿਓ ਜਲ ਕੇ ਨਿਜ ਜਾਈ।
ਮੂੰਦ ਸੁ ਕਾਨ ਉਭੈ ਤਿਸੁ ਲੋਚਨ ਜੋ ਟੁਬਕੀ ਜਲ ਭੀਤਰ ਲਾਈ।
ਦੇਖ ਭਯੋ ਬਿਸਮੈ ਮਨ ਆਪਨ ਗੰਜ ਕਿਤੇ ਤਿਨ ਤਾਰਿ ਲਖਾਈ॥
ਪਾਰਸ ਗੰਜ ਅਮਿਤ ਲਖੈ ਤਿਨ ਏਕ ਅਨੇਕ ਪਰੇ ਗ੍ਰਿਹ ਪੂਰੇ।[191]

ਸਿੱਖ ਨੇ ਪਾਣੀ ਨਾਲ ਗੁਰੂ ਜੀ ਦੇ ਹੱਥ ਧੁਆਏ ਤਾਂ ਦੇਖਿਆ ਕਿ ਜਿਥੇ-ਜਿਥੇ ਪਾਣੀ ਦੇ ਛਿੱਟੇ ਪਏ, ਉਹ ਥਾਂ ਸੋਨਾ ਬਣ ਗਈ। ਇਹ ਕੌਤਕ ਵੇਖ ਕੇ ਸਿੱਖ ਨੇ ਆਪਣੇ ਸ਼ੰਕੇ ਅਤੇ ਹੰਕਾਰ ਦੀ ਗੁਰੂ ਜੀ ਪਾਸੋਂ ਮਾਫ਼ੀ ਮੰਗੀ :

ਗਡੂਆ ਤਵਨ ਸਿਖ ਕਰ ਲਯੋ। ਪਾਨੀ ਡਾਰ ਪ੍ਰਭੈ ਕਰ ਦਯੋ।
ਹਾਥ ਸੁਚੇਤ ਹਜੂਰ ਕਰਾਈ। ਤਿਹ ਧਰਨੀ ਦਿਸ ਦਿਸਟ ਚਲਾਈ॥
ਜਿਹ ਜਿਹ ਪਰੀ ਚੀਤ ਧਰ ਧਾਰਾ। ਕੁੰਦਨ ਧਰਨ ਕਨਕ ਨਿਹਾਰਾ।
ਲਘ ਲਘ ਪਰੀ ਬੂੰਦ ਜਿਹ ਰਾਜਿਤ। ਕੁੰਦਨ ਧਰਨ ਦਿਪਤ ਛਬਿ ਛਾਜਤ॥[192]

ਇਸ ਕੌਤਕ ਰਾਹੀਂ ਗੁਰੂ ਜੀ ਨੇ ਸਿੱਖ ਦੇ ਅਗਿਆਨ ਦਾ ਪੜਦਾ ਹਟਾ ਦਿੱਤਾ। ਸਿੱਖ ਨੂੰ ਸਮਝ ਆ ਗਈ ਕਿ ਗੁਰੂ ਲਈ ਰਾਜ-ਭਾਗ ਅਤੇ ਪਦਾਰਥ ਪਹੁੰਚ ਤੋਂ ਪਰੇ ਨਹੀਂ ਹਨ। ਸੰਸਾਰ ਦੇ ਦੁਖ-ਭੁਖ ਤਾਂ ਗੁਰੂ ਦੇ ਕੌਤਕ ਹਨ :

ਰਾਜ ਅਵਰ ਤੁਰਕ ਜੋ ਜਾਨ। ਇਹ ਤੇ ਹਮਰੀ ਖੇਲ ਪਛਾਨੋ।
ਬੀਰ ਸੁਧੀਰ ਬਾਜ ਗਜ ਰਾਜਾ। ਭੂਖੇ ਰਹਤ ਨਹੀ ਧਨ ਕਾਜਾ॥
ਕਛੂ ਚਰਿਤ ਨਿਰਖਨੇ ਕਾਜਾ। ਕਉਤਕ ਕਰਤ ਗਰੀਬ ਨਿਵਾਜਾ।
ਵਾ ਕੀ ਬਾਤ ਵਹੈ ਪ੍ਰਭ ਜਾਨੈ। ਅਵਰ ਜੀਵ ਕੋਊ ਕਹਾ ਪਛਾਨੈ॥[193]

ਕਵੀ ਸੁੱਖਾ ਸਿੰਘ ਅਨੁਸਾਰ ਦੇਵੀ-ਦੇਵਤੇ ਤੇ ਅਵਤਾਰ ਆਦਿ ਸਭ ਮਾਇਆ ਅਤੇ ਦੁਖ-ਸੁਖ ਦੇ ਅਧੀਨ ਹਨ ਪਰ ਗੁਰੂ ਮਾਇਆ ਤੋਂ ਸੁਤੰਤਰ ਹੈ :

ਜਿਹ ਰਾਮਚੰਦ ਬਨ ਮਹਿ ਪਠਾਨ। ਤ੍ਰਿਯਾ ਕ੍ਰਿਸਨ ਦੇਵ ਖੁਸ ਭੀਲ ਪਾਨ।
ਸਸਿ ਮਧਿ ਜਾਨ ਕੀਨੋ ਕਲੰਕ। ਬਨ ਪੰਡਿ ਪੂਤ ਹ੍ਵੈ ਫਿਰਹ ਰੰਕ॥

---

[191] ਉਹੀ, ਛੰਦ 154, ਪੰਨਾ 299.
[192] ਉਹੀ, ਛੰਦ 151-52, ਪੰਨਾ 299.
[193] ਉਹੀ, ਛੰਦ 165-66, ਪੰਨਾ 300.

ਸੁਰਪਾਲ ਭਗਹ ਤਨ ਕਰ ਅਪਾਰ। ਸਿਵ ਹਾਥ ਖਪਰ ਕਰ ਸਿੰਧ ਧਾਰ।

ਭਾਵੀ ਅਪਾਰ ਸਭ ਜਗ ਨਵੀਨ। ਗੁਰ ਸੰਤ ਬਚਤ ਯਾ ਤੇ ਪ੍ਰਬੀਨ॥

ਜਿਹ ਹਾਨ ਲਾਭ ਸਮਸਰ ਪਛਾਨ। ਦੁਖ ਨਿੰਦ ਉਸਤਤਿ ਏਕਹ ਪ੍ਰਵਾਨ।

ਯੌ ਜਾਨ ਸਦਾਏ ਪਾਕ ਜਾਮ। ਸੁਨਿ ਕਥਾ ਦੇਵ ਗੁਰ ਅਤਿ ਭਿਰਾਮ॥[194]

ਕਵੀ ਅਨੁਸਾਰ ਗੁਰੂ ਹਰਖ ਸੋਗ ਤੋਂ ਉੱਪਰ ਹੈ। ਸੰਸਾਰਕ ਪਦਾਰਥਾਂ ਦਾ ਪਸਾਰਾ ਅਤੇ ਅੰਤ ਸਤਿਗੁਰੂ ਆਪ ਕਰਦਾ ਹੈ :

ਇਸੀ ਭਾਂਤਿ ਸਤਿਗੁਰ ਕਹ ਜਾਨਹੁ। ਹਰਖ ਸੋਗ ਹੈ ਏਕ ਸਮਾਨਹੁ।

ਆਈ ਕੋ ਨਿਜ ਹਰਖ ਨ ਕਰੈ। ਗਏ ਪਦਾਰਥ ਚਿੰਤ ਨ ਧਰੈ॥

ਜਬ ਚਾਹਤ ਤਬ ਕਰਤ ਪਸਾਰਾ। ਜੌ ਖੈਚਤ ਤਬ ਏਕੰਕਾਰਾ।

ਹੁਕਮ ਸਤਿ ਸਤਿਗੁਰ ਕਾ ਸਿਰੈ। ਜੋ ਭਾਵੈ ਸੋ ਭਾਵਨ ਕਰੈ॥[195]

ਕਵੀ ਕੁਇਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਇਆ ਹੈ। ਕਵੀ ਦਾ ਮਤ ਹੈ ਕਿ ਘੋਰ ਕਲਜੁਗ ਵਿਚ ਅਸਲ ਸੰਤ ਵਿਰਲੇ ਅਤੇ ਪੂਜਾ ਦਾ ਧਨ ਖਾਣ ਵਾਲੇ ਪਖੰਡੀ ਵੱਧ ਹਨ। ਅਜਿਹੇ ਪਖੰਡੀ ਆਪੋ-ਆਪਣੇ ਗ੍ਰੰਥ ਪੋਥੀਆਂ ਲਿਖਾਉਂਦੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰਤਾ ਕਰਨ ਦੀ ਕੋਸ਼ਿਸ਼ ਕਰਦੇ ਹਨ :

ਗ੍ਰਿਹ ਗ੍ਰਿਹ ਪੋਥੀ ਗ੍ਰੰਥ ਲਿਖਾਹੀ। ਪੂਜਾ ਭਖਤ ਭਜਨ ਨਹਿ ਗ੍ਰਾਹੀ।

ਹਰਿ ਸਿਮਰਨ ਬਿਨ ਕਾਮ ਵਿਕਾਰੀ। ਸੰਤ ਕਹਾਵੈਂ ਚਿਤ ਪਰ ਨਾਰੀ॥[196]

ਕਵੀ ਅਨੁਸਾਰ ਗੁਰੂ ਜੀ ਨੇ ਸਿੱਖਾਂ ਨੂੰ ਅਜਿਹੇ ਪਖੰਡੀਆਂ ਤੋਂ ਸੁਚੇਤ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਇਆ ਹੈ :

ਤਾਂ ਤੇ ਘੋਰ ਕਲੂ ਕੇ ਮਾਹੀ। ਸੰਤ ਦੁਰੈਂ ਰਵਿ ਘਨੁ ਸਮ ਤਾਹੀ।

ਤਾਂ ਤੇ ਜੋ ਮੁਹ ਸਿਖ ਸੁਜਾਨਾ। ਮਾਨੇ ਗੁਰੂ ਗ੍ਰੰਥ ਭਗਵਾਨਾ॥[197]

ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਕਰਨ ਦੀ ਸਾਖੀ ਪੇਸ਼ ਕੀਤੀ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਮੇਰੀ ਆਤਮਾ ਹਨ ਅਤੇ ਇਸ ਦੇ ਤੁਲ

---

194 ਉਹੀ, ਛੰਦ 4-6, ਪੰਨਾ 335.
195 ਉਹੀ, ਛੰਦ 80-81, ਪੰਨਾ 340.
196 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 92, ਪੰਨਾ 264.
197 ਉਹੀ, ਛੰਦ 93, ਪੰਨਾ 264.

ਹੋਰ ਕੋਈ ਨਹੀਂ ਹੋ ਸਕਦਾ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤ ਬਿਰਾਜਮਾਨ ਹੈ :

ਮੋ ਨਿਜ ਬਪੁ ਯਾ ਸਮ ਕੋ ਨਾਹੀ। ਪੂਰਬ ਸ੍ਰੀ ਗੁਰੂ ਨਾਨਕ ਆਹੀ।
ਪੂਰਬ ਸ੍ਰੀ ਗੁਰੂ ਨਾਨਕ ਦੇਵਾ। ਬਾਂਛਾ ਬੰਧ ਸਰੂਪ ਨ ਭੇਵਾ॥[198]

ਕਵੀ ਅਨੁਸਾਰ ਗੁਰੂ ਗੋਬਿੰਦ ਸਿੰਘ ਦੱਸਦੇ ਹਨ ਕਿ ਦਸ ਗੁਰੂ ਸਾਹਿਬਾਨ ਤੋਂ ਬਾਅਦ ਅੱਗੇ ਕਿਸੇ ਮਨੁੱਖ ਨੂੰ ਗੁਰੂ ਨਹੀਂ ਥਾਪਿਆ ਜਾਵੇਗਾ। ਮੈ ਸਭ ਸੰਗਤ ਅਕਾਲ ਪੁਰਖ ਦੀ ਗੋਦ ਵਿਚ ਸੌਂਪ ਰਿਹਾ ਹਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾ ਰਿਹਾ ਹਾਂ। ਜੋ ਸਿੰਘ ਗੁਰੂ ਗ੍ਰੰਥ ਸਾਹਿਬ ਨੂੰ ਮੰਨੇਗਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਨੂੰ ਹੀ ਮੇਰਾ ਦਰਸ਼ਨ ਮੰਨੇਗਾ ਉਹੀ ਸਿੰਘ ਮੇਰਾ ਪਿਆਰਾ ਹੋਵੇਗਾ :

ਦਸ ਅਵਤਾਰ ਗੁਪਤ ਹ੍ਵੈ ਜਾਂਹਿ। ਕੁਲ ਨਹਿ ਪ੍ਰਗਟੈਗੀ ਪੁਨਿ ਤਾਹਿ।
ਗੁਰਿਆਈ ਕਾ ਨਹਿ ਅਬ ਕਾਲ। ਤਿਲਕ ਨ ਦੇਵਹਿਗੇ ਕਿਸ ਭਾਲ॥
ਸਰਬ ਸੁ ਸੰਗਤਿ ਖਾਲਸ ਮਾਨ। ਸ੍ਰੀ ਅਸਿਕੇਤੁ ਗੋਦ ਮੈ ਜਾਨ।
ਲੜ ਪਕੜਾਇ ਸਬਦ ਕਾ ਰੂਪ। ਜੋ ਮਾਨੇ ਸੋ ਸਿੰਘ ਅਨੂਪ॥
ਦਰਸਨ ਗੁਰ ਕਾ ਹੈ ਸਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ।[199]

ਕੁਇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪਣ ਦੀ ਕਥਾ ਬਿਆਨ ਕੀਤੀ ਹੈ। ਕਵੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ 'ਆਦਿ ਗੁਰੂ' ਦੱਸਿਆ ਅਤੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਨਮਸਕਾਰ ਕੀਤੀ :

ਲੈ ਆਵੋ ਤਾ ਕੋ ਯਾ ਥਾਨਾ। ਲੈ ਆਏ ਗੁਰ ਦਸਮ ਸੁਜਾਨਾ॥
ਸੁਨ ਕੈ ਕਹਾ ਏਹੁ ਇਤਿਹਾਸ। "ਚਲੋ ਆਦਿ ਸਤਿਗੁਰ ਕੇ ਪਾਸ।"
ਤਬ ਪੁਨਿ ਆਪ ਉਠੇ ਸਭ ਸੰਗਾ। ਪੈਸੇ ਪਾਂਚ ਨਲੀਏਰ ਸੁ ਅੰਗਾ॥
ਲੈ ਕੇ ਤਾਹਿ ਅਰਪ ਕੀ ਬੰਦਨ। ਪ੍ਰਦੱਖਨ ਕਰਤੇ ਮਨ ਰੰਗਨ।
ਕਹਾ, "ਜੋਇ ਬਚ ਕੀਨਾ ਚਾਹੇ। ਪਾਠ ਕਰੈ ਗੁਰ ਕੋ ਸੁਖ ਪਾਏ॥
ਯਾ ਸਮ ਔਰ ਕੋਈ ਗੁਰ ਨਾਹੀ। ਬਿਨਾ ਕਾਨ ਸਚੁ ਬਾਕ ਭਨਾਹੀ।[200]

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪਿਆ। ਆਪ ਨੇ ਹੁਕਮ ਕੀਤਾ ਕਿ ਜੇਕਰ ਕੋਈ ਗੁਰੂ ਨਾਲ ਬਚਨ ਕਰਨਾ ਚਾਹੇ ਤਾਂ ਉਹ ਗੁਰਬਾਣੀ ਦਾ ਪਾਠ ਕਰੇ। ਕੁਇਰ ਸਿੰਘ

---

198 ਉਹੀ, ਛੰਦ 94.
199 ਉਹੀ, ਛੰਦ 96-98, ਪੰਨਾ 264-65.
200 ਉਹੀ, ਛੰਦ 98-100, ਪੰਨਾ 265.

ਦਾ ਉਪਰੋਕਤ ਵਿਚਾਰ ਗੁਰਮਤਿ ਦੇ ਸਿਧਾਂਤ ਅਨੁਸਾਰ ਠੀਕ ਹੈ। ਗੁਰੂ ਨਾਨਕ ਦੇਵ ਜੀ 'ਸ਼ਬਦ' ਨੂੰ ਹੀ ਆਪਣਾ ਗੁਰੂ ਦੱਸਦੇ ਹਨ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[201]

ਕਵੀ ਸੁੱਖਾ ਸਿੰਘ ਗੁਰੂ ਅਤੇ ਗੁਰਬਾਣੀ ਦੀ ਇੱਕ-ਮਿੱਕਤਾ ਨੂੰ ਉਜਾਗਰ ਕਰਦਿਆਂ ਲਿਖਦਾ ਹੈ :

ਬਾਣੀ ਗੁਰੂ ਗੁਰੂ ਹੈ ਬਾਨੀ। ਜਾ ਮੈ ਸਤਿਗੁਰ ਬਸੈ ਨਿਧਾਨੀ।[202]

ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਨੂੰ ਗੁਰੂ ਥਾਪ ਕੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਉੱਪਰ ਨਿਸ਼ਚਾ ਰੱਖਣ ਦਾ ਹੁਕਮ ਦਿੱਤਾ। ਆਪ ਨੇ ਅਰਦਾਸ ਕਰਕੇ ਸੀਸ ਝੁਕਾਇਆ ਅਤੇ ਰਬਾਬੀਆਂ ਨੂੰ ਬੇਅੰਤ ਮਾਇਆ ਭੇਟਾ ਕੀਤੀ। ਕੁਇਰ ਸਿੰਘ ਦੱਸਦਾ ਹੈ ਕਿ ਇਸ ਦ੍ਰਿਸ਼ ਨੂੰ ਵੇਖ ਕੇ ਲਗਦਾ ਹੈ ਕਿ ਮਾਨੋ ਗੁਰੂ ਗੋਬਿੰਦ ਸਿੰਘ ਜੀ ਦਾ ਜਲਾਲ ਗੁਰੂ ਗ੍ਰੰਥ ਸਾਹਿਬ ਉੱਪਰ ਆ ਗਿਆ ਹੈ :

ਗ੍ਰੰਥ ਗੁਰੂ ਮੈ ਨਿਹਚਾ ਧਾਰੇ। ਤਾ ਬਿਨ ਚਾਹ ਨ ਧਰੋ ਪਿਯਾਰੇ।
ਤਾਕੀ ਵਾਂਛਾ ਸਭ ਗੁਰ ਪੂਰੈ। ਯਾ ਪਰ ਨਿਸਚਾ ਭ੍ਰਮ ਸਭ ਦੂਰੈ॥
ਯਾ ਬਿਧਿ ਸ੍ਰੀ ਗਿਰੰਥ ਸਿਰ ਨਜਾਈ। ਕਰ ਅਰਦਾਸ ਪ੍ਰੇਮ ਜੁਤ ਭਾਈ।
ਦਾਮ ਅਨੰਤ ਦਏ ਜੋ ਰਬਾਬੀ। ਮਾਨੋ ਚੜੀ ਗ੍ਰੰਥ ਬਚ ਆਬੀ॥[203]

## (ii) ਸੰਗਤ

ਮਹਾਨ ਕੋਸ਼ ਅਨੁਸਾਰ 'ਸੰਗਤ' ਸ਼ਬਦ ਦੇ ਅਰਥ "ਸਭਾ. ਮਜਲਿਸ। ਸੰਬੰਧ. ਰਿਸ਼ਤਾ. ਨਾਤਾ। ਗੁਰੁਸਿੱਖਾਂ ਦੇ ਜਮਾ ਹੋਣ ਦੀ ਥਾਂ ਹਨ।"[204] ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਗੁਰੂ ਦੇ ਪ੍ਰੇਮ ਅਤੇ ਗੁਣਾਂ ਦੀ ਪ੍ਰਾਪਤੀ ਲਈ ਗੁਰਮੁਖ ਜਨਾਂ ਦੀ ਸੰਗਤ ਨੂੰ ਹੀ ਮੁਖ ਵਸੀਲਾ ਦੱਸਿਆ ਹੈ :

ਗੁਰਮੁਖਿ ਸੰਧਿ ਮਿਲੈ ਜੋ ਪਜਾਰੇ। ਤਬ ਜਾਨੈ ਯਹ ਭੇਦ ਸੁ ਸਾਰੇ।
ਨਿਰਖੈ ਗੁਰ ਕੇ ਅਮਿਤ ਖਜਾਨੈ। ਸਭ ਨਿਧਿ ਪੂਰਨ ਅਮਿਤ ਅਨਾਮੈ।[205]

ਅਤੇ

ਗੁਰਮੁਖਿ ਸਿਧ ਮਿਲੈ ਜੋ ਪਿਆਰੇ। ਤਬ ਯਹਿ ਭੇਦ ਸੁ ਜਾਨੈ ਸਾਰੇ।

---

201 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਰਾਮਕਲੀ ਮਹਲਾ ੧ ਸਿਧ ਗੋਸਟਿ*, ਪੰਨਾ 943.
202 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 43, ਪੰਨਾ 276.
203 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 136-37, ਪੰਨਾ 268.
204 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 240.
205 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 12, ਪੰਨਾ 2.

ਨਿਰਖੈ ਗੁਰ ਕੇ ਅਮਿਤ ਖਜਾਨੈ। ਸਭ ਬਿਧ ਪੂਰਨ ਅਧਿਕ ਅਮਾਨੈ।[206]

ਦੋਹਾਂ ਕਵੀਆਂ ਨੇ ਸੰਗਤ ਨੂੰ ਸਚਖੰਡ ਦੱਸਿਆ ਹੈ :

ਸੱਚਖੰਡ ਸੰਗਤ ਮੈ ਜਾਵੈ। ਤੌ ਲਖ ਨੇਤੈ ਨੇਤ ਬਤਾਵੈ।[207] ਅਤੇ

ਸਚਖੰਡ ਸੰਗਤ ਮਹ ਜਾਵੈ। ਨਿਜ ਸਰੂਪ ਨਿਰਖਤ ਬਿਸਮਾਵੈ।[208]

ਭਗਤ ਕਬੀਰ ਜੀ ਦਾ ਬਚਨ ਹੈ ਕਿ ਜੋ ਲੋਕ ਬੈਕੁੰਠ ਦੀ ਪ੍ਰਾਪਤੀ ਦੀਆਂ ਫੜ੍ਹਾਂ ਮਾਰਦੇ ਹਨ ਉਨ੍ਹਾਂ ਨੂੰ ਬੈਕੁੰਠ ਦਾ ਪਤਾ ਹੀ ਨਹੀਂ ਹੈ। ਅਸਲ ਬੈਕੁੰਠ ਤਾਂ ਪਰਮਾਤਮਾ ਦੀ ਸਿਫਤ-ਸਲਾਹ ਕਰਨ ਵਾਲੀ ਸਾਧ ਸੰਗਤ ਹੈ :

ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥[209]

ਕੁਇਰ ਸਿੰਘ ਅਨੁਸਾਰ ਸੰਗਤ ਉਹ ਵਸੀਲਾ ਹੈ ਜਿਸ ਰਾਹੀਂ ਅਗਿਆਨ ਦੇ ਹਨੇਰੇ ਵਿਚ ਫਸੇ ਲੋਕ ਗਿਆਨ ਦੇ ਪ੍ਰਕਾਸ਼ ਗੁਰੂ ਨਾਲ ਜੁੜਦੇ ਹਨ। ਪਾਉਂਟੇ ਨਿਵਾਸ ਵੇਲੇ ਗੁਰੂ ਜੀ ਦੇ ਦਰਸ਼ਨਾ ਲਈ ਸੰਗਤ ਦੀ ਆਮਦ ਨੂੰ ਕਵੀ ਇਸ ਤਰ੍ਹਾਂ ਬਿਆਨ ਕਰਦਾ ਹੈ :

ਸਰਬ ਦੇਸ ਕੀ ਸੰਗਤਿ ਆਵੈ। ਦਰਸਨ ਦਯਾ ਸਿੰਧੁ ਕੋ ਪਾਵੈ।

ਅਧਮ ਅਨਿਕ ਜੋ ਦਰਸ ਕਰਾਹੀ। ਜਨਮ ਮਰਨ ਗਤਿ ਮੋਖ ਧਰਾਹੀ॥[210]

ਗੁਰੂ ਸਾਹਿਬ ਵੱਲੋਂ ਚਲਾਇਆ ਸੰਗਤ ਪ੍ਰਬੰਧ ਅਧਿਆਤਮਿਕ ਅਤੇ ਸੰਸਾਰਕ ਦੋਹਾਂ ਸਰੋਕਾਰਾਂ ਦੀ ਮੁਕਤੀ ਲਈ ਸਹਾਈ ਸਾਬਤ ਹੁੰਦਾ ਹੈ। ਕੁਇਰ ਸਿੰਘ ਨੇ ਗੁਰੂ ਸਾਹਿਬ ਦੇ ਪਰਉਪਕਾਰੀ ਕਾਰਜ ਵਿਚ ਸੰਗਤ ਦੀ ਸਰਗਰਮ ਸ਼ਮੂਲੀਅਤ ਦੀ ਗਵਾਹੀ ਭਰੀ ਹੈ। ਰਾਜਾ ਭੀਮ ਚੰਦ ਦੀ ਬੇਨਤੀ ਤੇ ਦਿੱਲੀ ਤੋਂ ਸ਼ਾਹੀ ਲਸ਼ਕਰ ਦਿੱਲੀ ਤੋਂ ਆਨੰਦਪੁਰ ਵੱਲ ਰਵਾਨਾ ਹੋਇਆ। ਫੌਜ ਨੇ ਰਸਤੇ ਵਿਚ ਸਰਹੰਦ ਠਹਿਰਾਓ ਕੀਤਾ। ਜਦੋਂ ਸਰਹੰਦ ਦੀ ਸੰਗਤ ਨੂੰ ਮੁਗਲ ਫੌਜ ਦੇ ਮਨਸੂਬੇ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਇਸ ਹਮਲੇ ਦੀ ਅਗਾਊਂ ਖਬਰ ਅਤੇ ਸਹਾਇਤਾ ਭੇਜਣ ਦੀ ਵਿਉਂਤ ਬਣਾਈ :

ਸਹਰ ਸਿਰੰਦਹਿ ਕੇ ਬਿਖੈ, ਉਤਰੇ ਦਲ ਤੁਰਕਾਨ।

ਯੋ ਸੁਨ ਭੇਵ ਤਿਨੈ ਤਬੈ, ਸੰਗਤਿ ਚਿਤਾ ਠਾਨ॥

ਪੁਰ ਸੰਗਤਿ ਮਿਲ ਕਰਤ ਬਿਚਾਰਾ। ਗੁਪਤ ਬਾਤ ਕਛੁ ਲਿਖੀਏ ਧਾਰਾ।

---

206 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 18, ਪੰਨਾ 2.
207 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 13, ਪੰਨਾ 2.
208 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 19, ਪੰਨਾ 2.
209 ਸ੍ਰੀ ਗੁਰੂ ਗ੍ਰੰਥ ਸਾਹਿਬ, *ਗਉੜੀ ਕਬੀਰ ਜੀ*, ਪੰਨਾ 325.
210 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 9, ਪੰਨਾ 63.

ਇਤ ਤੇ ਭੇਦ ਲੋਕ ਨਹਿ ਪਾਵੈ। ਓਤੈ ਸੁਚੇਤ ਪ੍ਰਭ ਹੋਇ ਜਾਵੈ॥[211]

ਕਵੀ ਕੁਇਰ ਸਿੰਘ ਅਨੁਸਾਰ ਸਰਹੰਦ ਨਗਰ ਦੀ ਸੰਗਤ ਨੇ ਹਮਲੇ ਦੀ ਖਬਰ ਨਾਲ ਪੰਜ ਸੌ ਰੁਪਏ ਅਤੇ ਦਾਰੂ ਸਿੱਕਾ ਗੁਰੂ ਜੀ ਪਾਸ ਭੇਜਿਆ :

ਯਾ ਬਿਧਿ ਸੰਗਤਿ ਲਿਖੀ ਬਨਾਈ। ਪੁਨਿ ਉਗਰਾਹੀ ਨਿਜ ਕਰਵਾਈ।

ਪਾਂਚ ਸਹੰਸ੍ਰ ਜੋਰ ਤਿਨ ਦਾਂਮਾ। ਤਾ ਦਾਰੂ ਸਿੱਕਾ ਅਤਿ ਕਾਮਾ।[212]

ਇਹ ਕਾਰਜ ਗੁਪਤ ਰੱਖਣ ਲਈ ਸੰਗਤ ਨੇ ਲੂਣ ਦੇ ਵਪਾਰੀ ਦਾ ਕਾਫਲਾ ਬਣਾ ਕੇ ਸ੍ਰੀਨਗਰ ਵੱਲ ਜਾਣ ਦਾ ਬਹਾਨਾ ਕੀਤਾ :

ਨਾਮ ਲੋਨ ਕਾ ਲੀਨਾ ਭਾਰੀ। ਪੰਚ ਸੌ ਧੇਨ ਜਲ ਦੇ ਸੁਧਾਰੀ।

ਨਾਮ ਖੇਪ ਕਾ ਧਰ ਲੰਘਵਾਏ। ਸ੍ਰੀਨਗਰ ਕੋ ਪਠਨ ਕਹਵਾਏ॥[213]

ਸਰਹੰਦ ਦੀ ਸੰਗਤ ਵੱਲੋਂ ਭੇਜੇ ਗੁਪਤ ਸੁਨੇਹੇ ਬਾਰੇ ਸੁੱਖਾ ਸਿੰਘ ਨੇ ਬਹੁਤ ਸੋਹਣਾ ਵਰਨਣ ਕੀਤਾ ਹੈ:

ਸਭ ਸੰਗਤਿ ਯੌ ਲਿਖਯੌ ਸੁ ਭੇਦ ਬਨਾਇਕੈ।

ਪਠ੍ਯੋ ਦੂਤ ਤਤਕਾਲ ਗਹੌਰ ਨਹੀ ਲਾਇਕੈ॥

ਕ੍ਰਿਪਾ ਸਿੰਧ ਕੋ ਪਾਸ ਕਹ੍ਯੋ ਅਬ ਜਾਈਐ।

ਹੋ ਸਕਲ ਭੇਦ ਕਹ ਇਨ ਕੋ ਜਾਇ ਜਤਾਈਐ॥[214]

ਸ਼ਾਹਜਾਦੇ ਦੀ ਆਨੰਦਪੁਰ ਉੱਪਰ ਚੜ੍ਹਾਈ ਮੌਕੇ ਦਿੱਲੀ ਦੀ ਸੰਗਤ ਵੱਲੋਂ ਗੁਰੂ ਜੀ ਨੂੰ ਭੇਜੇ ਗਏ ਸੁਨੇਹੇ ਨੂੰ ਬਿਆਨ ਕਰਦਿਆਂ ਸੁੱਖਾ ਸਿੰਘ ਲਿਖਦਾ ਹੈ :

ਸਾਹ ਉਰੰਗੁ ਸੁ ਪੂਤ ਪਠ੍ਯੋ ਕਰ ਕੋਪ ਪ੍ਰਭੂ ਤੁਮ ਉਪਰ ਆਯੋ ...

ਜੌ ਬਲ ਹੈ ਤਬ ਹਿਯਾ ਸੁ ਲਰੇ ਨਹੀ ਹ੍ਵੈ ਅਨਤੇ ਜਗਦੀਸ ਬਚਾਯੋ॥

ਇਹ ਬਿਧ ਦਿਲੀ ਨਗਰ ਤੇ ਸੰਗਤਿ ਲਿਖਾ ਬਨਾਇ।

ਪਹੁਚਿਯੋ ਆਨ ਹਜੂਰ ਮੈ ਜਹਾਂ ਪ੍ਰਭੂ ਜਗ ਰਾਇ॥[215]

ਸੰਗਤ ਨੇ ਸ਼ਾਹਜਾਦੇ ਦੀ ਮੁਗਲ ਫੌਜ ਦੇ ਭਾਰੀ ਅਸਲਾ ਅਤੇ ਸਾਜੋ ਸਮਾਨ ਸਮੇਤ ਹੋਣ ਬਾਰੇ ਇਸ ਤਰ੍ਹਾਂ ਬਿਆਨ ਕੀਤਾ ਹੈ :

---

211 ਉਹੀ, ਛੰਦ 44-45, ਪੰਨਾ 126.
212 ਉਹੀ, ਛੰਦ 51, ਪੰਨਾ 126.
213 ਉਹੀ, ਛੰਦ 44-53, ਪੰਨਾ 126.
214 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 59, ਪੰਨਾ 201.
215 ਉਹੀ, ਛੰਦ 146-47, ਪੰਨਾ 246.

ਹਰਖਵਾਨ ਤੁਮ ਪਰ ਵਹ ਭਯੋ। ਟਾਂਡ ਸੁ ਜੋਰ ਅਧਿਕ ਤਿਨ ਲਯੋ।
ਏਕੇ ਗੁਲਾਮ ਸੰਗ ਦੈ ਭਾਰਯੋ। ਭੇਜਿਯੋ ਅਧਿਕ ਕੋਪ ਜੀਅ ਧਾਰਿਯੋ॥
ਸਕਟ ਨਾਲ ਘੁੜ ਨਾਲ ਅਨੇਕਾ। ਸੁਰਤ ਨਾਲ ਗਜ ਨਾਲ ਬਸੇਖਾ।
ਸੌਦਾਸਾਰ ਕਰਨ ਕੇ ਕਾਜਾ। ਆਯੋ ਇਹੈ ਗਰੀਬ ਨੀਵਾਜਾ॥
ਤੁਮ ਯਾਕੋ ਆਦਰ ਸੁਭ ਕਰੀਐ। ਲੋਹਾ ਅਧਿਕ ਭੇਟ ਤਿਹ ਧਰੀਐ।
ਟਾਂਡਾ ਹੈ ਪ੍ਰਭ ਯਾ ਸੰਗ ਭਾਰੋ। ਤੁਮ ਅਪਨੋ ਨਿਜ ਬਿਰਦ ਸੰਭਰੋ ...
ਯੌ ਸੁਨ ਦੂਤ ਲਈ ਪਤੀਆਂ ਪੁਨ ਦੀਨ ਦਯਾਲ ਕੇ ਤੀਰ ਸਿਧਾਯੋ।
ਆਨ ਦਈ ਪ੍ਰਭ ਕੇ ਕਰ ਮੈ ਕਰੁਨਾਨਿਧ ਕੋ ਬਹੁ ਭਾਤਿ ਰਿਝਾਯੋ॥[216]

ਵੱਖ-ਵੱਖ ਨਗਰਾਂ ਦੀ ਸੰਗਤ ਨਾ ਸਿਰਫ ਯੁੱਧ ਸਮੇਂ ਹੀ ਗੁਰੂ ਜੀ ਦਾ ਸਹਿਯੋਗ ਕਰਦੀ ਹੈ ਸਗੋਂ ਹਰ ਵੇਲੇ ਗੁਰੂ ਦੇ ਹੁਕਮ ਅਤੇ ਸੇਵਾ ਦਾ ਮੌਕਾ ਪ੍ਰਾਪਤ ਕਰਨ ਲਈ ਤਤਪਰ ਰਹਿੰਦੀ ਹੈ। ਕੁਇਰ ਸਿੰਘ ਅਨੁਸਾਰ ਛੋਟੇ ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਦੀ ਗ੍ਰਿਫਤਾਰੀ ਹੋਣ ਤੇ ਸਰਹੰਦ ਨਗਰ ਦੀ ਸੰਗਤ ਨੇ ਗੁਰੂ ਪਰਿਵਾਰ ਦੀ ਸਹਾਇਤਾ ਲਈ ਵਿਉਂਤ ਬਣਾਈ ਪਰ ਸੁੱਚਾ ਨੰਦ ਪੁਰੀ ਨੇ ਇਹ ਸਫਲ ਨਾ ਹੋਣ ਦਿੱਤੀ।[217]

ਗੁਰੂ ਗੋਬਿੰਦ ਸਿੰਘ ਵੱਲੋਂ ਦਯਾ ਸਿੰਘ ਹੱਥੀਂ ਔਰੰਗਜ਼ੇਬ ਨੂੰ ਜ਼ਫਰਨਾਮਾ ਭੇਜਣ ਦੇ ਪ੍ਰਸੰਗ ਵਿਚ ਵੱਖ-ਵੱਖ ਪਿੰਡਾਂ ਅਤੇ ਨਗਰਾਂ ਦੀ ਸੰਗਤ ਵੱਲੋਂ ਪਾਏ ਯੋਗਦਾਨ ਦਾ ਹਵਾਲਾ ਪ੍ਰਾਪਤ ਹੁੰਦਾ ਹੈ। ਕੁਇਰ ਸਿੰਘ ਦੱਸਦਾ ਹੈ ਕਿ ਦਯਾ ਸਿੰਘ ਦੇ ਆਉਣ ਦੀ ਖਬਰ ਸੁਣ ਕੇ ਦਿੱਲੀ ਦੀ ਸੰਗਤ ਇਕੱਠੀ ਹੋ ਕੇ ਸੇਵਾ ਵਿਚ ਹਾਜਰ ਹੋਈ :

ਅਹਿਦੀ ਭੇਸ ਕਰ ਸਿੰਘ ਸਿਧਾਯੋ। ਲੇਤ ਬਿਗਾਰ ਗਾਂਵ ਸਰ ਆਯੋ।
ਦਿੱਲੀ ਸਹਰ ਪਹੂਚਯੋ ਆਈ। ਕਿਤਕ ਕਾਲ ਇਹ ਭਾਂਤਿ ਬਿਤਾਈ॥
ਦਿੱਲੀ ਦਯਾ ਸਿੰਘ ਜੋ ਆਯਸ। ਸੁਨ ਸਬ ਖਬਰ ਖਾਲਸੇ ਪਾਇਸ।
ਕਰਜੋ ਜੋੜ ਸੰਗਤ ਮੈ ਜਾਈ। ਸਰਬ ਖਬਰ ਸਤਿਗੁਰ ਕੀ ਪਾਈ॥[218]

ਇਸ ਤਰ੍ਹਾਂ ਕੁਇਰ ਸਿੰਘ ਨੇ ਸੰਗਤ ਦਾ ਜੋ ਰੂਪ ਪੇਸ਼ ਕੀਤਾ ਹੈ ਉਹ ਸਿਰਫ ਪੂਜਾ-ਪਾਠ ਤੱਕ ਸੀਮਤ ਨਹੀਂ ਹੈ। ਗੁਰੂ ਸਾਹਿਬ ਰਾਹੀਂ ਸੰਗਤ ਅਕਾਲ ਪੁਰਖ ਵੱਲੋਂ ਦੱਸੇ ਗਏ ਮੀਰੀ-ਪੀਰੀ ਦੇ ਅਮਲ ਦੀ

---

[216] ਉਹੀ, ਛੰਦ 52-60, ਪੰਨਾ 200-01.
[217] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 251-53, ਪੰਨਾ 194.
[218] ਉਹੀ, ਛੰਦ 5-6, ਪੰਨਾ 202.

ਧਾਰਨੀ ਹੈ। ਗੁਰੂ ਅਮਰ ਦਾਸ ਜੀ ਵੱਲੋਂ ਚਲਾਈ ਗਈ 'ਮੰਜੀ ਪ੍ਰਥਾ' ਦੇ ਸਮੇਂ ਤੋਂ ਸਿੱਖ ਸੰਗਤ ਇੱਕ ਸੁਚੱਜੇ ਪ੍ਰਬੰਧ ਦੀ ਧਾਰਨੀ ਹੋ ਚੁਕੀ ਹੈ। ਗੁਰੂ ਗੋਬਿੰਦ ਸਿੰਘ ਦੇ ਸਮੇਂ ਇਹ ਸੰਗਤ ਇੱਕ ਕੌਮੀਅਤ ਦਾ ਰੂਪ ਧਾਰਨ ਕਰ ਚੁਕੀ ਹੈ। ਜ਼ਫਰਨਾਮੇ ਦੇ ਪ੍ਰਸੰਗ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਉੱਤਰ ਭਾਰਤ ਦੇ ਬਹੁਤੇ ਪਿੰਡ ਅਤੇ ਸ਼ਹਿਰ ਸੰਗਤ ਪ੍ਰਬੰਧ ਨਾਲ ਜੁੜੇ ਹੋਏ ਹਨ। ਸਰਕਾਰੀ ਅਹਿਦੀਆਂ ਅਤੇ ਹੁਕਮਨਾਮਿਆਂ ਦੇ ਉਲਟ ਗੁਰੂ ਸਾਹਿਬ ਦੇ ਸੇਵਾਦਾਰ ਅਤੇ ਹੁਕਮਨਾਮੇ ਨੂੰ ਲੋਕ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਪ੍ਰਵਾਨ ਕਰਦੇ ਹਨ। ਸੰਗਤ ਦੀ ਪ੍ਰੇਮ ਡੋਰ ਵਿਚ ਬੱਝਾ ਹਰ ਸਿੱਖ ਗੁਰੂ ਦੀ ਸੇਵਾ ਨੂੰ ਆਪਣੇ ਵੱਡੇ ਭਾਗ ਸਮਝਦਾ ਹੈ :

> ਮਿਲੀ ਸਾਧ ਸੰਗਤ ਬਡੋ ਸੂਖ ਪਾਯੋ। ਹੁਕਮ ਕਾਢ ਕੈ ਤਾਹਿ ਸੰਗਤ ਬਚਾਯੋ।
> ਲਏ ਦਾਮ ਜੇਤੇ ਲਿਖੈ ਤਾਹਿ ਨਾਮੰ। ਚਲਤੋ ਕੂਚ ਕੈ ਕੈ ਕੀਯੋ ਨਾਹਿ ਕਾਮੰ॥[219]

ਇਸੇ ਤਰ੍ਹਾਂ ਦਯਾ ਸਿੰਘ ਦੇ ਔਰੰਗਾਬਾਦ (ਅਹਿਮਦ ਨਗਰ) ਪਹੁੰਚਣ ਤੇ ਸੰਗਤ ਦੀ ਸ਼ਰਧਾ ਅਤੇ ਸਮਰਪਣ ਨੂੰ ਕੁਇਰ ਸਿੰਘ ਨੇ ਬਿਆਨ ਕੀਤਾ ਹੈ :

> ਸਿੰਘ ਤਾਹੀ ਸਮੈ ਆਨ ਦੱਛਨ ਦਿਸਾ, ਮੇਲ ਸਤਿਸੰਗ ਬੀਚਾਰ ਕੀਨਾ।
> ਕਹੋ ਜਿਹ ਭਾਂਤਿ ਤਿਹ ਭਾਂਤਿ ਅਰਜੀ ਕਰੈਂ, ਸਾਹ ਕੋ ਲਿਖਾ ਗੁਰ ਆਪ ਦੀਨਾ।
> ਬਾਕ ਵੀਚਾਰ ਵਿਸਤਾਰ ਕੇਤਾ ਭਯੋ, ਭਰਮ ਭਲੇ ਜਿਵੈ ਬੇਦਰੀਨਾ।
> ਹੁਕਮ ਕਰਤਾਰ ਕਾ ਮਾਨ ਕੇ ਖਾਲਸੇ, ਪ੍ਰੀਤ ਸੋ ਆਪਨੇ ਸੀਸ ਲੀਨਾ॥[220]

ਗੁਰਬਾਣੀ ਅੰਦਰ ਸੰਗਤ ਦੀ ਵਡਿਆਈ ਮਹਾਨ ਦੱਸੀ ਗਈ ਹੈ। ਕੁਇਰ ਸਿੰਘ ਨੇ ਭਾਈ ਰੂਪੇ ਵਾਲੀ ਸਾਖੀ ਵਿਚ, ਸੰਗਤ ਰਾਹੀਂ ਬਿਬੇਕ ਦੀ ਪ੍ਰਾਪਤੀ ਦਾ ਪ੍ਰਮਾਣ ਪੇਸ਼ ਕੀਤਾ ਹੈ। ਭਾਈ ਰੂਪੇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਠੰਡਾ ਜਲ ਛਕਾਇਆ। ਗੁਰੂ ਜੀ ਨੇ ਖੁਸ਼ ਹੋ ਕੇ ਵਰ ਮੰਗਣ ਲਈ ਬਚਨ ਕੀਤਾ। ਭਾਈ ਰੂਪੇ ਨੇ ਪਰਿਵਾਰ ਨਾਲ ਮਸ਼ਵਰੇ ਦਾ ਸਮਾਂ ਮੰਗਿਆ ਅਤੇ ਆਪਣੀ ਪੁੱਤਰੀ ਦੇ ਕਹੇ ਅਨੁਸਾਰ ਗੁਰੂ ਜੀ ਪਾਸੋਂ ਲੰਗਰ ਦਾ ਵਰ ਮੰਗਿਆ। ਕੁਇਰ ਸਿੰਘ ਅਨੁਸਾਰ ਉਸ ਬੀਬੀ ਨੇ ਇਹ ਨਿਰਮਲ ਬੁਧੀ ਸਤਿਸੰਗਤ ਵਿਚੋਂ ਪ੍ਰਾਪਤ ਕੀਤੀ ਹੈ :

> ਸੁਤਾ ਤੇ ਪੂਛਤ ਭਯੋ ਪੁਨਿ ਭਾਰੀ। ਰੂਪੇ ਪਿਤ ਭ੍ਰਾਤਾ ਕੀ ਪਜਾਰੀ।
> ਜੋ ਸਤਿਸੰਗ ਕੀ ਰੀਤ ਸੁਧਾਰੀ। ਤਾਹਿ ਕਹੀ ਬਾਨੀ ਰੁਚਿ ਸਾਰੀ॥

---

[219] ਉਹੀ, ਛੰਦ 7.

[220] ਉਹੀ, ਛੰਦ 14, ਪੰਨਾ 203. ਅਤੇ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 174, ਪੰਨਾ 348.

ਤਾਹਿ ਕਹਯੋ, "ਪਿਤ ! ਇਹੁ ਬਰ ਆਛੀ। ਜੋ ਆਵੈ ਸੋ ਤ੍ਰਿਪਤ ਸੁ ਸਾਛੀ।

ਸਬ ਹੀ ਸੇਵਾ ਮੈ ਬਨ ਆਵੈ। ਹਮ ਤੇ ਦੁਖੀ ਨ ਕੋਈ ਜਾਵੈ॥[221]

ਕਵੀ ਸੰਗਤ ਨੂੰ ਗੁਰੂ ਪ੍ਰੇਮ ਦੀ ਟਕਸਾਲ ਵਜੋਂ ਪੇਸ਼ ਕਰਦਾ ਹੈ। ਸੰਗਤ ਵਿਚ ਮਨੁੱਖ ਸਾਰੇ ਵਿਤਕਰਿਆਂ ਤੋਂ ਮੁਕਤ ਹੋ ਕੇ ਗੁਰੂ ਦੇ ਗੁਣ ਗਾਉਣ ਅਤੇ ਸੁਣਨ ਦਾ ਅਭਿਆਸ ਕਰਦਾ ਹੈ। ਕੁਇਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਦਿੱਲੀ ਪਹੁੰਚਣ ਤੇ ਨਗਰ ਦੀ ਸੰਗਤ ਦੇ ਉਤਸ਼ਾਹ ਨੂੰ ਬਿਆਨ ਕਰਦਿਆਂ ਲਿਖਦਾ ਹੈ :

ਆਪ ਦਿਲੀ ਕੇ ਨਿਕਟ ਜੁ ਆਏ। ਸੰਗਤ ਖਬਰ ਸੁਨੀ ਸੁਖ ਪਾਏ॥

ਅਨਿਕ ਹੁਲਾਸ ਜੀਅ ਮੈ ਆਯੋ। ਸਰਬ ਖਾਲਸਾ ਲੈਨ ਸਿਧਾਯੋ।

ਗਾਡੀ ਰਥ ਕੇਤੇ ਜੁਰਵਾਏ। ਘੋਰਨ ਪੈ ਚੜ੍ਹ ਕਿਤੇ ਸਿਧਾਏ।

ਕਿਤਕ ਝੰਪਾਨ ਸਜੀ ਸੁਖ ਪਾਲਾ। ਪਦ ਪੰਕਜ ਤਟ ਚਲੇ ਬਿਸਾਲਾ।

ਪੀ ਪੀ ਨੈਨ ਪਾਨ ਕੇ ਪਜਾਲੇ। ਚੜ੍ਹੇ ਸਿੰਘ ਤਜ ਸਰਬ ਜੰਜਾਲੇ॥

ਯੌਂ ਸਭਹੂੰ ਮਿਲ ਕੀਨ ਵਿਚਾਰਾ। ਸਬਦ ਪੜ੍ਹੈਂ ਰਿਝਵੈਂ ਕਰਤਾਰਾ।

ਹਮ ਘਰ ਸਾਜਨ ਹੈਂ ਅਬ ਆਏ। ਜੋੜੇ ਕਰ ਯੌਂ ਪੜ੍ਹਤ ਸਿਧਾਏ॥[222]

ਗੁਰੂ ਜੀ ਸੰਗਤ ਨੂੰ ਮਿਲੇ, ਪਰਸ਼ਾਦ ਵਰਤਾਇਆ ਅਤੇ ਜਮੁਨਾ ਦੇ ਕੰਢੇ ਟਿਕਾਣਾ ਕੀਤਾ। ਗੁਰੂ ਜੀ ਨੂੰ ਸੰਗਤ ਨੇ ਨਗਰ ਅੰਦਰ ਆਉਣ ਦੀ ਬੇਨਤੀ ਕੀਤੀ ਜਿਸ ਨੂੰ ਗੁਰੂ ਜੀ ਨੇ ਪ੍ਰਵਾਨ ਕੀਤਾ। ਨਗਰ ਵਿਚ ਗੁਰੂ ਜੀ ਨੇ ਨੌਵੀਂ ਪਾਤਸ਼ਾਹੀ ਦੇ ਸ਼ਹੀਦੀ ਸਥਾਨ ਦੇ ਦਰਸ਼ਨ ਕੀਤੇ ਅਤੇ ਧਰਮਸਾਲ ਵਿਚ ਦੀਵਾਨ ਸਜਾਇਆ। ਗੁਰੂ ਜੀ ਸੰਗਤ ਉੱਪਰ ਬਹੁਤ ਖੁਸ਼ ਹਨ ਅਤੇ ਸੰਗਤ ਦੀਆਂ ਕੀਤੀਆਂ ਸਭ ਬੇਨਤੀਆਂ ਪ੍ਰਵਾਨ ਕਰਦੇ ਹਨ। ਇਸ ਤਰ੍ਹਾਂ 'ਸੰਗਤ' ਗੁਰੂ ਦੀ ਸੇਵਾ ਅਤੇ ਅਸੀਸ ਪ੍ਰਾਪਤੀ ਦਾ ਵਸੀਲਾ ਬਣਦੀ ਹੈ :

ਬੀਚ ਪਾਲਕੀ ਪ੍ਰਭਹਿ ਚੜ੍ਹਾਈ। ਧਰਮ ਸਾਲ ਸੰਗਤਿ ਲੈ ਆਈ॥

ਆਛ ਭੌਜਨ ਬਿੰਜਨ ਖਰੇ। ਲੈ ਹਜੂਰ ਆਨ ਕੈ ਧਰੈ।

ਸੀਤਲ ਨੀਰ, ਪੌਨ ਇਕ ਕਰੈਂ। ਅਨਿਕ ਭਾਤਿ ਭੇਟਨ ਇਕ ਧਰੈਂ॥

ਜੈਸੀ ਜੈਸ ਭਾਵਨਾ ਹੋਈ। ਰਾਖਤ ਆਨ ਹਜੂਰ ਸੁ ਸੋਈ।

ਇਹ ਬਿਧਿ ਤਿਨ ਕੋ ਭਾਵ ਨਿਹਾਰੀ। ਮੁਦਿਤ ਭਏ ਨਾਥ ਅਵਤਾਰੀ॥[223]

---

[221] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 92-93, ਪੰਨਾ 217.
[222] ਉਹੀ, ਛੰਦ 2-5, ਪੰਨਾ 233.
[223] ਉਹੀ, ਛੰਦ 15-17, ਪੰਨਾ 234.

ਕੁਇਰ ਸਿੰਘ ਅਨੁਸਾਰ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਆਪਣਾ ਰੂਪ ਦੱਸਿਆ ਹੈ :

ਸਰਬ ਸੰਗਤਿ ਰੂਪ ਮੇਰੋ, ਜੋ ਆਬੈ ਨ ਕਮਾਵਹੀ॥[224]

ਕਵੀ ਸੁੱਖਾ ਸਿੰਘ ਨੇ ਵੀ ਗੁਰੂ ਅਤੇ ਸੰਗਤ ਦੇ ਇੱਕ ਰੂਪ ਹੋਣ ਦੀ ਗਵਾਹੀ ਭਰੀ ਹੈ :

ਤਿਮ ਸੰਗਤਿ ਗੁਰ ਦੇਵਜੂ ਏਕੈ ਰੂਪ ਨਿਹਾਰ।[225]

ਸੰਗਤ ਦੇ ਸਤਿਕਾਰ ਨੂੰ ਜਾਣਨ ਲਈ ਸੁੱਖਾ ਸਿੰਘ ਵੱਲੋਂ ਦਰਜ ਕੀਤੀ, ਕਾਸ਼ੀ ਦੇ ਬ੍ਰਾਹਮਣਾਂ ਨੂੰ ਸੰਗਤ ਦੀ ਚਰਨ ਪਾਹੁਲ ਦੇਣ ਦੀ ਸਾਖੀ ਬਹੁਤ ਮਹੱਤਵਪੂਰਨ ਹੈ। ਕਾਸ਼ੀ ਦੇ ਬ੍ਰਾਹਮਣਾਂ ਨੇ ਗੋਬਿੰਦ ਰਾਏ ਜੀ ਤੋਂ ਪਰਭਾਵਿਤ ਹੋ ਕੇ ਸਿੱਖੀ ਵਿਚ ਸ਼ਾਮਲ ਕਰਨ ਦੀ ਬੇਨਤੀ ਕੀਤੀ। ਉਸ ਸਮੇਂ ਨੌਵੀਂ ਗੁਰੂ ਜੋਤਿ ਗੁਰੂ ਤੇਗ ਬਹਾਦਰ ਜੀ ਆਨੰਦਪੁਰ ਬਿਰਾਜਮਾਨ ਸਨ। ਇਸ ਕਰਕੇ ਗੋਬਿੰਦ ਰਾਏ ਜੀ ਨੇ ਸਰਬਤ ਸੰਗਤ ਦੀ ਚਰਨ ਪਾਹੁਲ ਬ੍ਰਾਹਮਣਾਂ ਨੂੰ ਦਿੱਤੀ :

ਥੋਰ ਬਹਿਕ੍ਰਮ ਬੁਧ ਬਸੇਖੀ। ਤੋ ਸਮ ਉਪਮਾ ਅਵਰ ਨ ਦੇਖੀ।

ਪੰਡਿਤਨ ਕਹੀ ਕ੍ਰਿਪਾ ਅਬ ਕੀਜੈ। ਸਿਖੀ ਮੰਤ੍ਰ ਹਮ ਕੋ ਅਬ ਦੀਜੈ॥

ਯੌ ਸੁਨਿਕਰ ਸਤਿਗੁਰ ਅਵਤਾਰੀ। ਕੀਨੋ ਤਿਬ ਕਹ ਸਿਖ ਸੁਧਾਰੀ।

ਸੰਗਤ ਜੀ ਕੇ ਚਰਨ ਪਖਾਰੀ। ਚਰਨ ਸੁਧਾ ਤਿਨ ਕੌ ਦੈ ਡਾਰੀ ...

ਸੰਗਤ ਕੇ ਪਗ ਪੰਕਜ ਪਖਾਰ ਕੇ ਲੈ ਤਿਨ ਕੋ ਤਰ ਅੰਮ੍ਰਿਤ ਦੀਨੋ।[226]

ਆਨੰਦਪੁਰ ਸਾਹਿਬ ਆਉਣ ਵਾਲੀ ਸੰਗਤ ਨੂੰ ਰਸਤੇ ਵਿਚ ਪਹਾੜੀ ਰਾਜੇ ਅਤੇ ਰੰਘੜ ਤੰਗ ਕਰਦੇ ਸਨ। ਗੁਰੂ ਜੀ ਨੇ ਪਹਾੜੀਆਂ ਨੂੰ ਸਪਸ਼ਟ ਆਖ ਦਿੱਤਾ ਕਿ ਸੰਗਤ ਨਾਲ ਕਿਸੇ ਤਰ੍ਹਾਂ ਦੀ ਛੇੜਖਾਨੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ :

ਚਤੁਰ ਦਿਸਾ ਸੰਗਤ ਮੁਰ ਆਵੈ। ਜਿਨ ਤਿਨ ਕਹ ਕੋਊ ਹਾਥ ਲਗਾਵੈ।

ਜਬ ਸੁਨ ਹੈ ਛੇਰਤ ਕੋਊ ਕਾਸੋ। ਹਮ ਸਮਝੈ ਗੇ ਬਹੁ ਬਿਧ ਤਾਸੋ॥[227]

ਗੁਰੂ ਜੀ ਦੇ ਸਮਝਾਉਣ ਦੇ ਬਾਵਜੂਦ ਆਲਸੂਨ ਅਤੇ ਬਜਰੂੜ ਦੇ ਰੰਘੜਾਂ ਨੇ ਆਨੰਦਪੁਰ ਆ ਰਹੀ ਸੰਗਤ ਨੂੰ ਲੁੱਟ ਲਿਆ। ਗੁਰੂ ਜੀ ਨੇ ਆਲਸੂਨ, ਨੂਹ ਅਤੇ ਬਜਰੂੜ ਪਿੰਡਾਂ ਨੂੰ ਸਖਤ ਸਜ਼ਾ ਦੇ ਕੇ ਅੱਗੋਂ ਤੋਂ

---

[224] ਉਹੀ, ਛੰਦ 125, ਪੰਨਾ 267.
[225] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 202, ਪੰਨਾ 45.
[226] ਉਹੀ, ਛੰਦ 207-09, ਪੰਨਾ 45-46.
[227] ਉਹੀ, ਛੰਦ 26, ਪੰਨਾ 120.

ਸੰਗਤ ਦੀ ਲੁਟ ਰੋਕੀ :

ਜਯੋਂ ਅਲ ਸੂਣ ਸੁ ਨੂਹ ਲੁਟ੍ਯੋ ਪ੍ਰਭ ਤ੍ਯੋਂ ਬਜਰੂੜ ਕੀ ਛਾਰ ਉਡਾਈ।

ਤਾ ਦਿਨ ਤੇ ਇਨ ਮਾਰਗ ਖੋਸਨ ਲੈ ਸਭ ਲੋਗਨ ਹਦ ਕਰਾਈ।[228]

ਸੁੱਖਾ ਸਿੰਘ ਨੇ ਖਾਲਸਾ ਸਾਜਨਾ ਤੋਂ ਪਹਿਲਾਂ ਮਸੰਦਾਂ ਦੀ ਪਰਖ ਨੂੰ ਵਿਸ਼ੇਸ਼ ਅਰਥਾਂ ਵਿਚ ਪੇਸ਼ ਕੀਤਾ ਹੈ। ਕਵੀ ਅਨੁਸਾਰ ਗੁਰੂ ਜੀ ਨੇ 'ਗੁਰੂ ਘਰ' ਵਿਚੋਂ ਸ਼ੁਧ ਅਤੇ ਸਰਬੋਤਮ ਤੱਤ ਨੂੰ ਉਜਾਗਰ ਕਰਨ ਲਈ ਪਹਿਲਾਂ ਮਸੰਦਾ ਦੀ ਅਤੇ ਫੇਰ ਸੰਗਤ ਦੀ ਪਰਖ ਕੀਤੀ :

ਨਿਜ ਆਲੈ ਪ੍ਰਭ ਸੋਧ ਕੈ ਕੀਨੇ ਦੂਰ ਮਸੰਦ।

ਅਬ ਸੰਗਤ ਨਿਜ ਸੋਧਕੈ ਕਾਢਤ ਬੀਰ ਬੁਲੰਦ॥[229]

ਗੁਰੂ ਜੀ ਦੀ ਪਰਖ ਵਿਚ ਮਸੰਦ ਅਸਫਲ ਹੋ ਗਏ। ਦੂਜੇ ਪਾਸੇ ਸੰਗਤ ਦੀ ਬਹੁਤ ਕਰੜੀ ਪਰਖ ਹੋਈ ਪਰ ਸੰਗਤ ਵਿਚੋਂ ਪੰਜ ਪਿਆਰਿਆਂ ਨੇ ਆਪਣੇ ਸੀਸ ਗੁਰੂ ਨੂੰ ਭੇਟ ਕਰਕੇ ਖਾਲਸਾ ਪੰਥ ਦੇ ਰੂਪ ਵਿਚ ਸਫਲਤਾ ਪ੍ਰਾਪਤ ਕੀਤੀ :

ਅਵਲ ਪੁਰਖ ਕੌਤਕ ਇਹ ਕੀਨਾ। ਜਿਹ ਤਿਹ ਬੋਲ ਸੰਗਤਨ ਲੀਨਾ।

ਮਿਲੇ ਸਰਬ ਤਿਹ ਜਬਹੀ ਆਈ। ਨਿਪਤ ਜੋਤਿ ਸ੍ਰੀ ਬਦਨ ਸੁਨਾਈ॥

ਸਨਮੁਖ ਸਿਖ ਰੂਪ ਹ੍ਵੈ ਕੋਈ। ਸੀਸ ਭੇਟ ਦੇਵੇ ਗੁਰ ਸੋਈ ...

ਪਾਂਚ ਸਿੰਘ ਸਤਿਗੁਰ ਇਮ ਲਯਾਯੋ। ਹਾਹਾਕਾਰ ਸਬਦ ਧਰ ਛਾਯੋ॥[230]

ਸਿੱਖ ਸਿਧਾਂਤ ਅਤੇ ਪਰੰਪਰਾ ਵਿਚ ਸਭ ਤੋਂ ਮੁੱਢਲੀ ਇਕਾਈ 'ਸਿੱਖ', ਉਸ ਤੋਂ ਉੱਪਰ 'ਸੰਗਤ' ਅਤੇ ਉਸ ਤੋਂ ਉੱਪਰ 'ਗੁਰੂ ਸਾਹਿਬ' ਨੂੰ ਮੰਨਿਆ ਗਿਆ ਹੈ। ਭਾਈ ਗੁਰਦਾਸ ਜੀ ਸਿੱਖ, ਸੰਗਤ ਅਤੇ ਗੁਰੂ ਦੇ ਆਪਸੀ ਰਿਸ਼ਤੇ ਨੂੰ ਰੁਖ, ਫਲ ਅਤੇ ਬੀਜ ਦੇ ਉਦਾਹਰਣ ਨਾਲ ਪੇਸ਼ ਕਰਦੇ ਹਨ :

ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ।

ਨਉ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸਰੁ।

ਵੀਹ ਇਕੀਹ ਅਸੰਖ ਸੰਖ ਮੁਕਤੈ ਮੁਕਤੇਸਰੁ।

ਨਗਰਿ ਨਗਰਿ ਮੈ ਸਹੰਸ ਸਿਖ ਦੇਸ ਦੇਸ ਲਖੇਸਰੁ।

ਇਕ ਦੂੰ ਬਿਰਖਹੁ ਲਖ ਫਲ ਫਲ ਬੀਅ ਲੋਮੇਸਰੁ।

---

228 ਉਹੀ, ਛੰਦ 27, ਪੰਨਾ 188.
229 ਉਹੀ, ਛੰਦ 131, ਪੰਨਾ 170.
230 ਉਹੀ, ਛੰਦ 9-15, ਪੰਨਾ 171-72.

ਭੋਗ ਭੁਗਤਿ ਰਾਜੇਸੁਰਾ ਜੋਗ ਜੁਗਤਿ ਜੋਗੇਸਰੁ॥[231]

ਲਾਲ ਸਿੰਘ ਨਾਮੀ ਸਿੱਖ ਨੇ ਗੁਰੂ ਜੀ ਨੂੰ ਸੁੰਦਰ ਢਾਲ ਭੇਟਾ ਕੀਤੀ ਪਰ ਉਸ ਦੇ ਮਨ ਵਿਚ ਆਪਣੀ ਢਾਲ ਦੀ ਸੁੰਦਰਤਾ ਅਤੇ ਸਮਰਥਾ ਬਾਰੇ ਹੰਕਾਰ ਪੈਦਾ ਹੋ ਚੁਕਾ ਸੀ। ਗੁਰੂ ਜੀ ਨੇ ਹੁਕਮ ਕੀਤਾ ਕਿ ਉਹ ਆਪ ਅਗਲੇ ਦਿਨ ਢਾਲ ਦੀ ਪਰਖ ਕਰਨਗੇ। ਇਹ ਬਚਨ ਸੁਣ ਕੇ ਲਾਲ ਸਿੰਘ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਲਾਲ ਸਿੰਘ ਨੇ ਗੁਰੂ ਜੀ ਪਾਸੋਂ ਆਪਣੀ ਭੁੱਲ ਬਖਸ਼ਾਉਣ ਲਈ ਸੰਗਤ ਦਾ ਓਟ ਆਸਰਾ ਲਿਆ। ਕਵੀ ਸੁੱਖਾ ਸਿੰਘ ਦੇ ਸ਼ਬਦਾਂ ਵਿਚ :

ਮੈ ਕੀਨੋ ਮੂਰਖ ਹ੍ਵੈ ਕਰਮ। ਸ੍ਰੀ ਅਸਧੁਜ ਕਰ ਹੈ ਮੁਹ ਸਰਮ।
ਯੋ ਚਿੰਤਾ ਕਰ ਕੈ ਨਿਜ ਭਿਦੈ। ਚਢੈ ਉਤਾਰਤ ਗਟੀਆ ਰਿਦੈ॥
ਯੌ ਕਹ ਕੈ ਸੁ ਕਰਾਹੁ ਕਰਾਯੋ। ਸੰਗਤ ਜੋਗ ਗੁਪਤ ਘਿਘਆਯੋ।
ਮੇਰੀ ਰਹੈ ਪ੍ਰਭੂ ਸੰਗ ਪਤਾ। ਬਖਸੈ ਜਾਨ ਅਨਿਕ ਮਮ ਖਤਾ॥
ਪਾਂਚ ਸਿਖ ਨਿਜ ਫੇਰ ਛਕਾਊ। ਜੋ ਇਹ ਠਾਂ ਅਬ ਬਖਸਿਆ ਜਾਊ।
ਲਾਲ ਸਿਘ ਮੁਕਤਨ ਕੀ ਚੌਕੀ। ਯੌ ਅਰਦਾਸ ਕਰਾਈ ਗੌਕੀ॥[232]

ਜਿਸ ਉੱਪਰ ਸੰਗਤ ਦੀ ਖੁਸ਼ੀ ਹੋਵੇ ਉਸ ਉੱਪਰ ਗੁਰੂ ਜੀ ਮਿਹਰਵਾਨ ਹੁੰਦੇ ਹਨ। ਗੁਰੂ ਜੀ ਨੇ ਲਾਲ ਸਿੰਘ ਦੀ ਨਿਮਰਤਾ ਵੇਖ ਕੇ ਉਸ ਨੂੰ ਖਿਮਾ ਕਰ ਦਿੱਤਾ। ਦੂਜੇ ਪਾਸੇ ਸੰਗਤ ਨੂੰ ਦੁਖੀ ਕਰਨ ਵਾਲੇ ਮਸੰਦਾਂ ਨੂੰ ਗੁਰੂ ਜੀ ਨੇ ਸਖਤ ਸਜ਼ਾ ਦਿੱਤੀ। ਮਸੰਦ ਜਿਥੇ ਬੇਵਿਸ਼ਵਾਸੇ ਸਨ ਉਥੇ ਉਨ੍ਹਾਂ ਨੇ ਸਗੰਤਾਂ ਨੂੰ ਬੇਹਯਾਈ ਨਾਲ ਲੁੱਟਣਾ ਸ਼ੁਰੂ ਕਰ ਦਿੱਤਾ ਸੀ। ਉਹ ਸੰਗਤ ਤੋਂ ਜਬਰੀਂ ਮਨ ਭਉਂਦੀ ਭੇਟਾ ਪ੍ਰਾਪਤ ਕਰਦੇ ਅਤੇ ਸੰਗਤ ਨੂੰ ਦੁਤਕਾਰਦੇ ਸਨ। ਗੁਰੂ ਜੀ ਨੇ ਜਦੋਂ ਭੰਡਾਂ ਪਾਸੋਂ ਮਸੰਦਾਂ ਦਾ ਇਹ ਸਾਂਗ ਵੇਖਿਆ ਤਾਂ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ :

ਮਾਸੰਦ ਬਾਈਸ ਜੋ ਦੇਸ ਦਿਸਾਨ ਕੇ ਜਾਤ ਵੈ ਸੰਗਤਾ ਬੀਚ ਧਾਈ।
ਅਧਿਕ ਜੋ ਮੋਲ ਕੀ ਚੀਜ ਨਿਜ ਲਯਾਵਹੀ ਆਪਨੇ ਦੇਤ ਗ੍ਰਿਹ ਮਧਿ ਜਾਈ ...
ਮੋਰ ਸਿਖ ਹੈ ਮੋਰ ਪ੍ਰਮਾਨਾ। ਮੈ ਤਿਨ ਕੇ ਨਿਜ ਹਾਥ ਬਿਕਾਨਾ।
ਏ ਤਿਨ ਕੋ ਤਾੜਨ ਯੌ ਕਰਹੀ। ਮੋ ਤੇ ਰਤੀ ਨੇਕ ਨਹੀ ਡਰਹੀ॥[233]

ਮਸੰਦ ਦੁਨੀ ਚੰਦ ਗੁਰੂ ਤੋਂ ਬੇਮੁਖ ਹੋ ਕੇ ਆਪਣੇ ਘਰ ਅੰਮ੍ਰਿਤਸਰ ਭੱਜ ਗਿਆ ਅਤੇ ਸੱਪ ਲੜਨ

---

231 ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਵਾਰ 13, ਪਉੜੀ 19.
232 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 56-59, ਪੰਨਾ 277.
233 ਉਹੀ, ਪੰਨਾ 160-64.

ਨਾਲ ਉਸ ਦੀ ਮੌਤ ਹੋ ਗਈ। ਸੁੱਖਾ ਸਿੰਘ ਨੇ ਅੰਮ੍ਰਿਤਸਰ ਨਗਰ ਦੀ ਸੰਗਤ ਵੱਲੋਂ ਦੁਨੀ ਚੰਦ ਨੂੰ ਪਾਈਆਂ ਲਾਹਨਤਾਂ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਸਦਾ ਕਲੰਕ ਧਰਿਓ ਇਨ ਸਿਰਾ। ਸਾਲੋ ਜਸ ਵਰਤਾਯੋ ਧਰਾ।
ਜਬ ਲਗ ਧਰਨ ਗਗਨ ਜਲ ਤਾਰੇ। ਤਬ ਲਗ ਟੀਕਾ ਸੀਸ ਨਿਹਾਰੇ॥
ਇਮ ਬਹਿ ਸੰਗਤ ਤਿਸੈ ਧਿਕਾਰੀ। ਬੁਰੋ ਮਸੰਦ ਕਰਿਯੋ ਇਨ ਭਾਰੀ।[234]

## (iii) ਨਾਮ

ਮਹਾਨਕੋਸ਼ ਅਨੁਸਾਰ 'ਨਾਮ' ਤੋਂ ਭਾਵ ਹੈ "ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ। ਜਿਸ ਕਰਕੇ ਅਰਥ ਜਾਣਿਆ ਜਾਵੇ, ਸੋ ਨਾਮ ਹੈ। ਨਾਮ ਦੇ ਮੁਖ ਭੇਦ ਦੋ ਹਨ- ਇਕ ਵਸਤੂ ਵਾਚਕ ਅਤੇ ਦੂਜਾ ਭਾਵ ਵਾਚਕ। ਗੁਰਬਾਣੀ ਵਿਚ 'ਨਾਮ' ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਭੀ ਹੈ। ਸੰ. ਨਾਮ ਵਜ- ਅੰਗੀਕਾਰ, ਸਮਰਣ, ਚੇਤਾ, ਪ੍ਰਸਿਧੀ ਅਤੇ ਮਸ਼ਹੂਰੀ ਹੈ।"[235] ਉਪਰੋਕਤ ਹਵਾਲੇ ਦੀ ਸਹਾਇਤਾ ਨਾਲ ਗੁਰਮਤਿ ਵਿਚ 'ਨਾਮ' ਦੇ ਅਰਥ ਨੂੰ ਸਮਝਿਆ ਜਾ ਸਕਦਾ ਹੈ। ਗੁਰਮਤਿ ਵਿਚ 'ਨਾਮ' 'ਅਕਾਲ ਪੁਰਖ' ਦਾ ਵਾਚਕ ਹੈ ਕਿਉਂਕਿ ਉਸੇ ਦੀ ਹਸਤੀ ਅਤੇ ਗੁਣ ਸੱਚੇ ਹਨ।

ਭਾਵੇਂ 'ਅਕਾਲ ਪੁਰਖ' ਦਾ ਕੋਈ ਵਿਸ਼ੇਸ਼ ਨਾਂ ਨਹੀਂ ਹੈ ਪਰ ਉਸ ਦੀ ਸੱਤਾ ਹੀ ਉਸ ਨੂੰ ਪਰਗਟ ਕਰਦੀ ਹੈ। ਇਸ ਕਰਕੇ ਉਸ ਦਾ ਹੁਕਮ ਵੀ 'ਨਾਮ' ਹੈ। ਗੁਰਮਤਿ ਵਿਚ 'ਅਕਾਲ ਪੁਰਖ' ਨੂੰ ਯਾਦ ਕਰਨਾ ਅਤੇ ਉਸ ਦੇ ਗੁਣ ਗਾਉਣੇ ਨਾਮ-ਅਭਿਆਸ ਮੰਨਿਆ ਗਿਆ ਹੈ। ਮਹਾਨ ਕੋਸ਼ ਅਨੁਸਾਰ "ਨਾਮੀ ਵਿਚ ਪ੍ਰੇਮ ਕਰਕੇ ਉਸ ਦੇ ਨਾਮ ਦੇ ਤਾਤਪਰਯ ਨੂੰ ਚਿੰਤਨ ਕਰਦੇ ਹੋਏ ਚਿੱਤ-ਬਿਰਤੀ ਨੂੰ ਬਾਰ-ਬਾਰ ਜੋੜਨ ਦਾ ਅਭਯਾਸ ਕਰਨਾ ਨਾਮ-ਅਭਯਾਸ ਹੈ।"[236] ਦੁਨਿਆਵੀ ਨਾਂ ਦਾ ਸਤਿਕਾਰ ਅਤੇ ਸੱਤਾ ਉਸ ਨਾਂ ਵਾਲੇ ਸ਼ਖਸ ਦੀ ਸੱਤਾ ਅਤੇ ਸਤਿਕਾਰ ਦਾ ਸੂਚਕ ਹੁੰਦਾ ਹੈ। ਇਸੇ ਤਰ੍ਹਾਂ ਧਾਰਮਿਕ ਜਗਤ ਵਿਚ 'ਨਾਮ' ਦੀ ਸਤਾ ਅਤੇ ਵਡਿਆਈ ਅਕਾਲ ਪੁਰਖ ਵਾਂਗ ਅਤੁਲ ਮੰਨੀ ਗਈ ਹੈ। ਰਤਨ ਸਿੰਘ ਜੱਗੀ ਅਨੁਸਾਰ "ਪੰਜਾਬ ਦੇ ਧਰਮ-ਸਾਧਕ ਗੁਰੂਆਂ ਨੇ ਮੱਧ-ਯੁਗ ਦੇ ਹੋਰਨਾਂ ਸੰਤਾਂ ਨਾਲੋਂ ਨਾਮ ਸਾਧਨਾ ਉੱਤੇ ਅਧਿਕ ਬਲ ਦਿੱਤਾ ਹੈ। ਪਰ ਇਨ੍ਹਾਂ ਦੇ ਅਨੇਕ ਕਥਨਾਂ ਦੇ ਆਧਾਰ 'ਤੇ ਕੇਵਲ ਇਤਨਾ ਕਿਹਾ ਜਾ ਸਕਦਾ ਹੈ ਕਿ ਨਾਮ ਸਰਬ-ਵਿਆਪਕ ਸ਼ਕਤੀ ਦਾ ਸੂਚਕ ਹੈ ਅਤੇ ਪਰਮ-ਤਤ੍ਵ ਦੀਆਂ ਸੰਪੂਰਨ ਸਮਰਥਤਾਵਾਂ ਦਾ ਘਣੀਭੂਤ ਰੂਪ

---

[234] ਉਹੀ, ਛੰਦ 160-62, ਪੰਨਾ 226.
[235] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 697.
[236] ਉਹੀ

ਹੈ। ਇਹ ਨਾਮੀ ਦਾ ਪ੍ਰਤੀਕ ਹੈ। ਇਹ ਦੋਵੇਂ ਅਭਿੰਨ ਹਨ।"[237]

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ ਗੁਰੂ ਦੇ ਪਰਗਟ ਬਿਲਾਸ (ਚਰਿਤ) ਨੂੰ ਹੀ ਮੁਖ ਰੂਪ ਵਿਚ ਪੇਸ਼ ਕੀਤਾ ਹੈ। ਸੰਖੇਪ ਹੋਣ ਦੇ ਬਾਵਜੂਦ ਗੁਰਬਿਲਾਸ ਰਚਨਾ ਵਿਚ 'ਨਾਮ' ਸੰਬੰਧੀ ਜਿੰਨੀ ਚਰਚਾ ਹੋਈ ਹੈ ਉਹ ਪੂਰਨ ਤੌਰ ਤੇ ਗੁਰਮਤਿ ਦੀ ਅਨੁਸਾਰੀ ਸਾਬਤ ਹੁੰਦੀ ਹੈ। ਸੁੱਖਾ ਸਿੰਘ ਨੇ ਆਪਣੀ ਰਚਨਾ ਦੇ ਪਹਿਲੇ ਅਧਿਆਇ ਵਿਚ ਗੁਰੂ ਤੇਗ ਬਹਾਦਰ ਜੀ ਦੀ ਸਾਧਨਾ, ਇਕਾਗਰਤਾ ਅਤੇ ਨਾਮ ਰਸਿਕ ਬਿਰਤੀ ਨੂੰ ਬਿਆਨ ਕੀਤਾ ਹੈ। ਕਵੀ ਦੱਸਦਾ ਹੈ ਕਿ ਗੁਰੂ ਜੀ ਪਰਮਾਤਮਾ ਦੀ ਬੰਦਗੀ ਤੋਂ ਬਿਨਾਂ ਹੋਰ ਕਿਸੇ ਕਾਰਜ ਜਾਂ ਪਦਾਰਥ ਵਿਚ ਰੁਚਿਤ ਨਹੀਂ ਹਨ। ਸੁੱਖਾ ਸਿੰਘ ਗੁਰੂ ਤੇਗ ਬਹਾਦਰ ਜੀ ਦੀ ਤੀਰਥ ਯਾਤਰਾ ਦੌਰਾਨ ਅਵਸਥਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਭਗਤ ਜੋਗ ਦਿਨ ਰੈਨ ਕਮਾਵਤ। ਮਹਾਕਾਲ ਕਹਿ ਹ੍ਰਿਦੈ ਧਿਆਵਤ।
ਨਵ ਗ੍ਰਹ ਜੀਤ ਦਸਮ ਪੁਰ ਬਾਸਾ। ਨਿਰਖਤ ਅਨਿਕ ਬਿਲਾਸ ਤਮਾਸਾ॥[238]

ਕਵੀ ਸੁੱਖਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੇਮਕੁੰਟ ਵਿਖੇ ਕੀਤੀ ਬੰਦਗੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ :

ਆਪ ਕੇ ਧਿਆਨ ਸਾਵਧਾਨ ਗੁਰ ਦੇਵ ਜੀ ਜੋਗ ਕੀ ਕਲਾ ਸਰਬਤ੍ਰ ਧਾਰੀ।
ਪਾਪ ਅਰ ਪੁੰਨ ਦੁਖ ਭੂਖ ਕੌ ਤਯਾਗ ਕਰਿ ਨਿੰਦ ਔ ਚਿੰਦ ਕੀ ਜਰ ਉਖਾਰੀ।
ਲੋਸਟੰ ਕਨਕ ਪੁਨ ਏਕ ਹ੍ਵੈ ਗਯੋ ਉਸਤਤਿ ਨਿੰਦ ਪਲ ਮੈ ਬਿਦਾਰੀ।
ਸਾਂਤਿ ਸੰਤੋਖ ਜਤ ਧੀਰਜ ਧਾਰ ਕਰਿ ਧਸੈ ਨਿਜ ਧਾਮ ਅਨਫੁਰ ਮੰਝਾਰੀ।
ਸਾਚ ਕੀ ਸ੍ਰਿਗ ਅਨਕਪਟ ਕੋ ਕੰਠਲਾ ਧਿਆਨ ਬਿਭੂਤ ਤਨ ਮਧ ਧਾਰੀ ...
ਧਿਆਨ ਬਿਗਿਯਾਨ ਅਰੁ ਗਯਾਨ ਗ੍ਰਿਹ ਪਾਇ ਕਰ ਭਏ ਪੁਨ ਦੋਇ ਤੇ ਏਕ ਜਾਈ।
ਭਏ ਪਰਸੰਨ ਕਲਿ ਕਾਲ ਜੂ ਨਿਰਖ ਕੈ ਆਪਨੀ ਦੇਹ ਮੈ ਲਯੋ ਮਿਲਾਈ॥[239]

ਕਵੀ ਨੇ ਹੇਮਕੁੰਟ ਦੇ ਪ੍ਰਸੰਗ ਰਾਹੀਂ ਸਿੱਖ ਬੰਦਗੀ ਅਤੇ ਅਨੁਭਵ ਨੂੰ ਉਜਾਗਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥

---

237 ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼,* ਭਾਗ ਦੂਜਾ, ਪੰਨਾ 170.
238 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 8, ਪੰਨਾ 17.
239 ਉਹੀ, ਛੰਦ 13-15, ਪੰਨਾ 31.

ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥

ਨਾਨਕ ਨਦਰੀ ਨਦਰਿ ਨਿਹਾਲ॥[240]

ਕਵੀ ਕੁਇਰ ਸਿੰਘ ਨੇ 'ਨਾਮ' ਨੂੰ ਸਿੱਖੀ ਦੇ ਜਰੂਰੀ ਅੰਗ ਵਜੋਂ ਪ੍ਰਵਾਨ ਕੀਤਾ ਹੈ। ਕਵੀ ਨੇ ਨਾਮ ਨੂੰ ਹੰਕਾਰ ਦੇ ਵਿਰੋਧੀ ਤੱਤ ਵਜੋਂ ਪੇਸ਼ ਕੀਤਾ ਹੈ। ਕਵੀ ਅਨੁਸਾਰ ਸੰਸਾਰਕ ਮਾਇਆ ਵਿਚ ਫਸਿਆ ਮਨੁੱਖ ਹੰਕਾਰ ਦਾ ਧਾਰਨੀ ਹੁੰਦਾ ਹੈ। ਦੂਜੇ ਪਾਸੇ ਮਾਇਆ ਨੂੰ ਅਸਥਿਰ ਅਤੇ 'ਅਕਾਲ ਪੁਰਖ' ਨੂੰ ਸੱਚ ਮੰਨਣ ਵਾਲਾ ਮਨੁੱਖ 'ਨਾਮ' ਦਾ ਧਾਰਨੀ ਹੁੰਦਾ ਹੈ। ਕੁਇਰ ਸਿੰਘ ਔਰੰਗਜ਼ੇਬ ਦੇ ਹੰਕਾਰ ਅਤੇ ਗੁਰੂ ਦੇ ਹਰਿ-ਨਾਮ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ :

ਬਿਧ ਸੰਭੁ ਨ ਜਾਨ ਸਕੇ ਗਤਿ ਜਾਹ ਕੀ, ਔਰ ਪਿਕੰਬਰ ਕੇ ਗਨ ਯਾਰੀ।

ਤਾਹਿ ਕੁਟੰਬ ਜਰਾ ਅਤਿ ਹੰਕ੍ਰਿਤ ਸੰਤ ਸਦਾ ਹਰਿ ਨਾਮ ਉਚਾਰੀ।[241]

ਕਵੀ ਸੁੱਖਾ ਸਿੰਘ ਅਨੁਸਾਰ ਪਹਾੜੀ ਫੌਜ ਦੇ ਭੰਗਾਣੀ ਵੱਲ ਕੂਚ ਦੀ ਖਬਰ ਸੁਣ ਕੇ ਸਿੱਖ ਚਿੰਤਤ ਹੋ ਗਏ। ਸਿੱਖ ਗੁਰੂ ਸਾਹਿਬ ਨੂੰ ਛੇਤੀ ਮੋਰਚਾਬੰਦੀ ਕਰਨ ਦੀ ਬੇਨਤੀ ਕਰਨ ਲੱਗੇ। ਗੁਰੂ ਜੀ ਨੇ ਨਿਸ਼ਚਿੰਤ ਹੋ ਕੇ ਖੜਗਧਾਰੀ ਅਕਾਲ ਪੁਰਖ ਦੇ ਨਾਮ ਵਿਚ ਮਗਨ ਹੋਣ ਦਾ ਹੁਕਮ ਦਿੱਤਾ। ਗੁਰੂ ਜੀ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਦਾ 'ਨਾਮ' ਹੀ ਸੰਸਾਰ ਅੰਦਰ ਹਾਰ-ਜਿਤ ਦਾ ਫੈਸਲਾ ਕਰਨ ਵਾਲਾ ਹੈ। 'ਨਾਮ' ਜਪਣ ਵਾਲਿਆਂ ਦੀ ਫਤਿਹ ਅਤੇ 'ਨਾਮ' ਵਿਹੂਣਿਆਂ ਦੀ ਹਾਰ ਹੁੰਦੀ ਹੈ :

ਯੌ ਬਤੀਆਂ ਸੁਨ ਕੈ ਤਿਨ ਕੀ ਜਗਤੇਸ ਕਹਿਓ ਨ ਕਰੋ ਕਛੁ ਚਿੰਤਾ।

ਨਾਮ ਜਪੌ ਅਸ ਕੈ ਧੁਜ ਕੋ ਤੁਮ ਜੋ ਜਗ ਪਾਲ ਅਗਾਧ ਅਨੰਤਾ।

ਕੈਸੇ ਜਪੋ ਅਸਧਾਰ ਦਿਯਾਰ ਕੋ ਹਾਰ ਸੁ ਜੀਤ ਜਿਸੈ ਮੁਖ ਸੰਤਾ।

ਨਾਸ ਭਏ ਜਗਮੈ ਨਰ ਸੋ ਜਿਨ ਨਾਹਿ ਜਪਓ ਇਨ ਕੋ ਮੁਖ ਮੰਤਾ॥[242]

ਭੰਗਾਣੀ ਦਾ ਜੰਗ ਜਿਤਣ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਉਪਦੇਸ਼ ਕੀਤਾ ਕਿ ਨਾਮ ਹੀ ਸਦਾ ਥਿਰ ਰਹਿਣ ਵਾਲੇ ਬੇਅੰਤ ਰਾਜ-ਭਾਗ ਅਤੇ ਧਨ ਦਾ ਸੋਮਾ ਹੈ :

ਜਿਮੀਦਾਰ ਬਨੋ ਕਿਹ ਕਾਰਨ ਤੇ, ਸਭ ਰਾਜ ਲਿਜੈ ਸਦ ਲੋਕ ਰਹਾਈ।

ਅਰਬ ਹੀ ਖਰਬ ਜੋ ਰਾਜ ਧਨਾ ਧਨ, ਨਾਮ ਮੈ ਮਗਨ ਰਹੋ ਨਿਜ ਠਾਹੀ।[243]

---

[240] ਸ੍ਰੀ ਗੁਰੂ ਗ੍ਰੰਥ ਸਾਹਿਬ, *ਜਪੁ,* ਪੰਨਾ 8.
[241] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 48, ਪੰਨਾ 35.
[242] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 167, ਪੰਨਾ 105.
[243] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 180, ਪੰਨਾ 79.

ਕਵੀ ਕੁਇਰ ਸਿੰਘ ਨੇ ਆਪਣੀ ਰਚਨਾ ਵਿਚ ਸਿੱਖ-ਨਾਮ 'ਵਾਹਿਗੁਰੂ' ਅਤੇ ਸਿੱਖ-ਧਿਆਨ 'ਅਕਾਲ ਪੁਰਖ ਦਾ ਧਿਆਨ' ਦੱਸਿਆ ਹੈ। ਚਮਕੌਰ ਦੀ ਜੰਗ ਨੂੰ ਬਿਆਨ ਕਰਦਿਆਂ ਕਵੀ ਲਿਖਦਾ ਹੈ :

ਜਿਨ ਅੰਕ ਪੰਚ ਸੰਜੰ ਅਨੇਕ। ਇਤ ਕਰਤ ਵਾਹਿਗੁਰੂ ਨਾਮ ਚੇਤ॥

ਕਰ ਕਾਲ ਧਜਾਨ ਸਿੰਘ ਤ੍ਰਾਸ ਹੀਨ। ਜਨ ਲਖਤ ਰਾਜ ਹਮਰੋ ਸੁ ਚੀਨ॥[244]

ਕਵੀ ਨੇ ਅਕਾਲ ਪੁਰਖ ਦੀ ਪ੍ਰੀਤ ਵਾਲੇ ਨਾਮ ਨੂੰ 'ਸਤਿਨਾਮ' ਕਿਹਾ ਹੈ ਜਿਸ ਦੀ ਪ੍ਰਾਪਤੀ ਗੁਰੂ ਦੇ ਦਰਸ਼ਨ ਨਾਲ ਹੋ ਸਕਦੀ ਹੈ :

ਅਧਮ ਜੀਵ ਜੋ ਦਰਸਨ ਲਾਗੇ। ਸਤਿਨਾਮ ਤਿਹ ਹਰਿ ਅਨੁਰਾਗੇ॥[245]

'ਗੁਰ ਦਰਸ਼ਨ' ਵਿਚ ਵਾਹਿਗੁਰੂ ਅਤੇ ਸਤਿਨਾਮ ਦੋਵੇਂ ਹੀ ਮੰਤ੍ਰ ਪ੍ਰਵਾਨ ਕੀਤੇ ਗਏ ਹਨ। ਅਸਲ ਵਿਚ ਵਾਹਿਗੁਰੂ ਅਤੇ ਸਤਿਨਾਮ ਦੋਵੇਂ ਸ਼ਬਦ ਅਕਾਲ ਪੁਰਖ ਦੀ ਅਸਚਰਜ ਅਤੇ ਸੱਚੀ ਹੋਂਦ-ਹਸਤੀ ਨੂੰ ਯਾਦ ਕਰਵਾਉਂਦੇ ਹਨ। ਭਾਈ ਗੁਰਦਾਸ ਜੀ ਨੇ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਗੁਰਮੰਤ੍ਰ ਦੱਸਿਆ ਹੈ :

ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥[246] ਅਤੇ

ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰੁ ਸੁਣਾਇਆ॥[247]

ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੇ ਬਾਕੀ ਨਾਂਵਾਂ ਨਾਲੋਂ 'ਸਤਿਨਾਮ' ਨੂੰ ਮੁਢਲਾ ਨਾਂ ਦੱਸਿਆ ਹੈ :

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥[248]

ਗੁਰੂ ਗੋਬਿੰਦ ਸਿੰਘ ਜੀ ਅਤੇ ਸੰਗਤ ਵੱਲੋਂ ਨਾਂਦੇੜ ਵਿਖੇ ਅੰਮ੍ਰਿਤ ਵੇਲੇ ਕੀਤੇ ਜਾਂਦੇ 'ਨਾਮ ਸਿਮਰਨ' ਬਾਰੇ ਕਵੀ ਦਾ ਕਥਨ ਹੈ :

ਸਵਾ ਜਾਮ ਸੁ ਰਾਤ ਗਈ ਬਿਧਿ ਯਾਹਿ ਸੁ, ਵਾਹਿਗੁਰੂ ਮੁਖ ਜਾਪੁਚਰੇਹੀ॥[249]

ਅਧਿਆਤਮ ਜਗਤ ਵਿਚ ਸਭ ਤੋਂ ਮਹੱਤਵਪੂਰਨ ਸਵਾਲ 'ਨਾਮ' ਪ੍ਰਾਪਤੀ ਦੇ ਵਸੀਲੇ ਸੰਬੰਧੀ ਹੈ। 'ਨਾਮ' ਦੀ ਪ੍ਰਾਪਤੀ ਕਿਥੋਂ ਹੋਵੇ ? ਕੁਇਰ ਸਿੰਘ ਅਨੁਸਾਰ 'ਨਾਮ' ਦਾ ਵਸੀਲਾ ਗੁਰੂ ਹੈ ਜਿਸ ਦਾ ਮੇਲ ਵੱਡੇ ਭਾਗਾਂ ਨਾਲ ਹੁੰਦਾ ਹੈ :

---

244 ਉਹੀ, ਛੰਦ 100-01, ਪੰਨਾ 180.
245 ਉਹੀ, ਛੰਦ 305, ਪੰਨਾ 199.
246 ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਵਾਰ 13, ਪਉੜੀ 2.
247 ਉਹੀ, ਵਾਰ 1, ਪਉੜੀ 23.
248 ਸ੍ਰੀ ਗੁਰੂ ਗ੍ਰੰਥ ਸਾਹਿਬ, *ਮਾਰੂ ਮਹਲਾ ੫*, ਪੰਨਾ 1083.
249 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 140, ਪੰਨਾ 269.

ਜੇ ਪਰਮੇਸਰ ਕਰੁਨਾ ਧਾਰੈ। ਕਾਮਲ ਮੁਰਸਦ ਮਿਲੈ ਪਿਆਰੈ॥

ਤਾ ਕੀ ਸੁਹਬਤ ਜਾ ਕੋ ਹੋਵੈ। ਤਨ ਕੇ ਕਸਮਲ ਸਗਲੇ ਖੋਵੈ।

ਨਾਮ ਦਾਨ ਪੂਜਾ ਸਿਵ ਕਰੈ। ਨਿਸ ਦਿਨ ਗੁਰ ਮੂਰਤਿ ਰਿਦ ਧਰੈ॥[250]

ਸੁੱਖਾ ਸਿੰਘ ਅਨੁਸਾਰ ਗੁਰੂ ਜੀ ਨੇ ਖਾਲਸਾ ਪੰਥ ਦੀ ਰਹਿਤ ਵਿਚ ਨਾਮ ਅਤੇ ਭਜਨ-ਬੰਦਗੀ ਨੂੰ ਮਹੱਤਵਪੂਰਨ ਥਾਂ ਦਿੱਤੀ ਹੈ :

ਪੋਥੀ ਗ੍ਰੰਥ ਨਾਮ ਨਿਤ ਧ੍ਯਾਨਾ। ਦੂਜੀ ਬਾਤ ਨ ਧਰਈ ਕਾਨਾ।

ਸਸਤ੍ਰ ਅਸਤ੍ਰ ਸੰਗ ਕਰੈ ਪ੍ਯਾਰਾ। ਨਿਸ ਦਿਨ ਭਜੈ ਨਾਥ ਨਿਰੰਕਾਰਾ॥[251]

## (iv) ਗੁਰਮੁਖ

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ **'ਗੁਰਬਿਲਾਸ ਪਾਤਸ਼ਾਹੀ ੧੦'** ਵਿਚ 'ਗੁਰੂ' ਅਤੇ 'ਸੰਗਤ' ਤੋਂ ਬਾਅਦ ਸਭ ਤੋਂ ਵੱਧ ਮਹੱਤਾ 'ਗੁਰਮੁਖ' ਦੇ ਸੰਕਲਪ ਨੂੰ ਦਿੱਤੀ ਹੈ। Encyclopaedia of Sikhism ਅਨੁਸਾਰ ਗੁਰਬਾਣੀ ਵਿਚ 'ਗੁਰਮੁਖ' ਸ਼ਬਦ ਵੱਖ-ਵੱਖ ਅਰਥਾਂ ਵਿਚ ਵਰਤਿਆ ਗਿਆ ਹੈ ਜਿਵੇਂ 'ਆਦਿ ਗੁਰੂ', 'ਪਰਮਾਤਮਾ ਵਿਚ ਲੀਨ ਮਨੁੱਖ' ਅਤੇ 'ਗੁਰੂ ਦਾ ਮੁਖ' ਪਰ 'ਗੁਰਮੁਖ' ਸ਼ਬਦ ਨੂੰ ਗੁਰਬਾਣੀ ਵਿਚ ਜਿਸ ਮੁੱਖ ਅਰਥ ਵਿਚ ਬਹੁਤੀ ਵਾਰ ਵਰਤਿਆ ਗਿਆ ਹੈ ਉਹ ਗੁਰੂ ਦਾ ਸਨਮੁਖ ਸਿੱਖ ਹੈ। ਜਸਵੰਤ ਸਿੰਘ ਨੇਕੀ ਦੇ ਸ਼ਬਦਾਂ ਵਿਚ "The God-inspired or theocentric man—one who follows the way of life prescribed by the Guru and acts on his precepts. In this sense, "He has his face turned toward the Guru ... Gurmukh stands in contradistinction to manmukh, the ego-centred one, who has turned his face away from the Guru."[252]

ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਮੁਖ ਦਾ ਅਰਥ ਹੈ "ਸਤਿਗੁਰੂ ਦਾ ਮੁਖ, ਗੁਰੂ ਦਾ ਚਿਹਰਾ। ਓਹ ਪੁਰਖ ਜੋ ਗੁਰੂ ਦੇ ਸੰਮੁਖ ਹੈ, ਕਦੇ ਵਿਮੁਖ ਨਹੀਂ ਹੁੰਦਾ।"[253] 'ਗੁਰਮੁਖ' ਦੇ ਸੰਕਲਪ ਨੂੰ ਹੋਰ ਵਧੇਰੇ ਸਪਸ਼ਟ ਕਰਨ ਲਈ ਰਤਨ ਸਿੰਘ ਜੱਗੀ ਦੇ ਇਹ ਸ਼ਬਦ ਸਹਾਈ ਜਾਪਦੇ ਹਨ। ਉਨ੍ਹਾਂ ਅਨੁਸਾਰ "ਗੁਰਮੁਖ, ਅਸਲ ਵਿਚ, ਇੱਕ ਪਦਵੀ ਹੈ ਅਤੇ ਇਸ ਪਦਵੀ ਦਾ ਅਧਿਕਾਰੀ ਉਹ ਵਿਅਕਤੀ ਹੈ ਜੋ ਆਪਣਾ ਜੀਵਨ ਗੁਰੂ ਦੀ ਸਿੱਖਿਆ ਅਨੁਸਾਰ ਬਤੀਤ ਕਰਦਾ ਹੈ। ਗੁਰਬਾਣੀ ਅਤੇ ਸਿੱਖ-ਧਰਮ-ਪਰੰਪਰਾ ਅਨੁਸਾਰ 'ਗੁਰਮੁਖ'

---

[250] ਉਹੀ, ਛੰਦ 155-56, ਪੰਨਾ 245.

[251] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 164, ਪੰਨਾ 183.

[252] Jaswant Singh Neki, 'Gurmukh', *Encyclopaedia of Sikhism*, Harbhans Singh (Ed.), Patiala: Punjabi University, vol. II, 1996, p 180-81.

[253] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 418.

ਆਦਰਸ਼ ਪੁਰਸ਼ ਦਾ ਸੂਚਕ ਹੈ, ਜੋ ਸੰਸਾਰਿਕਤਾ ਤੋਂ ਮੁਕਤ ਹਰ ਤਰ੍ਹਾਂ ਦੇ ਗੁਣਾਂ ਦਾ ਸਮੂਹ ਹੈ। ਅਜਿਹੇ ਗੁਰਮੁਖ ਵਿਅਕਤੀ ਹੀ ਸੱਚੇ ਅਰਥਾਂ ਵਿਚ ਸਮਾਜ ਦਾ ਭਲਾ ਕਰਦੇ ਹੋਏ, ਸਾਰੀ ਮਾਨਵਤਾ ਨੂੰ ਕਲਿਆਣਕਾਰੀ ਮਾਰਗ ਉੱਤੇ ਚਲਾਉਂਦੇ ਹਨ।"[254]

'ਗੁਰਬਿਲਾਸ ਪਾਤਸ਼ਾਹੀ ੧੦' ਵਿਚੋਂ 'ਗੁਰਮੁਖ' ਦੇ ਸੰਕਲਪ ਨੂੰ 'ਗੁਰੂ ਦੇ ਸਨਮੁਖ ਸਿੱਖ' ਦੇ ਅਰਥ ਵਿਚ ਵਿਚਾਰਿਆ ਜਾਵੇਗਾ। 'ਗੁਰ ਦਰਸ਼ਨ' ਵਿਚ ਗੁਰਮੁਖ ਸ਼ਬਦ 'ਆਦਰਸ਼ ਸਿੱਖ' ਦਾ ਲਖਾਇਕ ਹੈ। ਉਪਰੋਕਤ ਹਵਾਲਿਆਂ ਵਿਚ ਗੁਰਮੁਖ ਦਾ ਅਰਥ ਦਸਣ ਲਈ ਉਸ ਦੇ ਲੱਛਣਾਂ ਵਿਚ ਇੱਕ ਲੱਛਣ ਇਸ ਦਾ ਮਨਮੁਖ ਦੇ ਉਲਟ ਹੋਣਾ ਦੱਸਿਆ ਗਿਆ ਹੈ। ਗੁਰਬਾਣੀ ਵਿਚ ਗੁਰਮੁਖ ਅਤੇ ਮਨਮੁਖ ਦੇ ਵਿਰੋਧੀ ਕਿਰਦਾਰ ਨੂੰ ਸਪਸ਼ਟ ਕੀਤਾ ਗਿਆ ਹੈ। ਗੁਰਮੁਖ ਮਾਇਆ ਅਤੀਤ ਹੈ, ਗੁਰੂ ਦੇ ਅਨੁਸਾਰ ਚਲਣ ਵਾਲਾ ਹੈ ਅਤੇ ਮਨਮੁਖ ਗੁਰੂ ਨੂੰ ਭੁੱਲ ਕੇ ਮਾਇਆ ਵਿਚ ਗ੍ਰਸਿਆ ਹੋਇਆ ਦੁਖ ਭੋਗਦਾ ਹੈ :

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥
ਗੁਰਮੁਖਿ ਅੰਮ੍ਰਿਤ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ॥
ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ॥[255]

ਗੁਰੂ ਅੰਗਦ ਦੇਵ ਜੀ ਅਨੁਸਾਰ ਗੁਰਮੁਖ ਨਾਲ ਵਿਰੋਧ ਕਮਾ ਕੇ ਮਨਮੁਖ ਰੱਬੀ ਨਿਆਂ ਅਧੀਨ ਆਪਣਾ ਜੀਵਨ ਗਵਾ ਬੈਠਦਾ ਹੈ। ਉਪਰੋਕਤ ਵਿਚਾਰ ਦੇ ਨਾਲ-ਨਾਲ ਇਹ ਸਪਸ਼ਟ ਕਰਨਾ ਬਣਦਾ ਹੈ ਕਿ ਗੁਰਮਤਿ ਮਨਮੁਖ ਨੂੰ ਬਦੀ ਨਹੀਂ ਮੰਨਦੀ। ਕਿਉਂਕੀ ਵਾਹਿਗੁਰੂ ਤੋਂ ਬਾਹਰੀ ਕੋਈ ਬਦੀ ਜਾਂ ਸ਼ਕਤੀ ਹੈ ਹੀ ਨਹੀਂ ਇਸ ਕਰਕੇ ਮਨਮੁਖ ਵੀ ਪਰਮਾਤਮਾ ਦੇ ਹੁਕਮ ਅਧੀਨ ਹੀ ਚਲਦਾ ਹੈ :

ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ॥
ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ॥
ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ॥[256]

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਗੁਰਮੁਖਾਂ ਦੇ ਜੀਵਨ ਨੂੰ ਬਹੁਤ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਦੋਹਾਂ ਕਵੀਆਂ ਨੇ ਗੁਰਮੁਖ ਦੀ ਸ਼ਖਸੀਅਤ ਨੂੰ ਉਜਾਗਰ ਕਰਨ ਲਈ ਜਿਥੇ ਉਸ ਦੇ ਗੁਣਾਂ ਨੂੰ ਬਿਆਨ ਕੀਤਾ ਹੈ ਉਥੇ ਮਨਮੁਖ ਦੇ ਅਵਗੁਣਾਂ

---

254 ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 413.
255 ਸ੍ਰੀ ਗੁਰੂ ਗ੍ਰੰਥ ਸਾਹਿਬ, *ਮ:੩ (ਗੂਜਰੀ ਕੀ ਵਾਰ)*, ਪੰਨਾ 515.
256 ਉਹੀ, *ਸਲੋਕੁ ਮਹਲਾ ੨ (ਵਾਰ ਮਾਝ)*, ਪੰਨਾ 148.

ਨਾਲ ਤੁਲਨਾ ਰਾਹੀਂ ਉਨ੍ਹਾਂ ਨੂੰ ਹੋਰ ਨਿਖੜਵਾਂ ਰੂਪ ਦਿੱਤਾ ਹੈ। ਕੁਇਰ ਸਿੰਘ ਨੇ ਭਾਈ ਮਨੀ ਸਿੰਘ, ਮੱਖਣ ਸ਼ਾਹ, ਮਾਤਾ ਨਾਨਕੀ, ਮਾਤਾ ਗੁਜਰੀ, ਰਾਮ ਕੁਇਰ, ਸੰਗੋ ਸ਼ਾਹ, ਕ੍ਰਿਪਾਲ ਚੰਦ, ਜੀਤ ਮਲ, ਗੰਗਾ ਰਾਮ, ਮਾਹਰੀ ਚੰਦ, ਬਾਬਾ ਬੱਠਾ, ਬਚਿੱਤਰ ਸਿੰਘ, ਉਦੈ ਸਿੰਘ, ਗੁਰਬਖਸ਼ ਸਿੰਘ, ਸ਼ੇਰ ਸਿੰਘ, ਭਗਤ ਸਿੰਘ, ਫੇਰੂ, ਜੇਠਾ ਸਿੰਘ, ਭਗਤੂ, ਡੱਲਾ, ਰੌਸ਼ਨ ਸਿੰਘ, ਗੁਰਦਿਤ ਸਿੰਘ ਖਜਾਨਚੀ, ਰਾਮ ਸਿੰਘ, ਗੁਰਮੁਖ ਸਿੰਘ, ਧਰਮ ਸਿੰਘ, ਦਯਾ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ, ਆਦੀ ਸਿੰਘ, ਥਾਨ ਸਿੰਘ, ਮਾਨ ਸਿੰਘ, ਸਾਹਿਬਜਾਦਾ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ ਅਤੇ ਫਤਿਹ ਸਿੰਘ ਆਦਿ ਗੁਰਸਿੱਖ ਸ਼ਖਸੀਅਤਾਂ ਨਾਲ ਜਾਣ-ਪਛਾਣ ਕਰਵਾਈ ਹੈ। ਕਵੀ ਸੁੱਖਾ ਸਿੰਘ ਨੇ ਮੱਖਣ ਸ਼ਾਹ, ਮਾਤਾ ਨਾਨਕੀ, ਮਾਤਾ ਗੁਜਰੀ, ਕ੍ਰਿਪਾਲ ਚੰਦ, ਰੰਘਰੇਟਾ ਸਿੰਘ (ਭਾਈ ਜੈਤਾ), ਆਗਯਾ ਸਿੰਘ, ਲਾਲ ਚੰਦ (ਹਲਵਾਈ), ਲਾਲ ਚੰਦ (ਪਾਲੀ), ਕ੍ਰਿਪਾਲ ਦਾਸ, ਸਾਹਿਬ ਚੰਦ, ਨੰਦ ਚੰਦ, ਰਾਮ ਸਿੰਘ ਚਾਂਦਾਗੜ, ਸੰਗੋ ਸ਼ਾਹ, ਦਯਾ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ, ਰਾਜਾ ਮਾਨ ਸਿੰਘ (ਰਾਮ ਸਿੰਘ), ਰਾਜਾ ਸਯਾਮ ਸੈਨ, ਰਾਜਕੁਮਾਰ ਆਸਾਮ, ਗੁਰਬਖਸ਼ ਸਿੰਘ, ਬਚਿੱਤਰ ਸਿੰਘ, ਨੰਦ ਲਾਲ, ਰੌਸ਼ਨ ਸਿੰਘ, ਰਾਮ ਕੁਇਰ (ਗੁਰਬਖਸ਼ ਸਿੰਘ), ਆਸਾ ਸਿੰਘ ਮੁਨਸ਼ੀ, ਜੋਗਾ ਸਿੰਘ, ਰਾਏ ਬਿਸਾਲੀ, ਰਾਏ ਬਿਭੌਰ, ਲਾਲ ਸਿੰਘ, ਜੱਗਾ ਸਿੰਘ ਹਜੂਰੀਆ, ਕਨੈਯਾ, ਗੁਰਬਖਸ਼ ਸਿੰਘ ਉਦਾਸੀ, ਹੁਕਮ ਸਿੰਘ, ਸੰਤ ਸਿੰਘ, ਸੰਤ ਸਿੰਘ ਬੰਗਾਲੀ, ਸਾਹਿਬਜਾਦਾ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤਿਹ ਸਿੰਘ, ਟੋਡਰ ਮੱਲ, ਗਨੀ ਖਾਂ, ਨਬੀ ਖਾਂ, ਧਰਮ ਸਿਘ, ਪਰਮ ਸਿੰਘ, ਜੇਠਾ ਸਿੰਘ, ਡੱਲਾ, ਰਾਮਾ, ਤਿਲੋਕਾ, ਬੰਦਾ ਸਿੰਘ, ਬਾਜ ਸਿੰਘ, ਸੰਤੋਖ ਸਿੰਘ ਆਦਿ ਗੁਰਮੁਖ ਸ਼ਖਸੀਅਤਾਂ ਬਾਰੇ ਚਾਨਣਾ ਪਾਇਆ ਹੈ। ਦੂਜੇ ਪਾਸੇ ਦੋਹਾਂ ਕਵੀਆਂ ਨੇ ਮਸੰਦ, ਪਹਾੜੀ ਰਾਜੇ ਅਤੇ ਔਰੰਗਜ਼ੇਬ ਆਦਿ ਨੂੰ ਮਨਮੁਖ ਦੱਸਿਆ ਹੈ ਜੋ ਮਾਇਆ ਦੇ ਪਰਭਾਵ ਵਿਚ ਫਸੇ ਹੋਏ ਦੁਖ ਅਤੇ ਸੰਤਾਪ ਦੇ ਭਾਗੀ ਬਣਦੇ ਹਨ।

ਗੁਰਮੁਖ ਦੀ ਸ਼ਖਸੀਅਤ ਨੂੰ ਬਿਆਨ ਕਰਦਿਆਂ ਦੋਵੇਂ ਕਵੀ ਭਾਈ ਬਚਿੱਤਰ ਸਿੰਘ ਦੀ ਨਿਮਰਤਾ ਅਤੇ ਗੁਰੂ ਨੂੰ ਸਮਰਪਣ ਦੀ ਉਦਾਹਰਣ ਪੇਸ਼ ਕਰਦੇ ਹਨ। ਭਾਈ ਬਚਿੱਤਰ ਸਿੰਘ ਨੂੰ ਆਪਣੀ ਜਾਨ ਨਾਲੋਂ ਗੁਰੂ ਦੇ ਕਾਰਜ ਅਤੇ ਸਤਿਕਾਰ ਦਾ ਫਿਕਰ ਵਧੇਰੇ ਹੈ :

ਕਰੰ ਜੋੜ ਭਾਖੈ, "ਮਹਾਰਾਜ ! ਜਾਨੋ। ਰਖੋ ਬਿਰਦ ਲਾਜੰ ਨਿਜੰ ਦਾਸ ਮਾਨੋ।
ਮੁਝੈ ਸੋਚ ਨਾਹੀ ਤੁਮੀ ਕੀਨ ਕਾਮੰ। ਜਸੰ ਭਾਂਤ ਸੋਭਾ, ਸਦਾ ਤੋਹਿ ਮਾਨੰ॥[257]

ਅਤੇ

[257] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 53, ਪੰਨਾ 145.

ਜੀਤ ਹਾਰ ਜਾਨੋ ਨਹੀ ਦਯਾਲਾ। ਹੁਕਮ ਮਾਨ ਸਿਰ ਧਰੇ ਉਤਾਲਾ।

ਸੇਵਕ ਚਲਿਯੋ ਓਰ ਤਿਹ ਜੈ ਹੈ। ਜਹ ਦਿਸ ਦਯਾ ਸਿੰਧ ਫੁਰਮੈ ਹੈ ...

ਮੋ ਤਨ ਕੀ ਕਛੁ ਚਿੰਤ ਨ ਕਰੀਐ। ਆਪ ਜੁਧ ਕੀ ਲਾਜ ਸੰਭਰੀਐ ...

ਸੇਵਕ ਕੋ ਇਹ ਉਚਤ ਹੀ ਬਚਨ ਮਾਨਬੋ ਸੀਸ।

ਆਗੇ ਕਾਰਜ ਗੁਰੂ ਕਾ ਆਪ ਕਰਗੁ ਜਗਦੀਸ॥[258]

ਕਵੀ ਕੁਇਰ ਸਿੰਘ ਅਨੁਸਾਰ ਗੁਰਮੁਖ ਲਈ ਆਪਾ ਅਤੀਤ ਹੋਣਾ ਲਾਜ਼ਮੀ ਹੈ। ਕਵੀ **ਨੇ** ਇੱਕ ਸਿੱਖ ਦੀ ਸਾਖੀ ਪੇਸ਼ ਕੀਤੀ ਹੈ, ਜੋ ਗੁਰੂ ਜੀ ਪਾਸੋ ਆਪਣੇ ਨਾਸ ਦਾ ਵਰ ਮੰਗਦਾ ਹੈ। ਗੁਰੂ ਜੀ ਦੇ ਵਾਰ-ਵਾਰ ਕਹਿਣ ਤੇ ਜਦ ਸਿੱਖ ਨੇ ਆਪਣੀ ਮੰਗ ਨਾ ਬਦਲੀ ਤਾਂ ਗੁਰੂ ਜੀ ਨੇ ਉਸ ਦੀ ਭਾਵਨਾ ਵੇਖ ਕੇ ਉਸ ਨੂੰ ਸੀਨੇ ਨਾਲ ਲਾ ਲਿਆ। ਸਿੱਖਾਂ ਦੇ ਪੁਛਣ ਤੇ ਗੁਰੂ ਜੀ ਨੇ ਦੱਸਿਆ ਕਿ ਜਦ ਸਿੱਖ ਆਪਾ ਅਤੀਤ ਹੋ ਜਾਂਦਾ ਹੈ ਤਾਂ ਉਹ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ :

ਮਾਂਗ ਕਛੂ ਸਿੱਖ ਕੋ ਗੁਰ ਕਹਿਯੋ। ਤਬ ਐਸੇ ਸਿਖ ਬੈਨ ਅਲਯੋ।

"ਮੋਰ ਨਾਸ ਕਰੋ ਸੁਖਦਾਈ।" ਪੁਨਿ ਗੁਰ ਕਹਜੋ, "ਮਾਗ ਹੇ ਭਾਈ" ...

ਤਾ ਮਨ ਲਖ ਕਹਿ, "ਧੰਨ ਸੁ ਜਾਨਾ।" ਤਾਹਿ ਲਗਾਯੋ ਕੰਠ ਪ੍ਰਮਾਨਾ।

ਸੁਨ ਕੈ ਸਿਖ ਕਹੈਂ ਮਨ ਮਾਹੀ। "ਏਤੋ ਸਿਖ ਬਾਵਰ ਬਚ ਆਹੀ॥"

ਯਾ ਕੋ ਗੁਰ ਨੇ ਕੰਠ ਲਗਾਯੋ। ਤਬ ਤਾ ਕੋ ਗੁਰ ਬੈਨ ਅਲਾਯੋ।

"ਹੰਤਾ ਮਮਤਾ ਮੂਲ ਸੁ ਮਾਰਾ। ਮੈ ਮੇਰੋ ਸਭ ਦ੍ਵੈਤ ਸੰਘਾਰਾ॥

ਪਾਛੈ ਨਿਜ ਬਪੁ ਬ੍ਰਹਮ ਸੁ ਰਹਜੋ। ਤਾ ਕਰ ਕੰਠ ਲਗਾਯੋ ਚਹਜੋ।"[259]

ਗੁਰਮਤਿ ਵਿਚ ਜਿਸ ਆਦਰਸ਼ ਸ਼ਖਸੀਅਤ ਨੂੰ 'ਗੁਰਮੁਖ' ਕਿਹਾ ਜਾਂਦਾ ਹੈ, ਉਸ ਨੂੰ ਗੁਰੂ ਨਾਨਕ ਦੇਵ ਜੀ ਨੇ 'ਸਚਿਆਰ' ਦਾ ਨਾਂ ਦਿੱਤਾ ਹੈ। ਗੁਰੂ ਜੀ ਮਾਇਆ ਦੇ ਪਰਦੇ ਨੂੰ ਹਟਾਉਣਾ ਅਤੇ ਸਚਿਆਰ ਪਦ ਨੂੰ ਪ੍ਰਾਪਤ ਕਰਨਾ ਮਨੁੱਖ ਲਈ ਸਰਬੋਤਮ ਨਿਸ਼ਾਨਾ ਦੱਸਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਪਦ ਦੀ ਪ੍ਰਾਪਤੀ ਦਾ ਇੱਕੋ-ਇੱਕ ਵਸੀਲਾ 'ਅਕਾਲ ਪੁਰਖ' ਦੇ ਹੁਕਮ ਅਨੁਸਾਰ ਆਪਾ ਢਾਲਣਾ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[260]

---

[258] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 179-82, ਪੰਨਾ 228.

[259] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 24-28, ਪੰਨਾ 174-75.

[260] ਸ੍ਰੀ ਗੁਰੂ ਗ੍ਰੰਥ ਸਾਹਿਬ, *ਜਪੁ*, ਪੰਨਾ 1.

ਵਿਹਾਰਿਕ ਰੂਪ ਵਿਚ ਅਕਾਲ ਪੁਰਖ ਦਾ ਹੁਕਮ ਜਾਣਨਾ ਅਤੇ ਸਮਝਣਾ ਮਨੁੱਖੀ ਸਮਰਥਾ ਤੋਂ ਪਰੇ ਹੈ। ਗੁਰੂ ਹੀ ਇੱਕੋ-ਇੱਕ ਵਸੀਲਾ ਹੈ ਜਿਸ ਰਾਹੀਂ ਅਕਾਲ ਪੁਰਖ ਦੇ ਹੁਕਮ ਨੂੰ ਸਮਜਿਆ ਜਾ ਸਕਦਾ ਹੈ। ਕਵੀ ਸੁੱਖਾ ਸਿੰਘ ਭਾਈ ਜੋਗਾ ਸਿੰਘ ਵਾਲੀ ਸਾਖੀ ਰਾਹੀਂ ਦੱਸਦਾ ਹੈ ਕਿ ਗੁਰੂ ਦੇ ਆਸਰੇ ਤੋਂ ਬਿਨਾਂ ਸਿੱਖ ਦੀ ਸਾਧਨਾ ਪੂਰੀ ਨਹੀਂ ਹੋ ਸਕਦੀ। ਸਿੱਖ ਦਾ ਫਰਜ ਗੁਰੂ ਦਾ ਹੁਕਮ ਮੰਨਣਾ ਹੈ ਅਤੇ ਗੁਰੂ ਦਾ ਬਿਰਦ ਹੈ ਕਿ ਉਹ ਆਪਣੇ ਸਿੱਖ ਦੀ ਲਾਜ ਰੱਖਦਾ ਹੈ :

ਯਾ ਸਮ ਚਹੀਐ ਸਿਖ ਪੁਨੀਤ। ਮਾਨੈ ਹੁਕਮ ਸਦਾ ਨਿਤ ਨੀਤ॥
ਜੌ ਕਬ ਹੀ ਵਹ ਭੂਨ ਸੁ ਜਾਇ। ਤੌ ਗੁਰੂ ਤਾਂ ਕੌ ਲੇਤ ਬਚਾਇ।[261]

ਕਵੀ ਕੁਇਰ ਸਿੰਘ ਗੁਰਮੁਖ ਦੇ ਗੁਰੂ ਵੱਲ ਸਨਮੁਖ ਹੋਣ ਨੂੰ ਨਵੇਂ ਅਰਥਾਂ ਵਿਚ ਪੇਸ਼ ਕਰਦਾ ਹੈ। ਕਵੀ ਅਨੁਸਾਰ ਸਿੱਖ ਦਾ ਗੁਰੂ ਵੱਲ ਪਿਆਰ ਅਤੇ ਸਮਰਪਣ ਜਿੰਦਗੀ-ਮੌਤ ਦੀ ਹੱਦ ਤੋਂ ਪਾਰ ਹੈ। ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਨੇ ਮੁਕਤੀ ਜਾਂ ਰਾਜ ਦਾ ਵਰ ਮੰਗਣ ਦੀ ਥਾਂ, ਗੁਰੂ ਜੀ ਨੂੰ ਅਗਲੇ ਜਨਮ ਵਿਚ ਵੀ ਆਪਣੀ ਸੇਵਾ ਬਖਸ਼ਣ ਦੀ ਬੇਨਤੀ ਕੀਤੀ :

ਹੋਇ ਬਿਦਾ ਇਮ ਭਾਖਤ ਹੈਂ ਪ੍ਰਭੁ, ਮੇਲ ਤੁਮੈ ਕਬ ਹੋਇ ਲਖਾਹੀ।
ਦੂਸਰ ਜਨਮ ਮਿਲੈ ਤੁਮ ਕੋ ਪ੍ਰਭੁ, ਦਾਨ ਦੀਜੈ ਨਹਿ ਆਨ ਸੁ ਜਾਹੀ॥[262]

ਕਵੀ ਸੁੱਖਾ ਸਿੰਘ ਅਨੁਸਾਰ ਸਿੱਖ ਅਤੇ ਗੁਰੂ ਦਾ ਰਿਸ਼ਤਾ ਪਤੀ ਅਤੇ ਪਤੀਵ੍ਰਤਾ ਇਸਤਰੀ ਵਰਗਾ ਹੁੰਦਾ ਹੈ :

ਸਤੀ ਪਤਿ ਬ੍ਰਤ ਨਾਰਿ ਸੁ ਜੁ ਗਤੀ। ਸਿਖ ਗੁਰੂ ਕੀ ਹੈ ਨਿਜ ਸਤੀ।[263]

ਕਵੀ ਸੁੱਖਾ ਸਿੰਘ ਵੱਲੋਂ ਪੇਸ਼ ਕੀਤੀ ਗਈ ਭਾਈ ਜਗਾ ਸਿੰਘ ਹਜ਼ੂਰੀਏ ਦੀ ਸਾਖੀ ਗੁਰਮੁਖ ਦੀ ਸ਼ਖਸੀਅਤ ਨੂੰ ਉਜਾਗਰ ਕਰਦੀ ਹੈ। ਜਗਾ ਸਿੰਘ ਦੀ ਗੁਰੂ ਨਾਲ ਇੱਕ-ਮਿੱਕਤਾ ਦੀ ਅਵਸਥਾ ਨੂੰ ਕਵੀ ਇਸ ਤਰ੍ਹਾਂ ਬਿਆਨ ਕਰਦਾ ਹੈ :

ਪਗ ਜੇ ਗੁਰ ਕੇ ਬਰ ਕੰਜ ਹੁਤੇ। ਤਿਹ ਪ੍ਰੇਮ ਜਗਾ ਸਿੰਘ ਜੂ ਸੁ ਰਤੇ।
ਇਹ ਭਾਂਤਿ ਪਰੀਤ ਅਖੰਡ ਰਚੀ। ਦੁਹ ਮੂਰਤਿ ਤੇ ਜਾਣੁ ਏਕ ਸਚੀ॥[264]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਹਜ਼ੂਰੀ ਸਿੰਘਾਂ ਨੂੰ ਪਤਾਸੇ ਅਤੇ ਪੱਥਰ ਦੀ

---

261 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 151-52, ਪੰਨਾ 261.
262 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 91, ਪੰਨਾ 179.
263 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 108, ਪੰਨਾ 258.
264 ਉਹੀ, ਛੰਦ 112, ਪੰਨਾ 281.

ਮਿਸਾਲ ਦੇ ਕੇ ਸਮਝਾਉਂਦੇ ਹਨ। ਗੁਰਮੁਖ ਪਤਾਸੇ ਦੀ ਨਿਆਈਂ ਹੈ, ਜੋ ਜਲ ਸੰਗਤ ਵਿਚ ਆਪਾ ਵਾਰ ਦਿੰਦਾ ਹੈ ਜਦਕਿ ਮਨਮੁਖ ਪੱਥਰ ਵਾਂਗ ਆਪਣੀ ਕਠੋਰਤਾ ਨਹੀਂ ਛੱਡਦਾ। ਕਵੀ ਗੁਰਮੁਖ ਨੂੰ ਪਤਾਸੇ, ਭੌਰੇ ਦੀ ਨਿਆਈਂ ਦੱਸਦਾ ਹੈ ਅਤੇ ਮਨਮੁਖ ਦੀ ਤੁਲਨਾ ਪੱਥਰ, ਡੱਡੂ ਅਤੇ ਜੋਕ ਨਾਲ ਕਰਦਾ ਹੈ :

ਦੂਰੰਤਰ ਤੇ ਜੋ ਸਿਖ ਆਵਤ। ਹੋਇ ਪਤਾਸਾ ਜਲਹ ਸਮਾਵਤ।
ਸਾਕਤ ਨਿਸ ਦਿਨ ਨਿਕਟ ਜੁ ਬਸੈ। ਤਾ ਕੋ ਕਛੂ ਪਾਹੁ ਨਹੀ ਰਸੈ॥
ਜਲਜ ਸਿਬਾਲ ਦੋਊ ਜਲ ਮਾਹੀ। ਦਾਦਰ ਨੀਚ ਸਿਬਾਰ ਸੁ ਖਾਹੀ।
ਨਹੀ ਜਾਨ ਰਸ ਕੋਲ ਪਰਾਗਾ। ਕੀਚ ਸਿਬਾਲ ਡਾਂਡਿ ਰਸੁ ਪਾਗਾ॥
ਕੋਟ ਕਲਪ ਪਾਹਨ ਜਲ ਬਸੈ। ਤਨਕ ਨ ਤਾਸ ਅੰਗ ਪੁਨ ਰਸੈ।
ਤਿਮ ਸਾਕਤ ਸੰਤਨ ਕੇ ਪਾਸਾ। ਨਿਸ ਦਿਨ ਗੁਨ ਤੇ ਰਹਤ ਨਿਰਾਸਾ॥
ਗੁਨ ਕੋ ਤਯਾਗ ਔਗਨੈ ਗਹੈ। ਦਾਦਰ ਕਮਲ ਸਿਬਾਲਨ ਬਹੈ।
ਗਊ ਭੈਸ ਤਨ ਜੋਕ ਲਗਈਐ। ਛੀਰ ਨ ਗਹੈ ਰੁਧਰ ਕੋ ਪੀਐ॥ [265]

ਕਵੀ ਕੁਇਰ ਸਿੰਘ ਅਨੁਸਾਰ ਗੁਰਮੁਖ ਗੁਰੂ ਤੋਂ ਬਿਨਾਂ ਕਿਸੇ ਹੋਰ ਉੱਤੇ ਆਸ ਨਹੀਂ ਰੱਖਦਾ। ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੱਖ ਰੌਸ਼ਨ ਸਿੰਘ ਵੱਲੋਂ ਆਦਮਖੋਰ ਸ਼ੇਰ ਨੂੰ ਮਾਰਨ ਤੇ ਬਾਦਸ਼ਾਹ ਬਹਾਦੁਰ ਸ਼ਾਹ ਖੁਸ਼ ਹੋਇਆ। ਬਾਦਸ਼ਾਹ ਨੇ ਰੌਸ਼ਨ ਸਿੰਘ ਨੂੰ ਇਨਾਮ ਮੰਗਣ ਲਈ ਕਿਹਾ ਤਾਂ ਉਸਨੇ ਨੇ ਜਵਾਬ ਦਿੱਤਾ ਕਿ ਅਸੀਂ ਸਿਰਫ ਗੁਰੂ ਤੋਂ ਮੰਗਦੇ ਹਾਂ :

ਰਿਧਿ ਹਮੇ ਸਿਧਿ ਦੀਨ ਦਯਾਨਿਧਿ ਜਸ ਪ੍ਰਤਾਪ ਤੇ ਕੇਹਰ ਘਾਯੋ॥ [266]

ਕੁਇਰ ਸਿੰਘ ਨੇ ਮਨਮੁਖ ਦੀ ਉੱਲੂ ਨਾਲ ਤੁਲਨਾ ਕੀਤੀ ਹੈ, ਜੋ ਸੂਰਜ ਵਾਂਗ ਜਾਹਰਾ-ਜ਼ਹੂਰ ਗੁਰੂ ਨੂੰ ਪਛਾਣ ਨਹੀਂ ਸਕਦਾ :

ਰਾਜ 'ਰੁ ਜੋਗ ਸਬੈ ਸਿਧ ਜਾ ਮਹਿ, ਸੋਹਤ ਆਪ ਸਿੰਘਾਸਨ ਥਾਨਾ।
ਬੇਮੁਖ ਸੁਧ ਸੁ ਨਾਹਿ ਕਛੂ, ਜਿਮ ਜਾਨ ਉਲੂ ਰਵਿ ਚਖਨ ਭਾਨਾ॥ [267]

ਗੁਰਬਿਲਾਸ ਪਾਤਸ਼ਾਹੀ ੧੦ ਵਿਚ ਭੀਮ ਚੰਦ ਆਦਿ ਪਹਾੜੀ ਰਾਜੇ 'ਮਨਮੁਖ' ਵਜੋਂ ਸਾਹਮਣੇ ਆਉਂਦੇ ਹਨ। ਗੁਰੂ ਜੀ ਦੇ ਪਰਉਪਕਾਰੀ ਕਾਰਜ ਨੂੰ ਨਾ ਪਛਾਣਕੇ ਉਨ੍ਹਾਂ ਨੇ ਵਾਰ-ਵਾਰ ਬਿਨਾਂ ਕਾਰਨ ਗੁਰੂ ਜੀ ਉੱਪਰ ਹਮਲੇ ਕੀਤੇ। ਕਵੀ ਸੁੱਖਾ ਸਿੰਘ ਨੇ ਗੁਰੂ ਸਾਹਿਬ ਦੇ ਸ਼ਰਧਾਲੂ 'ਰਾਏ ਬਿਸਾਲੀ' ਦੇ ਮੁਖ ਤੋਂ ਭੀਮ

---

[265] ਉਹੀ, ਛੰਦ 132-35, ਪੰਨਾ 283.
[266] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 192, ਪੰਨਾ 250.
[267] ਉਹੀ, ਛੰਦ 2, ਪੰਨਾ 159.

ਚੰਦ ਆਦਿ ਮਨਮੁਖਾਂ ਦੇ ਮਾੜੇ ਕਰਮਾਂ ਨੂੰ ਪਰਗਟ ਕੀਤਾ ਹੈ। ਰਾਏ ਬਿਸਾਲੀ ਆਖਦਾ ਹੈ ਕਿ ਇਨ੍ਹਾਂ ਮਨਮੁਖਾਂ ਦੇ ਕਰਮਾਂ ਦੀ ਕਾਲਖ ਨੂੰ ਤੀਰਥ ਵੀ ਧੋ ਨਹੀਂ ਸਕਣਗੇ ਅਤੇ ਇਨ੍ਹਾਂ ਦੇ ਕੀਤੇ ਧਰਮ-ਕਰਮ ਬੇਅਰਥ ਹੋ ਜਾਣਗੇ :

ਮੂੜ੍ਹ ਮਤਮੰਦ ਏ ਅੰਦ ਜੜ੍ਹ ਨੀਚ ਹੈ ਸਮਝਤੈ ਨਾਹਿ ਗਤ ਭਲੀ ਬਰਾਈ।
ਐਸ ਪੁਨਾ ਦਯੋਸ ਕੋ ਘਨੇ ਪਛਤਾਹਿਗੇ ਲਗੇ ਗੀ ਬਦਨ ਜੋ ਸਰਬ ਸਯਹੀ ...
ਗੰਗ ਬਨਾਰਸ ਗਹੈ ਹੈਮਾਚਲੰ ਸਿੰਧ ਮੈ ਜਾਇ ਕਯੋ ਨ ਹੋਹਿ ਲੀਨੇ।
ਲਹੇਗੀ ਨਾਹਿ ਯਹਿ ਸਿਯਾਮਤਾ ਬਦਨ ਤੇ ਆਪ ਹੀ ਹੋਹਿਗੇ ਅਧਿਕ ਦੀਨੇ॥[268]

ਕਵੀ ਕੁਇਰ ਸਿੰਘ ਮਸੰਦਾਂ ਦੀ ਗੁਰੂ ਤੋਂ ਬੇਮੁਖਤਾ ਨੂੰ ਬਿਆਨ ਕਰਦਿਆਂ ਦੱਸਦਾ ਹੈ ਕਿ ਉਹ ਗੋਬਿੰਦ ਰਾਏ ਜੀ ਨੂੰ ਬਾਲਕ ਹੀ ਸਮਝਦੇ ਹਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛੋਂ ਮਸੰਦਾਂ ਨੇ ਮਸ਼ਵਰਾ ਕੀਤਾ ਕਿ ਬਾਲਕ ਨੂੰ ਗੁਰੂ ਥਾਪ ਕੇ ਆਪਾਂ ਆਰਾਮ ਨਾਲ ਉਗਰਾਹੀ ਦਾ ਧਨ ਖਾਈ ਜਾਵਾਂਗੇ :

ਰਹੈਂ ਗੁਰੂ ਢਿਗ ਏ ਅਬ ਤੇਹੀ। ਕਰੀ ਸਲਾਹ ਇਨੋ ਬਿਧਨੇਹੀ।
"ਖਾਵਤ ਹੈ ਹਮ ਧਨ ਗੁਰ ਕੇਰਾ। ਭਰੇ ਅਜਾਰਾ ਕਛੁ ਦਿਨ ਬੇਰਾ ...
ਕਾਹੂ ਕਾ ਦੀਜੈ ਗੁਰਤਾਈ। ਪੁਰ ਕਰਤਾਰ ਕੇ ਬ੍ਰਿੱਧ ਲਖਾਹੀ।
ਔਰਨ ਕਹਾ, "ਓ ਬਡੇ ਸਿਆਨੇ। ਗੁਰ ਸੁਤ ਭੋਲਾ ਕਛੂ ਨ ਜਾਨੇ॥
ਪਿਤ ਸਮ ਤਾ ਕੋ ਮਿਲੀਐ ਜਾਈ। ਕਿਹ ਲੈਣਾ ਲੇਖਾ ਹਮ ਭਾਈ।
ਜਾਨਤ ਹੈ ਇਆਣੋ ਨਰ ਜੈਸੇ। ਪਾਵੈ ਫਲ ਜੈਸੋ ਪਛ ਤੈਸੇ॥[269]

ਸੰਗਤ ਉੱਤੇ ਕੀਤੀਆਂ ਵਧੀਕੀਆਂ ਕਰਕੇ ਮਸੰਦਾਂ ਨੂੰ ਗੁਰੂ ਜੀ ਪਾਸੋਂ ਸਖਤ ਸਜ਼ਾਵਾਂ ਮਿਲੀਆਂ। ਗੁਰੂ ਤੋਂ ਬੇਮੁਖਤਾਈ ਕਰਕੇ ਮਸੰਦ ਆਪਣਾ ਲੋਕ-ਪਰਲੋਕ ਗਵਾ ਬੈਠੇ। ਇਸੇ ਤਰ੍ਹਾਂ ਮਸੰਦ ਦੁਨੀ ਚੰਦ ਹਾਥੀ ਤੋਂ ਡਰਦਾ ਗੁਰੂ ਜੀ ਤੋਂ ਬੇਮੁਖ ਹੋ ਕੇ ਭੱਜ ਗਿਆ। ਭੱਜਦਿਆਂ ਲੱਤ ਤੁੜਾ ਬੈਠਾ ਅਤੇ ਘਰ ਪਹੁੰਚ ਕੇ ਸੱਪ ਲੜਨ ਕਰਕੇ ਮਾਰਿਆ ਗਿਆ। ਕੁਇਰ ਸਿੰਘ ਉਸ ਦਾ ਹਾਲ ਪੇਸ਼ ਕਰਦਿਆਂ ਲਿਖਦਾ ਹੈ :

ਗੁਰ ਪਦ ਤੇ ਜੇ ਬੇਮੁਖ ਹ੍ਵੈ ਹੈਂ। ਆਗੇ ਕਹਾ ਜਾਇ ਜਸ ਪੈ ਹੈਂ ...
ਚਲਾ ਭਾਜ ਕੈ ਬਿਲਮ ਨ ਕਈ। ਗਿਰਿ ਤੇ ਖਿਸਕ ਟਾਂਗ ਟੂਟ ਗਈ।
ਸਾਥਿਨ ਤਾਕੋ ਲਯੋ ਉਚਾਈ। ਪਹੁਚੇ ਦੇਸ ਆਪਨੇ ਜਾਈ।

---

268 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 34-35, ਪੰਨਾ 268.
269 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 154-58, ਪੰਨਾ 46.

ਭੀਤਰ ਧਾਮ ਦੁਰਯੋ ਜਬ ਜਾਈ। ਡਸਯੋ ਲਾਗ ਅਦਭੁਤ ਤਿਹ ਥਾਈ ...

ਧ੍ਰਿਗ ਧ੍ਰਿਗ ਤਾ ਕੋ ਹੈ ਸਭ ਥਾਨਾ। ਨਿਜ ਸਤਿਗੁਰ ਤੇ ਬਦਨ ਫਿਰਾਨਾ।

ਯਾ ਬਿਧਿ ਜੇ ਬੇਮੁਖ ਗੁਰ ਹੋਈ। ਲੋਕ ਨਿੰਦ ਆਗੇ ਦੁਖ ਜੋਈ।

ਅਠ ਦਸ ਨਰਕ ਭੁਗਤ ਵੈ ਭਾਰੀ। ਦੁਨੀ ਚੰਦ ਕਹੁ ਧ੍ਰਿਗ ਕਹੈ ਸਾਰੀ॥[270]

## (v) ਖਾਲਸਾ ਪੰਥ

'ਖਾਲਸਾ' ਅਰਬੀ ਭਾਸ਼ਾ ਦਾ ਸ਼ਬਦ ਹੈ। ਮਹਾਨ ਕੋਸ਼ ਅਨੁਸਾਰ ਖਾਲਸਾ ਦਾ ਅਰਥ "ਸ਼ੁੱਧ, ਬਿਨ ਮਿਲਾਵਟ, ਨਿਰੋਲ। ਉਹ ਜਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ, ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜਿਮੀਦਾਰ ਦਾ ਸੁਤ੍ਵ ਨਹੀਂ। ਅਕਾਲੀ ਧਰਮ, ਵਾਹਿਗੁਰੂ ਜੀ ਦਾ ਖਾਲਸਾ, ਸਿੰਘ ਪੰਥ। ਖਾਲਸਾਧਰਮਧਾਰੀ ਗੁਰੂ ਨਾਨਕ ਪੰਥੀ ਹੈ।"[271] ਰਤਨ ਸਿਘ ਜੱਗੀ ਸਿੱਖ ਸਿਧਾਂਤ ਅਤੇ ਅਮਲ ਦੇ ਹਵਾਲੇ ਨਾਲ 'ਖਾਲਸਾ' ਸ਼ਬਦ ਦਾ ਅਰਥ ਕਰਦਿਆਂ ਦੱਸਦੇ ਹਨ "ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਧਰਮ-ਸਾਧਕਾਂ ਲਈ, ਜੋ ਬ੍ਰਾਹਮਣਵਾਦ ਦੇ ਘੇਰੇ ਤੋਂ ਨਿਕਲ਼ ਕੇ ਸਿਧੇ ਪਰਮਾਤਮਾ ਦੀ ਪ੍ਰੇਮ-ਪੂਰਵਕ ਆਰਾਧਨਾ ਕਰਦੇ ਹਨ ਜਾਂ ਆਪਣੀ ਸਾਧਨਾ ਦਾ ਸਿੱਧਾ ਸੰਪਰਕ ਪਰਮਾਤਮਾ ਨਾਲ ਸਥਾਪਿਤ ਕਰਦੇ ਹਨ, ਲਈ ਇਹ ਸ਼ਬਦ ਵਰਤਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ-ਸੰਚਾਰ ਦੀ ਰੀਤਿ ਰਾਹੀਂ ਆਪਣੇ ਅਨੁਯਾਈਆਂ ਨੂੰ ਖਾਲਸਾ ਬਣਾਇਆ ਅਤੇ ਇਸ ਸ਼ਬਦ ਨੂੰ ਇੱਕ ਨਵਾਂ ਪਰਿਪੇਖ ਬਣਾ ਦਿੱਤਾ।"[272] 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਗੁਰੂ ਸਾਹਿਬਾਨ ਤੋਂ ਬਾਅਦ ਸਭ ਤੋਂ ਵਧੇਰੇ ਜੋਰ ਖਾਲਸੇ ਦੀ ਮਹਿਮਾ ਉਜਾਗਰ ਕਰਨ 'ਤੇ ਲਾਇਆ ਹੈ। ਕੁਇਰ ਸਿੰਘ ਖਾਲਸੇ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਵੱਖਰਾ ਪੰਥ ਦੱਸਦਾ ਹੈ। ਕਵੀ ਅਨੁਸਾਰ ਰਾਜਾ ਭੀਮ ਚੰਦ ਦਿੱਲੀ ਵਿਖੇ ਔਰੰਗਜ਼ੇਬ ਕੋਲ ਖਾਲਸਾ ਸਾਜਨਾ ਦੀ ਸ਼ਿਕਾਇਤ ਇਸ ਤਰ੍ਹਾਂ ਕਰਦਾ ਹੈ :

ਕਰਾਮਾਤ ਸੁਨਿ ਨ੍ਰਿਪਤਿ ਪ੍ਰਧਾਨਾ। ਪੁਨਿ ਤਿਨ ਅਪਨਾ ਪੰਥ ਚਲਾਨਾ।

ਹਿਦੂ ਤੁਰਕਨ ਕੋ ਮਤਿ ਡਾਰੀ। ਔਰੈ ਰੀਤਿ ਜਗਤ ਬਿਸਥਾਰੀ॥

ਚਾਰ ਬਰਨ ਇਕ ਬਰਨ ਪ੍ਰਕਾਰਾ। ਨਾਮ ਖਾਲਸਾ ਪੰਥ ਸੁਧਾਰਾ।[273]

ਕਵੀ ਸੁੱਖਾ ਸਿੰਘ ਅਨੁਸਾਰ ਹਿੰਦੂ ਅਤੇ ਮੁਸਲਮਾਨ ਦੋਹਾਂ ਤੋਂ ਵੱਖਰੇ ਖਾਲਸਾ ਪੰਥ ਦੀ ਸਾਜਨਾ ਦਾ

---

270 ਉਹੀ, ਛੰਦ 38-44, ਪੰਨਾ 144.
271 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 374.
272 ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨਾ 366.
273 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 33, ਪੰਨਾ 124.

ਕੌਤਕ ਵੇਖ ਕੇ ਸਾਰਾ ਸੰਸਾਰ ਹੈਰਾਨ ਰਹਿ ਗਿਆ ਹੈ :

ਸੁਰ ਨਰ ਨਿਰਖ ਚਰਿਤ੍ਰ ਸੁ ਸਾਰਾ। ਬਿਸਮੈ ਭਯੋ ਸਕਲ ਸੰਸਾਰਾ।
ਕੌਨ ਚਰਿਤ੍ਰ ਠਵਰ ਇਹ ਕੈ ਹੈ। ਦੋ ਤੇ ਤੀਨ ਪੰਥ ਕਰ ਲੈ ਹੈ॥[274]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਨੇ ਖਾਲਸੇ ਨੂੰ ਅਕਾਲ ਪੁਰਖ ਦਾ ਸੇਵਕ ਬਣਾਇਆ ਹੈ। ਕਵੀ ਅਨੁਸਾਰ ਖਾਲਸੇ ਦਾ ਸਰੂਪ ਅਕਾਲ ਪੁਰਖ ਦਾ ਸਾਜਿਆ ਹੋਇਆ ਹੈ। ਗੁਰੂ ਜੀ ਨੇ ਸੰਸਾਰ ਨੂੰ ਮਥ ਕੇ ਖਾਲਸਾ ਤਿਆਰ ਕੀਤਾ ਹੈ, ਜਿਸ ਨੂੰ ਅੰਮ੍ਰਿਤ ਅਤੇ ਆਪਣਾ ਪ੍ਰਤਾਪ ਬਖਸ਼ਿਆ ਹੈ :

ਇਹ ਪਰਮ ਖਾਲਸਾ ਪੰਥ ਜੋਇ। ਇਹ ਅਸਕੇਤ ਕੋ ਬਿਰਧ ਸੋਇ।
ਬੁਰਕਾ ਅਕਾਲ ਦੀਨੋ ਸੁ ਆਪ। ਵਿਚ ਧਾਰ ਅਧਿਕ ਗੁਰ ਕੌ ਪ੍ਰਤਾਪ।
ਇਹ ਜਗਤ ਮਧ ਤੇ ਕਾਢਾ ਮਾਥ। ਦੈ ਅਮੀ ਸੁਧ ਕੀਨੋ ਸਨਾਥ॥[275]

ਕਵੀ ਕੁਇਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਬ੍ਰਾਹਮਣ ਅਤੇ ਖੱਤਰੀ ਤੋਂ ਉੱਚੀ ਪਦਵੀ ਦਿੱਤੀ ਹੈ। ਗੁਰੂ ਜੀ ਨੇ ਬ੍ਰਾਹਮਣ ਦਾ ਸ਼ਬਦ ਗਿਆਨ ਅਤੇ ਖੱਤਰੀ ਦਾ ਸ਼ਸਤਰ ਗਿਆਨ ਖਾਲਸਾ ਪੰਥ ਨੂੰ ਬਖਸ਼ੇ ਹਨ। ਗੁਰੂ ਜੀ ਨੇ ਖਾਲਸੇ ਨੂੰ ਅਕਾਲ ਪੁਰਖ ਨਾਲ ਜੋੜ ਕੇ ਆਪਣਾ ਰੂਪ ਬਣਾ ਲਿਆ ਹੈ :

ਬਾਹਜ ਬਿੱਪ੍ਰ ਸਭੈ ਤਿਨ ਸੇਵਕ, ਕੀਨ ਮਯਾ ਅਸ ਸ੍ਰੀ ਗੁਰ ਭਾਰੀ।
ਬਿਦਿਆ ਗਜਾਨ ਸੁ ਚਾਰ ਪਦਾਰਥ, ਆਪੋ ਹੀ ਆਇ ਹੈਂ ਪੰਥ ਮੰਝਾਰੀ॥
ਮੁਹ ਦਰਸਨ ਪੰਥ ਬਿਖੈ ਕਰ ਹੈ, ਗੁਰ ਖਾਲਸਾ ਜਾਨ ਲਿਜੈ ਮਨ ਮਾਹੀ।[276]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਮਸੰਦ ਪ੍ਰਥਾ ਖਤਮ ਕਰਕੇ ਖਾਲਸਾ ਸਾਜਨਾ ਲਈ ਸਭ ਸੰਗਤ ਨੂੰ ਕੇਸਾਧਾਰੀ ਹੋ ਕੇ ਆਨੰਦਪੁਰ ਆਉਣ ਲਈ ਹੁਕਮਨਾਮੇ ਭੇਜੇ :

ਦੇਸ ਪਰਦੇਸ ਮੈ ਖਬਰ ਕੋ ਲੇਤ ਹੀ ਸਿਰੀ ਗੁਰਦੇਵ ਕੇ ਦਾਸ ਧਾਏ।
ਧਾਰ ਕੈ ਕੇਸ ਹਜੂਰ ਸਿਰ ਆਵਣਾ ਲਿਖੈ ਤਿਨ ਨਾਥ ਕੇ ਜਾ ਦਿਖਾਏ।
ਪਾਛ ਬੀਚਾਰ ਕਰਤਾਰ ਐਸਾ ਕੀਯੋ ਰਚੌਂ ਅਬ ਖਾਲਸਾ ਖਾਸ ਕਾਰੀ।
ਸੋਧ ਸਰਕਾਰ ਦਰਬਾਰ ਕੋ ਸੋਧ ਕੈ ਸੰਗਤਾ ਸੋਧ ਲੀਜੈ ਪਿਛਾਰੀ।[277]

---

[274] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 55, ਪੰਨਾ 174.
[275] ਉਹੀ, ਛੰਦ 117-18, ਪੰਨਾ 144.
[276] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 129-30, ਪੰਨਾ 119.
[277] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 2-3, ਪੰਨਾ 160.

ਗੁਰੂ ਜੀ ਦੀ ਸ਼ਰਧਾਵਾਨ ਸਮੂਹ ਸੰਗਤ ਆਪ ਦਾ ਹੁਕਮ ਮੰਨ ਕੇ ਖਾਲਸਾ ਪੰਥ ਵਿਚ ਸ਼ਾਮਲ ਹੋ ਗਈ :

ਜਹਾਂ ਜਹਾਂ ਸੰਗਤ ਗੁਰ ਪਯਾਰੀ। ਭਈ ਖਾਲਸਾ ਸਰਬ ਸੁ ਸਾਰੀ।
ਲਿਖ ਲਿਖ ਦੀਨੇ ਹੁਕਮ ਪਠਾਈ। ਮਾਨੈ ਬਚਨ ਸੋਈ ਜਿਨ ਜਾਈ॥[278]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਨੇ ਖਾਲਸੇ ਨੂੰ ਦੇਵੀ-ਦੇਵਤਿਆਂ ਤੋਂ ਉੱਚੀ ਪਦਵੀ ਬਖਸ਼ੀ ਹੈ:

ਜੋ ਪਦਵੀ ਖਾਲਸ ਗੁਰ ਦੀਨੀ। ਸੁਰ ਨਰ ਆਜ ਲਗੇ ਨਹੀ ਚੀਨੀ।
ਨਰ ਤੇ ਪਰਮ ਦੇਵ ਬਰ ਕੀਨੇ। ਧਰਮ ਜੋਤਿ ਕੇ ਰਸ ਮਹਿ ਭੀਨੇ॥[279]

ਕਵੀ ਕੁਇਰ ਸਿੰਘ ਨੇ ਖਾਲਸਾ ਪੰਥ ਦੀ ਵਡਿਆਈ ਪਰਗਟ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਪ੍ਰਥਾਏ ਕਹੇ ਬਚਨ ਆਪਣੀ ਰਚਨਾ ਵਿਚ ਦਰਜ ਕਰ ਦਿੱਤੇ ਹਨ :

ਸ੍ਰੀ ਮੁਖ ਵਾਕ ਪਾਤਿਸ਼ਾਹੀ ੧੦ ॥ਸਵੈਯਾ॥
ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ।
ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨ ਹੀ ਕੋ॥[280]

ਕਵੀ ਰਾਜ-ਭਾਗ ਨੂੰ ਪਰਮਾਤਮਾ ਦੀ ਦਿੱਤੀ ਨਿਆਮਤ ਮੰਨਦਾ ਹੈ। ਕਵੀ ਅਨੁਸਾਰ ਜਦੋਂ-ਜਦੋਂ ਮਨੁੱਖ ਨੇ ਆਪਣੇ ਇਸ਼ਟ ਲਈ ਆਪਾ ਵਾਰਿਆ ਹੈ, ਉਦੋਂ-ਉਦੋਂ ਹੀ ਉਸਨੂੰ ਰਾਜ-ਭਾਗ ਪ੍ਰਾਪਤ ਹੋਇਆ ਹੈ। ਬਲ ਨੇ ਬਾਵਨ ਅਵਤਾਰ, ਰਾਵਨ ਨੇ ਸ਼ਿਵ ਅਤੇ ਪਾਂਡਵਾਂ ਨੇ ਕ੍ਰਿਸ਼ਨ ਤੋਂ ਰਾਜ ਪ੍ਰਾਪਤ ਕੀਤਾ ਹੈ। ਕਵੀ ਅਨੁਸਾਰ ਗੁਰੂ ਜੀ ਨੇ ਭਾਰਤ ਦੇਸ ਦਾ ਰਾਜ ਭਾਗ ਖਾਲਸੇ ਨੂੰ ਦੇਣ ਦਾ ਬਚਨ ਕੀਤਾ ਹੈ, ਜੋ ਸਤਜੁਗ ਤੋਂ ਰਾਜਾ ਬਲ, ਭੋਜ, ਦਿਲੀਪ ਅਤੇ ਪਾਂਡਵਾਂ ਆਦਿ ਤੋਂ ਬਾਅਦ ਮੁਸਲਮਾਨ ਸ਼ਾਸਕਾਂ ਕੋਲ ਸੀ :

ਸਤਜੁਗ ਸਤ ਕ੍ਰਿਤ ਜਬ ਕੀਨੇ। ਕੇਵਲ ਰਾਜ ਅਮਰਪੁਰ ਲੀਨੇ।
ਬਲ ਬਾਵਨ ਤੇ ਦੇਹ ਮਿਨਾਈ। ਰਾਵਨ ਸੀਸ ਈਸ ਦੇ ਪਾਈ॥
ਭੋਜ ਦੀਲੀਪ ਕਿਧੌ ਨਲ ਰਾਈ। ਬਡ ਤਪਸਾ ਕਰ ਕੈ ਗ੍ਰਿਹ ਆਈ।
ਪਾਰਥ ਨ੍ਰਿਪ ਰਣ ਕੋਟ ਸੰਘਾਰੇ। ਕ੍ਰਿਸਨ ਪਖ ਕੀਨੋ ਨਿਰਧਾਰੇ॥

---

[278] ਉਹੀ, ਛੰਦ 139, ਪੰਨਾ 181.
[279] ਉਹੀ, ਛੰਦ 57, ਪੰਨਾ 175.
[280] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 100, ਪੰਨਾ 116.

ਜਦੁ ਪਤ ਅਧਿਕ ਕ੍ਰਿਪਾ ਜਬ ਕੀਨੀ। ਤਬ ਯਹ ਛੀਨ ਤਵਨ ਕਹ ਦੀਨੀ।

ਪੰਡ ਸੁਤਨ ਤੇ ਅਗ੍ਰ ਸਿਧਾਈ। ਤੁਰਕ ਮਲੇਛਨ ਪੈ ਤਬ ਆਈ ...

ਸੋ ਅਵਨੀ ਸਤਿਗੁਰ ਕਰਤਾਰਾ। ਸਿਰੇਪਾਊ ਦੇ ਇਨੇ ਬਿਚਾਰਾ।[281]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਖਾਲਸੇ ਉੱਪਰ ਏਡੇ ਮਿਹਰਵਾਨ ਹਨ ਕਿ ਹਿੰਦ ਦਾ ਰਾਜ ਦੇ ਕੇ ਉਹ ਆਖਦੇ ਹਨ, ਮੈ ਖਾਲਸੇ ਨੂੰ ਬਹੁਤ ਥੋੜਾ ਦਿੱਤਾ ਹੈ :

ਮੈਂ ਇਨ ਕੈ ਇਹ ਅਲਪ ਸੁ ਦੀਨੇ। ਯੌ ਕਹ ਤਰੇ ਨੈਨ ਕਰ ਲੀਨੇ॥[282]

ਕਵੀ ਸੁੱਖਾ ਸਿੰਘ ਨੇ ਖਾਲਸਾ ਪੰਥ ਦੇ ਪਰਗਟ ਹੋਣ ਤੇ ਦੋਖੀ ਲੋਕਾਂ ਵੱਲੋਂ ਕੀਤੀ ਗਈ ਨਿੰਦਿਆ ਦਾ ਜ਼ਿਕਰ ਕੀਤਾ ਹੈ। ਕਵੀ ਨੇ ਬਹੁਤ ਸੋਹਣੇ ਢੰਗ ਨਾਲ ਵਿਰੋਧੀਆਂ ਵੱਲੋਂ ਕੀਤੀ ਨਿੰਦਿਆ ਰਾਹੀਂ ਖਾਲਸਾ ਪੰਥ ਦੇ ਅਨਮਤਾਂ ਤੋਂ ਨਵੇਕਲੇਪਣ ਨੂੰ ਬਿਆਨ ਕਰ ਦਿੱਤਾ ਹੈ। ਕਵੀ ਖਾਲਸਾ ਪੰਥ ਦੀ ਸਾਜਨਾ ਮੁਗਲ ਹਕੂਮਤ ਦੇ ਖਾਤਮੇ ਲਈ ਕੀਤੀ ਦੱਸਦਾ ਹੈ। ਇਸ ਕਰਕੇ ਮੁਗਲਾਂ ਨਾਲ ਖਾਲਸੇ ਦੇ ਰਲਗਡ ਹੋਣ ਦੀ ਕੋਈ ਸੰਭਾਵਨਾ ਬਾਕੀ ਨਹੀਂ ਰਹਿੰਦੀ। ਜਿਥੋਂ ਤੱਕ ਵੈਦਿਕ ਧਰਮ ਦਾ ਸਵਾਲ ਹੈ, ਕਵੀ ਨੇ ਇਸ਼ਟ, ਗ੍ਰੰਥ ਅਤੇ ਰਹਿਤ ਆਦਿ ਸਾਰੇ ਨੁਕਤਿਆਂ ਤੋਂ ਖਾਲਸੇ ਨੂੰ ਵੱਖਰਾ ਪੰਥ ਸਥਾਪਤ ਕਰ ਦਿੱਤਾ ਹੈ। ਕਵੀ ਅਨੁਸਾਰ ਵਿਰੋਧੀ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਨੇ ਆਸ਼੍ਰਮ, ਕੁਲ, ਵਰਨ ਅਤੇ ਜਾਤ ਦੇ ਸਾਰੇ ਵਿਤਕਰੇ ਦੂਰ ਕਰ ਦਿੱਤੇ ਹਨ। ਸਭ ਨੂੰ ਇੱਕੋ ਬਾਟੇ ਅਤੇ ਇੱਕੋ ਲੰਗਰ ਵਿਚ ਬਰਾਬਰ ਕਰ ਦਿੱਤਾ ਹੈ। ਉਨ੍ਹਾਂ ਦਾ ਰੋਸ ਹੈ ਕਿ ਗੁਰੂ ਜੀ ਨੇ ਲੋਕਾਂ ਨੂੰ ਵੇਦ, ਪੁਰਾਣ ਅਤੇ ਅਵਤਾਰਵਾਦ ਦੇ ਵਿਸ਼ਵਾਸ ਦੀ ਥਾਂ 'ਅਕਾਲ ਪੁਰਖ' ਨਾਲ ਜੋੜ ਦਿੱਤਾ ਹੈ। ਕਵੀ ਦੇ ਸ਼ਬਦਾਂ ਵਿਚ :

ਔ ਜੋ ਮੂੜ੍ਹ ਲੋਗ ਤਿਹ ਥਾਨੈ। ਅਰਲ ਬਰਲ ਵੇ ਬਦਨ ਬਖਾਨੈ।

ਇਹ ਤੋ ਰਹਤ ਕਠਨ ਨਹੀ ਹੋਈ। ਚਾਰ ਬਰਨ ਸੋ ਕਰਹ ਰਸੋਈ॥

ਹੈ ਇਹ ਅਧਿਕ ਬਾਤ ਕਹ ਭਾਰੀ। ਕੁਲਾ ਕਰਮ ਛੂਟੇ ਸੰਸਾਰੀ।

ਚਾਰ ਬਰਨ ਇਕ ਜਾ ਇਨ ਕੀਮੇ। ਕਰਦ ਫੇਰ ਅੰਮ੍ਰਿਤ ਕਹ ਦੀਨੇ॥

ਆਸ੍ਰਮ ਬਰਨ ਕੋਊ ਚਲ ਆਵੈ। ਲੈ ਉਨ ਕੋ ਨਿਜ ਸੰਗ ਮਿਲਾਵੈ।

ਆਦਿ ਗੁਰਨ ਕੀ ਰੀਤ ਸੁ ਟਾਰੀ। ਔਰੇ ਰਹਤ ਜਗਤ ਬਿਸਤਰੀ॥

ਸੂਦ੍ਰ ਬੈਸ ਖਤ੍ਰੀ ਦਿਜ ਜਾਨਹੁ। ਏਕ ਠਵਰ ਕਰ ਭੋਜ ਕਰਾਨਹੁ।

---

[281] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 62-66, ਪੰਨਾ 175.
[282] ਉਹੀ

ਬੇਦ ਲੋਕ ਮਤ ਸਰਬ ਤ੍ਯਾਗੀ। ਸ੍ਰੀ ਅਸਧੁਜ ਕੋ ਭਯੋ ਅਨੁਰਾਗੀ॥

ਆਗੇ ਅਸਧੁਜ ਸੁਨ੍ਯੋ ਨ ਪਾਯੋਂ। ਪੋਥੀ ਪੰਡਿਤ ਗੁਨਿਨ ਨ ਗਾਯੋ।

ਹਿੰਦੂ ਲੋਕ ਜਿਹ ਤਕ ਸੁਰ ਗਯਾਨੈ। ਰਾਮ ਕ੍ਰਿਸਨ ਜੂ ਪ੍ਰਗਟ ਬਖਾਨੈ॥

ਔ ਅਵਤਾਰਨ ਕੀ ਸੁਭ ਕਥਾ। ਗਾਵਤ ਬੇਦ ਪੁਰਾਨ ਸੁ ਜਥਾ।

ਪਰਮ ਪੁਰਾਤਨ ਚਲੀ ਸੁ ਆਈ। ਸੋ ਹਮ ਤੁਮ ਸੌ ਕਹਤ ਬਨਾਈ॥

ਹਮੈ ਖਾਲਸਾ ਸੁਨ੍ਯੋ ਨ ਭਾਈ। ਇਨ ਯਹ ਰੀਤ ਅਨੀਤ ਚਲਾਈ।

ਚਾਰ ਬਰਨ ਇਕ ਠਾ ਇਨ ਕੀਨੈ। ਔ ਉਪਦੇਸ ਜਗਤ ਕਹ ਦੀਨੇ॥

ਦਿਜ ਖਤ੍ਰੀ ਪੂਤਾਨ ਕੇ ਜੰਞੂ ਧਰਮ ਤੁਰਾਇ।

ਲੈ ਭੋਜਨ ਇਕ ਜਾ ਕਿਯੋ ਬੂਡੀ ਬਾਤ ਬਨਾਇ॥

ਹਿੰਦੂ ਤੁਰਤ ਸਗਲ ਮਤ ਤ੍ਯਾਗੇ। ਏਤ ਖਾਲਸਾ ਰਸੁ ਅਨੁਰਾਗੇ।

ਬਿਖਯਾ ਭਦਨ ਸ੍ਰਾਧ ਜਠੇਰੇ। ਇਨੈ ਤਯਾਗ ਖਗ ਕੇਤ ਸੁ ਹੇਰੇ॥[283]

ਕਵੀ ਸੁੱਖਾ ਸਿੰਘ ਨੇ ਗੁਰੂ-ਘਰ ਵਿਚ ਖਾਲਸੇ ਦੀ ਸੋਭਾ ਅਤੇ ਹੱਕ ਦਾ ਬਿਆਨ ਕਰਦਿਆਂ ਇੱਕ ਬ੍ਰਾਹਮਣ ਦੀ ਸਾਖੀ ਪੇਸ਼ ਕੀਤੀ ਹੈ। ਗੁਰੂ ਜੀ ਦੇ ਮੋਢੇ 'ਤੇ ਸੱਟ ਲੱਗਣ ਤੇ ਮਾਤਾ ਜੀ ਨੇ ਬ੍ਰਾਹਮਣ ਨੂੰ ਗੁਰੂ ਜੀ ਦਾ 'ਸਿਰ-ਸਦਕਾ' ਦਿੱਤਾ। ਖਾਲਸੇ ਨੇ ਬ੍ਰਾਹਮਣ ਤੋਂ ਸਭ ਪਦਾਰਥ ਖੋਹ ਲਏ। ਕਵੀ ਅਨੁਸਾਰ ਜੇਕਰ ਗੁਰੂ ਜੀ ਦਯਾ ਕਰਕੇ ਬ੍ਰਾਹਮਣ ਨੂੰ ਧਨ ਦੇਣ ਤਾਂ ਖਾਲਸੇ ਨੂੰ ਕੋਈ ਇਤਰਾਜ਼ ਨਹੀਂ ਪਰ ਗੁਰੂ ਦਾ ਸਿਰ-ਸਦਕਾ ਤਾਂ ਸਿਰਫ ਖਾਲਸਾ ਹੀ ਲੈ ਸਕਦਾ ਹੈ :

ਗੁਰ ਕੇ ਸਿਰ ਸਦਕ ਜੋ ਭਯੋ। ਵਹ ਬਿਪਨ ਤੇ ਇਮ ਛੀਨ ਲਯੋ।

ਇਹ ਬੈਨ ਕਹ੍ਯੈ ਤਿਨ ਕੋ ਸੁ ਤਦੈ। ਸਿਰ ਸਦਕ ਮਾਲਕੁ ਪੰਥ ਸਦੈ ...

ਸਿਰ ਸਦਕ ਔ ਅਰਦਾਸ ਸੁਨੈ। ਹਮ ਦੇਵਤ ਨਾਹਿ ਕਿਸੂ ਸੁ ਉਨੈ॥[284]

ਖਾਲਸਾ ਸਾਜਨਾ ਨਾਲ ਸਿੱਖਾਂ ਵਿਚ ਇੱਕ ਅਜਿਹੀ ਜਥੇਬੰਦਕ ਭਾਵਨਾ ਪੈਦਾ ਹੋਈ, ਜਿਸ ਨੇ ਸਿੱਖਾਂ ਵਿਚ ਆਪਸੀ ਇੱਕਮੁੱਠਤਾ ਦਾ ਲਾਸਾਨੀ ਜਜਬਾ ਭਰ ਦਿੱਤਾ। ਸੁੱਖਾ ਸਿੰਘ ਅਨੁਸਾਰ ਬਾਦਸ਼ਾਹ ਔਰੰਗਜ਼ੇਬ ਮਰਾਸੀਆਂ ਪਾਸੋਂ ਸਿੰਘਾਂ ਦੇ ਆਪਸੀ ਪਿਆਰ ਦਾ ਸਾਂਗ ਵੇਖ ਕੇ ਦੰਗ ਰਹਿ ਗਿਆ :

ਇਤਨੋ ਇਨ ਮੈ ਹੈ ਇਤਫਾਕਾ। ਕਰੈ ਖੁਦਾਈ ਦੂਰ ਸੁ ਸਾਕਾ।

---

283 ਉਹੀ, ਛੰਦ 129-37, ਪੰਨਾ 181.
284 ਉਹੀ, ਛੰਦ 107-11, ਪੰਨਾ 281.

ਇਨ ਕੌ ਯੌ ਇਤਫਾਕ ਨਿਹਾਰੀ। ਅਲਹੁ ਖੁਦਾਈ ਸਾਹ ਉਚਾਰੀ॥[285]

ਖਾਲਸੇ ਦੀ ਜਥੇਬੰਦਕ ਭਾਵਨਾ ਨਿਰੀ ਕਹਿਣ ਮਾਤਰ ਨਹੀਂ ਸਗੋਂ ਸਿੰਘਾਂ ਨੇ ਇਸ ਜਥੇਬੰਦਕ ਭਾਵਨਾ ਬਦਲੇ ਲੋਕ-ਪਰਲੋਕ ਦੀਆਂ ਕੁਲ ਪ੍ਰਾਪਤੀਆਂ ਨੂੰ ਛੋਟਾ ਜਾਣਿਆ ਹੈ। ਮੁਕਤਸਰ ਦੇ ਯੁੱਧ ਵਿਚ ਮੁਕਤਿਆਂ ਵੱਲੋਂ ਬੇਦਾਵਾ ਪਾੜਨ ਦੀ ਬੇਨਤੀ ਕਰਨਾ ਇਸ ਦੀ ਉੱਤਮ ਉਦਾਹਰਣ ਵੇਖੀ ਜਾ ਸਕਦੀ ਹੈ :

ਰਿਧ ਸਿਧ ਜੋ ਚਾਰ ਪਦਾਰਥ। ਅਪਨੇ ਲੇਵੇ ਨਹੀ ਸੁ ਅਰਥ।
ਜਾਤੇ ਕਾਜ ਪੰਥ ਕਾ ਹੋਇ। ਸਿਆਹੀ ਜਾਇ ਸਰਬ ਕੀ ਧੋਇ॥
ਵਹੈ ਬਾਤ ਹਮ ਕੋ ਪ੍ਰਭ ਦੀਜੈ। ਕਰੁਣਾ ਅਧਿਕ ਪ੍ਰਭੂ ਹਮ ਪਰ ਕੀਜੈ।
ਬਹੁ ਵਾਰੀ ਤਿਨ ਕੌ ਸਮਝਾਯੋ। ਤਾ ਬਿਨ ਮੁਕਤ ਔਰ ਨ ਗਾਯੋ॥[286]

'ਗੁਰਬਿਲਾਸ ਪਾਤਸ਼ਾਹੀ ੧੦' ਵਿਚ 'ਖਾਲਸਾ ਪੰਥ' ਦਾ ਜੋ ਅਕਸ ਪੇਸ਼ ਕੀਤਾ ਗਿਆ ਹੈ ਉਹ ਮੀਰ-ਪੀਰੀ ਦਾ ਧਾਰਨੀ ਹੈ। ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਨੇ ਸਿੰਘਾਂ ਵਿਚ ਨਾਮ ਅਤੇ ਸ਼ਸਤਰ ਦੋਹਾਂ ਦੀ ਪ੍ਰੀਤ ਬਰਾਬਰ ਭਰੀ ਹੈ :

ਸੁਧਾ ਖਗ ਪਯਾਊ। ਅਸੰ ਕੰਠ ਪਾਊ।
ਬਿਨਾ ਤੇਗ ਤੀਰਾ। ਰਹੋ ਨਾਹਿ ਬੀਰਾ॥
ਇਸੋ ਪੰਥ ਕੀਨਾ। ਰਸੰ ਨਾਮ ਭੀਨਾ।
ਕਰੈਗਾ ਲਰਾਈ। ਅਰੰ ਸੋ ਬਨਾਈ॥[287] ਅਤੇ
ਕ੍ਰਿਪਾਸਿੰਧ ਜੂ ਨੈ ਇਹੈ ਯੌ ਬਿਚਾਰੀ।
ਰਚਿਯੋ ਪੰਥ ਨੀਕਾ ਅਸੰ ਨਾਮ ਧਾਰੀ।
ਸਦਾ ਰੈਨ ਦਿਵਸੰ ਜਪੈਗੋ ਅਕਾਲੰ।
ਤਬੈ ਰਿਧ ਸਿਧ ਦਈ ਤਾਸ ਆਲੰ॥[288]

ਕਵੀ ਕੁਇਰ ਸਿੰਘ ਨੇ ਗੁਰੂ ਜੀ ਵੱਲੋਂ ਖਾਲਸਾ ਪੰਥ ਨੂੰ ਬਖਸ਼ੇ ਮੀਰੀ-ਪੀਰੀ ਦੇ ਗੁਣਾਂ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ :

ਜਬੈ ਖਾਲਸਾ ਧਰ ਮੈ ਹੋਈ। ਪ੍ਰਿਥਮੈ ਦੁਖ ਪੇਖੇਗਾ ਸੋਈ॥

---

[285] ਉਹੀ, ਛੰਦ 84, ਪੰਨਾ 241.
[286] ਉਹੀ, ਛੰਦ 241-42, ਪੰਨਾ 355.
[287] ਉਹੀ, ਛੰਦ 76-77, ਪੰਨਾ 363.
[288] ਉਹੀ, ਛੰਦ 37, ਪੰਨਾ 374.

ਪੁਨਿ ਜਬ ਰਾਜ ਦਿੱਲੀ ਮੈ ਕਰ ਹੀ। ਪਾਵੈ ਸੁਖ ਸੋ ਅਕਾਲ ਉਚਰ ਹੀ।

ਵਾਹਿਗੁਰੂ ਕੀ ਫਤੇ ਬੁਲਾਵੈ। ਸਸਤ੍ਰ ਅਸਤ੍ਰ ਪੂਜੈ ਸੁਖ ਪਾਵੈ॥[289]

ਕਵੀ ਸੁੱਖਾ ਸਿੰਘ ਨੇ ਗੁਰੂ ਜੀ ਦੇ ਜੋ ਬਚਨ ਸ਼ਸਤਰਾਂ ਦੀ ਪ੍ਰਥਾਇ ਪੇਸ਼ ਕੀਤੇ ਹਨ ਉਹ ਸਿੱਖ ਸਭਿਆਚਾਰ ਵਿਚ ਮੁਹਾਵਰਾ ਬਣ ਗਏ ਹਨ :

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾਹ ਭਾਈ।

ਬਿਨਾ ਸਸਤ੍ਰ ਕੇਸੰ ਨਰੰ ਭੇਡ ਜਾਨੋ। ਗਹੇ ਕਾਨ ਤਾਕੋ ਕਿਤੈ ਲੈ ਸਿਧਾਨੋ॥[290]

## ਗੁਰਬਿਲਾਸ ਪਾਤਸ਼ਾਹੀ ੧੦ : ਸਿੱਖ ਰਹਿਤ

'ਗੁਰ ਦਰਸ਼ਨ' ਵਿਚ ਸਿੱਖ ਧਰਮ ਦੇ ਸਿਧਾਂਤ ਅਤੇ ਅਧਿਆਤਮ ਦੇ ਨਾਲ-ਨਾਲ ਅਮਲੀ ਜੀਵਨ ਦਾ ਅਧਿਐਨ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਕਿਸੇ ਧਰਮ ਵਿਸ਼ੇਸ਼ ਦੇ ਬਾਕੀ ਧਰਮਾਂ ਤੋਂ ਵੱਖਰੇ ਆਚਾਰ ਦੀ ਸਹਾਇਤਾ ਨਾਲ ਉਸ ਦੀ ਨਿਵੇਕਲੀ ਪਛਾਣ ਅਤੇ ਮਹੱਤਵ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਉਦਾਹਰਣ ਦੇ ਲਈ ਮੌਤ ਉਪਰੰਤ ਅੰਤਿਮ ਸੰਸਕਾਰ ਤੋਂ ਹੀ ਭਾਰਤੀ ਅਤੇ ਸਾਮੀ ਧਰਮਾਂ ਦੀ ਵੱਖੋ-ਵੱਖ ਪਛਾਣ ਹੋ ਜਾਂਦੀ ਹੈ। ਸਿੱਖ ਧਰਮ ਵਿਚ ਸਿਧਾਂਤ ਦੇ ਨਾਲ-ਨਾਲ 'ਰਹਿਤ' ਨੂੰ ਵੀ ਲਾਜ਼ਮੀ ਮੰਨਿਆ ਗਿਆ ਹੈ। ਸਿੱਖ ਦੇ ਨਿਜੀ ਅਤੇ ਸਮਾਜਿਕ ਜੀਵਨ ਲਈ ਗੁਰੂ ਸਾਹਿਬ ਨੇ ਇੱਕ ਇਨਕਲਾਬੀ ਅਮਲ ਦੱਸਿਆ ਹੈ। ਹਥਲੇ ਕਾਰਜ ਵਿਚ 'ਸਿੱਖ ਰਹਿਤ ਮਰਯਾਦਾ' ਦੀ ਲੋਅ ਵਿਚ ਅਠਾਰਵੀਂ ਸਦੀ ਦੀ ਰਚਨਾ 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਦਰਜ 'ਰਹਿਤ' ਦੇ ਅਧਿਐਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਿੱਖ ਧਰਮ ਦੀ ਉਸਾਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਪਾਤਸ਼ਾਹੀਆਂ ਨੇ ਕੀਤੀ। ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸੰਪਾਦਨਾ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਸੰਮਤ 1661 ਵਿਚ ਕਰ ਦਿੱਤੀ ਸੀ।[291] ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1765 ਵਿਚ ਆਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਾਜ ਕੇ ਇਸ ਨੂੰ ਆਪਣਾ ਖਾਸ ਰੂਪ ਹੋਣ ਦਾ ਬਚਨ ਦਿੱਤਾ। ਆਪ ਨੇ ਸੰਮਤ 1765 ਵਿਚ ਨਾਂਦੇੜ ਵਿਖੇ ਜੋਤੀ-ਜੋਤਿ ਸਮਾਉਣ ਵੇਲੇ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਦਾ ਹੁਕਮ ਦਿੱਤਾ।[292] ਉਸ ਦਿਨ ਤੋਂ ਸਿੱਖ ਪੰਥ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਚਲ ਰਿਹਾ ਹੈ।

ਗੁਰੂ ਸਾਹਿਬ ਨੇ ਪ੍ਰਚਲਤ ਵਹਿਮਾਂ ਭਰਮਾਂ ਵਿਚੋਂ ਕੱਢ ਕੇ ਨਿਰੋਲ ਰੱਬੀ ਪ੍ਰੇਮ ਅਤੇ ਨਿਰਮਲ ਕਰਮ

---

289 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 150-51, ਪੰਨਾ 77.
290 ਸੁੱਖਾ ਸਿਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 98, ਪੰਨਾ 364.
291 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 436.
292 ਉਹੀ, ਪੰਨਾ 430.

ਦਾ ਉਪਦੇਸ਼ ਦਿੱਤਾ ਹੈ।[293] ਗੁਰਬਾਣੀ ਵਿਚ ਖਾਣ, ਪਾਣ ਅਤੇ ਵਰਤੋਂ ਦੇ ਸਾਧਨਾਂ ਸੰਬੰਧੀ ਕਟੜਤਾ ਦੀ ਬਜਾਏ ਸਰੀਰ ਨੂੰ ਨਰੋਆ ਅਤੇ ਮਨ ਨੂੰ ਨਿਰਵਿਕਾਰ ਰੱਖਣ ਦੇ ਆਸ਼ੇ ਅਨੁਸਾਰ ਰਹਿਤ ਦੱਸੀ ਗਈ ਹੈ।[294] ਗੁਰੂ ਸਾਹਿਬ ਵੱਲੋਂ ਖਾਲਸਾ ਪੰਥ ਦੀ ਚੜ੍ਹਦੀਕਲਾ ਅਤੇ ਨਿਵੇਕਲੀ ਪਛਾਣ ਲਈ ਕੁੱਝ ਜਰੂਰੀ ਨਿਯਮ ਦੱਸੇ ਗਏ ਹਨ, ਜਿਨ੍ਹਾਂ ਦੀ ਪਾਲਣਾ ਹਰ ਸਿੱਖ ਲਈ ਜਰੂਰੀ ਦੱਸੀ ਗਈ ਹੈ। ਸਿੱਖ ਪਰੰਪਰਾ ਵਿਚ ਇਨ੍ਹਾਂ ਨਿਯਮਾਂ ਨੂੰ 'ਰਹਿਤ' ਕਿਹਾ ਗਿਆ ਹੈ। ਮਹਾਨਕੋਸ਼ ਅਨੁਸਾਰ ਰਹਿਤ ਤੋਂ ਭਾਵ "ਸਿੱਖ ਨਿਯਮਾਂ ਦੀ ਪਾਬੰਦੀ. ਸਿੱਖ ਧਰਮ ਦੇ ਨਿਯਮ ਅਨੁਸਾਰ ਰਹਿਣ ਦੀ ਕ੍ਰਿਯਾ" ਹੈ।[295] ਰਹਿਤ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ "ਸਿੱਖ ਸੰਕੇਤਾਵਲੀ ਵਿਚ ਉਹ ਜੀਵਨ ਮਰਿਯਾਦਾ, ਚਾਲ-ਢਾਲ ਜਾਂ ਚੱਜ-ਆਚਾਰ 'ਰਹਿਤ' ਹੈ ਜਿਸ ਅਨੁਸਾਰ ਸਿੱਖ ਨੇ ਰਹਿਣਾ ਅਥਵਾ ਆਪਣਾ ਜੀਵਨ ਬਿਤਾਉਣਾ ਹੈ।"[296]

ਅਠਾਰਵੀਂ ਸਦੀ ਵਿਚ ਕਈ ਸਿੱਖ ਵਿਦਵਾਨਾਂ ਨੇ ਉਚੇਚੇ ਤੌਰ ਤੇ 'ਰਹਿਤ' ਨੂੰ ਬਿਆਨ ਕਰਨ ਵਾਲੇ ਗ੍ਰੰਥ ਰਚੇ ਹਨ ਜਿਨ੍ਹਾਂ ਨੂੰ 'ਰਹਿਤਨਾਮੇ' ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ ਰਹਿਤਨਾਮਾ ਭਾਈ ਦੇਸਾ ਸਿੰਘ, ਰਹਿਤਨਾਮਾ ਭਾਈ ਚਉਪਾ ਸਿੰਘ, ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਅਤੇ ਰਹਿਤਨਾਮਾ ਭਾਈ ਨੰਦ ਲਾਲ ਆਦਿ ਵਰਨਣਯੋਗ ਹਨ।[297] ਉਸ ਸਮੇਂ ਰਹਿਤ ਦਾ ਕੋਈ ਤਰਤੀਬ-ਬੱਧ ਸਰੂਪ ਨਹੀਂ ਸੀ ਸਗੋਂ ਆਪੋ-ਆਪਣੀ ਜਾਣਕਾਰੀ ਅਤੇ ਪਹੁੰਚ ਅਨੁਸਾਰ 'ਰਹਿਤ' ਇਕੱਠੀ ਕੀਤੀ ਗਈ। 'ਰਹਿਤ' ਦਾ ਤਰਤੀਬ-ਬੱਧ ਅਤੇ ਸਰਵ-ਪ੍ਰਵਾਨਿਤ ਸਰੂਪ ਤਿਆਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਸੰਨ 1945 ਈ. ਵਿਚ ਖਰੜਾ ਤਿਆਰ ਕੀਤਾ ਗਿਆ। ਇਸ ਖਰੜੇ ਨੂੰ 'ਸਿੱਖ ਰਹਿਤ ਮਰਯਾਦਾ' ਦੇ ਸਿਰਲੇਖ ਹੇਠ ਛਾਪਿਆ ਗਿਆ ਹੈ।[298] ਇਸ ਕਾਰਜ ਲਈ ਸਿੱਖ ਕੌਮ ਦੀਆਂ ਸਮੁਚੀਆ ਜਥੇਬੰਦੀਆਂ, ਸੰਸਥਾਵਾਂ ਅਤੇ ਸ਼ਖਸੀਅਤਾਂ ਨੇ ਯੋਗਦਾਨ ਪਾਇਆ ਹੈ।

'ਸਿੱਖ ਰਹਿਤ ਮਰਯਾਦਾ' ਅਨੁਸਾਰ ਸਿੱਖ ਦੀ ਤਾਰੀਫ ਇਸ ਤਰ੍ਹਾਂ ਦੱਸੀ ਗਈ ਹੈ "ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਹਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ

---

293 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, *ਗਉੜੀ ਸੁਖਮਨੀ ਮ:੫,* ਅੰਗ 266.
294 ਉਹੀ, *ਸਿਰੀ ਰਾਗ ਮਹਲਾ ੧*, ਅੰਗ 16.
295 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 1015.
296 ਪਦਮ ਪਿਆਰਾ ਸਿੰਘ, *ਰਹਿਤਨਾਮੇ,* ਅੰਮ੍ਰਿਤਸਰ: ਸਿੰਘ ਬ੍ਰਦਰਜ਼, 2010, ਪੰਨਾ 11.
297 ਉਹੀ, ਪੰਨਾ 4.
298 *ਸਿੱਖ ਰਹਿਤ ਮਰਯਾਦਾ*, ਅੰਮ੍ਰਿਤਸਰ: ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰ.ਕ), 2011, ਪੰਨਾ 1.

ਹੈ।" [299] ਸਿੱਖ ਦੀ ਰਹਿਣੀ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ:- ਸ਼ਖਸੀ ਤੇ ਪੰਥਕ। ਸ਼ਖਸੀ ਰਹਿਣੀ ਨੂੰ ਅੱਗੇ ਤਿੰਨ ਹਿਸਿਆਂ ਵਿਚ ਵੰਡਿਆ ਗਿਆ ਹੈ- ਨਾਮ ਬਾਣੀ ਦਾ ਅਭਿਆਸ, ਗੁਰਮਤਿ ਦੀ ਰਹਿਣੀ, ਸੇਵਾ। ਪੰਥਕ ਰਹਿਣੀ ਨੂੰ ਪੰਜ ਹਿਸਿਆਂ ਵਿਚ ਵੰਡਿਆ ਗਿਆ ਹੈ- ਗੁਰੂ ਪੰਥ, ਅੰਮ੍ਰਿਤ ਸੰਸਕਾਰ, ਤਨਖ਼ਾਹ ਲਾਉਣ ਦੀ ਵਿਧੀ, ਗੁਰਮਤਾ ਕਰਨ ਦੀ ਵਿਧੀ, ਸਥਾਨਕ ਫੈਸਲਿਆਂ ਦੀ ਅਪੀਲ।

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਕ੍ਰਿਤ 'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਦੇ ਦੋਵੇਂ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਉਨ੍ਹਾਂ ਦੀਆਂ ਦਾਰਸ਼ਨਿਕ ਅਤੇ ਅਧਿਆਤਮਿਕ ਸਿੱਖਿਆਵਾਂ ਦੇ ਨਾਲ-ਨਾਲ ਉਨ੍ਹਾਂ ਵੱਲੋਂ ਦੱਸੀ ਰਹਿਤ ਨੂੰ ਵੀ ਵਿਸਤਾਰ ਨਾਲ ਬਿਆਨ ਕਰਦੇ ਹਨ। ਦਸਵੇਂ ਗੁਰੂ ਸਾਹਿਬ ਦਾ ਸਮਾਂ ਸਿੱਖ ਇਤਹਾਸ ਵਿਚ ਮਰਯਾਦਾ ਦੇ ਨੁਕਤੇ ਤੋਂ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸੇ ਸਮੇਂ ਦੌਰਾਨ ਹੀ ਸ਼ਬਦ ਗੁਰੂ, ਖਾਲਸਾ ਪੰਥ, ਅੰਮ੍ਰਿਤ ਸੰਸਕਾਰ ਅਤੇ ਰਹਿਤ ਸੰਬੰਧੀ ਅੰਤਮ ਹੁਕਮ ਗੁਰੂ ਸਾਹਿਬ ਵੱਲੋਂ ਲਾਗੂ ਕੀਤੇ ਗਏ ਹਨ।

'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਦੇ ਦੋਹਾਂ ਗ੍ਰੰਥਾਂ ਵਿਚੋਂ 'ਰਹਿਤ' ਸੰਬੰਧੀ ਅਧਿਐਨ ਤੋਂ ਪਹਿਲਾਂ ਉਨ੍ਹਾਂ ਦੇ ਸਮਕਾਲੀ ਰਹਿਤਨਾਮਿਆਂ ਉੱਤੇ ਪੰਛੀ ਝਾਤ ਪਾਉਣੀ ਬਹੁਤ ਜਰੂਰੀ ਹੈ। ਅਠਾਰਵੀਂ ਸਦੀ ਵਿਚ ਰਚੇ ਗਏ ਰਹਿਤਨਾਮਿਆਂ ਅਤੇ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਰਹਿਤ ਸੰਬੰਧੀ ਕਈ ਲੱਛਣ ਮਿਲਦੇ-ਜੁਲਦੇ ਹਨ। ਪਹਿਲਾ ਲੱਛਣ ਹੈ ਰਹਿਤ ਦਾ ਤਰਤੀਬ ਬੱਧ ਨਾ ਹੋਣਾ। ਦੂਜਾ ਕੁੱਝ ਅਨਮਤੀ ਵਿਚਾਰਾਂ ਦਾ ਸ਼ਾਮਲ ਹੋਣਾ ਜਿਵੇਂ ਕਿ ਹਿੰਦੂ ਦੇਵੀ-ਦੇਵਤੇ ਅਤੇ ਉਨ੍ਹਾਂ ਦੇ ਤਿਉਹਾਰ। ਤੀਜਾ ਲਛਣ ਸ਼ਬਦਾਵਲੀ ਸੰਬੰਧੀ ਹੈ ਜਿਵੇਂ ਕਿ 'ਸ੍ਰੀ ਸਾਹਿਬ' ਦੀ ਥਾਂ 'ਕਰਦ' ਸ਼ਬਦ ਅਤੇ 'ਵੇਸਵਾ ਗਮਨ' ਲਈ 'ਮੁਸਲੀ ਯੁੱਧ' ਸ਼ਬਦ ਆਮ ਤੌਰ ਤੇ ਵਰਤਿਆ ਮਿਲਦਾ ਹੈ। ਇੰਨ੍ਹਾ ਸਮੱਸਿਆਵਾਂ ਦੇ ਬਾਵਜੂਦ ਸਾਡੇ ਲਈ ਇਹ ਰਚਨਾਵਾਂ ਵਡਮੁਲੀਆਂ ਹਨ। ਜਿਸ ਦਾ ਕਾਰਨ ਇਨ੍ਹਾਂ ਦਾ ਗੁਰੂ ਕਾਲ ਦੇ ਸਭ ਤੋਂ ਨੇੜੇ ਦੀਆਂ ਰਚਨਾਵਾਂ ਹੋਣਾ ਹੈ। ਦੂਜਾ ਇਨ੍ਹਾਂ ਦਾ ਕਰਤਾ ਸਿਧੇ ਜਾਂ ਅਸਿਧੇ ਰੂਪ ਵਿਚ ਗੁਰੂ ਜੀਵਨ ਨਾਲ ਜੁੜਿਆ ਹੋਇਆ ਹੈ।

ਅਠਾਰਵੀਂ ਸਦੀ ਨੂੰ ਸਿੱਖ ਇਤਿਹਾਸ ਵਿਚ ਬੜਾ ਔਕੜਾਂ ਭਰਿਆ ਸਮਾਂ ਮੰਨਿਆ ਗਿਆ ਹੈ। ਪਿਆਰਾ ਸਿੰਘ ਪਦਮ ਅਠਾਰਵੀਂ ਸਦੀ ਦੇ ਰਹਿਨਾਮਿਆਂ ਬਾਰੇ ਲਿਖਦੇ ਹਨ "ਅਜੇਹੀ ਬਨਵਾਸੀ ਸੰਗ੍ਰਾਮੀਆ ਕੌਮ ਜੇਕਰ ਤੇਗ ਦੇ ਨਾਲ ਕਲਮ ਵੀ ਚਲਾਉਂਦੀ ਰਹੀ ਤਾਂ ਇਹ ਉਸ ਦਾ ਬੌਧਿਕ ਕਮਾਲ ਮੰਨਣਾ ਪੈਂਦਾ ਹੈ।"[300] ਇਸ ਦੇ ਨਾਲ ਹੀ ਪਿਆਰਾ ਸਿੰਘ ਪਦਮ ਇਨ੍ਹਾਂ ਗ੍ਰੰਥਾਂ ਦੇ ਅਧਿਐਨ ਸਮੇਂ ਸਿੱਖ ਸਿਧਾਂਤ ਸੰਬੰਧੀ

---

[299] ਉਹੀ, ਪੰਨਾ 9.
[300] ਪਿਆਰਾ ਸਿੰਘ ਪਦਮ, *ਰਹਿਤਨਾਮੇ,* ਪੰਨਾ 7.

ਸਹੀ ਸੇਧ ਲੈਣ ਲਈ ਸੁਚੇਤਤਾ ਨੂੰ ਬਹੁਤ ਜਰੂਰੀ ਦੱਸਦੇ ਹਨ। ਉਨ੍ਹਾਂ ਦਾ ਮਤ ਹੈ "ਹਰ ਰਹਿਤਨਾਮੇ ਦੀ ਗੱਲ ਨੂੰ ਗੁਰਮਤਿ ਅਨੁਸਾਰੀ ਮੰਨਣਾ ਭੁੱਲ ਹੈ। ਇਨ੍ਹਾਂ ਲਿਖਤਾਂ ਦਾ ਵਿਸ਼ਲੇਸ਼ਣ ਕਰਕੇ ਗੁਰਮਤਿ ਦੀ ਸੱਚਾਈ ਨੂੰ ਲੱਭਣਾ ਵਿਦਵਾਨਾਂ ਦਾ ਕੰਮ ਹੈ।"[301]

ਇਸ ਤਰ੍ਹਾਂ ਜਿਥੇ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਦਰਜ 'ਰਹਿਤ' ਸਾਡੇ ਲਈ ਬੜੀ ਮਹੱਤਪੂਰਨ ਹੈ ਉਥੇ ਇਸ ਦੀ ਅੰਤਿਮ ਕਸਵੱਟੀ ਪੰਥ ਪ੍ਰਵਾਨਿਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ 'ਸਿੱਖ ਰਹਿਤ ਮਰਯਾਦਾ' ਹੈ। 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਗੁਰੂ ਸਾਹਿਬ ਦੇ ਜੀਵਨ ਨੂੰ ਬਿਆਨ ਕਰਦਿਆਂ ਵੱਖ-ਵੱਖ ਥਾਵਾਂ ਤੇ ਰਹਿਤ ਸੰਬੰਧੀ ਵੇਰਵੇ ਪ੍ਰਾਪਤ ਹੁੰਦੇ ਹਨ। ਜਿਨ੍ਹਾਂ ਨੂੰ ਇਸ ਤਰ੍ਹਾਂ ਸਿਰਲੇਖਵਾਰ ਇਕੱਤਰ ਕਰਕੇ ਅਧਿਐਨ ਕੀਤਾ ਜਾ ਸਕਦਾ ਹੈ।

### (i) ਗੁਰੂ

'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬ ਨੂੰ ਇੱਕ ਜੋਤ ਅਤੇ ਉਨ੍ਹਾਂ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਿਆ ਗਿਆ ਹੈ। ਗੁਰੂ ਸਾਹਿਬ ਵਲੋਂ ਨਾਂਦੇੜ ਵਿਖੇ ਸੰਗਤ ਨੂੰ ਦਿੱਤੇ ਨੂੰ ਕੁਇਰ ਸਿੰਘ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਪੂਰਬ ਸ੍ਰੀ ਗੁਰ ਨਾਨਕ ਦੇਵਾ। ਬਾਂਛਾ ਬੰਦ ਸਰੂਪ ਨ ਭੇਵਾ ...
ਦਸ ਅਵਤਾਰ ਹਮਾਰੇ ਜਾਨ। ਤੁਮਰੀ ਕੁਲ ਹੋਇ ਹੈ ਪਰਧਾਨ ...
ਸਰਬ ਸੁ ਸੰਗਤਿ ਖਾਲਸ ਮਾਨ। ਸ੍ਰੀ ਅਸਿਕੇਤ ਗੋਦ ਮੈ ਜਾਨ।
ਲੜ ਪਕੜਾਇ ਸਬਦ ਕਾ ਰੂਪ। ਜੋ ਮਾਨੇ ਸੋ ਸਿੰਘ ਅਨੂਪ॥
ਦਰਸਨ ਗੁਰ ਕਾ ਹੈ ਸਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ।[302]

ਕਵੀ ਸੁੱਖਾ ਸਿੰਘ ਨੇ ਆਪਣੇ ਪਹਿਲੇ ਅਧਿਆਏ ਵਿਚ 'ਦਸ ਗੁਰੂ ਇੱਕ ਜੋਤ' ਦੇ ਸਿਧਾਂਤ ਨੂੰ ਸਪਸ਼ਟ ਕਰ ਦਿੱਤਾ ਹੈ। ਇਸ ਬਾਰੇ ਤੀਜੇ ਅਧਿਆਇ ਵਿਚ ਅਧਿਐਨ ਕੀਤਾ ਜਾ ਚੁਕਾ ਹੈ। ਕਵੀ 'ਸ਼ਬਦ-ਗੁਰੂ' ਦੇ ਸਿਧਾਂਤ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ :

ਬਾਣੀ ਗੁਰੂ ਗੁਰੂ ਹੈ ਬਾਨੀ। ਜਾ ਮੈ ਸਤਿਗੁਰ ਬਸੈ ਨਿਧਾਨੀ।[303]

---

[301] ਉਹੀ, ਪੰਨਾ 8.
[302] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 94-98, ਪੰਨਾ 264-65.
[303] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 43, ਪੰਨਾ 276.

## (ii) ਸ਼ਖਸੀ ਰਹਿਣੀ

**ਨਾਮ ਅਤੇ ਬਾਣੀ** : ਗੁਰਬਿਲਾਸ ਪਾਤਸ਼ਾਹੀ ੧੦ ਵਿਚ ਨਾਮ ਸਿਮਰਨ ਅਤੇ ਗੁਰਬਾਣੀ ਪਾਠ ਦੀ ਰਹਿਤ ਦੱਸਣ ਲਈ ਕਵੀ ਨੇ ਦੋ ਢੰਗ ਵਰਤੇ ਹਨ। ਪਹਿਲਾ ਗੁਰੂ ਸਾਹਿਬ ਦਾ ਨਿਜੀ ਨਿਤਨੇਮ ਦੱਸ ਕੇ ਅਤੇ ਦੂਜਾ ਗੁਰੂ ਸਾਹਿਬ ਵੱਲੋਂ ਦਿੱਤੇ ਗਏ ਉਪਦੇਸ਼ ਦੇ ਰੂਪ ਵਿਚ। ਕਵੀ ਕੁਇਰ ਸਿੰਘ ਨੇ ਗੁਰੂ ਜੀ ਦਾ ਨਿਤਨੇਮ ਬਿਆਨ ਕਰਦਿਆਂ ਲਿਖਿਆ ਹੈ :

ਭੋਰ ਜਗੈਂ ਸਤਿਗੁਰ ਅਵਤਾਰੀ। ਹੋਇ ਸੁਚੇਤ ਸੁ ਬਿਬਿਧ ਪ੍ਰਕਾਰੀ॥
ਪੋਥੀ ਗ੍ਰਿੰਥ ਧਰੈਂ ਨਿਜ ਚੀਤਾ। ਸਿਖਵੈ ਸਿੱਖਨ ਭੇਦ ਪੁਨੀਤਾ।[304]

ਗੁਰੂ ਸਾਹਿਬ ਵੱਲੋਂ ਸੰਗਤ ਨੂੰ ਨਾਮ ਸਿਮਰਨ ਅਤੇ ਗੁਰਬਾਣੀ ਪਾਠ ਦੇ ਉਪਦੇਸ਼ ਨੂੰ ਬਿਆਨ ਕਰਦਿਆਂ ਕਵੀ ਕੁਇਰ ਸਿੰਘ ਲਿਖਦਾ ਹੈ :

ਜਪੁ ਰਹਿਰਾਸ ਕੀਰਤਨ ਗਾਵੈ। ਨਾਮ ਜਪੈ ਮਨ ਤਨ ਸੁਖ ਪਾਵੈ।[305]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਆਪਣੇ ਨਿੱਤ-ਕਰਮ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਨਾਮ ਅਤੇ ਬਾਣੀ ਦੇ ਜਾਪ ਨਾਲ ਕਰਦੇ ਹਨ :

ਭਏ ਭੋਰ ਜਾਗੇ। ਗੁਣੰ ਨਾਮ ਪਾਗੇ।
ਕਰੈ ਪਾਠ ਪੂਜਾ। ਤਜੈ ਭਾਵ ਦੂਜਾ॥[306]

ਕਵੀ ਨੇ ਹਰ ਸਿੱਖ ਵਾਸਤੇ ਗੁਰਬਾਣੀ ਪਾਠ ਅਤੇ ਨਾਮ ਦਾ ਜਾਪ ਜਰੂਰੀ ਦੱਸਿਆ ਹੈ:

ਪੋਥੀ ਗ੍ਰੰਥ ਨਾਮ ਨਿਤ ਧ੍ਯਾਨਾ। ਦੂਜੀ ਬਾਤ ਨ ਧਰਈ ਕਾਨਾ।[307]

ਅਤੇ

ਕਰੈ ਜੋਗ ਕੇਊ ਰਟੈ ਗ੍ਰੰਥ ਪੋਥੀ। ਜਪੈ ਸਤਿਨਾਮੋ ਤਜੈ ਬਾਤ ਥੋਥੀ॥[308]

ਕੁਇਰ ਸਿੰਘ ਨੇ ਅੰਮ੍ਰਿਤ ਵੇਲੇ ਅਤੇ ਨਾਮ ਬਾਣੀ ਦੇ ਅਭਿਆਸ ਦੀ ਪ੍ਰੋੜਤਾ ਲਈ ਆਪਣੀ ਰਚਨਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਗਉੜੀ ਕੀ ਵਾਰ ਮ:੪' ਦਾ "ਗੁਰ ਸਤਿਗੁਰ ਕਾ ਜੋ ਸਿਖ ਅਖਾਏ" ਪੂਰਾ ਸ਼ਬਦ ਦਰਜ ਕੀਤਾ ਹੈ।[309]

---

304 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 31-32, ਪੰਨਾ 25.
305 ਉਹੀ, ਛੰਦ 151, ਪੰਨਾ 77.
306 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 56, ਪੰਨਾ 96.
307 ਉਹੀ, ਛੰਦ 164, ਪੰਨਾ 183.
308 ਉਹੀ, ਛੰਦ 6, ਪੰਨਾ 419.
309 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 105-109, ਪੰਨਾ 265-66.

**ਸਤਿਸੰਗਤ** : ਸਿੱਖ ਨੇ ਨਾਮ ਬਾਣੀ ਦੇ ਅਭਿਆਸ ਤੋਂ ਬਾਅਦ ਸੰਗਤ ਵਿਚ ਸ਼ਾਮਲ ਹੋਣ ਲਈ ਗੁਰਦੁਆਰੇ ਜਾਣਾ ਹੈ। ਗੁਰਬਾਣੀ ਅੰਦਰ ਵਾਰ-ਵਾਰ ਗੁਰਮੁਖਾਂ ਦੀ ਸੰਗਤ ਲਈ ਪ੍ਰੇਰਨਾ ਕੀਤੀ ਗਈ ਹੈ। 'ਸਿੱਖ ਰਹਿਤ ਮਰਯਾਦਾ' ਵਿਚ 'ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਦੱਸਿਆ ਗਿਆ ਹੈ।'[310] ਕੁਇਰ ਸਿੰਘ ਗੁਰਮੁਖਾਂ ਦੀ ਸੰਗਤ ਦੀ ਵਡਿਆਈ ਇਸ ਤਰ੍ਹਾਂ ਪੇਸ਼ ਕਰਦਾ ਹੈ :

ਗੁਰਮੁਖਿ ਸੰਧਿ ਮਿਲੈ ਜੋ ਪਜਾਰੇ। ਤਬ ਜਾਨੈ ਯਹ ਭੇਦ ਸੁ ਸਾਰੇ।
ਨਿਰਖੈ ਗੁਰ ਕੇ ਅਮਿਤ ਖਜਾਨੈ। ਸਭ ਨਿਧਿ ਪੂਰਨ ਅਮਿਤ ਅਨਾਮੈ॥
ਸੱਚਖੰਡ ਸੰਗਤ ਮੈ ਜਾਵੈ। ਤੌ ਲਖ ਨੇਤੈ ਨੇਤ ਬਤਾਵੈ।
ਨਾਮ ਦਾਨ ਸੰਗ ਕਰੈ ਜੋ ਪ੍ਰੀਤਾ। ਪਾਵੈ ਪ੍ਰਬਲ ਅਧਿਕ ਸੁਖ ਨੀਤਾ।[311]

ਕਵੀ ਨੇ ਨਾ ਸਿਰਫ ਸਤਿਸੰਗ ਦੀ ਵਡਿਆਈ ਹੀ ਕੀਤੀ ਹੈ, ਸਗੋਂ ਸਿੱਖ ਲਈ ਸਤਿਸੰਗ ਕਰਨਾ ਲਾਜ਼ਮੀ ਦੱਸਿਆ ਹੈ :

ਦਿਜੈ ਦਾਨ ਭੁਖੈ, ਲਹੋ ਜਾਇ ਪਜਾਰੇ। ਦਿਵਾਨੰ ਲਗਾਵੈ, ਸੁਨੇ ਸਬਦ ਸਾਰੇ।
ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੰ। ਸੁਨੋ ਗਾਥ ਪੁਰਾਨ ਕੀ ਚੀਤ ਰੰਗੰ॥
ਜਹਾਂ ਧਰਮਸਾਲਾ ਤਹਾਂ ਨੀਤ ਜੈਯੈ। ਗੁਰੂ ਦਰਸ ਕੀਜੈ ਮਹਾਂ ਸੂਖ ਪੈਯੈ।[312]

ਕਵੀ ਸੁੱਖਾ ਸਿੰਘ ਨੇ ਸ਼ਬਦ ਗੁਰੂ ਅਤੇ ਸਾਧ ਸੰਗਤ ਨੂੰ ਖਾਲਸੇ ਦੀ ਰਹਿਤ ਦਾ ਲਾਜ਼ਮੀ ਅੰਗ ਮੰਨਿਆ ਹੈ :

ਸਬਦ ਬਿਨਾ ਅਨਜਾ ਨਹੀ ਮੇਲਾ। ਨਿਸਦਿਨ ਸਾਧ ਸੰਗਤ ਸੌ ਕੇਲਾ॥[313]

**ਕੀਰਤਨ ਅਤੇ ਕਥਾ** : ਸਿੱਖ ਧਰਮ ਵਿਚ ਗੁਰਬਾਣੀ ਗਾਇਨ ਅਤੇ ਗੁਰਬਾਣੀ ਵਿਚਾਰ ਦਾ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਥੇ ਰਾਗਬੱਧ ਹੋਣ ਕਰਕੇ 'ਕੀਰਤਨ' ਲਈ ਆਪ ਪ੍ਰੇਰਨਾ ਸ੍ਰੋਤ ਹੈ, ਉਥੇ ਸਹਿਜ ਪ੍ਰਣਾਲੀ ਰਾਹੀਂ 'ਕਥਾ' ਦਾ ਰਾਹ ਵੀ ਰੁਸ਼ਨਾਉਂਦੀ ਹੈ। ਆਨੰਦਪੁਰ ਸਾਹਿਬ ਦੇ ਦੀਵਾਨ ਦੀ ਝਾਕੀ ਨੂੰ ਕਵੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਨਾਦ ਮ੍ਰਿਦੰਗ ਉਪੰਗ ਬਜਾਵਤ, ਕੀਰਤਿ ਗਾਥ ਨਿਸਾ ਅਹਿ ਗਾਵੈ।
ਆਨ ਕੈ ਸੰਗਤਿ ਦਰਸ ਕਰੈਂ ਗੁਨ, ਆਨੰਦ ਸਹਿਤ ਸਭੈ ਜਨ ਭਾਵੈ।[314]

---

[310] ਸਿੱਖ ਰਹਿਤ ਮਰਯਾਦਾ, ਪੰਨਾ 12.
[311] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 12-13, ਪੰਨਾ 2.
[312] ਉਹੀ, ਛੰਦ 44-45, ਪੰਨਾ 111.
[313] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 108, ਪੰਨਾ 179.
[314] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 19, ਪੰਨਾ 123.

ਕਵੀ ਨੇ ਨਾਂਦੇੜ ਵਿਖੇ ਗੁਰੂ ਜੀ ਦੇ ਹਜ਼ੂਰੀ ਸਿੰਘਾਂ ਵੱਲੋਂ 'ਆਸਾ ਕੀ ਵਾਰ' ਦਾ ਕੀਰਤਨ ਕਰਨ ਦਾ ਵਰਨਣ ਕੀਤਾ ਹੈ :

ਤਾ ਸਮੈ ਆਨ ਪੜ੍ਹੀ ਗੁਰ ਸਿਖਨ, ਆਸਾ ਕੀ ਵਾਰ ਬਜੰਤ੍ਰ ਅਪਾਰੀ।[315]

ਕਵੀ ਸੁੱਖਾ ਸਿੰਘ ਸਿੱਖ-ਪੁਰਬਾਂ 'ਤੇ ਸ਼ਬਦ ਕੀਰਤਨ ਦੀ ਪਰੰਪਰਾ ਬਾਰੇ ਦੱਸਦਾ ਹੈ :

ਚੌਕੀ ਸਬਦ ਪੁਰਬ ਗੁਰ ਕਰੀਐ। ਰਹਤ ਖਾਲਸੇ ਕੀ ਉਰ ਧਰੀਐ।[316]

ਕਵੀ ਆਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦੇ ਪੁਰਬ 'ਤੇ ਕੀਰਤਨ-ਪ੍ਰਵਾਹ ਹੋਣ ਬਾਰੇ ਦੱਸਦਾ ਹੈ। ਕਵੀ ਅਨੁਸਾਰ ਦੂਰੋਂ ਨੇੜਿਓਂ ਸੰਗਤ ਤੰਤੀ ਸਾਜ, ਤਬਲਾ ਅਤੇ ਮ੍ਰਿਦੰਗ ਆਦਿ ਨਾਲ ਕੀਰਤਨ ਕਰਦੀ ਹੋਈ ਆਨੰਦਪੁਰ ਸਾਹਿਬ ਪਹੁੰਚਦੀ ਹੈ :

ਕਈ ਅਨਿਕਿ ਸੰਗ ਸਿਖ੍ਯਾਨ ਪਾਰ। ਆਵੰਤ ਪ੍ਰੇਮ ਧਾਰਤ ਪਿਆਰ।
ਸਬਦੰ ਉਚਾਰ ਬਾਜੰਤ ਤਾਰ। ਜੋਰੀ ਮ੍ਰਿਦੰਗ ਨਾਨਾ ਅਪਾਰ॥[317]

ਕਵੀ ਸੁੱਖਾ ਸਿੰਘ ਨੇ ਇੱਕ ਬਾਜੀਗਰ ਦੀ ਸਾਖੀ ਪੇਸ਼ ਕੀਤੀ ਹੈ। ਜਿਸ ਨੇ ਅੰਮ੍ਰਿਤ ਵੇਲੇ ਗੁਰਬਾਣੀ ਸ਼ਬਦ ਕੀਰਤਨ ਸੁਣਾ ਕੇ ਗੁਰੂ ਜੀ ਦੀ ਖੁਸ਼ੀ ਅਤੇ ਬੇਅੰਤ ਇਨਾਮ ਪ੍ਰਾਪਤ ਕੀਤੇ ਹਨ। ਮਾਤਾ ਜੀ ਦੇ ਰੋਕਣ ਤੇ ਗੁਰੂ ਜੀ ਨੇ ਬਚਨ ਕੀਤਾ ਕਿ ਸ਼ਬਦ ਕੀਰਤਨ ਅਮੁਲ ਹੈ ਜਿਸ ਦੀ ਕੀਮਤ ਨਹੀਂ ਦਿੱਤੀ ਜਾ ਸਕਦੀ :

ਦਏ ਆਪ ਉਨ ਕਉ ਵਹ ਦਾਮਾ। ਦਯਾਸਿੰਧ ਸਤਿਗੁਰ ਬਲ ਧਾਮਾ।
ਪਾਛੇ ਸ੍ਰੀ ਮੁਖ ਜਲਜ ਉਚਾਰੋ। ਸਬਦ ਭੇਟ ਹੈ ਅਧਿਕ ਅਪਾਰੋ॥
ਕਵਨ ਸਕਤ ਤਾ ਕੌ ਨਰ ਦੇਈ। ਸੀਸ ਦਏ ਲਗ ਪੂਰਨ ਸੇਈ।
ਗੁਰੂਅਨ ਕੇ ਗੁਰ ਸਬਦ ਭਣੀਜੈ। ਇਹ ਉਪਮਾ ਧਰ ਯਾ ਕੋ ਦੀਜੈ॥[318]

**ਕੜਾਹ ਪ੍ਰਸ਼ਾਦਿ** : 'ਸਿੱਖ ਰਹਿਤ ਮਰਯਾਦਾ' ਅਨੁਸਾਰ ਪਵਿੱਤਰਤਾ ਨਾਲ ਤਿਆਰ ਕੀਤਾ ਹੋਇਆ 'ਕੜਾਹ ਪ੍ਰਸ਼ਾਦਿ' ਗੁਰੂ ਜੀ ਦੀ ਹਜ਼ੂਰੀ ਵਿਚ ਲਿਆ ਕੇ, ਆਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ, ਅਰਦਾਸਾ ਸੋਧਿਆ ਜਾਵੇ ਅਤੇ ਪ੍ਰਵਾਨਗੀ ਲਈ ਕਿਰਪਾਨ ਭੇਟ ਕੀਤੀ ਜਾਵੇ।[319] ਕਵੀ ਕੁਇਰ ਸਿੰਘ ਦੱਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਉਪਰੋਕਤ ਵਿਧੀ ਅਨੁਸਾਰ 'ਕੜਾਹ ਪ੍ਰਸ਼ਾਦਿ' ਵਰਤਾਉਣ ਦੀ ਪਰੰਪਰਾ ਚਲਾਈ :

---

315 ਉਹੀ, ਛੰਦ 111, ਪੰਨਾ 266.
316 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 28, ਪੰਨਾ 441.
317 ਉਹੀ, ਛੰਦ 39, ਪੰਨਾ 128.
318 ਉਹੀ, ਛੰਦ 194-95, ਪੰਨਾ 264.
319 ਸਿੱਖ ਰਹਿਤ ਮਰਯਾਦਾ, ਪੰਨਾ 18.

ਧਾਰ ਕੇ ਧਯਾਨ ਅਕਾਲ ਕੋ ਸ੍ਰੀ ਪ੍ਰਭੁ ਜਾਪ ਪੜਯੋ ਪੁਨਿ ਆਨੰਦ ਬਾਨੀ।

ਭੇਟ ਸੁ ਕਰਦ ਦਈ ਤਬ ਭੀਤਰ, ਆਪ ਪ੍ਰਸਾਦਿ ਬਟਯੋ ਸੁਖ ਮਾਨੀ।[320]

## (iii) ਪੰਥਕ ਰਹਿਣੀ

ਗੁਰਮਤਿ ਅਨੁਸਾਰ ਸਿੱਖ ਲਈ ਸ਼ਖਸੀ ਰਹਿਣੀ ਨੂੰ ਨਿਭਾਉਂਦੇ ਹੋਏ ਜਥੇਬੰਦਕ ਸੇਵਾ ਕਰਨਾ ਵੀ ਲਾਜ਼ਮੀ ਰਹਿਤ ਹੈ। ਇਸ ਜਥੇਬੰਦੀ ਦਾ ਨਾਂ ਖਾਲਸਾ ਪੰਥ ਹੈ। ਕੁਇਰ ਸਿੰਘ ਅਨੁਸਾਰ ਇਸ ਜਥੇਬੰਦੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ ਪੰਥ' ਦਾ ਰੁਤਬਾ ਦਿੱਤਾ ਹੈ :

ਤਾਹਿ ਕਹਯੋ, "ਤੁਮ ਸੋਚ ਨਾ ਧਾਰੋ। ਹਮ ਕੁਲ ਪਾਛੈ ਪੰਥ ਨਿਹਾਰੋ।"[321] ਅਤੇ

ਮੁਹ ਦਰਸਨ ਪੰਥ ਬਿਖੈ ਕਰ ਹੈ, ਗੁਰ ਖਾਲਸਾ ਜਾਨ ਲਿਜੈ ਮਨ ਮਾਹੀ।[322]

'ਸਿੱਖ ਰਹਿਤ ਮਰਯਾਦਾ' ਅਨੁਸਾਰ "ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਿਮ ਰੂਪ ਬੰਨ੍ਹ ਕੇ ਗੁਰਿਆਈ ਸੌਂਪੀ।"[323] ਕੁਇਰ ਸਿੰਘ ਲਿਖਦਾ ਹੈ ਕਿ ਨਾਂਦੇੜ ਵਿਖੇ ਅੰਤਲੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ :

"ਸਰਬ ਸੰਗਤਿ ਰੂਪ ਮੇਰੋ, ਜੋ ਆਬੈ ਨ ਕਮਾਵਹੀ।

ਉਪਦੇਸ ਮੇਰੋ ਚਿਤ ਮੈ ਅਰੁ ਰਹਤ ਸਿੰਘਨ ਕੀ ਕਰੈ।

ਮੈ ਅੰਗ ਸੰਗ ਸੁ ਤਾਹਿ ਕੇ, ਯਹਿ ਬਾਤ ਸਾਚੋ ਹੈ ਰਰੈ।"[324]

**ਅੰਮ੍ਰਿਤ ਸੰਸਕਾਰ** : ਖਾਲਸਾ ਪੰਥ ਵਿਚ ਦਾਖਲ ਹੋਣ ਦੇ ਸੰਸਕਾਰ ਨੂੰ 'ਅੰਮ੍ਰਿਤ ਸੰਸਕਾਰ' ਕਿਹਾ ਜਾਂਦਾ ਹੈ। ਭਾਈ ਦੇਸਾ ਸਿੰਘ ਨੇ ਆਪਣੇ ਰਹਿਤਨਾਮੇ ਵਿਚ ਇਸ ਸੰਸਕਾਰ ਨੂੰ 'ਸਿੱਖ ਰਹਿਤ' ਦਾ ਮੁੱਢ ਦੱਸਿਆ ਹੈ :

ਪ੍ਰਿਥਮ ਰਹਤ ਯਹ ਜਾਨ, ਖੰਡੇ ਕੀ ਪਾਹੁਲ ਛਕੇ।

ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਹੈ।[325]

ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਨੂੰ 'ਅੰਮ੍ਰਿਤ ਸੰਸਕਾਰ' ਦੀ ਸਥਾਪਨਾ ਕੀਤੀ। ਇਸ ਤੋਂ ਪਹਿਲਾਂ ਸਿੱਖੀ ਵਿਚ 'ਚਰਨ ਪਾਹੁਲ' ਦੀ ਮਰਯਾਦਾ ਸੀ। ਕੁਇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ

---

[320] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 98, ਪੰਨਾ 116.
[321] ਉਹੀ, ਛੰਦ 44, ਪੰਨਾ 176.
[322] ਉਹੀ, ਛੰਦ 130, ਪੰਨਾ 119.
[323] ਸਿੱਖ ਰਹਿਤ ਮਰਯਾਦਾ, ਪੰਨਾ 27.
[324] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 125, ਪੰਨਾ 267.
[325] ਪਿਆਰਾ ਸਿੰਘ ਪਦਮ, *ਰਹਿਤਨਾਮੇ*, ਪੰਨਾ 128.

ਵੱਲੋਂ 'ਕੇਸਗੜ੍ਹ ਸਾਹਿਬ' ਵਿਖੇ ਖਾਲਸਾ ਸਾਜਨਾ ਦੇ ਬ੍ਰਿਤਾਂਤ ਦਾ ਵਿਸਤਾਰ ਨਾਲ ਬਿਆਨ ਕੀਤਾ ਹੈ :

ਸਰਿਤਾ ਜਲ ਲੀਨ ਅਛੂਤ ਮੰਗਾਇ ਕੈ, ਪਾਤ੍ਰ ਲੋਹ ਮੈ ਤਾ ਪ੍ਰਭ ਬੇਰੇ।
ਪੜ੍ਹਤੇ ਸੁ ਉਦਾਸ ਹ੍ਵੈ ਮੰਤ੍ਰਨ ਕੋ, ਪ੍ਰਭ ਠਾਢੇ ਹੈਂ ਆਪ ਭਏ ਸੋ ਸਵੇਰੇ ...
ਤਾ ਸਮੈ ਆਨ ਪਤਾਸੇ ਡਰੈ, ਗਨ ਪੇਖ ਸੁ ਮਹਲ ਕੋ ਬਾਤ ਅਲਾਈ।
ਤਾਤ 'ਰੁ ਮਾਤ ਕੀ ਅੰਸ ਭਈ ਅਬ, ਯਾ ਕਰ ਹੇਤ ਭਵੈ ਨਿਜ ਮਾਈ॥[326]

ਅੰਮ੍ਰਿਤ ਤਿਆਰ ਕਰਕੇ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਇਸ ਤਰ੍ਹਾਂ ਛਕਾਇਆ :

ਪਾਨ ਜੋੜ ਤਿਨ ਅਮੀ ਪਿਵਾਵੈ। ਬੋਲ ਵਾਹਗੁਰੂ ਮੁਖੋਂ ਕਹਾਵੈ।[327]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਨੇ ਸੀਸ ਭੇਟਾ ਕਰਨ ਵਾਲੇ ਪੰਜ ਸਿੱਖਾਂ ਨੂੰ ਆਪਣੇ ਵਰਗੇ ਸ਼ਸਤਰ-ਬਸਤਰ ਸਜਾ ਕੇ ਤੰਬੂ ਵਿਚੋਂ ਬਾਹਰ ਲਿਆਂਦਾ। ਸਤਲੁਜ ਦਾ ਸੁੱਚਾ ਜਲ ਮੰਗਵਾ ਕੇ ਸਭ ਨੇ ਨਜਰ ਉਸ ਉੱਪਰ ਟਿਕਾਈ ਅਤੇ ਮੰਤਰ, ਸਲੋਕ (ਗੁਰਬਾਣੀ) ਉਚਾਰਨ ਕੀਤੇ। ਰਾਮ ਕੁਇਰ ਜੀ ਨੇ ਇਹ ਸਾਰਾ ਸਮਾਂਚਾਰ ਮਾਤਾ ਜੀ (ਗੁਰੂ ਮਹਲ) ਨੂੰ ਦਿੱਤਾ ਅਤੇ ਮਾਤਾ ਜੀ ਨੇ ਜਲ ਵਿਚ ਪਤਾਸੇ ਪਾ ਦਿੱਤੇ। ਅੰਮ੍ਰਿਤ ਤਿਆਰ ਕਰਕੇ ਅਤੇ ਕਮਰਕੱਸੇ ਕਰਕੇ ਗੁਰੂ ਜੀ ਨੇ ਪੰਜਾ ਨੂੰ ਵਾਹਿਗੁਰੂ ਜਾਪ ਕਰਵਾਉਂਦਿਆਂ ਅੰਮ੍ਰਿਤ ਛਕਾਇਆ :

ਨਿਸਰੇ ਤਹਿ ਤੰਬੂ ਤੇ ਧਾਈ। ਪਾਂਚੋ ਪਿਆਰਨ ਸਾਥ ਮਿਲਾਈ ...
ਆਯੁਧ ਭੂਖਨ ਬਸਤ੍ਰ ਮੰਗਾਏ। ਨਿਜ ਹਾਥਨ ਉਨਕੋ ਪਹਿਰਾਏ।
ਕਰੁਣਾ ਦ੍ਰਿਸਟ ਤਵਨ ਪਰ ਧਾਰੀ। ਆਪ ਸਮਾਨ ਕਰੇ ਸੀਗਾਰੀ॥
ਅਪਨੇ ਠਾਂਢ ਅਗ੍ਰ ਸਭ ਕੀਨੇ। ਅੰਮ੍ਰਿਤ ਓਰ ਨੈਨ ਚਿਤ ਦੀਨੇ।
ਬਾਰਧ ਬਾਰ ਅਛੂਤ ਮੰਗਾਈ। ਲੀਨੋ ਬੀਚ ਸੁ ਤਾਸ ਪਵਾਈ ...
ਤਾਤੇ ਮਾਤਾ ਆਨ ਕਰ ਦੀਸ ਪਤਾਸੇ ਡਾਰ।
ਖੁਸੀ ਭਸੋ ਜਗਤੇਸ ਜੂ ਐਸੋ ਚਰਿਤ੍ਰ ਨਿਹਾਰ ...
ਅੰਮ੍ਰਿਤ ਸਤਿਗੁਰ ਕੀਅਸ ਤਯਰਾ। ਪੁਨ ਅਰਦਾਸ ਕਰੀ ਬਿਸਤਾਰਾ॥
ਠਾਂਡ ਭਏ ਸਭ ਕਮਰ ਛਕਾਈ। ਤਿਨ ਪਾਂਚਨ ਕੇ ਅਗ੍ਰ ਸੁ ਆਈ।
ਪੜੈ ਸਲੋਕ ਮੁਖ ਅਮੀ ਪਿਆਵੈ। ਵਾਹਿਗੁਰੂ ਮੁਖ ਬੋਲ ਬੁਲਾਵੇ॥[328]

---

[326] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 24-27, ਪੰਨਾ 110.
[327] ਉਹੀ, ਛੰਦ 28, ਪੰਨਾ 110.
[328] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 30-42, ਪੰਨਾ 173.

**ਅੰਮ੍ਰਿਤਧਾਰੀ ਲਈ ਰਹਿਤ ਅਤੇ ਕੁਰਹਿਤ** : ਖੰਡੇ ਦੀ ਪਾਹੁਲ ਛਕਾਉਣ ਉਪਰਾਂਤ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਰਹਿਤ ਅਤੇ ਕੁਰਹਿਤ ਸੰਬੰਧੀ ਹੁਕਮ ਦਿੱਤਾ। ਕੁਇਰ ਸਿੰਘ ਨੇ ਖਾਲਸਾ ਸਾਜਨਾ ਵਾਲੇ ਅਧਿਆਇ ਅਤੇ ਉਸ ਤੋਂ ਬਾਅਦ ਲਗਭਗ ਹਰ ਅਧਿਆਇ ਵਿਚ 'ਰਹਿਤ' ਬਾਰੇ ਸੰਕੇਤ ਦਿੱਤੇ ਹਨ। 'ਸਿੱਖ ਰਹਿਤ ਮਰਯਾਦਾ' ਅਨੁਸਾਰ 'ਉਪਾਸ਼ਨਾ ਇੱਕ ਅਕਾਲ ਪੁਰਖ ਦੀ, ਸ਼ਰਧਾ ਗੁਰੂ ਸਾਹਿਬ ਅਤੇ ਗੁਰਬਾਣੀ ਉੱਪਰ ਰੱਖਣੀ, ਜਪੁ, ਜਾਪ, ੧੦ ਸਵੱਯੇ, ਸੋ ਦਰੁ ਰਹਿਰਾਸ ਤੇ ਸੋਹਿਲਾ ਬਾਣੀ ਦਾ ਨਿਤਨੇਮ ਕਰਨਾ ਜਾਂ ਸੁਣਨਾ ਹੈ ਅਤੇ ਪੰਜ ਕੱਕਿਆਂ- ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ ਸੰਗ ਰੱਖਣਾ ਹੈ।'[329] ਕਵੀ ਸੁੱਖਾ ਸਿੰਘ ਆਪਣੀ ਰਚਨਾ ਵਿਚ "ਜਟਾ ਜੂਟ ਰਹਿਬੋ ਅਨੁਰਾਗੋ" ਕਹਿ ਕੇ ਖਾਲਸੇ ਲਈ ਸਾਬਤ ਸੂਰਤ ਰਹਿਣ ਦੀ ਰਹਿਤ ਦੱਸਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ "ਸਾਬਤ ਸੂਰਤਿ ਦਸਤਾਰ ਸਿਰਾ"[330] ਦੇ ਭਾਵ ਨੂੰ ਕਵੀ ਆਪਣੇ ਸ਼ਬਦਾਂ ਵਿਚ ਇੰਝ ਬਿਆਨ ਕਰਦਾ ਹੈ :

> ਸੀਸ ਕੇਸ ਕਰ ਭਾਲ ਪਾਗਿ ਜੋ ਧਾਰਿ ਹੈ।
> ਹੋ ਤਾਂਕੋ ਰਛ ਸਹੀ ਸਦਾ ਕਰਤਾਰ ਹੈ॥[331]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਨੇ ਸਿੰਘਾਂ ਦੇ ਗਲੋਂ ਜਨੇਊ ਉਤਾਰ ਦਿੱਤੇ। ਗੁਰੂ ਸਾਹਿਬ ਨੇ ਖੰਡੇ ਦੀ ਪਾਹੁਲ ਛਕਾ ਕੇ, ਸ਼ਸਤਰਾਂ ਨੂੰ ਖਾਲਸੇ ਦੀ ਰਹਿਤ ਦਾ ਲਾਜ਼ਮੀ ਅੰਗ ਬਣਾ ਦਿੱਤਾ :

> ਸੁਧਾ ਖਗ ਪਯਾਊ। ਅਸੰ ਕੰਠ ਪਾਊ।
> ਬਿਨਾ ਤੇਗ ਤੀਰਾ। ਰਹੋ ਨਾਹਿ ਬੀਰਾ॥[332]

ਕਵੀ ਕੁਇਰ ਸਿੰਘ ਨੇ ਖਾਲਸੇ ਦੀ ਰਹਿਤ ਬਿਆਨ ਕਰਦਿਆਂ ਪੂਜਾ 'ਅਕਾਲ ਪੁਰਖ' ਦੀ, ਪਾਠ ਗੁਰਬਾਣੀ ਦਾ ਦੱਸਿਆ ਹੈ। ਕਵੀ ਅਨੁਸਾਰ ਗੁਰੂ ਜੀ ਨੇ ਜਪੁ, ਰਹਿਰਾਸ, ਕੀਰਤਨ ਸੋਹਿਲਾ ਬਾਣੀ ਦਾ ਨਿਤਨੇਮ ਅਤੇ ਕੇਸ, ਕਿਰਪਾਨ, ਕਛਹਿਰਾ ਆਦਿ ਕਕਾਰ ਦੱਸੇ ਹਨ :

> ਝੂਠੇ ਸਰਬ ਉਪਾਵ ਤਿਆਗੋ। ਸ੍ਰੀ ਅਸਿਧੁਜ ਕੀ ਚਰਨੀ ਲਾਗੋ।
> ਪੋਥੀ ਗ੍ਰੰਥ ਪੜ੍ਹੋ ਸਦ ਨੀਤਾ। ਜਪ ਰਹਰਾਸ ਕੀਰਤਨ ਚੀਤਾ॥
> ਸਸਤ੍ਰ ਮੇਲ ਗੁਰ ਸਬਦ ਸੋ, ਕਛ ਕੇਸਨ ਸਦ ਪ੍ਰੇਮ।
> ਕਰਦ ਰਾਖਨੀ ਪੰਚ ਏ, ਤਜੈ ਨ ਕਬ ਹੀ ਨੇਮ॥[333]

---

[329] ਸਿੱਖ ਰਹਿਤ ਮਰਯਾਦਾ, ਪੰਨਾ 30.
[330] ਸ੍ਰੀ ਗੁਰੂ ਗ੍ਰੰਥ ਸਾਹਿਬ, *ਮਾਰੂ ਮਹਲਾ ੫*, ਪੰਨਾ 1084.
[331] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 17, ਪੰਨਾ 147.
[332] ਉਹੀ, ਛੰਦ 76, ਪੰਨਾ 363.
[333] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 39-40, ਪੰਨਾ 111.

ਕਵੀ ਸੁੱਖਾ ਸਿੰਘ ਨੇ ਖਾਲਸੇ ਦੀ ਸੰਖੇਪ ਰਹਿਤ ਦੋ ਵਾਰ ਪੇਸ਼ ਕੀਤੀ ਹੈ। ਪਹਿਲਾਂ ਗੁਰੂ ਜੀ ਨੇ ਪੰਜਾ ਨੂੰ ਅਮ੍ਰਿਤ ਛਕਾ ਕੇ ਨਾਂ-ਪਤਾ ਪੁਛਿਆ ਅਤੇ ਰਹਿਤ ਦੱਸੀ ਅਤੇ ਫਿਰ ਪੰਜਾਂ ਪਿਆਰਿਆਂ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਾ ਕੇ ਉਹੀ ਰਹਿਤ ਦੁਬਾਰਾ ਦ੍ਰਿੜ ਕਰਵਾਈ :

ਵਾਸੀ ਨਾਮ ਪ੍ਰਭੁ ਕਹ ਦੀਜੈ। ਕਹਤ ਖਾਲਸਾ ਬਿਲਮ ਨ ਕੀਜੈ॥
ਪਟਣੈ ਜਨਮ ਆਨੰਦ ਪੁਰ ਬਾਸੀ। ਗੋਬਿੰਦ ਸਿੰਘ ਨਾਮ ਅਬਿਨਾਸੀ।
ਪੰਚਨ ਸੋ ਪ੍ਰਭ ਮੇਲ ਨ ਕਰੀਐ। ਨਾਮ ਦਾਨ ਨਿਸ ਦਿਨ ਉਰ ਧਰੀਐ॥
ਸੇਵਾ ਭਾਉ ਭਗਤਿ ਉਰ ਧਾਰੋ। ਦੁਸਟ ਬਿਦਾਰ ਸੰਤ ਨਿਸਤਾਰੋ।
ਖੜਗ ਪਾਨ ਬਿਨ ਅਵਰ ਨ ਮਾਨਹੁ। ਸਤਿਨਾਮ ਮੰਤਰ ਮੁਖ ਠਾਨਹੁ॥
ਸਸਤ੍ਰ ਅਸਤ੍ਰ ਸੋ ਕਰਹੁ ਤਯਾਰਾ। ਰਹੋ ਖਾਲਸਾ ਜੂ ਸਦ ਨਾਰਾ।[334]

ਕਵੀ ਸੁੱਖਾ ਸਿੰਘ ਅਨੁਸਾਰ ਗੁਰਸਿੱਖ ਗੁਰੁਸ਼ਬਦ ਦੀ ਸਹਾਇਤਾ ਨਾਲ ਆਪਣੇ ਅੰਦਰਲੇ ਅਮਰ ਲੋਕ ਨੂੰ ਖੋਜ ਲੈਂਦਾ ਹੈ ਅਤੇ ਸੰਸਾਰ ਦੇ ਮਾਇਆ ਜਾਲ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਸਾਹਿਬ ਦੀ ਦੱਸੀ ਰਹਿਤ ਨੂੰ ਧਾਰਨ ਕਰਕੇ ਜੀਵ ਅੰਮ੍ਰਿਤ ਦੇ ਭੰਡਾਰ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਸ ਦਾ ਸਦਕਾ ਉਸ ਦਾ ਜਨਮ-ਮਰਣ ਦਾ ਚੱਕਰ ਖਤਮ ਹੋ ਜਾਂਦਾ ਹੈ :

ਜੋ ਸਬਦ ਰਹਤ ਬਾਣੀ ਬਿਚਾਰ। ਜਿਹ ਲਯੋ ਸਮਝਿ ਆਛੈ ਸੁਧਾਰ।
ਬਰ ਅਮਰ ਲੋਕ ਦੇਹੀ ਮੰਝਾਰ। ਜਿਹ ਲਖ੍ਯੋ ਆਛ ਤਜ ਕੈ ਜੰਜਾਰ।
ਸੋ ਆਨ ਜਾਨ ਤੇ ਗਯੋ ਛੂਟ। ਤਿਹ ਲਯੋ ਅਮੀ ਅਨਹਤ ਸੁ ਲੂਟ॥[335]

**ਕੁਰਹਿਤ** : ਅੰਮ੍ਰਿਤਧਾਰੀ ਸਿੰਘ ਲਈ ਚਾਰ ਕੁਰਹਿਤਾਂ ਦੱਸੀਆਂ ਗਈਆਂ ਹਨ- ਕੇਸਾਂ ਦੀ ਬੇਅਦਬੀ, ਕੁੱਠਾ ਖਾਣਾ, ਪਰ-ਇਸਤਰੀ ਜਾਂ ਪਰ-ਪੁਰਸ਼ ਦਾ ਗਮਨ ਅਤੇ ਤਮਾਕੂ ਦੀ ਵਰਤੋਂ। ਇਸ ਤੋਂ ਬਿਨਾਂ ਸਿਰਗੁੰਮ, ਨੜੀਮਾਰ, ਮੀਣੇ ਅਤੇ ਮਸੰਦ ਆਦਿ ਨਾਲ ਮੇਲ-ਜੋਲ ਦੀ ਮਨਾਹੀ ਕੀਤੀ ਗਈ ਹੈ।[336] ਕੁਇਰ ਸਿੰਘ ਨੇ ਇਨ੍ਹਾਂ ਕੁਰਹਿਤਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਹੈ :

ਕੋਨਾ ਮੋਨਾ ਕੰਨਯਾ ਪਾਪੀ। ਮੀਣਾ ਔਰ ਮਸੰਦ ਸੁ ਥਾਪੀ।
ਕੋਨਾ ਕਹੈ ਜੋ ਬੋਦੀ ਹੀਨਾ। ਤਜੋ ਤੁਰਕ ਸੰਗਤਿ ਮਤਿ ਚੀਨਾ॥
ਮੋਨਾ ਕਹੈ ਸੋ ਕੁਠਾ ਖਾਵੈ। ਸੀਸ ਉਸਤਰਾ ਜੋਇ ਫਿਰਾਵੈ।

---

334 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 104-07, ਪੰਨਾ 179.
335 ਉਹੀ, ਛੰਦ 120-21, ਪੰਨਾ 144.
336 ਸਿੱਖ ਰਹਿਤ ਮਰਯਾਦਾ, ਪੰਨਾ 30-31.

ਏ ਹੈ ਦੀਨ ਪਿਕੰਬਰ ਕੇਰਾ। ਸਮਾ ਤੁਰਕ ਮੋਨਾ ਹੈ ਟੇਰਾ॥

ਕੰਨਜਾ ਹਤ ਪੁਨਿ ਬੇਚੇ ਜੋਈ। ਕੁੰਭੀ ਪਰੈ ਮਾਸ ਗਤ ਤੇਈ।

ਮੀਣੇ ਗੁਰ ਦੋਖੀ ਮਧ ਚੂਰੀ। ਗੁਰੂ ਖਵਾਵਤ ਚਾਹ ਕਰੂਰੀ॥

ਮਸੰਦ ਗੁਰੂ ਸਮਤਾ ਮਨ ਧਾਰੈ। ਅਦਬ ਗ੍ਰੰਥ ਨਹਿ ਆਪ ਪੂਜਾਰੈ ...

ਜੂਆ ਵੇਸਵਾ ਕਾਮਨਾ ਲੋਭ ਤਜਾਗੇ। ਮਲੇਛਾਨ ਰੂਪੰ ਤਜੇ ਸੂਖ ਪਾਗੈ।[337]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਪੰਜ ਵਿਕਾਰ ਅਤੇ ਚਾਰ ਮੇਲ- ਮੀਨੇ, ਮਸੰਦ, ਧੀਰਮਲ, ਰਾਮਰਾਈਏ ਤੋਂ ਵਰਜਿਆ ਹੈ :

ਪਾਂਚਨ ਸੋ ਕਹ ਮੇਲ ਨ ਕਰੀਯੈ। ਨਾਮ ਦਾਨ ਨਿਸ ਦੀਨ ਉਰ ਧਰੀਐ।

੧ ਮੀਨਾ ਔਰ ੨ ਮਸੰਦੀਆ ਜਾਨ। ੩ ਧੀਰਮਲ ੪ ਰਮਰਈਯ ਜੁ ਆਨ॥

੫ ਪਾਂਚਮ ਕੌ ਜਾਨਤ ਤੁਮ ਭ੍ਰਾਤ। ਛਪੀ ਨਹੀ ਕਛੁ ਯਾ ਮੈ ਬਾਤ।

ਇਨ ਸੋ ਮੇਲ ਨ ਕਰੀਐ ਭਾਈ। ਕਰੁਣਾਨਿਧ ਇਹ ਬਿਧ ਫੁਰਮਾਈ॥[338]

ਸੁੱਖਾ ਸਿੰਘ ਅਨੁਸਾਰ ਤਮਾਕੂ ਪੀਣਾ ਅਤੇ ਕੇਸ ਕਟਵਾਣੇ ਕੁਰਹਿਤ ਹਨ :

ਬਿਖੀਆ ਕਿਰਿਆ ਭੇਦਨ ਤਯਾਗਹੁ। ਜਟਾ ਜੂਟ ਰਹਬੋ ਅਨੁਰਾਗਹੁ।[339]

**ਤਨਖ਼ਾਹ** : ਸਿੱਖ ਪਰੰਪਰਾ ਅਨੁਸਾਰ 'ਰਹਿਤ' ਦੀ ਪਾਲਣਾ ਨਾ ਕਰਨ ਵਾਲੇ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ। 'ਸਿੱਖ ਰਹਿਤ ਮਰਯਾਦਾ' ਅਨੁਸਾਰ ਤਨਖ਼ਾਹੀਏ ਸਿੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਜੋ ਸਜ਼ਾ ਸੁਣਾਉਦੇ ਹਨ ਉਸ ਨੂੰ 'ਤਨਖ਼ਾਹ' ਕਿਹਾ ਜਾਂਦਾ ਹੈ। ਕੁਇਰ ਸਿੰਘ ਨੇ ਤਨਖ਼ਾਹ ਲਗਵਾਉਣ ਲਈ ਦੋ ਵਿਧੀਆਂ ਦੱਸੀਆਂ ਹਨ- ਅਬਚਲ ਨਗਰ ਵਿਖੇ ਗੁਰੂ ਅਸਥਾਨ ਤੇ ਜਾ ਕੇ ਨਿਮਰਤਾ ਸਹਿਤ ਆਪਣੀ ਭੁੱਲ ਬਖਸ਼ਾਵੇ ਜਾਂ ਫਿਰ ਜਿਥੇ ਸਿੱਖ-ਸੰਗਤ ਦਾ ਵੱਡਾ ਦੀਵਾਨ ਲੱਗਾ ਹੋਵੇ, ਉਥੇ ਜਾ ਕੇ ਤਨਖ਼ਾਹ ਲਵਾਏ :

ਜੋਇ ਮਲੇਛ ਕੀ ਨਾਰਿ ਭਜੈ, ਤਿਹ ਦੂਖਨ ਲਾਇ ਕੈ ਦੰਢ ਦਿਵਾਈ।

ਈਹਾਂ ਸੁ ਆਇ ਅਬਚਲ ਨਗਰ, ਬਖਸਾਵੈ ਨਿਜ ਥਾਪ।

ਨਾਹਿ ਜਨਾਵੈ ਬਦਨ ਤੇ, ਹੋਵੈ ਬੰਦੀ ਆਪ॥

ਜੇਕਰ ਆਵੈ ਨਾਹਿ ਇਹ, ਬਖਸਾਵੈ ਤਿਹ ਜਾਯ।

---

[337] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 35-43, ਪੰਨਾ 110-11.

[338] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 47-48, ਪੰਨਾ 174.

[339] ਉਹੀ, ਛੰਦ 108, ਪੰਨਾ 179.

ਜਾ ਦਿਵਾਨ ਮੈ ਸਿੰਘ ਵਡ, ਸੰਧਯਾ ਬੰਦਨ ਗਾਯ।[340]

ਕਵੀ ਕੁਇਰ ਸਿੰਘ ਅਨੁਸਾਰ ਜੇ ਕੋਈ ਸਿੱਖ ਕੁਰਹਿਤ ਹੋਣ ਤੇ ਵਿਧੀ ਅਨੁਸਾਰ ਤਨਖ਼ਾਹ ਨਾ ਲਵਾਏ, ਉਸ ਨਾਲ ਮਿਲਵਰਤੋਂ ਨਹੀਂ ਰੱਖਣੀ ਚਾਹੀਦੀ। ਅਜਿਹੇ ਮਨੁੱਖ ਨਾਲ ਮੇਲ-ਜੋਲ ਰੱਖਣ ਵਾਲਾ ਵੀ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ :

ਜੇ ਕਰ ਬਖਸਾਵੈ ਨਹੀਂ, ਭਯੋ ਮਲੇਛੀ ਸੰਗ।

ਸੋ ਤਨਖਾਹੀਆ ਹੋ ਚਹੈ, ਜੋ ਕਰਤੋ ਤਿਹ ਅੰਗ।[341]

ਇਸ ਤਰ੍ਹਾਂ ਕੁਇਰ ਸਿੰਘ ਅਤੇ ਕਵੀ ਸੁੱਖਾ ਸਿੰਘ ਨੇ 'ਗੁਰਲਿਾਸ ਪਾਤਸ਼ਾਹੀ ੧੦' ਵਿਚ ਸਿੱਖ ਦੀ ਤਾਰੀਫ, ਗੁਰੂ ਦਾ ਸਰੂਪ, ਸਿੱਖ ਦੀ ਸ਼ਖਸੀ ਅਤੇ ਪੰਥਕ ਰਹਿਣੀ ਸੰਬੰਧੀ ਮਹੱਤਵਪੂਰਨ ਵਿਚਾਰ ਪੇਸ਼ ਕੀਤੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਅਤੇ ਸਿਧਾਂਤ ਦੇ ਨਾਲ-ਨਾਲ ਉਨ੍ਹਾਂ ਵੱਲੋਂ ਦਰਸਾਈ ਗਈ 'ਰਹਿਤ' ਸੰਬੰਧੀ ਅਧਿਐਨ ਲਈ ਇਹ ਇੱਕ ਵਡਮੁੱਲੀ ਰਚਨਾ ਹੈ।

---

[340] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 74-76, ਪੰਨਾ 263.
[341] ਉਹੀ, ਛੰਦ 77, ਪੰਨਾ 263.

**1 ਦੇਵੀ ਪੂਜਾ :** 'ਗੁਰਬਿਲਾਸ ਪਾਤਸ਼ਾਹੀ ੧੦' ਦੀਆਂ ਸਿਧਾਂਤਕ ਸੀਮਾਵਾਂ ਵਿਚੋਂ ਸਭ ਤੋਂ ਪਹਿਲੀ ਸੀਮਾ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਪੂਜਾ ਕਰਦੇ ਵਿਖਾਉਣਾ ਹੈ। 'ਦੇਵੀ ਪੂਜਾ' ਦੇ ਪ੍ਰਸੰਗ ਬਾਰੇ ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਦੇਵੀ ਬਾਰੇ ਸੰਖੇਪ ਜਾਣ ਲੈਣਾ ਲਾਹੇਵੰਦ ਹੋਵੇਗਾ।

**ਦੇਵੀ ਦਾ ਸਰੂਪ :** ਮਹਾਨ ਕੋਸ਼ ਅਨੁਸਾਰ ਦੇਵੀ "ਦੇਵਤਾ ਦੀ ਇਸਤ੍ਰੀ, ਦੁਰਗਾ, ਸਦਾਚਾਰ ਵਾਲੀ ਇਸਤਰੀ, ਦੇਣਵਾਲੀ।"[1] ਉਪਰੋਕਤ ਹਵਾਲੇ ਤੋਂ ਦੇਵੀ ਇੱਕ ਵਿਅਕਤੀ ਸਾਬਤ ਹੁੰਦੀ ਹੈ ਜੋ ਦੇਵਤਾ ਦੀ ਪਤਨੀ ਹੈ। ਭਾਈ ਵੀਰ ਸਿੰਘ ਨੇ ਦੇਵੀ ਪੂਜਾ ਦੇ ਪ੍ਰਸੰਗ ਉੱਪਰ ਖੋਜ ਕਰਦਿਆਂ ਦੇਵੀ ਸੰਬੰਧੀ ਪ੍ਰਾਪਤ ਸਾਰ ਤੱਤ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਦੇਵੀ ਦਾ ਪਹਿਲਾ ਰੂਪ ਵਿੰਧਿਆਚਲ ਪਹਾੜੀਆਂ ਵਿਚ ਪੂਜੀ ਜਾਂਦੀ ਭਿਆਨਕ ਦੇਵੀ, ਜੋ ਆਰਿਆਂ ਦੇ ਭਾਰਤ ਆਉਣ ਤੋਂ ਪਹਿਲਾਂ ਤੋਂ ਠੱਗਾਂ ਦੀ ਦੇਵੀ ਸੀ। ਦੂਜੀ ਗੌਰੀ ਦੇਵੀ ਜੋ ਆਰਿਆ ਅਤੇ ਦ੍ਰਾਵਿੜ ਕੌਮਾਂ ਦੇ ਮੇਲ-ਜੋਲ ਪਿਛੋਂ ਕਾਲੀ ਦੇਵੀ ਦੇ ਬਦਲੇ ਹੋਏ ਰੂਪ ਵਿਚ ਸਾਹਮਣੇ ਆਈ। ਤੀਜਾ ਰੂਪ ਹਿੰਦੂ ਵਿਦਵਾਨਾਂ ਵੱਲੋਂ ਉਪਰੋਕਤ ਦੇਵੀ ਵਿਅਕਤੀਆਂ ਦਾ ਪੇਸ਼ ਕੀਤਾ ਦਾਰਸ਼ਨਿਕ ਵਿਚਾਰ, ਜਿਸ ਅਨੁਸਾਰ ਦੇਵੀ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਸ਼ਕਤੀ ਹੈ। ਇਸੇ ਵਿਚਾਰ ਦੀ ਹੀ ਸ਼ਾਖਾ ਅਨੁਸਾਰ ਦੇਵੀ ਨਿਰਗੁਣ ਪਰਮਾਤਮਾ ਦੀ ਸਰਗੁਣ ਮਾਇਆ ਹੈ।[2] ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਦੇਵੀ ਦਾ ਜੋ 'ਪੰਜ ਭੂਤਕ' ਸਰੂਪ ਅਤੇ 'ਤੱਤ ਸਰੂਪ' ਪੇਸ਼ ਕੀਤਾ ਹੈ ਉਹ ਕਿਸੇ ਵਿਸ਼ੇਸ਼ ਸਿਧਾਂਤ ਜਾਂ ਪਰੰਪਰਾ ਦੀ ਬਜਾਏ ਵੱਖੋ-ਵੱਖ ਸਿਧਾਂਤ ਅਤੇ ਪਰੰਪਰਾਵਾਂ ਦਾ ਮਿਲਗੋਭਾ ਸਾਬਤ ਹੁੰਦਾ ਹੈ। ਉਨ੍ਹਾਂ ਅਨੁਸਾਰ ਦੇਵੀ ਦੀਆਂ ਅੱਠ ਬਾਹਵਾਂ, ਮੁਖ ਵਿਚੋਂ ਜਵਾਲਾ ਨਿਕਲ਼ਦੀ ਅਤੇ ਗਲ਼ ਵਿਚ ਸਿਰਾਂ ਦੀ ਮਾਲਾ ਹੈ :

ਮੁੰਡ ਮਾਲ, ਮੁਖ ਬਮਤ ਜ੍ਵਾਲ, ਚਖ ਭਾਲ ਬਿਮਲ ਅਤਿ।
ਆਠ ਭੁਜਾ ਸੋ ਕਰਾਲ, ਕਹਾਕਹ ਕਰਤ ਹਰਤ ਸਤ।
ਛੁਟਤ ਬਜ਼ਾਲ ਕਰ ਏਕ ਧਾਰ ਤਰਵਾਰ ਜਗਤ ਜਤ।
ਦੁਤੀ ਲਸਤ ਜਮਦਾੜ੍ਹ, ਤ੍ਰਿਤੀ ਕਰ ਸਾਂਗ ਹਰਨ ਦੁਤਿ।
ਚਤੁਰਥ ਚਾਪ ਸਰ ਪਾਂਚ, ਖਸਟਮੇ ਜਾਨ ਤ੍ਰਿਸੂਲੰ।
ਸਪਤਮ ਜਾਨ ਕੁਠਾਰ ਅਸਟਮੇ ਪਾਸ ਗਲੋਲ॥[3] ਅਤੇ

ਮੁੰਡ ਕੀ ਮਾਲ ਬਸੈ ਮੁਖ ਜਵਾਲ ਬਿਸਾਲ ਕਰਾਲ ਮਹਾਂ ਛਬਿ ਛਾਈ।
ਛੂਟੇ ਹੈ ਬਾਲ ਬਯਾਲ ਲਏ ਕਰ ਸ੍ਯਾਮ ਸਰੂਪ ਲਖ੍ਯੋ ਨਹੀ ਜਾਈ।

---

[1] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 651.
[2] ਵੀਰ ਸਿੰਘ, *ਦੇਵੀ ਪੂਜਨ ਪੜਤਾਲ,* ਅੰਮ੍ਰਿਤਸਰ: ਵਜ਼ੀਰ ਹਿੰਦ ਪ੍ਰੈਸ, 1963, ਪੰਨਾ 7-8.
[3] ਉਹੀ, ਛੰਦ 104, ਪੰਨਾ 101.

ਬਾਮ ਕ੍ਰਿਪਾਨ ਮਹਾਨ ਦਿਪੈ ਹਰ ਜਾਤ ਨਸੁੰਭ ਕੀ ਸੈਨ ਖਪਾਈ।

ਜੈ ਜਗ ਮਾਤ ਪ੍ਰਤਛ ਭਈ ਇਮ ਸ੍ਰੀ ਮੁਖ ਲੈ ਬਰਦਾਨ ਸੁਨਾਈ॥[4]

ਉਪਰੋਕਤ ਬਿਆਨ ਕੀਤੇ ਸਰੂਪ ਤੋਂ ਦੇਵੀ ਪੰਜ ਭੂਤਕ ਸਰੀਰ ਵਾਲੀ ਸਾਬਤ ਹੁੰਦੀ ਹੈ। ਅਜਿਹੀ ਸ਼ਖਸੀਅਤ ਨੂੰ ਨਿਰਗੁਨ ਨਹੀਂ ਚਿਤਵਿਆ ਜਾ ਸਕਦਾ। ਕਵੀ ਸੁੱਖਾ ਸਿੰਘ ਦੇਵੀ ਨੂੰ ਰਾਮ ਅਤੇ ਕ੍ਰਿਸ਼ਨ ਆਦਿ ਅਵਤਾਰਾਂ ਦਾ ਰੂਪ ਮੰਨਦਾ ਹੈ :

ਨਮੋ ਏਕ ਰੂਪੰ ਅਨੇਕੰ ਬਿਰਾਜੀ। ਸਬੈ ਜੀਵ ਜੰਤੰ ਧਰਾ ਬਯੋਮ ਸਾਜੀ।

ਤੁਹੀ ਰਾਮ ਹ੍ਵੈ ਕੈ ਪਤੀ ਲੰਕ ਘਾਯੋ। ਤੁਹੀ ਮਛ ਕਛੰ ਤਨੇ ਧਾਰ ਆਯੋ॥[5]

ਰਾਮ, ਕੱਛ ਅਤੇ ਮੱਛ ਆਦਿ ਵਿਸ਼ਨੂੰ ਦੇ ਅਵਤਾਰ ਹਨ, ਜਿਨ੍ਹਾਂ ਦਾ ਦੇਵੀ ਪੂਜਕਾਂ ਨਾਲ ਕੋਈ ਵਾਹ-ਵਾਸਤਾ ਨਹੀਂ ਜੁੜਦਾ। ਕਵੀ ਸੁੱਖਾ ਸਿੰਘ ਨੇ ਨੈਣਾ ਦੇਵੀ ਦੇ ਟਿੱਲੇ ਤੇ ਗੁਰੂ ਜੀ ਨੂੰ ਦੇਵੀ ਪੂਜਾ ਕਰਦੇ ਵਿਖਾਉਦਿਆਂ ਗੁਰੂ ਜੀ ਦੇ ਧਿਆਨ ਅਤੇ ਸਮਾਧੀ ਬਾਰੇ ਆਪਾ ਵਿਰੋਧੀ ਵਿਚਾਰ ਪੇਸ਼ ਕੀਤੇ ਹਨ। ਪੂਜਾ ਸ਼ੁਰੂ ਕਰਨ ਸਮੇਂ ਕਵੀ ਲਿਖਦਾ ਹੈ ਕਿ ਗੁਰੂ ਜੀ ਮੰਤ੍ਰ ਜਾਪ ਅਤੇ ਹੋਮ ਕਰਦੇ ਹੋਏ ਸਿਰਫ ਚੰਡੀ ਮਾਤਾ ਦਾ ਹੀ ਧਿਆਨ ਧਰਦੇ ਹਨ ਹੋਰ ਕਿਸੇ ਦਾ ਨਹੀਂ :

ਇਹ ਥਾਨ ਜਾਣ ਕਰੁਣਾ ਨਿਧਾਨ। ਪੂਜੰਤ ਚੰਡ ਹ੍ਵੈ ਸਾਵਧਾਨ।

ਹੋਮੰ ਸੁਮੰਤ੍ਰ ਜਪ ਹੈ ਅਨੇਕ। ਬਿਨ ਚੰਡ ਧ੍ਯਾਨ ਨਹੀ ਧਰਤ ਏਕ॥[6]

ਪਰ ਇਸੇ ਪ੍ਰਸੰਗ ਵਿਚ ਕਵੀ ਦੇਵੀ ਪੂਜਾ ਦੌਰਾਨ ਗੁਰੂ ਜੀ ਨੂੰ ਮਾਤਾ ਦੀ ਬਜਾਏ ਇੱਕ ਓਅੰਕਾਰ ਵਿਚ ਲੀਨ ਹੋਏ ਵਿਖਾਉਂਦਾ ਹੈ :

ਸੁਰਤ ਸ਼ਕੋਚ ਸੁ ਕਛੁ ਜਯੋ ਆਪਾ ਆਪ ਸਹਾਰ।

ਸੁੰਨ ਗੁਫਾ ਮਧਿ ਜਾਇ ਨਿਜ ਸੋਹੰ ਏਕੰਕਾਰ॥[7]

**ਦੇਵੀ ਪੂਜਾ ਦਾ ਸਮਾਂ** : ਕੁਇਰ ਸਿੰਘ ਨੇ ਦੇਵੀ ਪੂਜਾ ਕਰਨ ਦਾ ਸਮਾਂ ਸੰਮਤ 1742 (1685 ਈ.) ਦੱਸਿਆ ਹੈ :

ਸਮਤ ਸਤ੍ਰਹ ਸਹਸ ਬੈਤਾਲੀ। ਦੇਵੀ ਪੂਜਾ ਠਟੀ ਬਿਸਾਲੀ॥[8]

---

4 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 139, ਪੰਨਾ 156.
5 ਉਹੀ, ਛੰਦ 112, ਪੰਨਾ 154.
6 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 76, ਪੰਨਾ 141.
7 ਉਹੀ, ਛੰਦ 32, ਪੰਨਾ 148.
8 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਛੰਦ 95, ਪੰਨਾ 89.

ਕਵੀ ਦਾ ਦੱਸਿਆ ਉਪਰੋਕਤ ਤੱਥ ਇਤਿਹਾਸਕਾਰਾਂ ਦੀ ਕਸਵੱਟੀ ਅਨੁਸਾਰ ਸਹੀ ਸਾਬਤ ਨਹੀਂ ਹੁੰਦਾ। ਕਿਉਂਕਿ ਇਸ ਸਮੇਂ ਦੌਰਾਨ ਗੁਰੂ ਜੀ ਪਾਉਂਟਾ ਸਾਹਿਬ ਸਨ। ਗੰਡਾ ਸਿੰਘ ਅਨੁਸਾਰ ਭੰਗਾਣੀ ਦਾ ਯੁੱਧ 18 ਅੱਸੂ 1745 ਬਿ./18 ਸਤੰਬਰ 1688 ਈ. ਨੂੰ ਹੋਇਆ, ਜਿਸ ਦੀ ਫਤਿਹ ਤੋਂ ਬਾਅਦ ਗੁਰੂ ਸਾਹਿਬ ਆਨੰਦਪੁਰ ਵਾਪਸ ਆਏ ਹਨ।[9] ਸਤਿਬੀਰ ਸਿੰਘ ਅਨੁਸਾਰ ਗੁਰੂ ਸਾਹਿਬ ਪਾਂਵਟੇ ਤੋਂ 1688 ਈ. ਵਿਚ ਆਨੰਦਪੁਰ ਵਾਪਸ ਆਏ ਸਨ।[10] ਇਸ ਕਰਕੇ ਜੇਕਰ ਗੁਰੂ ਸਾਹਿਬ ਪਾਉਂਟਾ ਸਾਹਿਬ ਸਨ ਤਾਂ ਸਤਲੁਜ ਕੰਢੇ ਜਾਂ ਨੈਣਾ ਦੇਵੀ ਦੇ ਸਥਾਨ ਤੇ ਪੂਜਾ ਕਿਵੇਂ ਹੋ ਸਕਦੀ ਹੈ ? ਦੇਵੀ ਪੂਜਾ ਦਾ ਪ੍ਰਸੰਗ ਆਮ ਕਰਕੇ ਨੈਣਾ ਦੇਵੀ ਦੀ ਪੂਜਾ ਦੇ ਰੂਪ ਵਿਚ ਸਮਝਿਆ ਜਾਂਦਾ ਹੈ ਪਰ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਮੰਨਣਾ ਹੈ ਕਿ ਦੇਵੀ ਪੂਜਾ ਦੀ ਸ਼ੁਰੂਆਤ ਸਤਲੁਜ ਦੇ ਕੰਢੇ ਕੀਤੀ ਗਈ :

"ਕੌਨ ਸਥਾਨ ਪੂਜ ਵਿਧਿ ਕੀਜੈ। ਯੌਂ ਬਤੀਆਂ ਪ੍ਰਭੁ ਜੂ ਕਹਿ ਦੀਜੈ।"
ਤਬ ਸਬ ਐਸ ਪ੍ਰਕਾਰ ਉਚਾਰੈ। "ਸੁਨੋ ਗੁਰੂ ਜੀ ਬੈਨ ਹਮਾਰੈ॥
ਸ੍ਰੀ ਪਦਜਾ ਸਮ ਸਰਿਤਾ ਏਈ। ਤਾਹ ਕੰਠ ਪਰ ਪੂਜਾ ਹੋਈ।"[11]

ਅਤੇ

ਸੁਨਹੁ ਗੁਰੂ ਜੀ ਬਾਤ ਹਮਾਰੀ। ਇਹ ਜੋ ਨਦੀ ਬਿਰਾਜੈ ਭਾਰੀ।
ਸਹਸ ਨਾਰਿ ਯਾ ਕੋ ਭਨ ਨਾਮਾ। ਗੰਗਾ ਸਮ ਯਹ ਦੁਤੇ ਭਿਰਾਮਾ॥
ਇਹ ਤਟ ਕਰਹੁ ਬਿਮਲ ਅਸਥਾਨੰ। ਅਹਿ ਨਿਸ ਧਰੋ ਕਾਲਕਾ ਧ੍ਯਾਨੰ।
ਪੂਜਹ ਚੰਡੀ ਆਦਿ ਭਵਾਨੀ। ਜਲ ਥਲ ਜਾਕੀ ਜੋਤਿ ਸਮਾਨੀ॥[12]

ਜੇਕਰ ਦੇਵੀ-ਪੂਜਾ ਸਤਲੁਜ ਕੰਢੇ ਸ਼ੁਰੂ ਕੀਤੀ ਗਈ ਤਾਂ ਇਹ ਨੈਣਾ ਦੇਵੀ ਦੀ ਪੂਜਾ ਪ੍ਰਮਾਣਿਤ ਨਹੀਂ ਹੁੰਦੀ। ਦੂਜੇ ਪਾਸੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਫਿਰ ਨੈਣਾ ਦੇਵੀ ਦੇ ਟਿੱਲੇ ਤੇ ਪੂਜਾ ਦਾ ਪ੍ਰਸੰਗ ਕਿਵੇਂ ਸ਼ੁਰੂ ਹੋਇਆ ? ਦੋਹਾਂ ਕਵੀਆਂ ਨੇ ਪੂਜਾ ਦੀ ਥਾਂ ਸਤਲੁਜ ਦੇ ਕੰਢੇ ਤੋਂ ਬਦਲ ਕੇ ਨੈਣਾ ਦੇਵੀ ਦੇ ਟਿਲੇ 'ਤੇ ਲਿਜਾਣ ਬਾਰੇ ਲਿਖਿਆ ਹੈ। ਇਸ ਤਬਦੀਲੀ ਪਿੱਛੇ ਸ਼ਾਂਤ ਵਾਤਾਵਰਨ ਦੀ ਲੋੜ ਨੂੰ ਕਾਰਨ ਦੱਸਿਆ ਗਿਆ ਹੈ :

---

9 Ganda Singh, 'Gobind Singh, Guru', *Encyclopeadia of Sikhism,* Harbans Singh (ed.) Patiala: Punjabi University,vol II, 1996, p 82-92.

10 ਗੁਰਬਚਨ ਸਿੰਘ ਨਈਅਰ ਅਤੇ ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ (ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ੍ਹ),* ਪਟਿਆਲਾ: ਪੰਜਾਬ ਇਤਿਹਾਸ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, 1989, ਪੰਨਾ 51.

11 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 97-98,ਪੰਨਾ 89.

12 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 111-12, ਪੰਨਾ 134.

ਹੋਤ ਸੋਰ ਅਨਗਨ ਇਹਾਂ, ਅਬ ਯੌ ਕਰਹਿ ਉਪਾਇ।

ਬੈਠ ਇਕਾਂਤ ਸੁ ਪੂਜੀਐ, ਪੂਜਾ ਕਰ ਮਨ ਲਾਇ॥

ਹਮ ਤੁਮ ਚਲ ਹੈਂ ਨੈਨਾ ਦੇਵੀ। ਠੌਰ ਇਕਾਂਤ ਜਾਂਹਿ ਸਭ ਸੇਵੀ।[13]

ਅਤੇ

ਕਰੋ ਜਾ ਇਕਾਂਤੰ ਕਰੋ ਪੂਜ ਥਾਨਾ। ਜਹਾਂ ਆਪ ਬੈਠੋ ਦੁਤੇ ਬਿਪ੍ਰ ਧਿਆਨਾ।

ਇਹੈ ਬਾਤ ਆਛੰ ਅਗੈ ਜੋ ਰਜਾਯੰ। ਜੋਊ ਚੀਤ ਆਪੰ ਫੁਰੈ ਜੁ ਉਪਾਯੰ॥

ਪ੍ਰਭੂ ਆਛ ਮਾਨੀ ਬਖਾਨੀ ਦਿਜੇਸੰ। ਕਹਿਓ ਸੋਇ ਕੀਜੈ ਭਲੀ ਜੋ ਬਿਸੇਸੰ।

ਸਬੈ ਜੋ ਬਿਚਾਰੀ ਇਹੈ ਚੀਤ ਆਈ। ਚਲ੍ਯੋ ਨੈਣ ਦੇਵੰ ਭਲੀ ਸੁਧ ਜਾਈ॥[14]

**ਦੇਵੀ ਪੂਜਾ ਦਾ ਮਨੋਰਥ :** ਕਵੀ ਸੁੱਖਾ ਸਿੰਘ ਨੇ ਗੁਰੂ ਜੀ ਵੱਲੋਂ ਦੇਵੀ ਪੂਜਾ ਕਰਨ ਦਾ ਮਨੋਰਥ ਦੱਸਦਿਆਂ ਲਿਖਿਆ ਹੈ ਕਿ ਗੁਰੂ ਜੀ ਦੇਵੀ ਨੂੰ ਖੁਸ਼ ਕਰਕੇ ਖਾਲਸਾ ਪੰਥ ਦੀ ਸਾਜਨਾ ਅਤੇ ਤੁਰਕਾਂ ਦਾ ਨਾਸ ਕਰਨਾ ਚਾਹੁੰਦੇ ਹਨ :

ਅਬ ਸੁਨੋ ਆਪ ਕੀ ਕਥਾ ਐਨ। ਜਿਮ ਕਰਤ ਨਾਥ ਸੁਖ ਸੁਧ ਸੈਨ।

ਇਹ ਬਡੀ ਚਾਹ ਮਨ ਮਧਿ ਧਾਰੁ। ਕਰ ਦੇਵਿ ਪੂਜ ਕੋ ਸਰਬ ਸਾਰ॥

ਪੁਨ ਕਰੋ ਖਾਲਸਾ ਖਗ ਨਿਧਾਨ। ਜੋ ਕਰੇ ਦੁਸਟ ਤੁਰਕਾਨ ਹਾਨ।

ਲੇਉ ਆਦਿ ਸ਼ਕਤ ਮਾਤਾ ਮਨਾਇ। ਜਿਮ ਅਧਿਕ ਪੰਥ ਮਹਿ ਹ੍ਵੈ ਸਹਾਇ॥[15]

ਕੁਇਰ ਸਿੰਘ ਅਨੁਸਾਰ ਜਦ ਦੇਵੀ ਨੇ ਪਰਗਟ ਹੋ ਕੇ ਗੁਰੂ ਜੀ ਨੂੰ ਵਰ ਮੰਗਣ ਲਈ ਕਿਹਾ ਤਾਂ ਉਨ੍ਹਾਂ ਨੇ ਖਾਲਸਾ ਸਾਜਨਾ ਅਤੇ ਤੁਰਕ ਨਾਸ ਦਾ ਵਰ ਮੰਗਿਆ :

"ਬਰੰ ਬ੍ਰੂਹ" ਕਹ੍ਯੋ ਦੇਵੀ ਯਾ ਤਬ ਹੀ, ਗੁਰ ਹੋਈ ਗਦਾਗਦ ਵਾਕ ਅਲਾਏ।

"ਦਾਨ ਦਿਜੈ ਜਗ ਮਾਤ। ਇਹੈ ਜਿਮ ਖਾਲਸ ਪੰਥ ਕਰੌਂ ਸੁਖ ਪਾਏ।

ਨਾਸ ਮਲੇਛ ਕਰੇ ਸਬ ਕੋ, ਹਰਿ ਨਾਮ ਸੁਨੇ ਗੁਰ ਧਜਾਨ ਲਗਾਏ।

ਚਿੜੀਆ ਸਮ ਸਿਖ ਬਿਰਾਜਤ ਹੈਂ ਤਦਪੰ ਸਭ ਖਾਨ ਪਠਾਨਨ ਘਾਏ"॥[16]

ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਵਿਚ ਧਰਮ-ਯੁੱਧ ਦਾ ਚਾਅ ਪੈਦਾ ਕਰਨ ਲਈ ਪੌਰਾਣਿਕ ਕਥਾ

---

[13] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 29-30, ਪੰਨਾ 94.
[14] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 64-65, ਪੰਨਾ 140.
[15] ਉਹੀ, ਛੰਦ 60-61, ਪੰਨਾ 130.
[16] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 107, ਪੰਨਾ 101.

ਦੀ ਲੋਕ ਭਾਸ਼ਾ ਵਿਚ ਰਚਨਾ ਕੀਤੀ ਹੈ।[17] ਜਿਸ ਦਾ ਮਨੋਰਥ ਪ੍ਰੇਰਨਾ ਲੈਣਾ ਹੈ ਜਦਕਿ ਕੁਇਰ ਸਿੰਘ ਤੇ ਸੁੱਖਾ ਸਿੰਘ ਦੀ ਰਚਨਾ ਨੂੰ ਵਾਚਿਆਂ ਇਸ ਤਰ੍ਹਾਂ ਜਾਪਦਾ ਹੈ ਕਿ ਦੋਹਾਂ ਕਵੀਆਂ ਨੇ ਚੰਡੀ ਦੇਵੀ ਦੇ ਪ੍ਰਸੰਗ ਨੂੰ ਗਲਤ ਅਰਥਾਂ ਵਿਚ ਸਮਝ ਲਿਆ ਹੈ। ਉਹ ਵਾਰ-ਵਾਰ ਚੰਡੀ ਵੱਲੋਂ ਦੈਤਾਂ ਨੂੰ ਸੰਘਾਰ ਕੇ ਦੇਵਾਂ ਨੂੰ ਰਾਜ ਦਿਵਾਉਣ ਦੀ ਗੱਲ ਕਰਦੇ ਹਨ। ਦੋਵੇਂ ਕਵੀ ਉਸੇ ਪ੍ਰਸੰਗ ਨੂੰ ਮੁਗਲਾਂ ਅਤੇ ਸਿੱਖਾਂ ਉੱਪਰ ਢੁਕਾਉਣ ਦਾ ਯਤਨ ਕਰਦੇ ਹਨ :

ਜਾਸ ਹਨ੍ਯੋ ਮਹਿਖਾਸਰ ਦਾਨਵ ਸੁੰਭ ਨਿਸੁੰਭ ਕੀ ਦੇਹ ਗਵਾਈ।
ਆਦਿ ਹਨੇ ਜੰਭ ਔ ਮਧੁ ਕੀਟਭ ਬਾਸਵ ਕੇ ਸਿਰ ਛਤ੍ਰ ਫਿਰਾਈ।
ਸੋ ਤਵ ਰਛਨ ਕੋ ਜਗ ਨਾਇਕ ਭਛਨ ਕਾਜ ਮਲੇਛਨ ਧਾਈ॥[18]

ਕੁਇਰ ਸਿੰਘ ਅਨੁਸਾਰ ਦੇਵੀ ਨੇ ਗੁਰੂ ਜੀ ਨੂੰ ਤੁਰਕਾਂ ਦੇ ਖਾਤਮੇ ਲਈ ਉਹੀ ਖੰਡਾ ਦਿੱਤਾ ਜਿਸ ਨਾਲ ਦੇਵੀ ਨੇ ਸੁੰਭ ਅਤੇ ਨਿਸੁੰਭ ਨੂੰ ਮਾਰਿਆ ਸੀ :

ਜੈਸ ਬਿਧੰ ਹਰਿ ਸੰਕਰ ਮੋ ਸੁਤ, ਤੈਸ ਤੁਹੀ ਨਿਰਬਾਨ ਸਦਾ ਹੀ।
ਯੌ ਕਹਿ ਖੰਡਾ ਦੀਓ ਪਹਿਰਾਇ ਕੈ, ਜਾਇ ਸੋ ਸੁੰਭ ਨਿਸੁੰਭ ਹਤਾਹੀ॥[19]

ਇਸੇ ਤਰ੍ਹਾਂ ਹੀ ਕਵੀ ਸੁੱਖਾ ਸਿੰਘ ਨੇ ਦੇਵੀ ਪੂਜਾ ਨੂੰ ਤਰਕ ਸੰਗਤ ਵਿਖਾਉਣ ਲਈ ਇੱਕ ਹੋਰ ਕੁਤਰਕ ਪੇਸ਼ ਕਰ ਦਿੱਤਾ ਹੈ। ਕਵੀ ਅਨੁਸਾਰ ਖੜਗਧੁਜ ਖਾਲਸੇ ਦਾ ਪਿਤਾ ਹੈ ਅਤੇ ਦੇਵੀ ਖਾਲਸੇ ਦੀ ਮਾਤਾ। ਔਲਾਦ ਲਈ ਮਾਤਾ-ਪਿਤਾ ਦੋਹਾਂ ਦਾ ਹੋਣਾ ਜਰੂਰੀ ਹੈ। ਇਸ ਲਈ ਗੁਰੂ ਜੀ ਖਾਲਸਾ ਪੈਦਾ ਕਰਨ ਲਈ ਖੜਗਧੁਜ ਪਿਤਾ ਦੇ ਨਾਲ-ਨਾਲ ਦੇਵੀ ਮਾਤਾ ਦੀ ਪੂਜਾ ਕਰਦੇ ਹਨ :

ਮਾਤਾ ਕੇ ਚਿਤ ਮਹਿ ਮਨ ਮਾਨਿਯੋ। ਪਿਤਾ ਖੜਗ ਧਵਜ ਔਰ ਨ ਜਾਨਿਯੋ।
ਮਾਤਾ ਪਿਤਾ ਬਿਨ ਪੂਤ ਜੁ ਹੋਈ। ਤਾਕੋ ਸਭ ਨਿੰਦਤ ਹੈ ਲੋਈ॥
ਤਾਂਤੇ ਇਹ ਗੁਰ ਦੋਊ ਮਨਾਏ। ਤੋ ਅਸ ਪੂਤ ਖਾਲਸ ਪਾਏ।
ਯਾਤੇ ਕਰੀ ਸਕਤ ਕੀ ਪੂਜਾ। ਪਿਤਾ ਅਸਧੁਜ ਮਾਨਿਯੋ ਨਹੀ ਦੂਜਾ॥[20]

ਪਰ ਕਵੀ ਦਾ ਇਹ ਤਰਕ 'ਗੁਰ ਦਰਸ਼ਨ' ਸਿਧਾਂਤ ਦੇ ਉਲਟ ਸਾਬਤ ਹੁੰਦਾ ਹੈ। ਗੁਰਬਾਣੀ

---

[17] ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, *ਕ੍ਰਿਸ਼ਨਾਵਤਾਰ,* ਪੋਥੀ ਦੂਜੀ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1982, ਪੰਨਾ 798. "ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ॥
ਅਵਰ ਬਾਸਨਾ ਨਾਂਹਿ ਪ੍ਰਭ ਧਰਮ ਜੁਧ ਕੇ ਚਾਇ॥"

[18] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 18, ਪੰਨਾ 147.

[19] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 108, ਪੰਨਾ 102.

[20] ਉਹੀ, ਛੰਦ 47-48, ਪੰਨਾ 149.

ਅਨੁਸਾਰ ਅਕਾਲ ਪੁਰਖ ਲਿੰਗ-ਭੇਦ ਤੋਂ ਮੁਕਤ ਹੈ। ਉਹੀ ਪਿਤਾ ਅਤੇ ਮਾਤਾ ਹੈ :

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥[21]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ ਵਿਚ ਆਪਣਾ ਪਿਤਾ ਅਕਾਲ ਪੁਰਖ ਨੂੰ ਦੱਸਿਆ ਹੈ। ਆਪ ਨੇ 'ਅਕਾਲ ਪੁਰਖ' ਤੋਂ ਵੱਖਰੀ ਕਿਸੇ ਮਾਤਾ ਦਾ ਜ਼ਿਕਰ ਨਹੀਂ ਕੀਤਾ। ਗੁਰੂ ਜੀ ਨੇ ਸੰਸਾਰ ਵਿਚ ਧਰਮ ਦੀ ਸਥਾਪਨਾ ਅਤੇ ਖਾਲਸਾ ਪੰਥ ਦੇ ਪ੍ਰਕਾਸ਼ ਦੀ ਅਸੀਸ ਸਿਰਫ ਅਕਾਲ ਪੁਰਖ ਤੋਂ ਹੀ ਪ੍ਰਾਪਤ ਕੀਤੀ ਹੈ :

ਅਕਾਲ ਪੁਰਖ ਬਾਚ॥ ਚੌਪਈ॥
ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰ ਕਰਬੇ ਕਹ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ॥
ਕਬਿਬਾਚ ॥ਦੋਹਰਾ॥
ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ।
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥
ਚੌਪਈ॥
ਇਹ ਕਾਰਨਿ ਪ੍ਰਭ ਮੋਹਿ ਪਠਾਯੋ। ਤਬ ਮੈ ਜਗਤਿ ਜਨਮੁ ਧਰਿ ਆਯੋ ...
ਮੈ ਹੋ ਪਰਮ ਪੁਰਖ ਕੋ ਦਾਸਾ। ਦੇਖਨਿ ਆਯੋ ਜਗਤ ਤਮਾਸਾ॥[22]

ਉਪਰੋਕਤ ਵਿਚਾਰ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬੇਸ਼ਕ ਕੁਇਰ ਸਿੰਘ ਅਤੇ ਸੁੱਖਾ ਸਿੰਘ ਦੇਵੀ ਮਾਤਾ ਦੀ ਪੂਜਾ ਦਾ ਪ੍ਰਸੰਗ ਪੇਸ਼ ਕਰ ਰਹੇ ਹਨ ਪਰ ਉਹ ਦੇਵੀ ਦੇ ਤੱਤ ਸਰੂਪ ਬਾਰੇ ਸਪਸ਼ਟ ਨਹੀਂ ਹਨ ਸਗੋਂ ਦੇਵੀ ਨੂੰ ਕਦੀ ਵਿਸ਼ਨੂੰ ਦਾ ਅਵਤਾਰ, ਕਦੀ ਅਕਾਲ ਪੁਰਖ ਦੀ ਸ਼ਕਤੀ ਅਤੇ ਕਦੀ ਖੁਦ ਕਰਤਾ ਪੁਰਖ ਦੇ ਰੂਪ ਵਿਚ ਚਿਤਵਦੇ ਹਨ। ਭਾਈ ਵੀਰ ਸਿੰਘ ਕਵੀਆਂ ਦੀ ਇਸ ਉਲਝਣ ਬਾਰੇ ਲਿਖਦੇ ਹਨ "ਹੁਣ ਵਿਚਾਰ ਯੋਗ ਇਹ ਬਾਤ ਹੈ ਇੱਕ ਪਾਸੇ ਤਾਂ ਅਸਲੀ ਰੂਪ ਵਿਚ ਮਿਰਜਾਪੁਰ ਦੇ ਲਾਗਲਾ ਵਿੰਧਿਆ ਦਾ ਮੰਦਰ ਅਤੇ ਕਲਕੱਤੇ ਵਿਚ ਕਾਲੀ ਬਾੜੀ ਦੇ ਮੰਦਰਾਂ ਦੀ ਭੈਅਦਾਇਕ ਦਸ਼ਾ ਤੇ ਦੇਵੀ ਦਾ ਬੁੱਤ ਹੈ ਤੇ ਦੇਵੀ ਪੂਜਾ ਦੇ ਨਾਮ ਤੇ ਤਾਂਤ੍ਰਿਕ ਰਸਮਾਂ ਤੇ ਹੋਰ ਜਾਦੂ ਟੂਣੇ ਆਦਿਕ ਵਹਿਮੀ ਕੰਮ ਹਨ, ਦੂਜੇ ਪਾਸੇ ਉੱਪਰ ਦੱਸੀ 'ਖਯਾਲੀ ਦੇਵੀ' ਦੀ ਬਾਬਤ ਕਥੇ ਖਿਆਲ ਹਨ। ਦੋਵੇਂ ਇੱਕ ਅਚਰਜ ਵਿਰੋਧੀ ਭਾਵ ਹਨ,

---

[21] ਸ੍ਰੀ ਗੁਰੂ ਗ੍ਰੰਥ ਸਾਹਿਬ, *ਮਾਝ ਮਹਲਾ ੫*, ਪੰਨਾ 103.

[22] ਰਣਧੀਰ ਸਿੰਘ, ਸ਼ਬਦਾਰਥ ਦਸਮ ਗ੍ਰੰਥ ਸਾਹਿਬ, *ਬਚਿਤ੍ਰ ਨਾਟਕ*, ਪੋਥੀ ਪਹਿਲੀ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1973, ਪੰਨਾ 73.

ਜਿਨ੍ਹਾਂ ਵਿਚ ਅਮਿਣਵਾਂ ਫਾਸਲਾ ਹੈ। ਸੋਚ ਕਰਨ ਵਾਲਾ ਕੀ ਸੋਚ ਕਰੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਵੀਆਂ ਦੇ ਲਿਖੇ ਮੂਜਬ ਕਿਸ ਦਾ ਆਹਵਾਨ ਕੀਤਾ, ਕਿਉਂਕਿ ਗੁਰਬਿਲਾਸ ਅਤੇ ਗੁਰਪ੍ਰਤਾਪ ਸੂਰਜ ਆਦਿਕਾਂ ਦੇ ਲੇਖਕ ਸਾਰੇ ਖਿਆਲਾਂ ਦੀ ਖਿਚੜੀ ਜੇਹੀ ਪੇਸ਼ ਕਰਦੇ ਹਨ।"[23]

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਦੇਵੀ ਪੂਜਾ ਦੇ ਪ੍ਰਸੰਗ ਵਿਚ ਇੱਕ ਹੋਰ ਆਪਾ-ਵਿਰੋਧੀ ਵਿਚਾਰ ਪੇਸ਼ ਕੀਤਾ ਹੈ। ਇਹ ਸਮੱਸਿਆ ਗੁਰੂ ਦੇ ਸਮਰੱਥ ਹੋਣ ਅਤੇ ਦੇਵੀ ਦੀ ਸੀਮਤ ਸਮਰੱਥਾ ਬਾਰੇ ਹੈ। ਕੁਇਰ ਸਿੰਘ ਲਿਖਦਾ ਹੈ ਕਿ ਦੇਵੀ ਸ਼ਾਰਦਾ ਤਾਂ ਗੁਰੂ ਜੀ ਦੀ ਉਪਮਾ ਬਿਆਨ ਕਰਨ ਦੇ ਯੋਗ ਵੀ ਨਹੀਂ ਹੈ:

ਯਾ ਬਿਧ ਤਾ ਮਹਮਾ ਅਤਿ ਭਾਰੀ। ਥਕਤ ਸਾਰਦਾ ਮੋ ਮਤਿ ਬਾਰੀ॥[24]

ਕਵੀ ਸੁੱਖਾ ਸਿੰਘ ਦੇਵੀ ਨੂੰ ਗੁਰੂ ਤੇਗ ਬਹਾਦਰ ਜੀ ਤੋਂ ਡਰਦੀ ਹੋਈ ਦੱਸਦਾ ਹੈ :

ਦੀਪਕ ਦੀਪ ਕਲਸ ਜਗ ਥੰਭਾ। ਨਿਰਖਤ ਜਾਹਿ ਡਰਿਤ ਜਗਦੰਭਾ।
ਸਾਗਰ ਸੀਹ ਧਉਲ ਧਰਿ ਧਰਤਾ। ਤੇਗ ਬਹਾਦਰ ਸ੍ਰੀ ਗੁਰ ਕਰਤਾ॥[25]

ਕਵੀ ਸੁੱਖਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਦੀ ਪ੍ਰਭੁਤਾ ਦੇਵੀ ਸ਼ਾਰਧਾ, ਸ਼ਿਵ ਅਤੇ ਕ੍ਰਿਸ਼ਨ ਤੋਂ ਬਹੁਤ ਵੱਧ ਹੈ :

ਪੋਥੀ ਗ੍ਰੰਥ ਸਾਰਦਾ ਸਿਵਾ। ਚਤੁਰਾਨਨ ਘਨ ਸਯਾਮ ਸੁ ਭਵਾ॥
ਤਾਤੇ ਆਗ ਬਹੁਤ ਅਧਿਕਾਈ। ਹ੍ਵੈ ਪ੍ਰਭ ਜੂ ਤੁਮਰੀ ਠੁਕਰਾਈ।[26]

ਅਜਿਹੀ ਸੂਰਤ ਵਿਚ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੋ ਦੇਵੀ ਗੁਰੂ ਦੀ ਉਪਮਾ ਕਰਨ ਦੇ ਵੀ ਸਮਰਥ ਨਹੀਂ ਹੈ ਅਤੇ ਗੁਰੂ ਜੀ ਤੋਂ ਡਰਦੀ ਹੈ ਉਸ ਦੇਵੀ ਦੀ ਪੂਜਾ ਕਰਨ ਦੀ ਗੁਰੂ ਜੀ ਨੂੰ ਕੀ ਲੋੜ ਹੈ ? ਇਸੇ ਤਰ੍ਹਾਂ ਦੇਵੀ ਪੂਜਾ ਵਾਲੇ ਪ੍ਰਸੰਗ ਵਿਚ ਹੀ ਕਵੀ ਸੁੱਖਾ ਸਿੰਘ ਦੱਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਅਕਾਲ ਪੁਰਖ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਜਿਸ ਨੂੰ ਕੋਈ ਹੋਰ ਖੁਸ਼ ਨਹੀਂ ਕਰ ਸਕਿਆ ਅਤੇ ਜਿਸ ਦੇ ਚਰਨਾ ਵਿਚ ਲੱਖਾਂ ਚੰਡੀਆਂ ਵਸਦੀਆਂ ਹਨ :

ਅਤ ਪਰਾਸੁਰ ਨਾਰਦ ਘਨੇ। ਸਿੰਙੀ ਰਿਖ ਬਕ ਦਾਲਭ ਭਨੇ।
ਕਿੰਨਰ ਜਛ ਭੁਜੰਗ ਅਪਾਰਾ। ਚੌਦਹ ਭਵਨ ਜੁ ਸਕਲ ਪਸਾਰਾ॥
ਕਈ ਕਲਪ ਜਿਨ ਜਪਤ ਬਿਤਾਏ। ਤਦਪ ਮਹਾ ਕਾਲ ਨਹੀ ਪਾਏ।

---

[23] ਵੀਰ ਸਿੰਘ, *ਦੇਵੀ ਪੂਜਨ ਪੜਤਾਲ*, ਪੰਨਾ 10.
[24] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 18, ਪੰਨਾ 49.
[25] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 83, ਪੰਨਾ 7.
[26] ਉਹੀ, ਛੰਦ 183-84, ਪੰਨਾ 212.

ਸੋ ਇਨ ਪਲ ਮੈ ਲਯੋ ਰਿਝਾਈ। ਕੋਟ ਚੰਡ ਜਿਹ ਚਰਨ ਸਮਾਈ॥[27]

ਕਵੀ ਸੁੱਖਾ ਦੇ ਕਥਨ ਅਨੁਸਾਰ ਕਰੋੜਾਂ ਚੰਡੀਆਂ ਜਿਸ ਪਰਮਾਤਮਾ ਦੇ ਚਰਨਾਂ ਵਿਚ ਵਸਦੀਆਂ ਹਨ। ਅਜਿਹੇ ਪਰਮਾਤਮਾ ਨੂੰ ਰਿਝਾਉਣ ਪਿਛੋਂ ਗੁਰੂ ਗੋਬਿੰਦ ਸਿੰਘ ਨੂੰ ਦੇਵੀ ਪੂਜਾ ਦੀ ਲੋੜ ਨਹੀਂ ਸੀ। ਗੁਰਬਾਣੀ ਫੁਰਮਾਣ ਹੈ :

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ॥[28]

ਨੈਣਾ ਦੇਵੀ ਦੇ ਅਸਥਾਨ ਤੇ ਗੁਰੂ ਜੀ ਨੇ ਕਿਸੇ ਮੂਰਤੀ ਦੀ ਪੂਜਾ ਕੀਤੀ ਹੋਵੇ ਕਵੀ ਨੇ ਇਸ ਬਾਰੇ ਕੁੱਝ ਨਹੀਂ ਦੱਸਿਆ ਪਰ ਦੇਵੀ ਪੂਜਾ ਦੀ ਰਵਾਇਤੀ ਵਿਧੀ ਮੂਰਤੀ ਪੂਜਾ ਦੀ ਹੈ। 'ਗੁਰ ਦਰਸ਼ਨ' ਵਿਚ ਮੂਰਤੀ ਪੂਜਾ ਨੂੰ ਨਕਾਰਿਆ ਗਿਆ ਹੈ। ਗੁਰਬਾਣੀ ਅਨੁਸਾਰ ਬੁੱਤ ਨੂੰ ਦੇਵ ਮੰਨਣ ਅਤੇ ਪੂਜਣ ਵਾਲਿਆਂ ਦੀ ਸੇਵਾ ਅਤੇ ਘਾਲਣਾ ਅਜਾਈਂ ਜਾਂਦੀ ਹੈ :

ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥
ਠਾਕੁਰੁ ਹਮਰਾ ਸਦ ਬੋਲੰਤਾ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥[29]

ਕਵੀ ਸੁੱਖਾ ਸਿੰਘ ਆਪਣੀ ਰਚਨਾ ਵਿਚ ਬੁੱਤ ਪੂਜਾ ਨੂੰ ਸਿੱਖ ਸਿਧਾਂਤ ਦੇ ਖਿਲਾਫ ਮੰਨਦਾ ਹੈ। ਕਵੀ ਅਨੁਸਾਰ ਦੱਖਣ ਦੇਸ ਤੋਂ ਮੁੜਦੇ ਸਮੇਂ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਵਾਪਸ ਚਲਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕੁੱਝ ਸਮਾਂ ਰੁਕਣ ਦਾ ਵਿਚਾਰ ਦੱਸਿਆ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਸ ਦੇਸ ਦੇ ਲੋਕ ਤੁਹਾਡੇ ਸਿਧਾਂਤ ਦੇ ਖਿਲਾਫ ਬੁੱਤ ਦੀ ਪੂਜਾ ਕਰਨ ਵਾਲੇ ਹਨ। ਫਿਰ ਕਿਸ ਕਾਰਨ ਆਪ ਇਥੇ ਰੁਕੇ ਹੋ :

ਸਿਖ ਸੰਤ ਤੁਮਰੋ ਇਤ ਨਾਹੀ। ਕੌਨ ਕਾਜ ਬੈਠੇ ਇਹ ਜਾਹੀ।
ਪਾਹਨ ਬੈਲ ਸਿਲਾ ਚਢ ਮੂਰਤਿ। ਪੂਜਤ ਏ ਅੰਧੇ ਮਤਿ ਧੂਰਤ॥
ਤੁਮ ਨੇ ਨਿਜ ਗ੍ਰੰਥਨ ਦਰਮਿਆਨ। ਪਾਹਨ ਰਦ ਸੁ ਕਰਿਔ ਬਖਾਨ।
ਹਮ ਕੌ ਤੁਮ ਕਈ ਬਾਰ ਉਚਾਰਾ। ਅੰਧ ਸੁ ਪੂਜਤ ਸੈਲ ਸੰਸਾਰਾ॥[30]

---

27 ਉਹੀ, ਛੰਦ 106-107, ਪੰਨਾ 153.
28 ਸ੍ਰੀ ਗੁਰੂ ਗ੍ਰੰਥ ਸਾਹਿਬ, *ਗਉੜੀ ਮਹਲਾ ੧*, ਪੰਨਾ 229.
29 ਉਹੀ, *(ਭੈਰਉ) ਮਹਲਾ ੫*, ਪੰਨਾ 1160.
30 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 124-26, ਪੰਨਾ 429.

ਦੇਵੀ ਪੂਜਾ ਦੇ ਨਾਲ-ਨਾਲ ਦੋਹਾਂ ਕਵੀਆਂ ਨੇ 'ਪਸ਼ੂ-ਬਲੀ' ਦੀ ਇੱਕ ਹੋਰ ਸਿਧਾਂਤਕ ਸਮੱਸਿਆ ਜੋੜ ਦਿੱਤੀ ਹੈ। ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਵੱਲੋਂ ਦੇਵੀ ਪੂਜਾ ਸ਼ੁਰੂ ਕਰਨ ਸਮੇਂ ਝੋਟੇ ਅਤੇ ਬੱਕਰੇ ਦੀ ਬਲੀ ਦਿੱਤੀ ਗਈ :

ਕੌਤਕ ਥਾਨ ਮੈ, ਹੋਤ ਸਥਾਨ ਮੈ, ਮਹਿਖ ਪਸੂ ਬਲਿ ਹੋਤ ਅਪਾਰੇ।
ਜੋਯ ਅਜਾਗਨ ਆਵਤ ਹੈ ਨਰ, ਕੇਤਕ ਸਾਂਤਕ ਪੂਜਨ ਧਾਰੇ॥[31]

ਅਤੇ

ਘ੍ਰਿਤ ਧੂਪ ਅਜਾ ਮਹਿਖੇ ਸੁ ਜਾਨ। ਬਲ ਦੇਤ ਚੰਡਕਾ ਲੈ ਮਹਾਨ।[32]

ਦੇਵੀ ਪੂਜਾ ਪਿੱਛੇ ਗੁਰੂ ਜੀ ਦੇ ਮਨੋਰਥ ਵੱਲ ਸੁੱਖਾ ਸਿੰਘ ਵੱਲੋਂ ਕੀਤੇ ਦੋ ਇਸ਼ਾਰੇ ਬਹੁਤ ਮਹੱਤਵਪੂਰਨ ਹਨ, ਜਿਨ੍ਹਾਂ ਅਨੁਸਾਰ ਇਹ ਗੁਰੂ ਜੀ ਦਾ ਕੌਤਕ ਮਾਤਰ ਹੈ :

ਇਹ ਭਾਂਤਿ ਬਿਚਾਰ ਦਿਯਾਰ ਤਬੈ। ਕਹ ਜਗ ਆਰੰਭਨ ਲੀਨ ਅਬੈ।
ਪ੍ਰਿਥਮੈ ਦਿਜ ਦੇਸਨ ਦੇਸ ਬੁਲੇ। ਸਬ ਆਵਤ ਭੇ ਚਲਿ ਤੌਨ ਥਲੈ॥
ਇਕ ਕੌਤਕ ਦੇਖਨ ਕਾਜ ਕਿਧੌਂ। ਕਰੁਨਾਨਿਧ ਕਾਰਜ ਕੀਨ ਸਿਧੌਂ।
ਮਥੁਰਾ ਪੁਨ ਕਾਂਸ ਪਰਾਗ ਭਨੋ। ਦਿਜ ਔਧ ਪੂਰੀ ਸੁ ਬੁਲਾਇ ਲਿਨੋ॥[33]

ਅਤੇ

ਦੇਵੀ ਦੇਵ ਕਿਤਕ ਜੋ ਆਹੀ। ਪਦ ਪੰਕਜ ਗੁਰ ਮਧਿ ਸਮਾਹੀ।
ਇਹ ਭੀ ਇਹ ਕੌਤਕ ਕੌ ਕਾਜਾ। ਕਰਤ ਚਰਿਤ੍ਰ ਗਰੀਬ ਨਿਵਾਜਾ॥[34]

ਉਪਰੋਕਤ ਬੰਦ ਵਿਚ ਕਵੀ ਦੱਸਦਾ ਹੈ ਕਿ ਸਭ ਦੇਵੀ-ਦੇਵਤਾ ਗੁਰੂ ਜੀ ਦੇ ਚਰਨਾਂ ਵਿਚ ਵੱਸਦੇ ਹਨ। ਇਸ ਕਰਕੇ ਦੇਵੀ ਪੂਜਾ ਦਾ ਪ੍ਰਸੰਗ ਗੁਰੂ ਜੀ ਦਾ ਕੌਤਕ ਮਾਤਰ ਹੈ। ਕਵੀ ਕੁਇਰ ਸਿੰਘ ਲਿਖਦਾ ਹੈ ਕਿ ਦੇਵੀ-ਦੇਵਤਾ ਤਾਂ ਗੁਰੂ ਦੇ ਚਰਨਾਂ ਦੇ ਤੁਲ ਵੀ ਨਹੀਂ ਹਨ :

ਦੇਵੀ ਦੇਵ ਕੋਟ ਬਰ ਬਾਹੀ। ਪਦ ਪੰਕਜ ਗੁਰ ਕੇ ਸਮ ਨਾਹੀ॥
ਇਹ ਭੀ ਕੌਤਕ ਕੀਨ ਹੈ, ਜੋ ਮਨ ਪਰ ਉਪਕਾਰ।
ਆਪ ਨਿਆਰੋ ਹੋਇ ਕੈ, ਧਰ ਦੇਵੀ ਸਿਰ ਭਾਰ॥[35]

---

[31] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 3, ਪੰਨਾ 91.
[32] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 5, ਪੰਨਾ 136.
[33] ਉਹੀ, ਛੰਦ 5-6, ਪੰਨਾ 126.
[34] ਉਹੀ, ਛੰਦ 46, ਪੰਨਾ 149.
[35] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਛੰਦ 56-57, ਪੰਨਾ 97.

ਕਵੀ ਕੁਇਰ ਸਿੰਘ ਵੱਲੋਂ ਦੇਵੀ ਪੂਜਾ ਪੂਰੀ ਹੋਣ ਪਿਛੋਂ ਦੇ ਪੇਸ਼ ਕੀਤੇ ਗਏ ਸਮਾਚਾਰ ਖਾਸ ਮਹੱਤਵ ਰੱਖਦੇ ਹਨ। ਇਨ੍ਹਾਂ ਸਮਾਚਾਰਾਂ ਤੋਂ ਇਸ਼ਾਰੇ ਮਿਲਦੇ ਹਨ ਕਿ ਦੇਵੀ ਪੂਜਾ ਦਾ ਪ੍ਰਸੰਗ ਗੁਰੂ ਜੀ ਦਾ ਕੌਤਕ ਸੀ। ਜਦ ਚਾਰ ਸਾਲਾਂ ਤੱਕ ਦੇਵੀ ਪਰਗਟ ਨਹੀਂ ਹੋਈ ਤਾਂ ਬ੍ਰਾਹਮਣ ਨੇ ਗੁਰੂ ਜੀ ਨੂੰ ਨਰ ਬਲੀ ਦੇਣ ਲਈ ਆਖਿਆ। ਬ੍ਰਾਹਮਣ ਅਨੁਸਾਰ ਬਲੀ ਦਿਲੇ ਹੋਏ ਮਨੁੱਖ ਨੂੰ ਬਾਅਦ ਵਿਚ ਦੇਵੀ ਜਿੰਦਾ ਕਰ ਦੇਵੇਗੀ। ਗੁਰੂ ਜੀ ਨੇ ਬ੍ਰਾਹਮਣ ਨੂੰ ਆਖਿਆ ਕਿ ਤੁਹਾਡੀ ਹੀ ਬਲੀ ਦੇ ਦਿੰਦੇ ਹਾਂ। ਗੁਰੂ ਜੀ ਦਾ ਜਵਾਬ ਸੁਣ ਕੇ ਬ੍ਰਾਹਮਣ ਡਰਦਾ ਭੱਜ ਗਿਆ :

> ਤਬੈ ਜਾਵਨੇ ਕਾਲ ਮੈ ਬਿੱਪ ਬੋਲਾ। ਮਹਾ ਗੌਰਵੰ ਧਾਰ ਕੈ ਬੈਨ ਮੋਲਾ।
> "ਕਿਸੇ ਭੇਟ ਰਾਖੋ, ਕਰੋ ਤਾ ਹਜੂਰੰ।" ਤਬੈ ਨਾਥ ਬੋਲੇ, "ਕਹੋ ਜੋਯ ਸੂਰੰ ?"॥
> ਤਿਸੇ ਭਾਖਿਯੋ, "ਦੇਗੁ ਦੇਵੀ ਜਿਵਾਏ।" ਤਬੈ ਆਪ ਬਾਨੀ ਸੁ ਐਸੇ ਅਲਾਏ।
> "ਤੁਮੈ ਮੋ ਬਿਨਾ ਔਰ ਕੋ ਪਾਸ ਧੀਰੰ ?" ਸੁਨੇ ਬੈਨ ਭਾਜਜੋ ਹਤਯੋ ਗਰਬ ਚੀਰੰ॥
> ਚਲਾ ਸੋ ਦਿਜੇਸੰ, ਇਕੰ ਨਾਥ ਰਾਜੈ। ਨਹੀ ਨੈਕੁ ਸੋਚੰ ਸਿਖੰ ਸਾਜ ਸਾਜੈ।[36]

ਉਪਰੋਕਤ ਛੰਦ ਤੋਂ ਪਤਾ ਲਗਦਾ ਹੈ ਕਿ ਦੇਵੀ ਪਰਗਟਾਉਣ ਦਾ ਦਾਵਾ ਕਰਨ ਵਾਲਾ ਬ੍ਰਾਹਮਣ ਪੂਜਾ ਵਿਚਾਲੇ ਛੱਡ ਕੇ ਭੱਜ ਗਿਆ ਸੀ। ਨੈਣਾ ਦੇਵੀ ਦੇ ਟਿੱਲੇ ਤੋਂ ਉਤਰ ਕੇ ਜਦ ਗੁਰੂ ਜੀ ਨੇ ਆਨੰਦਪੁਰ ਦੀਵਾਨ ਸਜਾਇਆ ਤਾਂ ਬਾਕੀ ਬ੍ਰਾਹਮਣ ਤਾਂ ਦਾਨ ਦੇ ਲਾਲਚ ਕਰਕੇ ਆਪੇ ਹੀ ਆ ਗਏ ਪਰ ਇੱਕ ਬ੍ਰਾਹਮਣ ਨਾ ਆਇਆ ਅਤੇ ਰੁੱਸ ਗਿਆ। ਕਵੀ ਅਨੁਸਾਰ ਇਹ ਉਹੀ ਬ੍ਰਾਹਮਣ ਹੈ ਜਿਸ ਨੇ ਦੇਵੀ ਪਰਗਟ ਕੀਤੀ ਹੈ :

> ਸਭ ਹੀ ਆਪ ਹੀ ਆਪ ਸੁ ਆਏ। ਦਖ ਨਾ ਕੋ ਗੁਰ ਲੋਭ ਦਿਖਾਏ।
> ਏਕ ਬਿੱਪ ਨਹਿ ਤਾ ਮੈ ਆਵਾ। ਜਾ ਕੋ ਦੇਵੀ ਦਰਸ ਦਿਖਾਵਾ।
> "ਮੋਨੇ ਦੇਵੀ ਪੂਜ ਕਰਾਵਾ। ਮੋ ਕੋ ਗੁਰ ਅਬ ਨਾਹਿ ਬੁਲਾਵਾ"॥[37]

ਅਨੁਮਾਨ ਹੁੰਦਾ ਹੈ ਇਹ ਉਹੀ ਬ੍ਰਾਹਮਣ ਹੈ ਜੋ ਪੂਜਾ ਵਿਚਾਲੇ ਛੱਡ ਕੇ ਭੱਜਿਆ ਸੀ ਅਤੇ ਹੁਣ ਆਪਣੇ ਪਖੰਡ ਦਾ ਪਰਦਾ ਚੁਕਿਆ ਵੇਖ ਕੇ ਰੁੱਸ ਬੈਠਾ ਹੈ। ਇਸ ਥਾਂ ਪਹੁੰਚ ਕੇ ਕੁਇਰ ਸਿੰਘ ਦਾ ਬਿਆਨ ਆਪਾ ਵਿਰੋਧੀ ਬਣ ਜਾਂਦਾ ਹੈ। ਜੇਕਰ ਬ੍ਰਾਹਮਣ ਬਲੀ ਦੇਣ ਵਾਲੀ ਗੱਲ ਤੇ ਭੱਜ ਗਿਆ ਸੀ ਅਤੇ ਦੇਵੀ ਪਰਗਟ ਹੋਣ ਸਮੇਂ ਗੁਰੂ ਜੀ ਇਕੱਲੇ ਹੀ ਸਨ ਤਾਂ ਬ੍ਰਾਹਮਣ ਨੇ ਦੇਵੀ ਪਰਗਟ ਕੀਤੀ ਇਹ ਵਿਚਾਰ ਹੀ ਗਲਤ ਜਾਪਦਾ ਹੈ। ਦੂਜੇ ਪਾਸੇ ਜੇਕਰ ਬ੍ਰਾਹਮਣ ਨੇ ਹੀ ਦੇਵੀ ਪਰਗਟ ਕੀਤੀ ਸੀ ਤਾਂ ਗੁਰੂ ਜੀ ਨੇ ਉਸ ਨੂੰ ਵਿਸਾਰ

---

[36] ਉਹੀ, ਛੰਦ 99-101, ਪੰਨਾ 100.
[37] ਉਹੀ, ਛੰਦ 95, ਪੰਨਾ 116.

ਕਿਉਂ ਦਿੱਤਾ :

ਤਾਵਤ ਕਾਲ ਭਏ ਸਿਖ ਕੇਤਕ, ਬਿਪ੍ਰ ਬੁਲਾਇ ਰਹੈ ਕਹਿ ਐਸੇ।

"ਰਾਜ 'ਰੁ ਭਾਗ ਗੁਰੂ ਪਦ ਦੇਵਤ, ਤਾਹਿ ਕਹਜੋ ਤੁਮਰੇ ਕਰ ਕੈਸੇ ?

ਹਮਰੇ ਬਿਨ ਨਾ ਪ੍ਰਸਾਦਿ ਬਟੈ, ਤੁਮਰੇ ਕਰ ਕੋਸ ਅਹੈ ਬਿਧਿ ਤੈਸੇ ?[38]

ਰੁੱਸੇ ਹੋਏ ਬ੍ਰਾਮਣ ਨੂੰ ਬੁਲਾਉਣ ਲਈ ਗੁਰੂ ਜੀ ਨੇ ਸਿੱਖਾਂ ਨੂੰ ਭੇਜਿਆ ਪਰ ਉਹ ਨਾ ਮੰਨਿਆ। ਬ੍ਰਾਹਮਣ ਦਾ ਹੱਠ ਵੇਖ ਕੇ ਗੁਰੂ ਜੀ ਨੇ ਬ੍ਰਾਹਮਣਾਂ ਨੂੰ ਜਨਮ, ਮਰਣ ਅਤੇ ਵਿਆਹ ਆਦਿ ਸੰਸਕਾਰਾਂ/ਸਮਾਗਮਾਂ ਵਿਚ ਸੱਦਣ ਦੀ ਮਨਾਹੀ ਕਰ ਦਿੱਤੀ :

ਜਨਮੰ ਮਰਨੰ ਪੁਨਿ ਬਜਾਹਨ ਮੋ, ਬਿਨ ਬਿੱਪ੍ਰਨ ਪੂਜ ਕਰੋ ਜਗ ਭਾਨੀ।

ਬਿਪ੍ਰ ਸੁ ਖਾਲਸਾ ਤਾਹਿ ਛਕੇ, ਤਿਹ ਪੇਖ ਗੁਰੂ ਕਹਿ ਕੀ ਅਸ ਬਾਨੀ॥

ਬ੍ਰਾਹਮਣ ਸਿੱਖਾਂ ਨੂੰ ਨੀਵੀਆਂ ਜਾਤਾਂ ਦੇ ਮੰਨਦਾ ਸੀ ਪਰ ਗੁਰੂ ਜੀ ਨੇ ਬ੍ਰਾਹਮਣ ਦਾ ਪਖੰਡ ਉਜਾਗਰ ਕਰਕੇ ਸਿੱਖਾਂ ਨੂੰ ਵਡਿਆਈ ਦੇ ਅਸਲ ਹੱਕਦਾਰ ਦੱਸਿਆ। ਗੁਰੂ ਜੀ ਨੇ ਫੁਰਮਾਇਆ ਕਿ ਇਨ੍ਹਾਂ ਸਿੱਖਾਂ ਤੋਂ ਮੇਰਾ ਤਨ, ਮਨ ਅਤੇ ਧਨ ਸਭ ਕੁੱਝ ਕੁਰਬਾਣ ਹੈ :

ਸ੍ਰੀ ਮੁਖ ਵਾਕ ਪਾਤਿਸਾਹੀ ੧੦ ॥ਸਵੈਯਾ॥

ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ।

ਦਾਨ ਦਯੋ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ।

ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ।

ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥[39]

ਗੁਰੂ ਜੀ ਦਾ ਹੁਕਮ ਸੁਣ ਕੇ ਬ੍ਰਾਹਮਣ ਈਰਖਾ ਦੀ ਅੱਗ ਵਿਚ ਸੜਨ ਲੱਗੇ ਅਤੇ ਉਨ੍ਹਾਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਗਈ :

ਚਟ ਪਟਾਇ ਚਿਤ ਮੈ ਜਰਜੋ, ਤ੍ਰਿਣ ਜਜੋਂ ਕ੍ਰੁੱਧਿਤ ਹੋਇ।

ਖੋਜ ਰੋਜ ਕੇ ਹੇਤ ਲਗ ਦਯੋ ਮਿਸ੍ਰ ਜੂ ਰੋਇ॥

ਕੁਇਰ ਸਿੰਘ ਅਨੁਸਾਰ ਗੁਰੂ ਜੀ ਨੇ ਬ੍ਰਾਹਮਣਾਂ ਅਤੇ ਸਿੱਖਾਂ ਸੰਬੰਧੀ ਤਿੰਨ ਸਵਈਏ ਉਚਾਰਨ

---

[38] ਉਹੀ, ਛੰਦ 97, ਪੰਨਾ 116.

[39] ਉਹੀ, ਛੰਦ, ਪੰਨਾ 116. ਇਹ ਛੰਦ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚੋਂ ਲਏ ਹਨ। ਦੇਖੋ :- ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਰਣਧੀਰ ਸਿੰਘ, *ਅਸਫੋਟਕ ਕਬਿੱਤ,* ਪੋਥੀ ਤੀਜੀ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1988, ਪੰਨਾ 1223.

ਕੀਤੇ।[40] ਇਨ੍ਹਾਂ ਛੰਦਾਂ ਤੋਂ ਸਾਫ ਸਿਧ ਹੁੰਦਾ ਹੈ ਕਿ ਦੇਵੀ ਪਰਗਟ ਕਰਨ ਵਿਚ ਬ੍ਰਾਹਮਣ ਅਸਫਲ ਰਹੇ ਹਨ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਸਖਤ ਤਾੜਨਾ ਕੀਤੀ ਹੈ। ਦੂਜੇ ਪਾਸੇ ਮੰਨ ਲਵੋ ਜੇਕਰ ਬ੍ਰਾਹਮਣ ਨੇ ਦੇਵੀ ਪਰਗਟਾਈ ਹੁੰਦੀ ਤਾਂ ਜਰੂਰ ਹੀ ਗੁਰੂ ਸਾਹਿਬ ਪੰਥ ਵਿਚ ਉਨ੍ਹਾਂ ਦਾ ਮਾਣ-ਤਾਣ ਸਭ ਤੋਂ ਉੱਚਾ ਰੱਖਦੇ। ਇਸ ਕਰਕੇ ਸਪਸ਼ਟ ਹੁੰਦਾ ਹੈ ਕਿ ਦੇਵੀ ਪੂਜਾ ਦਾ ਪ੍ਰਸੰਗ ਗੁਰੂ ਜੀ ਵੱਲੋਂ ਬ੍ਰਾਹਮਣਾਂ ਦਾ ਪਖੰਡ ਦੂਰ ਕਰਨ ਦਾ ਇੱਕ ਕੌਤਕ ਮਾਤਰ ਹੈ।

'ਗੁਰਬਿਲਾਸ ਪਤਸ਼ਾਹੀ ੧੦' ਦੇ ਕਵੀਆਂ ਵੱਲੋਂ ਪੇਸ਼ ਕੀਤੀ ਗਈ 'ਦੇਵੀ ਪੂਜਾ' ਦੇ ਸੰਬੰਧ ਵਿਚ ਮਦਨਜੀਤ ਕੌਰ ਦਾ ਮੱਤ ਹੈ "We, therefore, conclude that the story of Devi Worship has to be rejected as a myth and as an unreality both on the basis of the historical and the ideological evidence."[41] ਪਰ ਇਸ ਦੇ ਨਾਲ ਹੀ ਮਦਨਜੀਤ ਕੌਰ ਨੇ ਦੇਵੀ ਪੂਜਾ ਦਾ ਪ੍ਰਸੰਗ ਪੇਸ਼ ਕਰਨ ਵਿਚ ਕਵੀ ਦੇ ਨਿਜੀ ਹਿਤ ਅਤੇ ਇੱਛਾ (ਅਚੇਤ ਜਾਂ ਸੁਚੇਤ) ਸ਼ਾਮਲ ਹੋਣ ਦਾ ਵੀ ਦੋਸ਼ ਲਾਇਆ ਹੈ। ਉਨ੍ਹਾਂ ਦਾ ਵਿਚਾਰ ਹੈ "The story has, thus, to be considered as only a figment of the imagination of writers who due to their background of Hindu mythology revelled in the creation of myths, and thought them to be very potent for the fulfilment of their prejudices or beliefs."[42] ਪਰ ਮਦਨਜੀਤ ਕੌਰ ਦੇ ਕਥਨ ਨਾਲ ਪੂਰੇ ਤੌਰ ਤੇ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਇਹ ਪ੍ਰਸੰਗ ਕਵੀਆਂ ਦੀ ਸੁਚੇਤ ਅੰਤਰ-ਭਾਵਨਾ ਦਾ ਨਤੀਜਾ ਸਾਬਤ ਨਹੀਂ ਹੁੰਦਾ। ਜੇਕਰ ਕਵੀ ਦੇ ਮਨ ਵਿਚ ਕੋਈ ਸ਼ਰਾਰਤ ਹੁੰਦੀ ਤਾਂ ਉਹ ਬ੍ਰਾਹਮਣ ਦਾ ਪੂਜਾ ਛੱਡ ਕੇ ਭੱਜ ਜਾਣਾ ਅਤੇ ਗੁਰੂ ਜੀ ਵੱਲੋਂ ਸਨਮਾਨ ਨਾ ਕੀਤੇ ਜਾਣ ਤੇ ਰੋਣਾ ਆਦਿ ਤੱਥਾਂ ਤੋਂ ਪਾਸਾ ਵੱਟ ਸਕਦਾ ਸੀ ਪਰ ਕਵੀ ਨੇ ਅਜਿਹਾ ਨਹੀਂ ਕੀਤਾ। ਰਚਨਾ ਅੰਦਰਲੀ ਗਵਾਹੀ ਤੋਂ ਇਹ ਪ੍ਰਸੰਗ ਕਵੀਆਂ ਦੀ ਅਧੂਰੀ ਜਾਣਕਾਰੀ, ਤੁਰਕ ਨਾਸ ਦੀ ਉਤੇਜਨਾ, ਕਵੀ ਮਨ ਦੀ ਉਡਾਰੀ ਅਤੇ ਕੁੱਝ ਸਿਧਾਂਤਕ ਅਸਪਸ਼ਟਤਾ ਦਾ ਨਤੀਜਾ ਸਾਬਤ ਹੁੰਦਾ ਹੈ। ਕਵੀ ਸੁੱਖਾ ਸਿੰਘ ਨੇ ਦੇਵੀ ਪੂਜਾ ਵਾਲੇ ਪ੍ਰਸੰਗ ਦੇ ਅੰਤ ਵਿਚ ਆਪਣਾ ਪੱਖ ਪੇਸ਼ ਕਰਦਿਆਂ ਪਾਠਕ ਤੋਂ ਕਿਸੇ ਤਰ੍ਹਾਂ ਦੀ ਹੋਈ ਭੁੱਲ ਦੀ ਮਾਫ਼ੀ ਮੰਗੀ ਹੈ। ਕਵੀ ਅਨੁਸਾਰ ਇਹ ਕਥਾ ਉਸ ਨੇ ਜਿਵੇਂ ਸੁਣੀ ਉਸੇ ਤਰ੍ਹਾਂ ਹੀ ਬਿਆਨ ਕਰ ਦਿੱਤੀ ਹੈ :

---

40 ਉਹੀ, ਪੰਨਾ 117. *(ਯਾਬਿਧਿ ਤੀਨ ਸਵੈਯੈ ਗੁਰੂ ਜੀ ਕਹੈ॥)*

41 Madanjit Kaur, 'Devi Worship Story – A Critique', Kharak Singh (Edt.), *Fundamental Issues in Sikh Studies*, Chandigarh: Institute of Sikh Studies, 1992, p 177.

42 Ibid., p 176.

ਜਿਹ ਭੂਲ ਭਈ ਕਵ ਸੋਧ ਧਰੋ। ਇਸ ਬਾਲਕ ਪੈ ਜਿਨ ਕੋਪ ਕਰੋ॥

ਨਹੀ ਪੰਡਿਤ ਮੈ ਨਾ ਗੁਨੀ ਕਬਿ ਨਾ। ਨਾ ਗੁਰ ਬਾਲਕ ਜੀਵ ਪਰ੍ਯੋ ਸਰਨਾ।

ਕਾਰਨ ਇਹ ਪ੍ਰੇਮ ਕਹੀ ਜੁ ਕਥਾ। ਗੁਰ ਦੀਨ ਦਯਾਲ ਕੀ ਜਾਨ ਜਥਾ॥

ਪ੍ਰਗਟ ਕਥਾ ਜਿਮ ਜਗਤ ਮੈ ਗਾਵਤ ਗੁਨੀ ਸੁ ਧੀਰ।

ਤਿਹ ਪ੍ਰਸਾਦਿ ਬਰਨਨ ਕਰੀ ਤੈਸ ਭਾਂਤਿ ਇਨ ਕੀਰ॥[43]

ਅੰਤ ਵਿਚ ਦੇਵੀ ਪੂਜਾ ਦੇ ਸਵਾਲ ਤੇ ਭਾਈ ਵੀਰ ਸਿੰਘ ਦੇ ਵਿਚਾਰ ਨੂੰ ਵਧੇਰੇ ਠੀਕ ਜਾਪਦਾ ਹੈ। ਭਾਈ ਵੀਰ ਸਿੰਘ ਨੇ ਸੁੱਖਾ ਸਿੰਘ ਵੱਲੋਂ ਪੇਸ਼ ਕੀਤੇ ਗਏ ਕੌਤਕ ਦੇ ਵਿਚਾਰ ਤੋਂ ਅਨੁਮਾਨ ਲਗਾਇਆ ਹੈ ਕਿ ਸ਼ਾਇਦ ਇਹ ਕੌਤਕ ਗੁਰੂ ਜੀ ਨੇ ਸ਼ਾਕਤ ਮੱਤੀਆਂ ਦੀ ਦੇਵੀ ਪਰਗਟਾਉਣ ਦੀ ਜਿਦ ਵੇਖਕੇ ਉਨ੍ਹਾਂ ਦਾ ਪਖੰਡ ਉਜਾਗਰ ਕਰਨ ਹਿਤ ਤਮਾਸ਼ੇ ਵਜੋਂ ਹੀ ਕੀਤਾ ਹੋਵੇ। ਗੁਰੂ ਜੀ ਨੇ ਪੂਜਾ ਸਮਗਰੀ ਦੇ ਦਿੱਤੀ ਅਤੇ ਅੰਤ ਵਿਚ ਦੇਵੀ ਪਰਗਟ ਨਾ ਹੋਣ ਤੇ ਸ੍ਰੀ ਸਾਹਿਬ ਨੂੰ ਹੀ ਪ੍ਰਤੱਖ ਸ਼ਕਤੀ ਦਿਖਾਇਆ ਹੋਵੇ।[44]

**2 ਨਸ਼ਾ :** ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਨਸ਼ੇ ਦਾ ਸੇਵਨ ਕਰਦੇ ਹੋਏ ਵਿਖਾਉਣਾ 'ਗੁਰਬਿਲਾਸ ਪਾਤਸ਼ਾਹੀ ੧੦' ਦੀਆਂ ਸਿਧਾਂਤਕ ਸੀਮਾਵਾਂ ਵਿਚੋਂ ਇੱਕ ਹੈ। ਕੁਇਰ ਸਿੰਘ ਨੇ ਦੇਵੀ ਪੂਜਾ ਵਾਲੇ ਪ੍ਰਸੰਗ ਵਿਚ ਗੁਰੂ ਜੀ ਨੂੰ ਅੰਨ ਭੋਜਨ ਤਿਆਗ ਕੇ ਸਿਰਫ ਪਾਣੀ ਅਤੇ ਅਮਲ ਦਾ ਹੀ ਸੇਵਨ ਕਰਦਿਆਂ ਵਿਖਾਇਆ ਹੈ :

ਜਲ ਅਰ ਅਮਲ ਏਹ ਕਰੇ ਅਹਾਰਾ। ਪਰ ਉਪਕਾਰ ਏਕ ਮਨ ਪਜਾਰਾ॥[45]

ਕਵੀ ਸੁੱਖਾ ਸਿੰਘ ਨੇ ਆਪਣੀ ਰਚਨਾ ਵਿਚ ਨਸ਼ੇ ਕਰਨ ਦਾ ਜ਼ਿਕਰ ਕੁਇਰ ਸਿੰਘ ਨਾਲੋਂ ਵਧੇਰੇ ਕੀਤਾ ਹੈ। ਕਵੀ ਅਨੁਸਾਰ ਦੱਤਾ ਨੰਦ ਨੂੰ ਬਾਗ ਵਿਚ ਮਿਲਣ ਜਾਣ ਸਮੇਂ ਗੁਰੂ ਜੀ ਨੇ ਅਫੀਮ ਦਾ ਸੇਵਨ ਕੀਤਾ :

ਬਿਸੈ ਫੀਮ ਖਾਈ। ਸੁਚੇਤਾ ਕਰਾਈ॥

ਗਏ ਤੌਨ ਥਾਨੀ। ਜਿਤੈ ਥੋ ਦਿਜਾਨੀ।[46]

ਕਵੀ ਸੁੱਖਾ ਸਿੰਘ ਨੇ ਇੱਕ ਖੋਤੇ ਨੂੰ ਸ਼ੇਰ ਦੀ ਖੱਲ ਪਾਏ ਜਾਣ ਦੀ ਸਾਖੀ ਲਿਖੀ ਹੈ। ਕਵੀ ਅਨੁਸਾਰ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸ਼ੇਰ ਨੂੰ ਮਾਰੋ। ਕਵੀ ਅਨੁਸਾਰ ਗੁਰੂ ਜੀ ਨੇ

---

43 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 168-70, ਪੰਨਾ 159.
44 ਵੀਰ ਸਿੰਘ, *ਦੇਵੀ ਪੂਜਨ ਪੜਤਾਲ,* ਪੰਨਾ 35-36.
45 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 55, ਪੰਨਾ 97.
46 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 75-76, ਪੰਨਾ 131.

ਲੋਕਾਂ ਦੀ ਬੇਨਤੀ ਸੁਣ ਕੇ ਤਿਆਰੀ ਦਾ ਹੁਕਮ ਦਿੱਤਾ ਅਤੇ ਅਫੀਮ ਮੰਗਵਾਈ :

ਚਰੋ ਤਾਸ ਮਾਰੋ। ਪ੍ਰਜਾ ਤ੍ਰਾਸ ਟਾਰੋ।
ਸੁਨੀ ਵਾਕ ਪਾਈ। ਅਫੀਮੰ ਮੰਗਾਈ॥[47]

ਦੇਵੀ ਪੂਜਾ ਕਰਦਿਆਂ ਕਵੀ ਨੇ ਲਿਖਿਆ ਹੈ ਕਿ ਗੁਰੂ ਜੀ ਅਫੀਮ ਮੰਗਵਾਉਦੇ ਹਨ, ਆਪ ਖਾਂਦੇ ਹਨ ਅਤੇ ਹੋਰਾਂ ਨੂੰ ਵੀ ਖਵਾਉਂਦੇ ਹਨ :

ਕਛੂ ਕਾਲ ਨਿਜ ਕਰੈ ਅਰਾਮਾ। ਫਿਰ ਸੁਚੈਤ ਹੋਵੈ ਬਲ ਧਾਮਾ।
ਬਿਜਯਾ ਧਰਤ ਛਤ ਅਮਲ ਮੰਗਾਵੈ। ਆਪ ਅਚੈ ਪੁਨ ਅਵਰ ਦਿਆਵੈ॥[48]

ਨਰਾਤਿਆਂ ਦੀ ਪੂਜਾ ਸਮੇਂ ਵੀ ਕਵੀ ਨੇ ਸ਼ਰਾਬ ਅਤੇ ਭੰਗ ਖਾਣ ਬਾਰੇ ਲਿਖਿਆ ਹੈ :

ਮਦਰਾ ਬਿਜੀਆ ਖਾਂਡ ਮਿਲਾਈ। ਕਰ ਤਰਨਾਮ੍ਰਿਤ ਗਾਗਰ ਪਾਈ।
ਲੈ ਨਿਜ ਭੇਟ ਕਾਲਕਾ ਦੀਨੇ। ਜੈ ਭਵਾਨਿ ਉਚਰਤ ਪਰਬੀਨੇ॥[49]

ਕੁਇਰ ਸਿੰਘ ਸ਼ਰਾਬੀ ਹਾਥੀ ਦਾ ਮੁਕਾਬਲਾ ਕਰਨ ਜਾ ਰਹੇ ਭਾਈ ਬਚਿੱਤਰ ਸਿੰਘ ਵੱਲੋਂ ਅਫੀਮ ਅਤੇ ਭੰਗ ਆਦਿ ਨਸ਼ੇ ਦਾ ਸੇਵਨ ਕਰਨ ਬਾਰੇ ਲਿਖਦਾ ਹੈ :

ਸਿੰਧੰ ਤਨੁਜ ਧਾਰੰ ਛਤ੍ਰੰ ਮੰਗਾਯੋ। ਭਲੀ ਭਾਂਤਿ ਭੰਗੰ ਅਨੰਤੰ ਮਿਲਾਯੋ॥
ਭਯੋ ਪੰਚ ਤੂਰੰ ਛਕੈ ਮੱਤ ਹੋਇਯੋ। ਗਹੇ ਹਾਥ ਬਰਛੰ ਦ੍ਰਿੜੰ ਨੀਠ ਜੋਹਯੋ।[50]

ਸੁੱਖਾ ਸਿੰਘ ਨੇ ਭਾਈ ਬਚਿੱਤਰ ਸਿੰਘ ਵੱਲੋਂ ਸ਼ਰਾਬੀ ਹਾਥੀ ਨਾਲ ਮੁਕਾਬਲਾ ਕਰਨ ਜਾਂਦੇ ਸਮੇਂ ਨਸ਼ੇ ਦਾ ਜ਼ਿਕਰ ਕੀਤਾ ਹੈ। ਕਵੀ ਅਨੁਸਾਰ ਗੁਰੂ ਜੀ ਨੇ ਆਪ ਸ਼ਰਾਬ ਅਤੇ ਅਫੀਮ ਮੰਗਵਾ ਕੇ ਭਾਈ ਬਚਿੱਤਰ ਸਿੰਘ ਨੂੰ ਖਾਣ ਲਈ ਦਿੱਤੀ :

ਇਹ ਬਿਧ ਬਚਨ ਜਬੈ ਸੁਨ ਪਾਇਸ। ਕ੍ਰਿਪਾਸਿੰਧ ਤਬ ਬਿਵਤ ਬਨਾਇਸ।
ਸਿੰਧ ਸੁਤਾ ਅਹੇਫੇਨ ਮੰਗਾਈ। ਨਿਜ ਕਰ ਧਾਰ ਸੁ ਤਾਹਿ ਪਿਆਈ॥[51]

ਆਨੰਦਪੁਰ ਦੇ ਜੰਗ ਸਮੇਂ ਕਵੀ ਨੇ ਗੁਰੂ ਜੀ ਦੇ ਅਮਲ ਖਾਣ ਬਾਰੇ ਲਿਖਿਆ ਹੈ :

ਰਨ ਬਿਤੀ ਚਲ ਪ੍ਰਾਤ ਭਯੰ ਤਬ ਜਾਮ ਦਿਨੰ ਪੁਨ ਪਾਛ ਰਹਾਯੋ।

---

47 ਉਹੀ, ਛੰਦ 104, ਪੰਨਾ 143.
48 ਉਹੀ, ਛੰਦ 10, ਪੰਨਾ 146.
49 ਉਹੀ, ਛੰਦ 137, ਪੰਨਾ 245.
50 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 54-55, ਪੰਨਾ 145.
51 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 184, ਪੰਨਾ 228.

ਹੋਇ ਸੁਚੇਤ ਸਿਰੋਮਣਿ ਸਾਹਿਬ ਖਾਇ ਅਮਲ ਤਬੈ ਇਤ ਆਯੋ॥ [52]

ਚਮਕੌਰ ਦੀ ਗੜ੍ਹੀ ਵਿਚੋਂ ਨਿਕਲ਼ ਕੇ ਗੁਰੂ ਜੀ ਦੇ ਮਾਛੀਵਾੜੇ ਦੇ ਜੰਗਲ ਵਿਚ ਰਾਤ ਗੁਜਾਰਨ ਬਾਰੇ ਕਵੀ ਲਿਖਦਾ ਹੈ ਕਿ ਗੁਰੂ ਜੀ ਦਾ ਸਰੀਰ ਅਫੀਮ ਦੀ ਤੋਟ ਮੰਨਦਾ ਸੀ ਤਾਂ ਉਨ੍ਹਾਂ ਨੇ ਅਫੀਮ ਦੀ ਥਾਂ ਅੱਕ ਦਾ ਫੁਲ ਖਾ ਲਿਆ :

ਬਿਨਾ ਫੀਮ ਜਾਨੋ ਤਨੰ ਆਲਸਾਗੈ॥ ਤਬੈ ਆਕ ਫੂਲੰ ਮੁਖੰ ਕੰਜ ਪਾਯੋ।

ਮਨੋ ਲੈ ਅਫੀਮੰ ਵਹੈ ਹੈ ਠਰਾਯੋ॥ [53]

ਗੁਰਮਤਿ ਵਿਚ ਕਿਸੇ ਤਰ੍ਹਾਂ ਦੇ ਵੀ ਨਸ਼ੇ ਦਾ ਸੇਵਨ ਕਰਨਾ ਸਖਤ ਮਨ੍ਹਾ ਕੀਤਾ ਗਿਆ ਹੈ। ਗੁਰੂ ਅਮਰ ਦਾਸ ਜੀ ਦਾ ਫੁਰਮਾਨ ਹੈ :

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚ ਆਇ॥

ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥

ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥ [54]

ਭਾਈ ਗੁਰਦਾਸ ਜੀ ਨੇ ਨਸ਼ਾ ਕਰਨ ਵਾਲੇ ਮਨੁੱਖ ਦੀ ਗਿਣਤੀ ਚਰਿੱਤਰਹੀਨ, ਪਾਪੀ ਅਤੇ ਮਨਮੁਖ ਮਨੁੱਖਾਂ ਵਿਚ ਕੀਤੀ ਹੈ :

ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।

ਮਦੁ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ।

ਮੁਹਨਿ ਪਰਾਈ ਲਖਿਮੀ ਠਗ ਚੋਰ ਚਗਾਰੇ।

ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।

ਲਖ ਕਰੋੜੀ ਜੋੜੀਅਨਿ ਅਣਗਣਤ ਅਪਾਰੇ।

---

[52] ਉਹੀ, ਛੰਦ 23, ਪੰਨਾ 267.
[53] ਉਹੀ, ਛੰਦ 8-9, ਪੰਨਾ 336.
[54] ਸ੍ਰੀ ਗੁਰੂ ਗ੍ਰੰਥ ਸਾਹਿਬ, *ਸਲੋਕ ਮ: ੩, ਪੰਨਾ 554.*

ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥[55]

'ਸਿੱਖ ਰਹਿਤ ਮਰਯਾਦਾ' ਅਨੁਸਾਰ "ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।"[56] ਇਸ ਸੰਖੇਪ ਵਿਚਾਰ ਤੋਂ ਭਲੀ ਭਾਂਤ ਸਪਸ਼ਟ ਹੁੰਦਾ ਹੈ ਕਿ ਨਸ਼ੇ ਦਾ ਸੇਵਨ ਕਰਨਾ ਸਿੱਖ ਧਰਮ ਦੇ ਸਿਧਾਂਤ ਅਤੇ ਰਹਿਤ ਦੇ ਖਿਲਾਫ ਹੈ। ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਨਸ਼ੇ ਦਾ ਸੇਵਨ ਕਰਦੇ ਵਿਖਾਉਣਾ ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਦੀ ਭੁੱਲ ਹੈ।

### 3 ਇਤਿਹਾਸਕ ਤੱਥਾਂ ਦਾ ਸ਼ੱਕੀ ਹੋਣਾ

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਨੂੰ ਅਸਾਮ ਵੱਲ ਬੇਨਤੀ ਕਰਕੇ ਆਪਣੇ ਨਾਲ ਲੈ ਜਾਣ ਵਾਲੇ ਜੈਪੁਰ ਦੇ ਰਾਜਾ ਮਾਨ ਸਿੰਘ ਦਾ ਜ਼ਿਕਰ ਕੀਤਾ ਹੈ।[57] ਮਹਾਨ ਕੋਸ਼ ਅਨੁਸਾਰ ਜੈਪੁਰਪਤਿ ਰਾਜਾ ਮਾਨ ਸਿੰਘ ਦੀ ਮੌਤ ਸੰਨ 1615 ਈ. ਵਿਚ ਹੋ ਚੁਕੀ ਸੀ।[58] ਗੁਰੂ ਤੇਗ ਬਹਾਦਰ ਜੀ ਦਾ ਅਸਾਮ ਵੱਲ ਜਾਣ ਦਾ ਸਮਾਂ ਸੰਨ 1666-67 ਈ. (ਸੰਮਤ 1723-24) ਦਾ ਹੈ। ਅਸਲ ਵਿਚ ਗੁਰੂ ਸਾਹਿਬ ਨੂੰ ਪੂਰਬ ਵੱਲ ਲਿਜਾਣ ਵਾਲਾ ਰਾਜਾ ਰਾਮ ਸਿੰਘ ਹੈ।[59]

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵਿਖੇ ਨਜਰਬੰਦੀ ਸਮੇਂ ਉਨ੍ਹਾਂ ਦੇ ਸਾਥੀ ਸਿੱਖ ਡਰ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਉਥੋਂ ਚਲੇ ਜਾਣ ਲਈ ਕਿਹਾ। ਕੁਇਰ ਸਿੰਘ ਅਨੁਸਾਰ ਤਿੰਨ ਸਿੱਖ ਗੁਰੂ ਦਾ ਹੁਕਮ ਲੈ ਕੇ ਬੰਦੀਖਾਨੇ ਵਿਚੋਂ ਨਿਕਲ਼ ਗਏ ਅਤੇ ਇੱਕ ਸਿੱਖ ਬਾਕੀ ਰਹਿ ਗਿਆ :

ਕੇਤਕ ਦਯੋਸ ਬਿਤੈ ਇਕ ਸਿਖਹਿ ਜਾਨਤ ਭਯੋ ਗੁਰ ਹੇਤ ਮਰਾਹੀ।
ਥਾਂਉ ਕੁਥਾਂਉ ਮੈਂ ਆਨ ਪੜੇ ਹਮ, ਕੀਅ ਬਿਬੇਕ ਤਿਨੈ ਮਨ ਮਾਹੀ॥
ਗੁਰ ਜਾਨ ਲਈ ਤਿਨਕੇ ਮਨ ਕੀ, ਤਬ ਰੈਨਿ ਨਿਸੀਤ ਮੈ ਏਹੁ ਉਚਾਰੀ।
"ਹੋਵਗੁ ਕਾਲ ਹਮੈ ਹਰਿ ਨੇਤਹਿ ਜਾਨਤੁ ਮੈਂ ਕਤ ਦੂਖ ਨ ਧਾਰੀ"।
ਤੌਂ ਮਨ ਲਜਤ ਹੋ ਭਏ, ਵਹਿ ਭਾਖਤ ਭੇ "ਹਮ ਚੂਕ ਖਿਮਾਰੀ"।
ਗੁਰ ਐਸ ਕਹਯੋ, "ਤੁਮ ਜਾਵਹੁ ਸਿਖਹੁ ਆਯਸ ਮਾਨ ਧਰੋ ਸੁਭ ਕਾਰੀ" ...
ਤਬ ਏਕ ਸਿਖ ਜਾਵੈ ਨਹੀਂ, ਗੁਰ ਕਹਿਯੋ ਤਾਹਿ ਪ੍ਰਬੀਨ॥

---

55 ਅਮਰ ਸਿੰਘ ਚਾਕਰ, *ਵਾਰਾਂ ਭਾਈ ਗੁਰਦਾਸ ਜੀ*, ਵਾਰ 34, ਪਉੜੀ 16.
56 ਸਿੱਖ ਰਹਿਤ ਮਰਯਾਦਾ, ਪੰਨਾ 20.
57 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਪੰਨਾ 10-13. ਅਤੇ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਪੰਨਾ 27-28.
58 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 964.
59 ਉਹੀ, ਪੰਨਾ 1033.

"ਤੁਮ ਕਿਮੰ ਨਹਿ ਜਾਈਐ ਯਾ ਸੀਸ ਹੰਤ ਸੁ ਹੋਇ।"
ਤਿਨ ਕਹਜੋ, "ਮੈ ਦਿਓ ਭੇਟ ਜੀ, ਮਤ ਤਜੋ ਸੰਗ ਨਿਜ ਜੋਇ।
ਮੋ ਭੀਖ ਦੀਜੈ ਸੰਗ ਕੀ" ਤਬ ਰਹਾ ਸੋ ਸਿਖ ਚਾਹ।
ਤ੍ਰੈ ਸਿਖ ਅਏ ਤਿਹ ਠੌਰ ਤੇ, ਨਹਿ ਲਖਾ ਕਾਹੂ ਵਾਹ॥[60]

ਕਵੀ ਸੁੱਖਾ ਸਿੰਘ ਅਨੁਸਾਰ ਬਾਕੀ ਸਿੱਖ ਚਲੇ ਗਏ ਅਤੇ ਸਿਰਫ ਇੱਕ ਸਿੱਖ ਹੀ ਗੁਰੂ ਸਾਹਿਬ ਦੀ ਸ਼ਹਾਦਤ ਤੱਕ ਉਨ੍ਹਾਂ ਦੇ ਨਾਲ ਰਿਹਾ :

ਸਿਖਨ ਬਿਚਾਰ। ਕੀਨੋ ਉਚਾਰ।
ਕਿਹ ਥਾਨ ਆਨ। ਮਾਰੇ ਨਿਧਾਨ॥
ਬਿਨ ਕਾਮ ਜਾਨ। ਦੀਨੋ ਪਰਾਨ।
ਯੌ ਸੁਨ ਦਿਆਲ। ਕਹ ਦੀਉ ਤਾਲ॥
ਜੋ ਜਾਹਨ ਚਾਹ। ਤਬ ਛੂਟ ਜਾਹਿ ...
ਗਏ ਨਿਕਰ ਸਿਖ। ਨਹੀ ਕਿਸੀ ਦਿਖ।
ਸਭ ਗਏ ਢੇਰ। ਇਕ ਰਹਿਓ ਫੇਰ॥[61]

ਸਤਿਬੀਰ ਸਿੰਘ ਅਨੁਸਾਰ "ਭਾਈ ਜੈਤਾ ਜੀ ਬੇਟਾ ਆਗਿਆ ਰਾਮ ਜੀ ਦਾ ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ, ਗੁਰੂ ਜੀ ਦੀ ਆਗਿਆ ਨਾਲ ਹੀ ਕੈਦ ਵਿਚੋਂ ਨਿਕਲ਼ ਗਏ ਸਨ ਤੇ ਸਾਰੇ ਹਾਲਾਤ ਅਖੀਂ ਦੇਖਦੇ ਪਏ ਸਨ। ਭਾਈ ਮਤੀ ਦਾਸ ਜੀ, ਭਾਈ ਜਤੀ ਦਾਸ ਜੀ (ਸਤੀ ਦਾਸ) ਅਤੇ ਭਾਈ ਦਇਆਲਾ ਜੀ ਜੋ ਭਾਈ ਮਨੀ ਸਿੰਘ ਜੀ ਦੇ ਭਰਾ ਸਨ, ਗੁਰੂ ਜੀ ਨਾਲ ਸਨ। ਉਨ੍ਹਾ ਤਿੰਨਾ ਨੂੰ ਗੁਰੂ ਜੀ ਦੇ ਸਾਹਮਣੇ ਹੀ ਤਸੀਹੇ ਦਿੱਤੇ ਗਏ। ਭਾਈ ਦਇਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ ਤੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਪਰ ਉਨ੍ਹਾਂ ਸੀ ਨਾ ਕੀਤੀ ਤੇ ਗੁਰੂ ਦੇ ਸਨਮੁਖ ਸ਼ਹਾਦਤਾਂ ਦੇ ਗਏ ਸਨ।"[62] ਇਸ ਤਰ੍ਹਾਂ ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਜਿਥੇ ਭਾਈ ਮਤੀ ਦਾਸ, ਸਤੀ ਦਾਸ ਅਤੇ ਦਿਆਲਾ ਜੀ ਦੀ ਸ਼ਹਾਦਤ ਦਾ ਜ਼ਿਕਰ ਛੱਡ ਜਾਂਦੇ ਹਨ ਉਥੇ ਭਾਈ ਜੈਤਾ ਜੀ, ਭਾਈ ਊਦਾ ਜੀ ਅਤੇ ਭਾਈ ਗੁਰਦਿੱਤਾ ਜੀ ਬਾਰੇ ਵੀ ਗਲਤ ਸ਼ੰਕਾ ਪੈਦਾ ਕਰ ਦਿੰਦੇ ਹਨ।

ਦੋਹਾਂ ਕਵੀਆਂ ਦਾ ਮੱਤ ਹੈ ਕਿ ਕੈਦ ਵਿਚ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖ ਨੂੰ ਹੁਕਮ

---

[60] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਛੰਦ 55-59, ਪੰਨਾ 36-37.
[61] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 91-97, ਪੰਨਾ 63-64.
[62] ਸਤਿਬੀਰ ਸਿੰਘ, *ਪੁਰਖ ਭਗਵੰਤ*, ਜਲੰਧਰ: ਨਿਊ ਬੁਕ ਕੰਪਨੀ, 1973, ਪੰਨਾ 36.

ਦਿੱਤਾ ਅਤੇ ਸਿੱਖ ਨੇ ਹੀ ਗੁਰੂ ਜੀ ਨੂੰ ਸ਼ਹੀਦ ਕੀਤਾ। ਕੁਇਰ ਸਿੰਘ ਅਨੁਸਾਰ ਗੁਰੂ ਜੀ ਨੇ ਸਿੱਖ ਨੂੰ ਹੁਕਮ ਕੀਤਾ :

ਜਬ ਹਮ ਕਰ ਇਸਨਾਨ ਜਪ ਪੜਹੀ। ਭੋਗ ਜਪਹਿ ਪਾਵਹਿ ਮਨ ਧਰਈ॥
ਮਸਤਕ ਟੇਕਹਿ ਕਰ ਅਰਦਾਸਾ। ਤਬ ਹਮ ਇਕ ਚਿਤ ਸਹਤ ਬਿਲਾਸਾ।
ਤਾਵਤ ਕਾਲ ਅੱਸ ਕੇ ਸੰਗਾ। ਮੇਰੋ ਸੀਸ ਭੇਟ ਕਰ ਰੰਗਾ॥[63]

ਕਵੀ ਅਨੁਸਾਰ ਗੁਰੂ ਜੀ ਦਾ ਹੁਕਮ ਮੰਨ ਕੇ ਸਿੱਖ ਨੇ ਗੁਰੂ ਜੀ ਨੂੰ ਸ਼ਹੀਦ ਕੀਤਾ :

ਸਿਖ ਤੀਰ ਖਰੋ ਅਸਿ ਹਾਥ ਲਏ, ਗੁਰ ਸੰਨਤ ਤਾਹਿ ਕਰੀ ਜਬ ਚਾਹੀ।
ਤੌ ਤਿਨ ਰੂਪ ਕੀਓ ਨਿਰਮੈ, ਪੁਨਿ ਖੰਡੇ ਬੀਚ ਇਹ ਬਾਤ ਸੁਨਾਈ।
ਧਰਤ ਪੜੇ, ਗੁਰ ਧਰਮ ਤਜਯੋ ਨਹਿ, ਏਕਹਿ ਖੰਡੇ ਕੀ ਧਾਰ ਚਲਾਈ।
ਕਰ ਸੋ ਸਿਰਿ ਗੁਰ ਕੋ ਇਵ ਗਯੋ ਜਨ, ਗਗਨ ਕੇ ਸਾਥ ਸੁ ਜੋਤ ਮਿਲਾਈ॥[64]

ਕਵੀ ਸੁੱਖਾ ਸਿੰਘ ਨੇ ਵੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਚਰਿਤ ਬਿਆਨ ਕਰਦਿਆਂ ਕੁਇਰ ਸਿੰਘ ਦੀ ਨਕਲ ਕੀਤੀ ਹੈ :

ਇਕ ਦਿਨਾਂ ਨਾਥ। ਕਹੀ ਸਿਖ ਗਾਥ।
ਜਪ ਪੜ੍ਹ ਪ੍ਰਬੀਨ। ਭਏ ਧਿਆਨ ਲੀਨ॥
ਸਿਖ ਖੜਗ ਕਾਢ। ਕਰ ਚਰਿਤ੍ਰ ਗਾਢ।
ਤਬ ਉਡਾ ਸੀਸ। ਭਯੋ ਲੋਪ ਈਸ॥[65]

ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਉਪਰੋਕਤ ਵਿਚਾਰ ਇਤਿਹਾਸਕ ਸੱਚਾਈ ਤੋਂ ਉਲਟ ਹੈ। ਸਤਿਬੀਰ ਸਿੰਘ ਅਨੁਸਾਰ "11 ਨਵੰਬਰ 1675 ਈ. ( ਸੰਮਤ 1732, ਮੱਘਰ ਸੁਦੀ ਪੰਜ ) ਵੀਰਵਾਰ, ਪਹਿਰ ਦਿਨ ਚੜ੍ਹੇ ਕਾਜੀ ਨੇ ਚਾਂਦਨੀ ਚੌਂਕ ਫਤਵਾ ਸੁਣਾਇਆ ਅਤੇ ਸਮਾਨੇ ਦੇ ਰਹਿਣ ਵਾਲੇ ਜਲਾਲ ਦੀਨ ਜਲਾਦ ਨੇ ਇੱਕ ਭਾਰੀ ਇਕੱਠ ਸਾਹਮਣੇ ਮਹਾਰਾਜ ਨੂੰ ਸ਼ਹੀਦ ਕਰ ਦਿੱਤਾ।"[66]

ਦੋਹਾਂ ਕਵੀਆਂ ਨੇ ਇੱਕ ਹੋਰ ਭੁਲੇਖਾ ਖਾਧਾ ਹੈ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛੋਂ ਉਨ੍ਹਾਂ ਦੇ ਸੀਸ ਦਾ ਸੰਸਕਾਰ ਦਿੱਲੀ ਸੀਸ ਗੰਜ ਵਿਖੇ ਕੀਤਾ ਜਾਣਾ ਅਤੇ ਧੜ ਰੰਘਰੇਟੇ ਸਿੱਖ ਵੱਲੋਂ

---

[63] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 115-16, ਪੰਨਾ 42.
[64] ਉਹੀ, ਛੰਦ 120, ਪੰਨਾ 43.
[65] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 109-110, ਪੰਨਾ 65.
[66] ਸਤਿਬੀਰ ਸਿੰਘ, ਪੁਰਖ ਭਗਵੰਤ, ਪੰਨਾ 36.

ਆਨੰਦਪੁਰ ਸਾਹਿਬ ਪਹੁੰਚਾਇਆ ਜਾਣਾ ਲਿਖਿਆ ਹੈ। ਕੁਇਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ ਦਿੱਲੀ ਦੀ ਸੰਗਤ ਵੱਲ ਇਹ ਸੁਨੇਹਾ ਦੇ ਕੇ ਭੇਜਿਆ ਕਿ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਰੱਖ ਲਵੋ ਅਤੇ ਸਰੀਰ ਕਿਰਯਾ-ਕਰਮ ਵਾਸਤੇ ਆਨੰਦਪੁਰ ਭੇਜੋ :

ਜਾਵਤ ਭਜੋ ਗੁਰ ਪਾਤੀ ਲਏ ਕਰ, ਐਸੇ ਲਿਖਯੋ ਤਾਹਿ ਮਧ ਰਚਾਹੀ।

ਸੀਸ ਰਖੋ ਤੁਮ ਮੱਧ ਦਿੱਲੀ ਕਰ, ਦੇਹ ਪਠੋ ਕਰ ਕਰਮਨ ਤਾਈ।[67]

ਕਵੀ ਸੁੱਖਾ ਸਿੰਘ ਦਿੱਲੀ ਵਿਖੇ ਸੀਸਗੰਜ ਗੁਰਦੁਆਰਾ ਅਸਥਾਨ ਵੱਲ ਇਸ਼ਾਰਾ ਕਰਕੇ ਆਖਦਾ ਹੈ ਕਿ ਸੀਸ ਦਿੱਲੀ ਰਿਹਾ ਅਤੇ ਸ਼ਰੀਰ ਆਨੰਦਪੁਰ ਸਾਹਿਬ ਲਿਆਏ :

ਸੀਸ ਗੰਜ ਭਯੋ ਤਾਹਿ ਸੁ ਤਨ ਇਤ ਆਇਯੋ।

ਜਤਨ ਪਾਇ ਕਰ ਕੀਰਤਪੁਰ ਪਹੁਚਾਇਓ।

ਮਹਾਰਾਜ ਜਬ ਯੌ ਸ੍ਰਵਨਨ ਸੁਨ ਪਾਇਓ।

ਹੋ ਰਤੀ ਬਿਲਮ ਨਹੀ ਕੀਨਸੁ ਤੁਰਤ ਸਿਧਾਇਓ॥[68]

ਜਦਕਿ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਸਰੀਰ ਦਾ ਸੰਸਕਾਰ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਘਰ ਕੀਤਾ ਹੈ ਅਤੇ ਗੁਰੂ ਜੀ ਦਾ ਸੀਸ ਆਨੰਦਪੁਰ ਪਹੁੰਚਾਇਆ ਗਿਆ। ਇਸ ਦੇ ਨਾਲ ਹੀ ਰੰਘਰੇਟੇ ਸਿੱਖ ਨੂੰ ਸਰੀਰ ਲੈਣ ਵਾਸਤੇ ਆਨੰਦਪੁਰੋਂ ਭੇਜੇ ਜਾਣ ਦਾ ਵਿਚਾਰ ਵੀ ਸਮੇਂ ਅਤੇ ਹਾਲਾਤ ਦੇ ਨੁਕਤੇ ਤੋਂ ਗਲਤ ਸਾਬਿਤ ਹੁੰਦਾ ਹੈ। ਕਿਉਂਕਿ ਸ਼ਹਾਦਤ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦਾ ਸੀਸ ਅਤੇ ਸਰੀਰ ਦਿੱਲੀ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸੰਗਤ ਕੋਲ ਸੁਰੱਖਿਅਤ ਨਹੀਂ ਸੀ ਰੱਖਿਆ ਹੋਇਆ। ਸਗੋਂ ਗੁਰੂ ਤੇਗ ਬਹਾਦਰ ਜੀ ਦਾ ਸਰੀਰ ਚਾਂਦਨੀ ਚੌਂਕ ਤੋਂ ਚੁੱਕਣ ਅਤੇ ਸੰਸਕਾਰ ਦਾ ਕਾਰਜ ਸਿੱਖਾਂ ਨੇ ਜਾਨ ਜੋਖਿਮ ਵਿਚ ਪਾ ਕੇ ਹਕੂਮਤ ਤੋਂ ਚੋਰੀ ਕੀਤਾ ਸੀ। ਸਤਿਬੀਰ ਸਿੰਘ ਇਸ ਵਾਕਿਆਤ ਨੂੰ ਪੇਸ਼ ਕਰਦਿਆਂ ਲਿਖਦੇ ਹਨ "ਸ਼ਹਾਦਤ ਤੋਂ ਪਹਿਲਾਂ ਇਹ ਢੰਡੋਰਾ ਵੀ ਦੇ ਦਿੱਤਾ ਗਿਆ ਸੀ ਕਿ ਜੋ ਕੋਈ (ਗੁਰੂ) ਤੇਗ ਬਹਾਦਰ (ਜੀ) ਦੇ ਮਿਰਤਕ ਸਰੀਰ ਨੂੰ ਹੱਥ ਲਗਾਏਗਾ ਤਾਂ ਉਸ ਦਾ ਵੀ ਹਸ਼ਰ ਉਨ੍ਹਾਂ ਵਰਗਾ ਹੋਵੇਗਾ। ਪਰ ਸੀਸ ਤਲੀ ਤੇ ਰੱਖ ਕੇ, ਭਾਈ ਜੈਤਾ ਜੀ ਉਸ ਹਨੇਰੀ ਤੇ ਗੁਬਾਰ ਵਿਚ ਸੀਸ ਉਠਾ ਕੇ ਲੈ ਗਏ ਤੇ ਜਮਨਾ ਪਾਰ ਕਰਕੇ ਬਾਗ ਪਟ ਦੇ ਰਾਹ ਦਰਿਆ ਦੇ ਕੰਢੇ-ਕੰਢੇ ਪੰਜਾਬ ਵੱਲ ਚਲ ਪਏ। ਉਨ੍ਹਾਂ ਨਾਲ ਉਸ ਸਮੇਂ ਭਾਈ ਨਾਨੂ ਰਾਮ ਸਪੁੱਤਰ ਭਾਈ ਖੇਮੇ ਦਾ ਵੀ ਸੀ। ਭਾਈ ਊਦਾ ਤੇ ਗੁਰਦਿੱਤਾ ਜੀ ਇਸ ਜਤਨ ਵਿਚ

---

[67] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 136, ਪੰਨਾ 44.

[68] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 133, ਪੰਨਾ 67.

ਸਨ ਕਿ ਮਿਰਤਕ ਸਰੀਰ ਵੀ ਉਠਾਇਆ ਜਾਏ। ਉਹ ਮੁਸਲਮਾਨੀ ਭੇਸ ਵਿਚ ਸ਼ਹਿਰ ਵਿਚ ਵਿਚਰ ਰਹੇ ਸਨ। ਜਦ ਉਨ੍ਹਾਂ ਨੂੰ ਪਤਾ ਲਗਾ ਕਿ ਲੱਖੀ ਸ਼ਾਹ ਵਣਜਾਰਾ ਲਾਲ ਕਿਲੇ ਵਿਚ ਚੂਨਾ, ਕਲੀ, ਬਾਰੂਦ ਤੇ ਹੋਰ ਸਾਮਾਨ ਸੁੱਟ ਕੇ ਵਾਪਸ ਆਪਣੇ ਪਿੰਡ ਰਕਾਬ ਗੰਜ (ਰਾਏ ਸੀਨਾ) ਜਾ ਰਿਹਾ ਹੈ ਤਾਂ ਦੋਹਾਂ ਨੇ ਸਾਰੀ ਵਿਥਿਆ ਸੁਣਾਈ ਤੇ ਗੁਰੂ ਦਾ ਪਾਵਨ ਧੜ ਉਠਾਉਣ ਲਈ ਆਖਿਆ। ਉਸ ਆਪਣੇ ਗੱਡੇ ਚਾਂਦਨੀ ਚੌਂਕ ਵੱਲ ਮੋੜ ਲਏ। ਛਾਲ ਮਾਰ ਕੇ ਹਨੇਰੇ ਤੇ ਹਨੇਰੀ ਦਾ ਲਾਭ ਉਠਾਉਂਦੇ ਉਹ ਆਪਣੇ ਪਿੰਡ ਲੈ ਗਏ ਤੇ ਧੜ ਨੂੰ ਘਰ ਵਿਚ ਰੱਖ ਕੇ ਅੱਗ ਲਗਾ ਦਿੱਤੀ।"[69]

ਦੋਹਾਂ ਕਵੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪਹਿਲਾਂ ਹੋਇਆ ਦੱਸਿਆ ਹੈ :

ਬਿਜਾਹੁ ਕੀਓ ਅਤਿ ਹੀ ਸੁਖ ਪਾਇ ਕੇ, ਗਾਵਤ ਛੰਦ ਕਬਿੱਤਨ ਭਾਰੀ।
ਉਤ ਤੇ ਸੁਧ ਆਨ ਦਈ ਗੁਰ ਕੀ, ਸਿਖ ਰੋਵਤ ਭਜੇ ਅਤਿ ਦੂਖ ਅਪਾਰੀ॥[70]

ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ 11 ਨਵੰਬਰ 1675 ਈ. ਨੂੰ ਹੋਈ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਨੌਵੇਂ ਗੁਰੂ ਜੀ ਦੀ ਸ਼ਹਾਦਤ ਤੋਂ ਲਗਭਗ ਡੇਡ-ਦੋ ਸਾਲ ਬਾਅਦ 21 ਜੂਨ 1677 ਈ. ਵਿਚ ਹੋਇਆ ਹੈ।[71]

ਕਵੀ ਕੁਇਰ ਸਿੰਘ ਨੇ ਭੰਗਾਣੀ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਭੈਣ ਦੇ ਪੁੱਤਰਾਂ ਦਾ ਸ਼ਾਮਲ ਹੋਣਾ ਲਿਖਿਆ ਹੈ। ਸੰਗੋਸ਼ਾਹ ਜੀ ਨੂੰ ਗੁਰੂ ਜੀ ਦਾ ਮਾਮਾ ਅਤੇ ਮਾਹਰੀ ਚੰਦ ਜੀ ਨੂੰ ਪਹਾੜੀਆ ਦਾਸ ਦੱਸਿਆ ਹੈ।[72] ਕਵੀ ਏਥੇ ਭੁੱਲ ਕਰ ਗਿਆ ਹੈ, ਅਸਲ ਵਿਚ ਭੰਗਾਣੀ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਪੁੱਤਰ ਸ਼ਾਮਲ ਹੋਏ ਸਨ। ਸੰਗੋਸ਼ਾਹ ਅਤੇ ਮਾਹਰੀ ਚੰਦ ਗੁਰੂ ਜੀ ਦੇ ਭੂਆ ਦੇ ਪੁੱਤਰ ਸਨ।[73]

ਕੁਇਰ ਸਿੰਘ ਨੇ ਖਾਲਸਾ ਸਾਜਨਾ ਦਾ ਸੰਮਤ 1746 ਬਿ. (1689 ਈ.) ਦੱਸਿਆ ਹੈ। ਕਵੀ ਖਾਲਸਾ ਸਾਜਨਾ ਦੇ ਪੂਰੇ ਪ੍ਰਸੰਗ ਪਿਛੋਂ ਬਾਬੇ ਬੱਠੇ ਨੂੰ ਵਿਦਾਇਗੀ ਦੇਣ ਬਾਰੇ ਲਿਖਦਾ ਹੈ :

ਸਤ੍ਰਹਿ ਸੈ ਛਿਤਾਲੀਏ, ਕਾਤਕ ਦਸਮੀ ਮਾਨ।

---

69 ਸਤਿਬੀਰ ਸਿੰਘ, *ਪੁਰਖ ਭਗਵੰਤ*, ਪੰਨਾ 36.

70 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 132, ਪੰਨਾ 44.
ਅਤੇ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਪੰਨਾ 60-62.

71 Shamsher Singh Ashok, *TheEncyclopaedia of Sikhism*, Harbans Singh (ed.), Jitoji Mata, vol. II, Patiala: Punjabi University, 1996, p 385.

72 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਪੰਨਾ 73-74.

73 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਤਕ ਮਹਾਨ ਕੋਸ਼*, ਬੀਰੋ ਬੀਬੀ, ਪੰਨਾ 879

ਬੱਠੇ ਕੋ ਅਸ ਦੀ ਵਿਦਾ, ਸਤਿਗੁਰ ਪੁਰਖ ਸੁਜਾਨ॥ [74]

ਜਦਕਿ ਇਤਿਹਾਸਕਾਰਾਂ ਨੇ ਖਾਲਸਾ ਸਾਜਨਾ ਦਾ ਵਰ੍ਹਾ 1699 ਈ. ਮੰਨਿਆ ਹੈ। ਗੰਡਾ ਸਿੰਘ ਅਨੁਸਾਰ "ਸਾਰੀ ਵਿਚਾਰ ਅਤੇ ਹੁਕਮਨਾਮਿਆਂ ਦੀ ਗਵਾਹੀ ਤੋਂ ਸਪਸ਼ਟ ਸਿੱਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸੰਮਤ 1756 ਦੀ ਬਸਾਖੀ ਨੂੰ ਪਰਗਟ ਕੀਤਾ ਸੀ, ਇਸ ਤੋਂ ਪਹਿਲਾਂ ਨਹੀਂ।"[75]

ਕੁਇਰ ਸਿੰਘ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪੈਣ ਦੇ ਦੌਰਾਨ ਸਾਹਿਬਜਾਦਾ ਅਜੀਤ ਸਿੰਘ ਦਾ ਵਿਆਹ ਦੱਖਣ ਦੇ ਇੱਕ ਸ਼ਾਹ ਦੀ ਧੀ ਨਾਲ ਹੋਇਆ ਦੱਸਿਆ ਹੈ। ਜਦ ਘੇਰੇ ਵਿਚ ਥੋੜੀ ਢਿਲ ਹੋਈ ਤਾਂ ਗੁਰੂ ਜੀ ਨੇ ਉਸ ਸ਼ਾਹ ਅਤੇ ਉਸ ਦੀ ਪੁੱਤਰੀ ਨੂੰ ਦੱਖਣ ਦੇਸ ਚਲੇ ਜਾਣ ਦਾ ਹੁਕਮ ਦਿੱਤਾ। ਸਾਹਿਬਜਾਦਾ ਅਜੀਤ ਸਿੰਘ ਨੇ ਉਸ ਕੰਨਯਾ ਨੂੰ ਦ੍ਰਿਸ਼ਟੀ ਭੋਗ ਰਾਹੀਂ ਇੱਕ ਪੁੱਤਰ ਨਿਸ਼ਾਨੀ ਵਜੋਂ ਬਖਸ਼ਿਆ। ਕਵੀ ਅਨੁਸਾਰ ਬਾਅਦ ਵਿਚ ਉਸ ਦਾ ਨਾਂ ਹਠੀ ਸਿੰਘ ਰੱਖਿਆ ਗਿਆ :

ਤਬ ਤਿਹ ਰਿਤ ਅਤਿ ਦਾਨ ਸੁ ਦੀਨਾ।
ਦ੍ਰਿਸਟਿ ਭੋਗ ਗੁਰ ਸੁਤ ਤਬ ਕੀਨਾ।
ਹਠ ਕਰ ਕਾਮ ਤਜਜੋ ਇਕ ਬਾਰਾ।
ਨਾਮ ਹਠੀ ਸਿੰਘ ਜਗਤ ਮੰਝਾਰਾ।[76]

ਇਥੇ ਵੀ ਕੁਇਰ ਸਿੰਘ ਨੇ ਭੁਲੇਖਾ ਖਾਧਾ ਹੈ ਕਿਉਂਕਿ ਹਠੀ ਸਿੰਘ ਸਾਹਿਬਜਾਦਾ ਅਜੀਤ ਸਿੰਘ ਦਾ ਨਹੀਂ ਹੈ ਸਗੋਂ ਮਾਤਾ ਸੁੰਦਰੀ ਜੀ ਦੇ ਪਾਲਕ-ਪੁੱਤਰ ਅਜੀਤ ਸਿੰਘ ਦੀ ਔਲਾਦ ਹੈ।[77]

ਕਵੀ ਕੁਇਰ ਸਿੰਘ ਨੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜਾਦਿਆਂ ਦੀ ਗ੍ਰਿਫਤਾਰੀ ਚਮਕੌਰ ਦੀ ਗੜ੍ਹੀ ਵਿਚੋਂ ਹੋਈ ਦੱਸੀ ਹੈ। ਕਵੀ ਅਨੁਸਾਰ ਗੁਰੂ ਜੀ ਦੇ ਗੜ੍ਹੀ ਵਿਚੋਂ ਚਲੇ ਜਾਣ ਪਿਛੋਂ ਮਾਤਾ ਜੀ ਦਾ ਵਿਰਲਾਪ ਸੁਣ ਕੇ ਮੁਗਲ ਫੌਜ ਨੇ ਉਨ੍ਹਾਂ ਨੂੰ ਫੜ ਲਿਆ :

ਅਬ ਸੁਨ ਉਨ ਕੀ ਕਥਾ ਬਖਾਨੋ। ਗੜ੍ਹ ਚਮਕੌਰ ਭਈ ਜਿਮ ਜਾਨੋ।
ਆਧਿ ਰਾਤ ਜਬ ਰਹੀ ਅਪਾਰਾ। ਆਪ ਸੁ ਚਲੇ ਨਾਥ ਅਵਤਾਰਾ॥
ਕੀਨ ਤਾਹਿ ਵਿਚਾਰ ਮਾਤਾ, ਪੂਤ ਕਾਹਿ ਸਿਧਾਰ ਹੀ।
ਉਠ ਠਾਢ ਭੀ ਚਢ ਕੋਟ ਕੈ, ਪਰ ਦ੍ਰਿਸਟ ਸਰਬ ਨਿਹਾਰ ਹੀ।

---

74 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 87, ਪੰਨਾ 115.
75 ਗੰਡਾ ਸਿੰਘ (ਸੰਪਾ.), *ਸ੍ਰੀ ਗੁਰ ਸੋਭਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1996, ਪੰਨਾ 22.
76 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 128, ਪੰਨਾ 182.
77 ਪਰਮਵੀਰ ਸਿੰਘ, *ਮਾਤਾ ਸੁੰਦਰੀ ਜੀ ਸੰਘਰਸ਼ ਅਤੇ ਸ਼ਖਸੀਅਤ,* ਅੰਮ੍ਰਿਤਸਰ: ਸਿੰਘ ਬ੍ਰਦਰਜ਼, 2012, ਪੰਨਾ 109-20.

ਅੰਧ ਰੈਨ ਨਿਹਾਰ ਕਰ ਕੈ, ਭਈ ਬਹੁਤ ਦੁਖਾਰੀਆ।

"ਹਾਇ ਪੂਤ ! ਕਾਹਿ ਸਿਧਾਰਿਯੋ, ਮਮ ਤਜਾਗ ਦੂਖ ਮੰਝਾਰੀਆ" ...

ਸੁਨ ਮਲੇਛ ਮਨ ਹਰਖਤ ਭਏ। ਢੂਢਤ ਸੇ ਸਹਜੈ ਹਮ ਲਏ।

ਤਾ ਖਿਨ ਗਹਿ ਲੀਨੀ ਸੰਗ ਬਾਲਾ। ਜਿਮ ਸੁਰਮਾਤ ਗਹਿ ਦਿਤਿ-ਬਾਲਾ॥ [78]

ਕੁਇਰ ਸਿੰਘ ਵੱਲੋਂ ਮਾਤਾ ਅਤੇ ਛੋਟੇ ਸਾਹਿਬਜਾਦਿਆਂ ਦੀ ਗ੍ਰਿਫਤਾਰੀ ਚਮਕੌਰ ਤੋਂ ਵਿਖਾਉਣੀ ਤਰਕ ਸੰਗਤ ਨਹੀਂ ਹੈ। ਸਮੂਹ ਇਤਿਹਾਸਕਾਰ ਇਸ ਤੱਥ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਦਾ ਪਰਿਵਾਰ ਸਰਸਾ ਨਦੀ ਦੇ ਕੰਢੇ ਤੇ ਹੀ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਸੀ। ਮਾਤਾ ਗੁਜਰੀ ਜੀ ਛੋਟੇ ਸਾਹਿਬਜਾਦਿਆਂ ਸਮੇਤ ਗੰਗੂ ਬ੍ਰਾਹਮਣ ਨਾਲ ਚਲੇ ਗਏ। ਗੁਰੂ ਕੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਨੂੰ ਗੁਰੂ ਜੀ ਨੇ ਹੁਕਮ ਦੇ ਕੇ ਦਿੱਲੀ ਦੇ ਸਿੱਖ ਨਾਲ ਰਵਾਨਾ ਕੀਤਾ।[79] ਏ. ਸੀ. ਬੈਨਰਜੀ ਅਨੁਸਾਰ "ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜਾਦੇ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਗੰਗੂ ਬ੍ਰਾਹਮਣ ਦੇ ਪਿੰਡ ਸਹੇੜੀ ਵਿਖੇ ਮੋਰਿੰਡੇ ਦੇ ਸਿਪਾਹੀਆਂ ਵੱਲੋਂ ਗ੍ਰਿਫਤਾਰ ਕੀਤੇ ਗਏ ਸਨ।"[80] ਗੰਡਾ ਸਿੰਘ ਅਨੁਸਾਰ "ਇਸ ਵਿਚ ਕੋਈ ਸ਼ੱਕ ਹੀ ਨਹੀਂ ਕਿ ਛੋਟੇ ਦੋਨੋਂ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਦੇ ਨਾਲ ਪਿੰਡ ਸਹੇੜੀ ਤੋਂ ਸੂਹ ਮਿਲਣ ਪਰ ਮੁਰਿੰਡੇ ਦੇ ਰੰਘੜਾਂ ਨੇ ਫੜ ਕੇ ਸਰਹੰਦ ਪਹੁੰਚਾਏ ਸਨ।"[81]

ਕਵੀ ਸੁੱਖਾ ਸਿੰਘ ਨੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਜਾਦਿਆਂ ਦੀ ਗ੍ਰਿਫਤਾਰੀ ਠੀਕ ਬਿਆਨ ਕੀਤੀ ਹੈ ਪਰ ਸਾਹਿਬਜ਼ਾਦਿਆਂ ਦੇ ਨਾਂ ਠੀਕ ਨਹੀਂ ਦੱਸ ਸਕਿਆ। ਕਵੀ ਸਰਹੰਦ ਵਿਚ ਸ਼ਹੀਦ ਹੋਏ ਸਾਹਿਬਜ਼ਾਦਿਆਂ ਦੇ ਨਾਂ ਫਤਿਹ ਸਿੰਘ ਅਤੇ ਜੁਝਾਰ ਸਿੰਘ ਲਿਖਦਾ ਹੈ :

ਫਤੇ ਮ੍ਰਿਗਿੰਦ ਜੁਝਾਰ ਮ੍ਰਿਗਿਸਾ। ਯੌ ਕੌਤਕ ਕੀਨੋ ਜਗਦੀਸਾ।

ਹੁਤੋ ਮਸੰਦ ਨੀਚ ਇਕ ਪਾਪੀ। ਬਿਪ ਬੰਸ ਚੰਡਾਰ ਸੁ ਖਾਪੀ॥

ਰੋਪਰ ਤੇ ਵਹੁ ਰਾਂਹੁ ਭੁਲਾਈ। ਨਿਜ ਪੁਰ ਕੇ ਲੈ ਗਯੋ ਕਸਾਈ।

ਸਾਹਿਬਜਾਦੇ ਦੋਊ ਕੁਮਾਰ। ਤੀਜੇ ਦਾਦੀ ਸਾਥ ਨਿਹਾਰ॥ [82]

ਗੰਡਾ ਸਿੰਘ ਦੱਸਦੇ ਹਨ ਕਿ ਆਨੰਦਪੁਰ ਸਾਹਿਬ ਦੇ ਆਖਰੀ ਯੁੱਧ ਸਮੇਂ ਗੁਰੂ ਜੀ ਦੇ ਨਾਲ ਦੋ

---

[78] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 212-20, ਪੰਨਾ 190-91.
[79] ਮਹਿੰਦਰ ਕੌਰ ਗਿੱਲ, *ਗੁਰੂ ਮਹਿਲ ਗਾਥਾ,* ਨਵੀਂ ਦਿੱਲੀ: ਹਿਮਾਲਾ ਪਬਲੀਸ਼ਰਜ਼, 1992, ਪੰਨਾ 86.
[80] A. C. Banerjee, 'Gujari Mata', *TheEncyclopaedia of Sikhism,* Harbans Singh (ed.), Patiala: Punjabi University, p. 113-14.
[81] ਗੰਡਾ ਸਿੰਘ (ਸੰਪਾ.), *ਸ੍ਰੀ ਗੁਰ ਸੋਭਾ,* ਪੰਨਾ 35-36.
[82] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਛੰਦ 239-40, ਪੰਨਾ 329.

ਜੋਰਾਵਰ ਸਿੰਘ ਮੌਜੂਦ ਸਨ। ਇੱਕ ਜੋਰਾਵਰ ਸਿੰਘ ਗੁਰੂ ਜੀ ਦਾ ਸਾਹਿਬਜ਼ਾਦਾ ਅਤੇ ਦੂਜਾ ਬਸੀ ਪਠਾਣਾਂ ਦੇ ਭਾਈ ਨਥੂ ਦਾ ਪੁੱਤਰ ਜਿਸ ਨੂੰ ਗੁਰੂ ਜੀ ਨੇ ਮੂੰਹ-ਬੋਲਿਆ ਪੁੱਤਰ ਬਣਾਇਆ ਹੋਇਆ ਸੀ। ਆਨੰਦਪੁਰ ਸਾਹਿਬ ਛੱਡਣ ਵੇਲੇ ਇਹ ਦੂਜਾ ਜੋਰਾਵਰ ਸਿੰਘ (ਪੁੱਤਰ ਭਾਈ ਨਥੂ) ਰਸਤੇ ਵਿਚ ਜਖਮੀ ਹੋ ਗਿਆ ਅਤੇ ਮੁੱਖ ਦਲ ਤੋਂ ਨਿਖੜ ਕੇ ਕਿਤੇ ਪਾਸੇ ਚਲਾ ਗਿਆ। ਸ੍ਰੀ ਗੁਰ ਸੋਭਾ ਦੇ ਕਰਤਾ ਸੈਨਾਪਤ ਨੇ ਇਸ ਜੋਰਾਵਰ ਸਿੰਘ ਦਾ ਭੁਲੇਖਾ ਖਾ ਕੇ ਸਰਹੰਦ ਵਿਚ ਫਤਿਹ ਸਿੰਘ ਨਾਲ ਜੁਝਾਰ ਸਿੰਘ ਦੀ ਸ਼ਹੀਦੀ ਵਿਖਾ ਦਿੱਤੀ ਹੈ। ਸੁੱਖਾ ਸਿੰਘ ਨੂੰ ਸੈਨਾਪਤ ਦੀ ਲਿਖਤ ਤੋਂ ਹੀ ਇਹ ਭੁਲੇਖਾ ਲੱਗਾ ਹੈ। ਜਦਕਿ ਸਰਹੰਦ ਵਿਖੇ ਫਤਿਹ ਸਿੰਘ ਅਤੇ ਜੋਰਾਵਰ ਸਿੰਘ ਸ਼ਹੀਦ ਹੋਏ ਹਨ।[83]

ਕੁਇਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੱਖਣ ਜਾਣ ਲਈ ਬਜਿੱਦ ਹਨ ਅਤੇ ਬਹਾਦਰ ਸ਼ਾਹ ਨੇ ਆਪ ਨੂੰ ਬਰਸਾਤ ਦੇ ਚਾਰ ਮਹੀਨੇ ਆਗਰੇ ਰੁਕਣ ਲਈ ਬੇਨਤੀ ਕੀਤੀ :

> "ਮੈਂ ਪ੍ਰਭੁ ਜੂ ! ਐਸੇ ਸੁਨ ਪਾਯੋ। ਦੱਖਨ ਕੋ ਨਿਜ ਚਾਹਤ ਜਾਯੋ।
> ਦੱਛਨ ਦੇਸ ਬਿਚੱਛਨ ਜਹਾ। ਹੋਇ ਤੱਯਾਰ ਸੁਨੇ ਨਿਜ ਤਹਾਂ।
> ਹੈ ਬਤੀਆਂ ਸਾਚੀ ਕਿਨ ਕਹੀ ? ਪ੍ਰਗਟ ਸੁਨਾਵੋ ਹਮ ਕੋ ਸਹੀ"॥
> ਸ੍ਰੀ ਮੁਖੋਵਾਕ -
> "ਹਮਰੋ ਕਾਜ ਕਛੂ ਤਿਹ ਥਾਨਾ। ਤਾ ਤੇ ਤਾ ਕੋ ਕਰੌ ਪਯਾਨਾ।
> ਪੁਨਿ ਤਬ ਕਹਯੋ ਸਾਹਿਬ, "ਸੁਨ ਲੀਜੈ। ਮੇਰੀ ਕਹੀ ਆਪ ਜੇ ਕੀਜ"॥
> ਹਾਥ ਜੋੜ ਸਿਰ ਨਿਜਾਇਕੇ, ਯੌ ਸਹਿ ਬੈਨ ਬਖਾਨ।
> "ਚਤੁਰ ਮਾਸ ਬਰਸਾਤ ਬਰ, ਕਾਟੈਂ ਇਤੈ ਸੁਜਾਨ ... "॥[84]

ਦੂਜੇ ਪਾਸੇ ਕਵੀ ਸੁੱਖਾ ਸਿੰਘ ਦੱਸਦਾ ਹੈ ਕਿ ਗੁਰੂ ਜੀ ਨੂੰ ਆਪਣੇ ਨਾਲ ਰਾਜਪੂਤਾਨੇ ਚਲਣ ਦੀ ਬੇਨਤੀ ਬਹਾਦਰ ਸ਼ਾਹ ਨੇ ਕੀਤੀ :

> ਰਜਪੂਤਨ ਮੈ ਸਾਹ ਜੂ ਚਢਿਓ ਚਹਤ ਧੁਨ ਲਾਇ।
> ਕ੍ਰਿਪਾਸਿੰਧ ਕੋ ਸਾਥ ਹੀ ਪਿਲਨ ਹੋਗ ਸੁਖ ਪਾਇ ...
> ਲਗਨ ਮਹੂਰਤ ਸੋਧ ਕੈ ਕੀਨੋ ਸਾਹ ਪ੍ਯਾਨ।
> ਕ੍ਰਿਪਾ ਸਿੰਧ ਕੋ ਸਾਥ ਹੀ ਲੀਨੋ ਭਲੇ ਸੁ ਜਾਨ॥[85]

---

[83] ਗੰਡਾ ਸਿੰਘ (ਸੰਪਾ.), *ਸ੍ਰੀ ਗੁਰ ਸੋਭਾ*, ਪੰਨਾ 34-35.
[84] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 109-11, ਪੰਨਾ 242.
[85] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 210-7, ਪੰਨਾ 412-13.

ਕੁਇਰ ਸਿੰਘ ਦੇ ਵਿਚਾਰ ਦਾ ਖੰਡਨ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੱਤਕ 1, 1764 ਬਿ. ( 2 ਅਕਤੂਬਰ 1707 ਈ.) ਨੂੰ ਧਉਲ ਦੀ ਸੰਗਤ ਵੱਲ ਲਿਖੇ ਹੁਕਮਨਾਮੇ ਤੋਂ ਹੋ ਜਾਂਦਾ ਹੈ। ਜਿਸ ਵਿਚ ਗੁਰੂ ਸਾਹਿਬ ਲਿਖਦੇ ਹਨ "..ਅਸੀ ਭੀ ਥੋੜੇ ਹੀ ਦਿਨਾਂ ਨੂੰ ਆਵਤੇ ... ਜਦਿ ਅਸੀ ਕਹਲੂਰ ਆਵਤੇ ਤਦਿ ਸੂਬਤਿ ਖਾਲਸੇ ਹਥਿਆਰ ਬੰਨ ਕੇ ਹਜੂਰਿ ਆਵਣਾ ...।"[86] ਗੰਡਾ ਸਿੰਘ ਗੁਰੂ ਜੀ ਦੇ ਦੱਖਣ ਵੱਲ ਜਾਣ ਦਾ ਮਨੋਰਥ ਦੱਸਦਿਆਂ ਲਿਖਦੇ ਹਨ "ਗੁਰੂ ਸਾਹਿਬ ਦੀ ਬਾਦਸ਼ਾਹ ਨਾਲ ਗੱਲ-ਬਾਤ ਹਾਲੇ ਪੂਰੀ ਤਰ੍ਹਾਂ ਸਿਰੇ ਨਹੀਂ ਸੀ ਚੜ੍ਹੀ ਕਿ ਬਾਦਸ਼ਾਹ ਨੂੰ ਪਹਿਲਾਂ ਰਾਜਪੁਤਾਨੇ ਵੱਲ ਅਤੇ ਉੱਥੋਂ ਦੱਖਣ ਵੱਲ ਜਾਣਾ ਪੈ ਗਿਆ। ਦੱਖਣ ਵਿਚ ਉਸ ਦੇ ਛੋਟੇ ਭਰਾ ਕਾਮ ਬਖਸ਼ ਨੇ ਬਗ਼ਾਵਤ ਦਾ ਝੰਡਾ ਖੜ੍ਹਾ ਕਰ ਦਿੱਤਾ ਸੀ। ਗੱਲ-ਬਾਤ ਨੂੰ ਕਿਸੇ ਨਤੀਜੇ ਸਿਰ ਪਹੁੰਚਾਣ ਲਈ ਗੁਰੂ ਸਾਹਿਬ ਭੀ ਉਸ ਦੇ ਨਾਲ ਹੀ ਦੱਖਣ ਵੱਲ ਨੂੰ ਤੁਰ ਪਏ ਤਾਂ ਕਿ ਜਿੱਥੇ ਭੀ ਮੌਕਾ ਲਗ ਸਕੇ ਗੱਲ ਹੁੰਦੀ ਜਾਏ।"[87] ਇਸ ਤਰ੍ਹਾਂ ਕਵੀ ਕੁਇਰ ਸਿੰਘ ਵਲੋਂ ਪੇਸ਼ ਕੀਤਾ ਗੁਰੂ ਜੀ ਦੇ ਦੱਖਣ ਦੇਸ ਜਾਣ ਦਾ ਵਿਚਾਰ ਠੀਕ ਸਾਬਤ ਨਹੀਂ ਹੁੰਦਾ।

ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਜਾਣ ਸਮੇਂ ਰਾਹ ਵਿਚ ਆਪ ਦੇ ਵਿਆਹ ਦੀ ਕਥਾ ਪੇਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਗੁਰੂ ਜੀ ਜਦ ਰਾਜਪੁਤਾਨੇ ਦੇ ਕਿਸੇ ਪਿੰਡ ਪਹੁੰਚੇ ਤਾਂ ਇੱਕ ਸਿੱਖ ਨੇ ਬੇਨਤੀ ਕੀਤੀ ਕਿ ਮੈਂ ਅਪਣੀ ਧੀ ਆਪ ਨੂੰ ਵਿਆਹੁਣ ਦਾ ਪ੍ਰਣ ਕੀਤਾ ਹੋਇਆ ਹੈ। ਗੁਰੂ ਜੀ ਨੇ ਸਿੱਖ ਦੀ ਬੇਨਤੀ ਮੰਨ ਕੇ ਵਿਆਹ ਕੀਤਾ :

"ਮੋ ਗ੍ਰਿਹ ਮੈ ਇਕ ਕੰਨਜਾ ਆਹੀ। ਕਰ ਪ੍ਰਤਗਜਾ ਮੈ ਨ ਬਿਵਾਹੀ।
ਕ੍ਰਿਪਾ ਸਿੰਧ ਹਮ ਦੇਸ ਜੇ ਐਹੈ। ਯਾ ਕੋ ਵਜਾਹ ਖੁਸੀ ਮੋ ਦੈ ਹੈ॥
ਤਾ ਤੇ ਤੁਮ ਹੋ ਅੰਤਰ ਜਾਮੀ। ਸਕਲ ਘਟਾ ਮੈ ਪੂਰਨ ਸ੍ਵਾਮੀ।
ਹੋਹੁ ਦਯਾਲ ਵਿਵਾਹੁ ਸੋ ਕਰੋ। ਤੌ ਯਹਿ ਮਗ ਆਗੇ ਪਗ ਧਰੋ॥
ਸੁਨਤ ਖੁਸੀ ਸਾਹਿਬ ਭਏ, ਹੁਕਮ ਖਾਲਸੇ ਕੀਨ।
ਸਗਲ ਸਮਗ੍ਰੀ ਬਜਾਹ ਕੀ, ਤਬ ਮੰਗਾਏ ਕੇ ਲੀਨ।
ਸਾਜ ਸਮਾਜ ਸਭੈ ਸੁ ਕਰਾਈ। ਆਨੰਦ ਤੂਰ ਸੁ ਭੂਰ ਬਜਾਈ।
ਇਹ ਬਿਧਿ ਕੀਨ ਬਿਆਹ ਸੁਧਾਰੀ। ਤਾ ਤੇ ਕੀਨਾ ਕੂਚ ਅਗਾਰੀ॥[88]

ਅਤੇ

---

[86] ਗੰਡਾ ਸਿੰਘ (ਸੰਪਾ.), *ਹੁਕਮਨਾਮੇ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1967, ਪੰਨਾ 186.
[87] ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1999, ਪੰਨਾ 5.
[88] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 113-16, ਪੰਨਾ 218-19.

ਮੋਰ ਸੁਆਲ ਦਯਾਲ ਕ੍ਰਿਪਾਨਿਧ ਏਕ ਸੁਤਾ ਹੈ ਸੁ ਪੂਰ ਸੁਭਾਗੀ।
ਆਪ ਕੀ ਆਹਿ ਸੁ ਮੰਗ ਕ੍ਰਿਪਾਨਿਧ ਆਇਸ ਹੋਇ ਕਰੋ ਪਗ ਆਗੀ ...
ਸਾਜ ਸਮਾਜ ਸਵੈ ਸੁ ਕਰਾਈ। ਆਨਕ ਦੁੰਦਭ ਤੂਰ ਬਜਾਈ।
ਤਾਸ ਸਿਖ੍ਯ ਕੀ ਇਛਾ ਕਾਜਾ। ਕਾਰਜ ਕੀਨ ਗਰੀਬ ਨਿਵਾਜਾ॥[89]

ਗੁਰੂ ਜੀ ਦੇ ਉਪਰੋਕਤ ਵਿਆਹ ਦਾ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ ਦੇ ਤੀਜੇ ਮਹਿਲ ਮਾਤਾ ਸਾਹਿਬ ਦੇਵਾਂ ਜੀ ਦੇ ਬ੍ਰਿਤਾਂਤ ਨਾਲ ਇੰਨ-ਬਿੰਨ ਮਿਲਦਾ ਹੈ ਪਰ ਕਵੀਆਂ ਵੱਲੋਂ ਪੇਸ਼ ਕੀਤੇ ਗਏ ਪ੍ਰਸੰਗ ਵਿਚ ਸਮਾਂ ਅਤੇ ਸਥਾਨ ਠੀਕ ਨਹੀਂ ਬੈਠਦੇ। ਦੋਹਾਂ ਕਵੀਆਂ ਨੇ ਕੰਨਿਆ ਦੇ ਪਿਤਾ ਦਾ ਨਾਂ ਅਤੇ ਟਿਕਾਣਾ ਨਹੀਂ ਦੱਸਿਆ। ਮਹਿੰਦਰ ਕੌਰ ਗਿੱਲ ਅਨੁਸਾਰ ਅਜਿਹੀ ਬੇਨਤੀ ਰੁਹਤਾਸ (ਜਿਲਾ ਜੇਹਲਮ, ਪਾਕਿਸਤਾਨ) ਦੇ ਭਾਈ ਰਾਵਾ ਨੇ ਆਪਣੀ ਪਤਨੀ ਜਸ ਦੇਈ ਅਤੇ ਨਗਰ ਦੀ ਸੰਗਤ ਸਮੇਤ ਆਨੰਦਪੁਰ ਵਿਖੇ ਆ ਕੇ ਕੀਤੀ ਸੀ। ਜਿਸ ਦੇ ਜਵਾਬ ਵਿਚ ਗੁਰੂ ਜੀ ਨੇ ਬਚਨ ਕੀਤਾ "ਇਹ ਡੋਲ਼ਾ ਸਾਡੇ ਮਹੱਲਾਂ ਵਿਚ ਕੁਆਰਾ ਡੋਲ਼ਾ ਬਣ ਕੇ ਹੀ ਰਹਿ ਸਕਦਾ ਹੈ। ਸਾਡੀ ਬ੍ਰਹਮਚਰਜ ਦੀ ਪ੍ਰਤਿੱਗਿਆ ਤਾਂ ਅਟੱਲ ਹੈ।"[90] ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਦੇਵਾਂ ਜੀ ਨੂੰ ਖਾਲਸੇ ਦੀ ਮਾਤਾ ਦਾ ਮਾਣ ਬਖਸ਼ਿਆ ਹੈ। ਕੁਇਰ ਸਿੰਘ ਨਦੇੜ ਵਿਖੇ ਅੰਤਮ ਸਮਾਚਾਰ ਵਿਚ ਲਿਖਦਾ ਹੈ ਕਿ ਮਾਤਾ ਸਾਹਿਬ ਦੇਵਾਂ ਜੀ ਗੁਰੂ ਸਾਹਿਬ ਦੇ ਨਾਲ ਸਨ ਅਤੇ ਗੁਰੂ ਜੀ ਨੇ ਪੰਜ ਸਿੰਘ ਉਨ੍ਹਾਂ ਦੀ ਸੇਵਾ ਲਈ ਸੌਂਪ ਕੇ ਦਿੱਲੀ ਜਾਣ ਦਾ ਹੁਕਮ ਦਿੱਤਾ ਹੈ :

ਤਹਿ ਕਾਲ ਮੋ ਸਿੰਘ ਅਰਦਾਸ ਕੀਨੀ, "ਸੱਚੇ ਸਾਹ ਜੀ, ਮਾਤ ਸਾਹਿਬ ਜੋ ਦੇਵੀ।
ਆਪ ਵਿਜੋਗ ਸਹਾਰ ਜਾਨੈ ਨਹੀ, ਹੁਕਮ ਦਰਗਾਹ ਕਾ ਸਹੇ ਖੇਵੀ ...
ਯਹਿ ਭਾਂਤਿ ਹਜੂਰ ਨੇ ਤਾਹਿ ਅਗਜ ਦਈ, "ਸੰਗ ਨਹੀ ਜਲਨਾ ਜੋਗ ਮੇਰੇ।
ਯਾ ਲਿਖੇ ਜੋ ਅੰਗ ਵਿਜੋਗ ਜਾਨੋ, ਸਹੀ ਰਹੈਂਗੇ ਕਾਲ ਕਛੁ ਸਾਸ ਤੇਰੇ ...
ਏਕ ਸਿੰਘ ਕਲਾਲ ਕੋ, ਔਰ ਪੰਚ ਪੁਨਿ ਜਾਨ।
ਮਾਤਾ ਕੀ ਅਤਿ ਟਹਿਲ ਮੋ, ਸੌਂਪੇ ਅਤਿ ਹਿਤ ਮਾਨ॥
ਮਾਤਾ ਜੀ ਤਬ ਆਇ ਕੇ, ਰਹੇ ਦਿਲੀ ਬਰ ਗਾਹਿ।[91]

ਕਵੀ ਕੁਇਰ ਸਿੰਘ ਦੇ ਉਪਰੋਕਤ ਬਿਆਨ ਤੋਂ ਸਪਸ਼ਟ ਹੈ ਕਿ ਦੱਖਣ ਜਾਣ ਸਮੇਂ ਗੁਰੂ ਸਾਹਿਬ ਦੇ ਨਾਲ ਮਾਤਾ ਸਾਹਿਬ ਦੇਵਾਂ ਜੀ (ਮਹਿਲ) ਸਨ, ਹੋਰ ਕੋਈ ਗੁਰੂ ਮਹਿਲ ਆਪ ਦੇ ਨਾਲ ਨਹੀਂ ਸਨ। ਸ਼ਮਸ਼ੇਰ

[89] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 46-53, ਪੰਨਾ 375.
[90] ਮਹਿੰਦਰ ਕੌਰ ਗਿਲ, *ਗੁਰੂ ਮਹਿਲ ਗਾਥਾ,* ਪੰਨਾ 81-82.
[91] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਛੰਦ 126-29, ਪੰਨਾ 267-68.

ਸਿੰਘ ਅਸ਼ੋਕ ਅਨੁਸਾਰ 'ਮਾਤਾ ਸਾਹਿਬ ਦੇਵਾਂ ਦੇ ਪਿਤਾ ਹਰਿ ਭਗਵਾਨ, ਮਾਤਾ ਜਸ ਦੇਵੀ, ਨਿਵਾਸੀ ਰੋਹਤਾਸ (ਜੇਹਲਮ, ਪਾਕਿਸਤਾਨ) ਹਨ ਅਤੇ ਆਪ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਆਹ 15 ਅਪ੍ਰੈਲ 1700 ਈਸਵੀ ਨੂੰ ਆਨੰਦਪੁਰ ਸਾਹਿਬ ਵਿਖੇ ਹੋਇਆ ਹੈ।'[92] ਸਪਸ਼ਟ ਹੈ ਕਿ ਮਾਤਾ ਸਾਹਿਬ ਦੇਵਾਂ ਜੀ ਦਾ ਗੁਰੂ ਜੀ ਨਾਲ ਵਿਆਹ ਆਨੰਦਪੁਰ ਸਾਹਿਬ ਵਿਖੇ ਹੀ ਹੋਇਆ ਹੈ। ਇਸ ਕਰਕੇ ਕੁਇਰ ਸਿੰਘ ਅਤੇ ਸੁੱਖਾ ਸਿਘ ਵੱਲੋਂ ਉਪਰੋਕਤ ਵਿਆਹ ਨੂੰ ਰਾਜਪੁਤਾਨੇ ਦੀ ਘਟਨਾ ਵਿਖਾਉਣਾ ਕਵੀਆਂ ਦੀ ਭੁੱਲ ਹੈ।

ਦੋਹਾਂ ਕਵੀਆਂ ਨੇ ਔਰੰਗਜ਼ੇਬ ਦੇ ਅੰਤਲੇ ਸਮੇਂ ਉਸ ਦੀ ਧੀ ਜ਼ੇਬੁਨਿਸਾ ਦਾ ਜਿਕਰ ਕੀਤਾ ਹੈ। ਕਵੀਆਂ ਨੇ ਜ਼ੇਬੁਨਿਸਾ ਵੱਲੋਂ ਆਪਣੇ ਪਿਤਾ ਔਰੰਗਜ਼ੇਬ ਨੂੰ ਸਮਝਾਉਣ ਬਾਰੇ ਇਸ ਤਰ੍ਹਾਂ ਲਿਖਿਆ ਹੈ :

ਜੇਬੁਨਿਸਾ ਤਾ ਕੀ ਬਰ ਬੇਟੀ। ਜੀਅ ਨਿਹਾਰ ਪਿਦਰ ਅਉਖੇਟੀ।
ਸੋ ਚਲ ਕੇ ਹਜਰਤ ਤਟ ਆਈ। ਅਨਿਕ ਕਥਾ ਤਿਹ ਕਹਿ ਸਮਝਾਈ॥
ਤੱਦਪਿ ਹੁਕਮ ਪੜ੍ਹਾ ਨਹੀ ਸਾਹਾ। ਲਿਖ ਕਾਗਦ ਪੜ੍ਹ ਭਿਸਤ ਸਿਧਾਹਾ।[93]

ਅਤੇ

ਜੇਬੁਨਿਸਾ ਹਜਰਤ ਕੀ ਬੇਟੀ। ਜਿਹ ਸਮ ਇੰਦ੍ਰ ਚੰਦ੍ਰ ਨਹੀ ਭੇਟੀ॥
ਤਿਨ ਨਿਜ ਪਿਤ ਕੋ ਬਹੁ ਸਮਝਾਯੋ। ਈਤ ਊਤ ਕੋ ਭੇਦ ਜਿਤਾਯੋ।[94]

ਮਹਾਨ ਕੋਸ਼ ਅਨੁਸਾਰ ਔਰੰਗਜ਼ੇਬ ਦੀ ਧੀ ਜ਼ੇਬੁਨਿਸਾ ਦਾ ਦੇਹਾਂਤ 1703 ਈ. ਵਿਚ ਦਿੱਲੀ ਵਿਖੇ ਹੋਇਆ ਹੈ।[95] ਗੁਰੂ ਜੀ ਦਾ ਜ਼ਫਰਨਾਮਾ ਪੜ੍ਹ ਕੇ ਔਰੰਗਜ਼ੇਬ ਦੀ ਮੌਤ ਦਾ ਜੋ ਬਿਰਤਾਂਤ ਕਵੀ ਪੇਸ਼ ਕਰ ਰਹੇ ਹਨ ਉਸ ਦਾ ਸਮਾਂ 1707 ਈ. ਦਾ ਬਣਦਾ ਹੈ। ਇਸ ਕਰਕੇ ਕੁਇਰ ਸਿੰਘ ਅਤੇ ਸੁੱਖਾ ਸਿੰਘ ਵੱਲੋਂ ਇਥੇ ਜ਼ੇਬੁਨਿਸਾ ਦਾ ਜ਼ਿਕਰ ਠੀਕ ਨਹੀਂ ਹੈ।

ਕਵੀ ਸੁੱਖਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਆਗਰੇ ਤੋਂ ਦੱਖਣ ਵੱਲ ਕੂਚ ਦੌਰਾਨ ਰਾਜਪੁਤਾਨੇ ਵਿਚ, ਸਾਹਿਬਜਾਦਾ ਜੋਰਾਵਰ ਸਿੰਘ ਨਾਲ ਮਿਲਾਪ ਹੋਣਾ ਦੱਸਿਆ ਹੈ :

ਆਨ ਸੁਨਿਯੋ ਤਬ ਹੀ ਲਗਿ ਯੌ ਪੁਨਿ ਸਾਹਿਬ ਸਿੰਘ ਜੁਰਾਵਰ ਆਏ।
ਹੋਤ ਭਏ ਸਦਿਆਨ ਮਹਾਂ ਤਬ ਆਨੰਦ ਕੈ ਦੂਖ ਦੂਰ ਨਸਾਏ।
ਛੋਰ ਪ੍ਰਸੰਗ ਕਥਾ ਕਹਿ ਪੂਰਬ ਜੁਧ ਕਿਧੌਂ ਚਮਕੌਰ ਸੁਨਾਇ।

---

92 Shamsher Singh Ashok, "Sahib devan", *Encyclopaedia of Sikhism,* Harbans Singh (Ed.), vol IV, 2004, p 16-17.
93 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 130–31, ਪੰਨਾ 220.
94 ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 74–75, ਪੰਨਾ 377.
95 ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 532.

ਮਾਨੋ ਗਏ ਅਮਰਾਪੁਰ ਦੇਖਿਨ ਮਾਤ ਚਿਤਾਰ ਸਹੀ ਫਿਰ ਆਏ॥[96]

ਗੰਡਾ ਸਿੰਘ ਅਨੁਸਾਰ ਗੁਰੂ ਜੀ ਨੂੰ ਰਾਜਪੂਤਾਨੇ ਵਿਚ ਮਿਲਣ ਵਾਲਾ ਇਹ ਦੂਜਾ ਜੋਰਾਵਰ ਸਿੰਘ ਭਾਈ ਨੱਥੂ ਦਾ ਪੁੱਤਰ ਸੀ। ਉਨ੍ਹਾਂ ਅਨੁਸਾਰ ਇਹ ਸਾਹਿਬਜ਼ਾਦਾ ਜੋਰਾਵਰ ਸਿੰਘ ਦਾ ਹਾਣੀ ਅਤੇ ਗੁਰੂ ਜੀ ਦਾ ਮੂੰਹ-ਬੋਲਿਆ ਪੁੱਤਰ ਸੀ।[97] ਪਰ ਕਵੀ ਨੇ ਅਮਰਾਪੁਰ (ਸ਼ਹੀਦੀ) ਹੋ ਕੇ ਪਰਤਣ ਦਾ ਖਿਆਲ ਨਾਲ ਜੋੜ ਦਿੱਤਾ ਹੈ ਜਿਸ ਕਰਕੇ ਕੁੱਝ ਸ਼ੱਕ ਪੈਦਾ ਹੋ ਜਾਂਦਾ ਹੈ। ਕਵੀ ਕੁਇਰ ਸਿੰਘ ਨੇ ਗੁਰੂ ਜੀ ਦੇ ਰਾਜਪੁਤਾਨੇ ਤੋਂ ਪਟਨਾ ਸਾਹਿਬ ਜਾਣ ਅਤੇ ਚਾਰ ਸਾਲ ਉਥੇ ਨਿਵਾਸ ਕਰਨ ਦਾ ਜ਼ਿਕਰ ਕੀਤਾ ਹੈ :

ਤਬ ਹੀ ਕੂਚ ਕਰਤ ਹੀ, ਰਜਵਾਰਨ ਕੇ ਦੇਸ।
ਪਹੁਚਤ ਭੇ ਸਾਹਿਬ ਤਹਾਂ, ਦ੍ਰਿਸਟ ਕਰੀ ਪਟਨੇਸ॥
ਬਾਦਸਾਹ ਤੇ ਲੇ ਬਿਦਾ, ਜਾਇਏ ਪੂਰਬ ਮਾਂਹਿ।
ਕਜਾ ਜਾਨੇ ਕਜਾ ਹੋਹਿਗੀ, ਜਨਮ ਪੁਰੀ ਦ੍ਰਿਸਟਾਹਿ ...
ਸਾਹਿਬ ਰਹੇ ਤਾ ਸਮੈ ਜਾਨੀ। ਪੁਨਿ ਆਗੇ ਕਹਿ ਕੀਨ ਪਯਾਨੀ।
ਜਨਮ ਪੁਰੀ ਕੇ ਲੋਕ ਅਪਾਰਾ। ਆਏ ਅਗ੍ਰ ਮਿਲਨ ਜੀਅ ਧਾਰਾ ...
ਜਨਮ ਪੁਰੀ ਕੋ ਪੇਖ ਦਯਾਲਾ। ਬਡ ਆਨੰਦ ਪਾਯੋ ਜੀਅ ਭਾਲਾ।
ਕੇਤਕ ਬਰਸ ਰਹੈ ਤਾ ਠਾਹੀ। ਚਾਰ ਬਰਸ ਕਛ ਮਾਸ ਬਿਤਾਹੀ।[98]

ਕਵੀ ਕੁਇਰ ਸਿੰਘ ਦਾ ਉਪਰੋਕਤ ਬਿਆਨ ਕਿਸੇ ਲਿਹਾਜ ਨਾਲ ਵੀ ਠੀਕ ਸਾਬਤ ਨਹੀਂ ਹੁੰਦਾ। ਗੁਰੂ ਸਾਹਿਬ ਦਾ ਦਿੱਲੀ ਤੋਂ ਚੱਲ ਕੇ ਨਾਂਦੇੜ ਜੋਤੀ-ਜੋਤਿ ਸਮਾਉਣ ਦਾ ਕੁੱਲ ਸਮਾਂ ਇੱਕ ਸਾਲ ਦਾ ਬਣਦਾ ਹੈ। ਇਸ ਦੌਰਾਨ ਰਾਜਪੁਤਾਨੇ ਤੋਂ ਪਟਨੇ ਜਾਣਾ ਅਤੇ ਚਾਰ ਸਾਲ ਠਹਿਰਣਾ ਕਵੀ ਦੀ ਭੁੱਲ ਹੀ ਕਹੀ ਜਾ ਸਕਦੀ ਹੈ।

ਕਵੀ ਸੁੱਖਾ ਸਿੰਘ ਨੇ ਸ਼ਰਧਾ ਵੱਸ ਗੁਰੂ ਗੋਬਿੰਦ ਸਿੰਘ ਉੱਪਰ ਪਠਾਣਾਂ ਵੱਲੋਂ ਕੀਤੇ ਗਏ ਹਮਲੇ ਦੇ ਬਿਆਨ ਨੂੰ ਕੁੱਝ ਵਿਗਾੜ ਦਿੱਤਾ ਜਾਪਦਾ ਹੈ। ਇਹ ਠੀਕ ਹੈ ਕਿ ਦੋਵੇਂ ਪਠਾਣ ਗੁਰੂ ਜੀ ਕੋਲ ਸ਼ਰਧਾਲੂ ਬਣ ਕੇ ਆਏ ਸਨ ਪਰ ਕਵੀ ਨੇ ਦਰਸਾਇਆ ਹੈ ਕਿ ਗੁਰੂ ਜੀ ਨੇ ਆਪ ਉਸ ਨੂੰ ਖੰਜਰ ਦੇ ਕੇ ਵਾਰ ਕਰਨ ਲਈ ਉਕਸਾਇਆ :

ਸੁਪਨੇ ਦੁਹਨ ਨ ਦੇਈ ਕਬੀ ਤੁਰਕ ਕੀ ਛਾਇ।

---

[96] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 12, ਪੰਨਾ 414.
[97] ਗੰਡਾ ਸਿੰਘ, *ਸ੍ਰੀ ਗੁਰ ਸੋਭਾ*, ਪੰਨਾ 46.
[98] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 213-27, ਪੰਨਾ 252-53.

ਅਬ ਨਿਜ ਕੌਤਕ ਕਰਨ ਕੌ ਆਗਿ ਬਠਾਵਤ ਧਾਇ॥

ਯੋ ਕਹ ਦਏ ਪ੍ਰਭ ਸਿੰਘ ਉਠਾਈ। ਨਿਜ ਡੇਰਨ ਬੈਠਹੁ ਸਭ ਜਾਈ।

ਦਿਨ ਨਹੀ ਰਹਾ ਰੈਨ ਹੁਇ ਆਈ। ਦੀਪਕ ਦੀਪ ਸਮੈ ਲਖ ਪਾਈ॥

ਜਮਧਰ ਦਯੋ ਹਾਥ ਪ੍ਰਭ ਵਾ ਕੇ। ਬਰਨਤ ਭਏ ਬਚਨ ਕਟਿ ਬਾਕੇ।

ਬਡੋ ਜਵਾਨ ਹ੍ਵੈ ਕੈ ਜਗ ਮਾਹੀ। ਬੈਰ ਨ ਲਏ ਥੂਕ ਤਿਹ ਆਹੀ॥[99]

ਕਵੀ ਸੁੱਖਾ ਸਿੰਘ ਦੇ ਉਪਰੋਕਤ ਵਿਚਾਰ ਉਸ ਦੀ ਆਪਣੀ ਕਲਪਨਾ ਹੈ। ਕੁਇਰ ਸਿੰਘ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਉੱਪਰ ਹਮਲਾ ਕਰਨ ਲਈ ਉਸ ਪਠਾਣ ਨੂੰ ਕੁੱਝ ਤੁਰਕਾਂ ਨੇ ਉਕਸਾਇਆ ਸੀ।[100] ਅਸਲ ਵਿਚ ਸੁੱਖਾ ਸਿੰਘ ਇਸ ਸਾਖੀ ਰਾਹੀਂ ਗੁਰੂ ਜੀ ਨੂੰ ਮੌਤ ਤੋਂ ਸੁਤੰਤਰ ਅਤੇ ਸੰਸਾਰ ਦੇ ਕਾਰਜਾਂ ਦਾ ਨਿਰਦੇਸ਼ਕ ਵਿਖਾਉਣਾ ਚਾਹੁੰਦਾ ਹੈ ਪਰ ਕਵੀ ਦਾ ਇਹ ਢੰਗ ਸਿੱਖ ਅਮਲ ਅਤੇ ਇਤਿਹਾਸਕ ਜਬਤ ਦੇ ਅਨੁਕੂਲ ਨਹੀਂ ਜਾਪਦਾ। ਗੰਡਾ ਸਿੰਘ ਅਨੁਸਾਰ "ਜਮਸ਼ੈਦ ਖਾਨ, ਜਿਸ ਨੇ ਨਾਂਦੇੜ ਵਿਚ ਗੁਰੂ ਸਾਹਿਬ ਪਰ ਜਮਧਰ ਨਾਲ ਵਾਰ ਕੀਤਾ ਸੀ ਅਤੇ ਉਸ ਦਾ ਸਾਥੀ, ਵਜ਼ੀਰ ਖਾਨ ਫੌਜਦਾਰ ਸਰਹੰਦ ਵੱਲੋਂ ਭੇਜੇ ਗਏ ਸਨ ਤਾਂ ਕਿ ਬਾਦਸ਼ਾਹ ਨਾਲ ਸੁਲ੍ਹਾ ਸਫਾਈ ਹੋ ਜਾਣ ਪਰ ਗੁਰੂ ਸਾਹਿਬ ਦੇ ਪੰਜਾਬ ਮੁੜਨ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਕਤਲ ਕਰ ਦੇਣ। ਇਨ੍ਹਾਂ ਤੋਂ ਇਲਾਵਾ ਹੋਰ ਜਿਤਨੇ ਭੀ ਕਾਰਣ ਦੱਸੇ ਜਾਂਦੇ ਹਨ, ਉਨ੍ਹਾਂ ਦੇ ਲੇਖਕ ਜਾਂ ਤਾਂ ਉਹ ਪੱਖਪਾਤੀ ਹਨ, ਜੋ ਆਪਣੇ ਮੁਸਲਮਾਨ ਭਰਾ ਨੂੰ ਨਿਰਦੋਸ਼ ਦੱਸਣਾ ਚਾਹੁੰਦੇ ਹਨ ਅਤੇ ਗੁਰੂ ਸਾਹਿਬ ਵੱਲੋਂ ਉਕਸਾਹਟ ਹੋਣ ਪਰ ਪਠਾਣ ਵੱਲੋਂ ਗੁੱਸੇ ਵਿਚ ਵਾਰ ਹੋਣਾ ਦੱਸਦੇ ਹਨ ਜਾਂ ਉਹ ਸ਼ਰਧਾਲੂ ਸਿੱਖ ਹਨ, ਜੋ ਇਹ ਕਹਿਣਾ ਚਾਹੁੰਦੇ ਹਨ ਕਿ ਗੁਰੂ ਸਾਹਿਬ ਨੂੰ ਕੌਣ ਮਾਰ ਸਕਦਾ ਸੀ, ਇਸ ਕਾਰੇ ਦਾ ਭਾਣਾ ਗੁਰੂ ਜੀ ਨੇ ਆਪ ਹੀ ਵਰਤਾਇਆ ਸੀ।"[101]

ਕੁਇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਦੀ ਮਿਤੀ ਕੱਤਕ ਸੁਦੀ 5, ਸੰਮਤ 1766 ਬਿ. ਦੱਸੀ ਹੈ :

ਸੰਮਤ ਸਤ੍ਰਹ ਸਹਸ ਛਜਾਛਠਕ। ਕਾਤਿਕ ਸੁਦਿ ਪੰਚਮਿ ਸੁਖਦਾਯਕ।[102]

ਅਤੇ

ਥਿਤ ਕਾਤਕੰ ਪੰਚਮੀ ਸੁਦੀ ਜਾਨੋ, ਪੁਨਿ ਸਪਤਮੰ ਅਸ੍ਰ ਜੁਗ ਸਹੰਸ ਪੁਨੰ।

---

[99] ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਛੰਦ 33-35, ਪੰਨਾ 435.
[100] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਪੰਨਾ 258-59.
[101] ਗੰਡਾ ਸਿੰਘ (ਸੰਪਾ.), *ਸ੍ਰੀ ਗੁਰ ਸੋਭਾ,* ਪੰਨਾ 49-50.
[102] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਛੰਦ 53, ਪੰਨਾ 5.

ਛਿਆਇਠੇ ਰੂਪ ਬਰ ਧਰਮ ਮਾਹੀ, ਗੁਰੂ ਪਜਾਨ ਕੀਨਾ ਬਡੋ ਪੁੰਨ ਪੁੰਨੰ।[103]

ਕੁਇਰ ਸਿੰਘ ਦੀ ਮਿਤੀ ਵਿਚ ਇੱਕ ਸਾਲ ਦਾ ਫਰਕ ਹੈ। ਗੰਡਾ ਸਿੰਘ ਅਨੁਸਾਰ "ਮਿਤੀ ਕੱਤਕ ਸੁਦੀ 5 ਸੰਮਤ 1765 ਬਿਕਰਮੀ 6-7 ਅਕਤੂਬਰ 1708 ਈ. ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਜੋਤਿ ਅਕਾਲ ਪੁਰਖ ਦੀ ਪਰਮ-ਜੋਤਿ ਵਿਚ ਸਮਾ ਗਈ।"[104]

ਕਵੀ ਸੁੱਖਾ ਸਿੰਘ ਦੀ ਰਚਨਾ ਦੇ ਅਖੀਰ ਵਿਚ ਬਾਲਾ ਰਾਏ ਅਤੇ ਰੁਸਤਮ ਰਾਏ ਦੀ ਸਾਖੀ ਦਰਜ ਹੈ। ਕਵੀ ਅਨੁਸਾਰ ਗੁਰੂ ਜੀ ਨੇ ਸਤਾਰਾ ਦੇ ਕਿਲੇ ਵਿਚ ਕੈਦ ਜਨਵਾਰੇ ਦੇ ਇਨ੍ਹਾਂ ਦੋ ਭਰਾ ਨੂੰ ਰਕਾਬਾਂ ਫੜਾ ਕੇ ਕੈਦ ਤੋਂ ਮੁਕਤ ਕਰਾਇਆ। ਕਵੀ ਅਨੁਸਾਰ ਗੁਰੂ ਜੀ ਉਨ੍ਹਾਂ ਦੋਹਾਂ ਭਰਾਵਾਂ ਸਮੇਤ ਬਾਰਾਂ ਕੋਹ ਹਵਾ ਵਿਚ ਉੱਡਦੇ ਹੋਏ ਵਿੰਧਿਆਚਲ ਦੇ ਪਹਾੜ ਤੇ ਜਾ ਉੱਤਰੇ। ਕਵੀ ਇਸ ਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਦੀ ਘਟਨਾ ਦੱਸਦਾ ਹੈ। ਇਸ ਸਾਖੀ ਤੋਂ ਪਹਿਲਾਂ ਕਵੀ ਗੁਰੂ ਸਾਹਿਬ ਦੀ ਸਮੁੱਚੀ ਕਥਾ ਪੂਰੀ ਕਰ ਚੁਕਾ ਹੈ ਅਤੇ ਆਪਣੇ ਰਚਨਾ ਮਨੋਰਥ, ਸਥਾਨ ਆਦਿ ਬਾਰੇ ਵੀ ਦੱਸ ਚੁਕਾ ਹੈ। ਇਸ ਕਰਕੇ ਇਹ ਕਥਾ ਬਾਅਦ ਵਿਚ ਸ਼ਾਮਲ ਕੀਤੀ ਜਾਪਦੀ ਹੈ। ਗੰਡਾ ਸਿੰਘ ਇਸ ਸਾਖੀ ਨੂੰ ਕਲਪਨਾ ਮਾਤਰ ਮੰਨਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਵਿੰਧਆਂਚਲ ਦੀਆਂ ਪਹਾੜੀਆਂ ਦੀ ਵਿੱਥ ਸਤਾਰਾ ਦੇ ਕਿਲੇ ਤੋਂ 12 ਕੋਹ (18-20 ਮੀਲ) ਦੀ ਬਜਾਏ ਤਿੰਨ ਸਾਢੇ ਤਿੰਨ ਸੌ ਮੀਲ ਹੈ। ਇਸ ਕਰਕੇ ਕਵੀ ਦਾ ਕਥਨ ਭੂਗੋਲਿਕ ਤੌਰ ਤੇ ਵੀ ਠੀਕ ਨਹੀਂ ਹੈ।[105] ਅਸਲ ਵਿਚ ਕਵੀ ਇਸ ਸਾਖੀ ਰਾਹੀਂ ਦੱਸਣਾ ਚਾਹੁੰਦਾ ਹੈ ਕਿ ਗੁਰੂ ਸਾਹਿਬ ਦੇਹ ਦੀ ਸੀਮਾ ਤੋਂ ਪਾਰ ਹਨ ਅਤੇ ਆਪਣੇ ਸਿੱਖਾਂ ਲਈ ਸਦਾ ਸਹਾਇਕ ਹਨ।

ਇਸ ਤੋਂ ਇਲਾਵਾ ਕਵੀਆਂ ਨੇ ਆਪਣੀ ਰਚਨਾ ਵਿਚ ਕਈ ਥਾਈਂ ਅੱਤਕਥਨੀ ਦੀ ਵੀ ਵਰਤੋਂ ਕੀਤੀ ਹੈ। ਸੁੱਖਾ ਸਿੰਘ ਦੇਵੀ ਪੂਜਾ ਵਾਲੇ ਪ੍ਰਸੰਗ ਵਿਚ ਦੱਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨੈਣਾ ਦੇਵੀ ਦੇ ਟਿੱਲੇ ਤੋਂ ਦੂਰਬੀਨ ਰਾਹੀਂ ਲਾਹੌਰ, ਪਸ਼ੌਰ ਅਤੇ ਕਾਬਲ ਆਦਿ ਨਗਰ ਵੇਖੇ :

ਦੂਰਬੀਨ ਧਰੈ ਚਖ ਅੱਗ੍ਰਜ ਮੈ, ਪੁਨਿ ਬਾਈਅਨ ਧਾਰ ਪਿਖੈ ਧਰ ਚਾਵੈਂ।
ਲਵ ਜੋ ਪੁਰ ਹੈ ਪੁਨਿ ਅਟਕ ਪਿਸੌਰ ਸੁ, ਕਾਬਲ ਆਦਿ ਕੰਧਾਰ ਲਖਾਵੈਂ॥[106]

ਇਸੇ ਤਰ੍ਹਾਂ ਚਮਕੌਰ ਦੇ ਯੁੱਧ ਵਿਚ ਇੱਕ-ਇੱਕ ਸਾਹਿਬਜਾਦੇ ਹੱਥੋਂ ਦੋ-ਦੋ ਲੱਖ ਤੁਰਕ ਫੌਜ ਦਾ

---

[103] ਉਹੀ, ਛੰਦ 148, ਪੰਨਾ 270.
[104] ਗੰਡਾ ਸਿੰਘ, *ਸ੍ਰੀ ਗੁਰ ਸੋਭਾ*, ਪੰਨਾ 51.
[105] ਗੰਡਾ ਸਿੰਘ, "ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ ਅਤੇ ਸ੍ਰੀ ਗੁਰੂ ਗ੍ਰਥ ਸਾਹਿਬ ਜੀ ਦੀ ਗੁਰਿਆਈ", *Panchbhati Sandesh*, Harbhajan Singh (ed.), Jan-Mar. 2012, Dehra Dun: Dr. Balbir Singh Sahitya Kendra, p 14-15.
[106] ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਛੰਦ 44, ਪੰਨਾ 95.

ਮਾਰਿਆ ਜਾਣਾ ਦੱਸਿਆ ਹੈ। ਕਵੀ ਦੇ ਉਪਰੋਕਤ ਬਿਆਨ ਨੂੰ ਅੱਤਕਥਨੀ ਹੀ ਮੰਨਿਆ ਜਾ ਸਕਦਾ ਹੈ। ਦੋਹਾਂ ਕਵੀਆਂ ਨੇ ਗੁਰੂ ਸਾਹਿਬ ਦੀ ਸ਼ਖਸੀਅਤ ਨੂੰ ਕਰਮਾਤਾਂ ਨਾਲ ਭਰਪੂਰ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਕਿਰਪਾਲ ਸਿੰਘ ਸਿੱਖ ਰਚਨਾਵਾਂ ਵਿਚ ਸ਼ਾਮਿਲ ਹੋਈਆਂ ਕਰਾਮਾਤਾਂ ਲਈ ਸਮਕਾਲੀ ਵਾਤਾਵਰਣ ਨੂੰ ਜਿੰਮੇਵਾਰ ਮੰਨਦਿਆਂ ਲਿਖਦੇ ਹਨ "ਨਵੀਨ ਇਤਿਹਾਸ ਦੇ ਵਿੱਦਿਆਰਥੀਆਂ ਨੂੰ ਇਨ੍ਹਾਂ ਕਰਾਮਾਤਾਂ ਦੀ ਹੋਂਦ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ, ਰਵਾਇਤਾਂ ਸਦਾ ਆਪਣੇ ਧਾਰਮਿਕ ਸਦਾਚਾਰਿਕ ਵਾਤਾਵਰਣ ਤੋਂ ਪਰਭਾਵਿਤ ਹੁੰਦੀਆਂ ਹਨ। ਪੰਜਾਬ ਵਿਚ ਮੁਸਲਮਾਨੀ ਅਸਰ ਵਧੇਰੇ ਹੋਣ ਕਰਕੇ ਇਸ ਦਾ ਅਸਰ ਗੁਰੂ ਨਾਨਕ ਸਾਹਿਬ ਦੀਆਂ ਰਵਾਈਤਾਂ ਤੇ ਪੈਣਾ ਜਰੂਰੀ ਸੀ।"[107]

[107] ਕਿਰਪਾਲ ਸਿੰਘ, 'ਸੋਲ੍ਹਵੀਂ ਅਤੇ ਸਤਾਰਵੀਂ ਸਦੀ ਵਿਚ ਪੰਜਾਬੀ ਵਿਚ ਇਤਿਹਾਸਕਾਰੀ ਦੀ ਪਰੰਪਰਾ', *ਤੀਜੀ ਪੰਜਾਬੀ ਵਿਕਾਸ ਕਾਨਫਰੰਸ*, ਦਸੰਬਰ 1984, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1989, ਪੰਨਾ 31.

# ਸਰਵੇਖਣ ਅਤੇ ਸਾਰਾਂਸ਼

ਕੁਇਰ ਸਿੰਘ ਅਤੇ ਸੁੱਖਾ ਸਿੰਘ ਵੱਲੋਂ ਰਚੇ ਗਏ 'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਦੇ ਦੋਵੇਂ ਗ੍ਰੰਥ ਅਠਾਰਵੀਂ ਸਦੀ ਵਿਚ ਪੰਜਾਬ ਅੰਦਰ ਗੁਰੂ ਸਾਹਿਬ ਦੀ ਸ਼ਖਸੀਅਤ ਅਤੇ ਉਦੇਸ਼ ਬਾਰੇ ਸਿੱਖ ਮਨਾਂ ਉੱਪਰ ਉਕਰੇ ਹੋਏ ਚਿੱਤਰ ਨੂੰ ਪੇਸ਼ ਕਰਦੇ ਹਨ। ਵੱਖ-ਵੱਖ ਵਿਦਵਾਨਾਂ ਵੱਲੋਂ ਦਿੱਤੀ ਗਈ ਰਾਏ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਕੁਇਰ ਸਿੰਘ ਵੱਲੋਂ ਰਚੇ 'ਗੁਰਬਿਲਾਸ ਪਾਤਸ਼ਾਹੀ ੧੦' ਦਾ ਰਚਨਾ ਕਾਲ 1751 ਜਾਂ 1762 ਈ. ਹੈ। ਕਵੀ ਸੁੱਖਾ ਸਿੰਘ ਵੱਲੋਂ ਰਚੇ ਗਏ 'ਗੁਰਬਿਲਾਸ ਪਾਤਸ਼ਾਹੀ ੧੦' ਦਾ ਰਚਨਾ ਕਾਲ 1797 ਈ. ਹੈ।

'ਗੁਰਬਿਲਾਸ' ਦਾ ਸਾਹਿਤਕ ਪਿਛੋਕੜ ਬੇਸ਼ਕ ਬ੍ਰਜ ਭਾਸ਼ਾ ਦੇ ਬਿਲਾਸ/ਵਿਲਾਸ ਸਾਹਿਤ ਨਾਲ ਜੁੜਦਾ ਹੈ ਪਰ ਇਹ ਰਚਨਾਵਾਂ ਆਪਣੇ ਗੁਣਾਂ ਕਰਕੇ ਇੱਕ ਨਵੀਂ ਸਾਹਿਤਕ ਵੰਨਗੀ ਦੇ ਰੂਪ ਵਿਚ ਪ੍ਰਵਾਨ ਚੜ੍ਹੇ ਹਨ। ਬ੍ਰਜ ਦੇ ਬਿਲਾਸ ਸਾਹਿਤ ਦਾ ਮਨੋਰਥ ਸਵਾਮੀ-ਭਗਤੀ, ਸਾਹਿਤਿਕ ਕਲਾ-ਕੌਸ਼ਲ ਅਤੇ ਸ਼ਿੰਗਾਰ ਰਸ ਦੀ ਪੇਸ਼ਕਾਰੀ ਮੰਨਿਆ ਜਾਂਦਾ ਹੈ। ਇਸ ਦੇ ਮੁਕਾਬਲੇ ਗੁਰਬਿਲਾਸ ਪਾਤਸ਼ਾਹੀ ੧੦ ਦਾ ਮਨੋਰਥ ਬਹੁਤ ਵੱਡੇ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਇੱਕ ਪਾਸੇ ਇਹ ਰਚਨਾਵਾਂ ਮਨੁੱਖ ਦੇ ਪਰਮਾਰਥਕ ਜੀਵਨ ਦੀ ਸਫਲਤਾ ਲਈ ਗੁਰਮੁਖ ਗਾਡੀ ਰਾਹ ਦਰਸਾਉਂਦੀਆਂ ਹਨ ਅਤੇ ਦੂਜੇ ਪਾਸੇ ਭਾਰਤ ਵਿਚੋਂ ਅਤਿਆਚਾਰੀ ਮੁਗਲ ਹਕੂਮਤ ਦੇ ਖਾਤਮੇ ਲਈ ਖਾਲਸਾ ਪੰਥ ਦੇ ਸੰਘਰਸ਼ ਦੀ ਪੁਰ-ਜੋਰ ਹਿਮਾਇਤ ਕਰਦੀਆਂ ਹਨ। ਇਸ ਤਰ੍ਹਾਂ ਇਹ ਰਚਨਾਵਾਂ ਗੁਰੂ ਸਾਹਿਬਾਨ ਦੀ ਵਡਿਆਈ ਕਰਨ ਦੇ ਨਾਲ-ਨਾਲ ਮਨੁੱਖ ਦੀ ਲੌਕਿਕ ਅਤੇ ਪਰਾਲੌਕਿਕ ਮੁਕਤੀ ਦੇ ਸੰਘਰਸ਼ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ।

ਸਿੱਖ ਧਰਮ ਦੇ ਹਵਾਲੇ ਨਾਲ ਧਰਮ-ਸ਼ਾਸਤਰ ਦੀ ਵਿਚਾਰ ਕਰਦਿਆਂ ਗੁਰਬਾਣੀ ਅਤੇ ਸਿੱਖ ਪਰੰਪਰਾ ਵਿਚੋਂ ਇਸ ਦਾ ਸਮਾਨਾਰਥੀ ਸ਼ਬਦ 'ਗੁਰ ਦਰਸ਼ਨ' ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਰਸ਼ਨ ਅਤੇ ਦਾਰਸ਼ਨਿਕ ਨਾਲੋਂ ਰੱਬੀ ਪ੍ਰੇਮ ਅਤੇ ਬਿਬੇਕ-ਬੁਧ ਵਾਲੇ ਭਗਤ/ਗੁਰਮੁਖ ਨੂੰ ਵੱਧ ਮਹਾਨਤਾ ਦਿਤੀ ਗਈ ਹੈ। ਇਥੇ ਗਿਆਨ ਪ੍ਰਾਪਤੀ ਨਹੀਂ, ਸਗੋਂ ਵਸੀਲਾ ਹੈ। ਪ੍ਰਾਪਤੀ ਗੁਰੂ/ਪਰਮਾਤਮਾ ਨਾਲ ਇੱਕ-ਮਿੱਕਤਾ ਹੈ। ਸਿੱਖ ਪਰੰਪਰਾ ਵਿਚ 'ਗੁਰ ਦਰਸ਼ਨ' ਦੇ ਅਜਿਹੇ ਵਿਦਵਾਨਾਂ ਲਈ 'ਭਾਈ ਸਾਹਿਬ' ਸ਼ਬਦ ਵਰਤਿਆ ਗਿਆ ਹੈ। ਇਨ੍ਹਾਂ ਭਾਈ ਸਾਹਿਬਾਨ (ਸਿੱਖ ਧਰਮ-ਸ਼ਾਸਤਰੀਆਂ) ਦਾ ਕਾਰਜ ਗੁਰਮੁਖ

ਗਾਡੀ ਰਾਹ ਨੂੰ ਰੁਸ਼ਨਾਉਣਾ ਹੈ ਨਾ ਕਿ ਕੋਈ ਨਵਾਂ ਰਾਹ ਤਿਆਰ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਪਰਮਾਤਮਾ ਦੇ ਵੱਖ-ਵੱਖ ਨਾਂ ਅਤੇ ਪੂਜਾ/ਭਗਤੀ ਸ਼ੈਲੀਆਂ ਨੂੰ ਪ੍ਰਵਾਨ ਕੀਤਾ ਗਿਆ ਹੈ। ਇਸ ਕਰਕੇ ਗੁਰਬਾਣੀ ਦੀ ਛਾਂ ਹੇਠ 'ਗੁਰ ਦਰਸ਼ਨ' ਵੱਖ-ਵੱਖ ਧਰਮਾਂ ਵਲੋਂ ਪਰਮਾਤਮਾ ਦੇ ਵਰਤੇ ਗਏ ਵੱਖ-ਵੱਖ ਨਾਂਵਾਂ ਅਤੇ ਰਹਿਤ ਦੀ ਰਾਖੀ ਦਾ ਹਾਮੀ ਹੈ। ਦੂਜੇ ਪਾਸੇ 'ਗੁਰ ਦਰਸ਼ਨ' ਗੁਰੂ ਗ੍ਰੰਥ ਸਾਹਿਬ ਦੇ ਵਿਸ਼ਵਾਸ, ਸਿਧਾਂਤ, ਖਾਲਸਾ ਪੰਥ ਦੇ ਨਵੇਕਲੇ ਸਰੂਪ ਅਤੇ ਰਹਿਤ ਦੀ ਪੁਰ-ਜੋਰ ਹਿਮਾਇਤ ਅਤੇ ਪ੍ਰਚਾਰ ਵੀ ਕਰਦਾ ਹੈ। 'ਗੁਰ ਦਰਸ਼ਨ' ਦਾ ਕੇਂਦਰੀ ਸਿਧਾਂਤ ਅਤੇ ਵਿਸ਼ਵਾਸ ੴ ਹੈ, ਜਿਸ ਤੋਂ ਭਾਵ ਪਰਮਾਤਮਾ ਦਾ ਇੱਕ ਹੋਣਾ ਹੈ। ਮੂਲ ਮੰਤਰ ਵਿਚਲੇ ਪਰਮਾਤਮਾ ਦੇ ਦੋ ਵਿਸ਼ੇਸ਼ਣਾਂ ਦੇ ਸੰਯੋਗ ਨਾਲ ਬਣੇ ਸ਼ਬਦ 'ਅਕਾਲ ਪੁਰਖ' ਨੂੰ ਸਿੱਖ ਪਰੰਪਰਾ ਵਿਚ 'ਪਰਮਾਤਮਾ' ਦੇ ਨਾਂ ਵਜੋਂ ਪ੍ਰਵਾਨ ਕੀਤਾ ਗਿਆ ਹੈ। 'ਗੁਰ ਦਰਸ਼ਨ' ਦ੍ਵੈਤ ਭਾਵ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ। 'ਗੁਰ ਦਰਸ਼ਨ' ਅਨੁਸਾਰ ਕੁਦਰਤ ਅਤੇ ਸਭ ਜੀਵਾਂ ਦਾ ਕਰਤਾ 'ਅਕਾਲ ਪੁਰਖ' ਹੈ। ਇਸ ਕਰਕੇ 'ਗੁਰ ਦਰਸ਼ਨ' ਧਰਮ ਦੇ ਨਾਂ ਤੇ ਕੀਤੇ ਜਾਂਦੇ ਪਖੰਡ, ਜਾਤ-ਪਾਤ ਦੇ ਵਿਤਕਰੇ ਅਤੇ ਜ਼ੁਲਮ ਦੀ ਨਿਖੇਧੀ ਕਰਦਿਆਂ ਇਸ ਦੇ ਖਿਲਾਫ ਸੰਘਰਸ਼ ਨੂੰ ਆਪਣੇ ਟੀਚਿਆਂ ਵਿਚ ਸ਼ਾਮਿਲ ਕਰਦਾ ਹੈ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ 'ਗੁਰ ਦਰਸ਼ਨ' ਦੇ ਸਿਧਾਂਤ ਨੂੰ ਸਪਸ਼ਟ ਕਰਨ ਲਈ ਕਈ ਢੰਗ ਵਰਤੇ ਹਨ। ਉਨ੍ਹਾਂ ਨੇ ਕਥਾ, ਸਾਖੀ, ਸੂਤਰਿਕ-ਵਿਆਖਿਆ, ਗੁਰੂ ਸਾਹਿਬ ਦੇ ਬਚਨ ਅਤੇ ਸੰਵਾਦ ਆਦਿ ਸ਼ੈਲੀ ਦੀ ਵਰਤੋਂ ਕੀਤੀ ਹੈ। ਉਨ੍ਹਾਂ ਨੇ ਸਿਧਾਂਤ ਦੀ ਪੂਰਨ ਸਪਸ਼ਟਤਾ ਲਈ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਪਣੀ ਰਚਨਾ ਵਿਚ ਪ੍ਰਮਾਣ ਦੇ ਰੂਪ ਵਿਚ ਸ਼ਾਮਿਲ ਕੀਤਾ ਹੈ।

ਹਥਲੇ ਖੋਜ-ਕਾਰਜ ਵਿਚ ਪਾਲ ਟਿੱਲਿਕ ਦੀ ਈਸਾਈ ਥਿਆਲੋਜੀ ਬਾਰੇ ਦਿਤੀ ਧਾਰਨਾ "ਰੱਬੀ ਸੁਨੇਹੇ ਦੀ ਸਮਕਾਲੀ ਹਾਲਾਤ ਦੇ ਸਨਮੁਖ ਪੇਸ਼ਕਾਰੀ" ਨੂੰ ਸਾਹਮਣੇ ਰੱਖਦਿਆਂ ਦੋਹਾਂ ਰਚਨਾਵਾਂ ਨੂੰ ਉਨ੍ਹਾਂ ਦੇ ਸਮਕਾਲੀ ਹਾਲਾਤ ਦੇ ਸਨਮੁਖ ਵਿਚਾਰਿਆ ਗਿਆ ਹੈ। ਕਵੀ ਕੁਇਰ ਸਿੰਘ ਅਤੇ ਸੁੱਖਾ ਸਿੰਘ ਦੇ ਸਮਕਾਲੀ ਹਾਲਾਤ ਅਜਿਹੀ ਰਚਨਾ ਦੀ ਮੰਗ ਕਰਦੇ ਹਨ ਜਿਹੜੀ ਗੁਰੂ ਸਾਹਿਬ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ ਸਿਖਾਏ, ਖਾਲਸਾ ਪੰਥ ਨੂੰ ਤੀਜੇ ਪੰਥ ਵਜੋਂ ਰਾਜਭਾਗ ਦਾ ਦਾਵੇਦਾਰ ਦਰਸਾਏ, ਅਤਿਆਚਾਰੀ ਮੁਗਲ ਹਕੂਮਤ ਦੇ ਖਾਤਮੇ ਦਾ ਸੰਕਲਪ ਦੇਵੇ, ਹਿੰਦੂ ਧਰਮ ਨਾਲੋਂ ਖਾਲਸੇ ਦੀ ਵੱਖਰੀ ਰਹਿਤ ਦ੍ਰਿੜ ਕਰਵਾਏ, ਹਿੰਦੂ ਸਮਾਜ ਵਿਚੋਂ ਖਾਲਸਾ ਪੰਥ ਦੀ ਨਵੀਂ ਭਰਤੀ ਲਈ ਭੂਮਿਕਾ ਤਿਆਰ ਕਰੇ ਅਤੇ ਪੌਰਾਣਕ ਅਵਤਾਰਾਂ ਤੇ ਮਿਥਾਂ ਦਾ ਖਾਲਸਾ ਪੰਥ ਨਾਲ ਸਮਨਵੈ ਦਰਸਾਏ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ 'ਇੱਕ ਅਕਾਲ ਪੁਰਖ' ਦਾ ਸੰਕਲਪ ਪੇਸ਼ ਕੀਤਾ ਹੈ, ਜੋ ਆਦਿ-ਅਨੰਤ, ਕਰਤਾ-ਭਰਤਾ-ਹਰਤਾ, ਨਿਰਗੁਣ-ਸਰਗੁਣ ਅਤੇ ਅਗਮ-ਅਗੋਚਰ ਹੈ। ਗੁਰਬਿਲਾਸ ਅਨੁਸਾਰ 'ਅਕਾਲ ਪੁਰਖ' ਹਿੰਦੂ ਅਵਤਾਰਾਂ ਵਾਂਗ ਆਪ ਜਨਮ ਨਹੀਂ ਲੈਂਦਾ ਪਰ ਉਹ ਸੰਸਾਰ ਵਿਚ ਧਰਮ ਦੀ ਸਥਾਪਨਾ ਲਈ ਆਪਣੇ ਪਿਆਰੇ ਨੂੰ ਭੇਜਦਾ ਹੈ। ਉਹ ਵੈਦਿਕ ਦੇਵੀ-ਦੇਵਤਿਆਂ ਤੋਂ ਉੱਚਾ ਹੈ। ਲੱਖਾਂ ਦੇਵੀ-ਦੇਵ ਉਸ ਦੇ ਸਾਜੇ ਹੋਏ ਅਤੇ ਉਸ ਦੇ ਉਪਾਸ਼ਕ ਹਨ। ਕੁਇਰ ਸਿੰਘ ਅਤੇ ਸੁੱਖਾ ਸਿੰਘ ਵਲੋਂ 'ਅਕਾਲ ਪੁਰਖ' ਨੂੰ ਕੁਦਰਤ ਵਿਚ ਰਮਿਆ ਹੋਇਆ ਦਰਸਾਇਆ ਗਿਆ ਹੈ, ਜੋ ਭਗਤ-ਵਛਲ ਹੈ, ਮਾਤਾ-ਪਿਤਾ ਵਾਂਗ ਪ੍ਰੇਮ ਕਰਨ ਵਾਲਾ ਹੈ। 'ਗੁਰਬਿਲਾਸ ਪਾਤਸ਼ਾਹੀ ੧੦' ਦਾ 'ਅਕਾਲ ਪੁਰਖ' ਖੜਗ-ਧੁਜ ਵੀ ਹੈ ਜੋ ਸੇਵਕਾਂ ਦੀ ਰਖਿਆ ਅਤੇ ਦੁਸ਼ਟਾਂ ਦਾ ਨਾਸ਼ ਕਰਦਾ ਹੈ।

'ਗੁਰਬਿਲਾਸ ਪਾਤਸ਼ਾਹੀ ੧੦' ਵਿਚ 'ਕੁਦਰਤ' ਨੂੰ ਚਲਾਇਮਾਨ ਮੰਨਿਆ ਗਿਆ ਹੈ। ਕੁਦਰਤ ਦੀ ਰਚਨਾ 'ਅਕਾਲ ਪੁਰਖ' ਨੇ ਕੀਤੀ ਹੈ ਅਤੇ ਜਦੋਂ ਉਹ ਚਾਹੇ 'ਕੁਦਰਤ' ਦਾ ਅੰਤ ਕਰ ਸਕਦਾ ਹੈ। 'ਕੁਦਰਤ' ਚਲਾਇਮਾਨ ਹੈ, ਇਸ ਕਰਕੇ ਝੂਠ ਹੈ ਪਰ 'ਕੁਦਰਤ' ਸੱਚੇ ਪਰਮਾਤਮਾ ਦੀ ਰਚਨਾ ਹੈ, ਇਸ ਕਰਕੇ ਇਹ ਸੱਚੀ ਹੈ ਕੋਈ ਭੁਲੇਖਾ ਨਹੀਂ ਹੈ। ਗੁਰਬਿਲਾਸ ਵਿਚ ਕੁਦਰਤ ਨੂੰ ਅਕਾਲ ਪੁਰਖ ਦੀ ਕਰਾਮਾਤ ਦੱਸ ਕੇ ਇਸ ਦੇ ਅਸਚਰਜ ਰੂਪ ਨੂੰ ਪਰਗਟ ਕੀਤਾ ਗਿਆ ਹੈ। ਕੁਦਰਤ ਨਿਰਜਿੰਦ ਨਹੀਂ ਹੈ ਸਗੋਂ ਇਸ ਦੇ ਕਣ-ਕਣ ਵਿਚ 'ਅਕਾਲ ਪੁਰਖ' ਵੱਸਿਆ ਹੋਇਆ ਹੈ।

'ਗੁਰਬਿਲਾਸ ਪਾਤਸ਼ਾਹੀ ੧੦' ਵਿਚ 'ਜੀਵਾਤਮਾ' ਨੂੰ 'ਅਕਾਲ ਪੁਰਖ' ਦਾ ਅੰਸ਼ ਮੰਨਿਆ ਗਿਆ ਹੈ। 'ਅਕਾਲ ਪੁਰਖ' ਹੀ ਇਸ ਨੂੰ ਪੈਦਾ ਕਰਦਾ, ਪਾਲਦਾ ਅਤੇ ਖਤਮ ਕਰਦਾ ਹੈ। ਜੀਵ ਅਤੇ ਸੰਸਾਰ ਦਾ ਸੰਬੰਧ ਥੋੜ੍ਹ-ਚਿਰਾ ਹੈ। ਦੋਹਾਂ ਕਵੀਆਂ ਨੇ ਮਨੁੱਖਾ ਜਨਮ ਨੂੰ ਬਾਕੀ ਜੂਨਾਂ ਤੋਂ ਉੱਤਮ ਮੰਨਿਆ ਹੈ। ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਉਸ ਨੂੰ ਮੁਕਤੀ ਜਾਂ ਆਵਾ-ਗਵਣ ਦੀ ਪ੍ਰਾਪਤੀ ਹੁੰਦੀ ਹੈ। ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਜੀਵ ਦੀ ਮੁਕਤੀ ਲਈ ਗੁਰੂ ਦੀ ਸੰਗਤ ਅਤੇ ਕਿਰਪਾ ਨੂੰ ਲਾਜ਼ਮੀ ਦੱਸਿਆ ਹੈ। ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਕਾਰ ਜੀਵ ਨੂੰ ਚੁਰਾਸੀ ਦੇ ਗੇੜ ਵਿਚ ਫਸਾਉਣ ਵਾਲੇ ਹਨ। ਜੀਵ ਨੂੰ ਗੁਰੂ ਹੀ ਇਨ੍ਹਾਂ ਵਿਕਾਰਾਂ ਤੋਂ ਬਚਾ ਸਕਦਾ ਹੈ। ਦੋਹਾਂ ਕਵੀਆਂ ਨੇ ਸਿੱਖ ਧਰਮ ਦੀ ਪਰੰਪਰਾ ਅਨੁਸਾਰ ਧਰਮ ਲਈ ਦਿੱਤੀ ਸ਼ਹੀਦੀ ਨੂੰ ਵੀ ਮੁਕਤੀ ਪ੍ਰਵਾਨ ਕੀਤਾ ਹੈ। ਉਨ੍ਹਾਂ ਨੇ ਸਿੱਖ ਲਈ ਜੀਵਨ-ਮੁਕਤੀ ਨੂੰ ਆਦਰਸ਼ ਵਜੋਂ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਗੁਰੂ ਦੀ ਸੰਗਤ ਸਚਖੰਡ ਹੈ ਜਿਸ ਦੇ ਆਸਰੇ ਜੀਵ ਦੁਖ ਅਤੇ ਵਿਕਾਰ ਤੋਂ ਮੁਕਤ ਜੀਵਨ ਬਤੀਤ ਕਰਦਾ ਹੈ।

'ਗੁਰਬਿਲਾਸ ਪਾਤਸ਼ਾਹੀ ੧੦' ਅਨੁਸਾਰ ਅੰਧਕਾਰ ਨਾਲ ਭਰੇ ਹੋਏ ਸੰਸਾਰ ਵਿਚ ਗੁਰੂ ਸੂਰਜ ਵਾਂਗ ਹੈ। ਦੋਵੇਂ ਕਵੀ ਗੁਰੂ ਨਾਨਕ ਦੇਵ ਜੀ ਨੂੰ 'ਆਦਿ ਗੁਰੂ' ਮੰਨਦੇ ਹਨ। ਉਨ੍ਹਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿ ਗੋਬਿੰਦ ਜੀ, ਗੁਰੂ ਹਰਿ ਰਾਏ ਜੀ, ਗੁਰੂ ਹਰਿ ਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਅੰਤਮ ਸ਼ਖਸੀ ਗੁਰੂ ਗੋਬਿੰਦ ਸਿੰਘ ਜੀ ਹਨ। ਦੋਹਾਂ ਕਵੀਆਂ ਨੇ ਦਸ ਗੁਰੂ ਸਾਹਿਬਾਨ ਨੂੰ ਇੱਕ ਬੰਸ ਵਜੋਂ ਬਿਆਨ ਕੀਤਾ ਹੈ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਵਲੋਂ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪਣ ਦਾ ਵਰਨਣ ਕੀਤਾ ਹੈ। ਕੁਇਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਕਰਨ ਵਾਲੇ ਝੂਠੇ ਗੁਰੂਆਂ ਨੂੰ ਭੰਡਿਆ ਹੈ। ਉਸ ਅਨੁਸਾਰ ਇਹ ਅਖੌਤੀ ਗੁਰੂ ਵਾਸਨਾ ਦੇ ਭਰੇ ਹੋਏ ਠੱਗ ਹਨ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਕ੍ਰਿਤ 'ਗੁਰਬਿਲਾਸ ਪਾਤਸ਼ਾਹੀ ੧੦' ਅਨੁਸਾਰ ਗੁਰੂ ਚਾਰ ਪਦਾਰਥ – ਧਰਮ, ਅਰਥ, ਕਾਮ ਅਤੇ ਮੋਖ ਦਾ ਦਾਤਾ ਹੈ। ਦੋਵੇਂ ਕਵੀ ਜੋਰ ਦੇ ਕੇ ਆਖਦੇ ਹਨ ਕਿ ਗੁਰੂ ਨੂੰ ਮਨੁੱਖ ਨਾ ਸਮਝੋ ਕਿਉਂਕਿ ਗੁਰੂ ਅਤੇ 'ਅਕਾਲ ਪੁਰਖ' ਅਭੇਦ ਹੈ। 'ਗੁਰੂ' ਨੂੰ 'ਅਕਾਲ ਪੁਰਖ' ਨੇ ਸੰਸਾਰ ਵਿਚ ਧਰਮ ਦੀ ਸਥਾਪਤੀ ਅਤੇ ਅਧਰਮ ਦੇ ਖਾਤਮੇ ਲਈ ਭੇਜਿਆ ਹੈ। ਗੁਰੂ ਨਿਮਾਣਿਆਂ ਦਾ ਮਾਣ ਹੈ ਅਤੇ ਹੰਕਾਰੀ, ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈ। ਗੁਰੂ ਸ਼ਖਸੀਅਤ ਸਿੱਖ ਲਈ ਆਦਰਸ਼ ਹੈ ਅਤੇ ਸਿੱਖ ਲਈ ਗੁਰੂ ਦਾ ਪਿਆਰ ਹੀ ਲੋਕ-ਪਰਲੋਕ ਦੀ ਸਰਬ-ਉੱਚ ਪ੍ਰਾਪਤੀ ਹੈ।

'ਗੁਰਬਿਲਾਸ ਪਾਤਸ਼ਾਹੀ ੧੦' ਅਨੁਸਾਰ ਸਿੱਖ ਧਰਮ ਵਿਚ 'ਨਾਮ ਸਿਮਰਨ' ਸਰਬੋਤਮ ਅਤੇ ਲਾਜ਼ਮੀ ਸਾਧਨਾ ਹੈ। 'ਨਾਮ ਸਿਮਰਨ' ਲਈ ਘਰ ਤਿਆਗਣ ਦੀ ਲੋੜ ਨਹੀਂ ਸਗੋਂ ਘਰ ਵਿਚ ਹੀ ਉਦਾਸੀ ਦੀ ਪਰੰਪਰਾ ਦੱਸੀ ਹੈ। 'ਗੁਰਬਿਲਾਸ ਪਾਤਸ਼ਾਹੀ ੧੦' ਅੰਦਰ ਗੁਰਮੁਖ ਅਤੇ ਮਨਮੁਖ ਦੇ ਲੱਛਣ ਬਿਆਨ ਕਰਕੇ 'ਗੁਰਮੁਖ' ਦੀ ਵਡਿਆਈ ਪੇਸ਼ ਕੀਤੀ ਹੈ। 'ਗੁਰਮੁਖ' ਗੁਰੂ ਨੂੰ ਪਰਮਾਤਮਾ ਦਾ ਰੂਪ ਅਤੇ ਹਾਜਰਾ-ਹਜੂਰ ਮੰਨਦਾ ਹੈ। ਮਨਮੁਖ ਗੁਰੂ ਨੂੰ ਮਨੁੱਖ ਸਮਝਣ ਦੀ ਵੱਡੀ ਭੁੱਲ ਕਰਦਾ ਹੈ ਅਤੇ ਵਿਕਾਰਾਂ ਵਿਚ ਫਸਿਆ ਹੋਇਆ ਗੁਰੂ ਨਾਲ ਚਲਾਕੀ ਕਰਨ ਦੀ ਅਸਫਲ ਕੋਸ਼ਿਸ਼ ਕਰਦਾ ਹੈ। ਗੁਰਮੁਖ ਆਪਣਾ ਲੋਕ ਤੇ ਪਰਲੋਕ ਗੁਰੂ-ਪ੍ਰੇਮ ਤੋਂ ਕੁਰਬਾਣ ਕਰਦਾ ਹੈ ਅਤੇ ਸਦਾ ਗੁਰੂ ਵਿਚ ਲਿਵਲੀਨ ਰਹਿੰਦਾ ਹੈ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਅਨੁਸਾਰ 'ਸੰਗਤ' ਗੁਰੂ ਦਾ ਰੂਪ ਹੈ ਅਤੇ ਗੁਰੂ ਦੇ ਪਰਉਪਕਾਰੀ ਕਾਰਜ ਵਿਚ ਸਰਗਰਮ ਹੈ। ਗੋਬਿੰਦ ਰਾਏ ਜੀ (ਗੁਰੂ) ਨੇ ਕਾਸ਼ੀ ਦੇ ਬ੍ਰਾਹਮਣਾਂ ਨੂੰ 'ਸੰਗਤ' ਦੀ ਚਰਨ ਪਾਹੁਲ ਰਾਹੀਂ ਸਿੱਖੀ ਵਿਚ ਸ਼ਾਮਿਲ ਕਰਕੇ ਸੰਗਤ ਦੇ ਉੱਚੇ ਰੁਤਬੇ ਨੂੰ ਉਜਾਗਰ ਕੀਤਾ ਹੈ। ਦੋਹਾਂ ਕਵੀਆਂ ਅਨੁਸਾਰ 'ਸੰਗਤ' ਸਿੱਖੀ ਜੀਵਨ ਦੀ ਘਾੜਤ ਲਈ ਟਕਸਾਲ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਕੀਤੀ ਗਈ ਪਰਖ

ਵਿਚ ਸੰਗਤ ਪੰਜ ਪਿਆਰਿਆਂ ਦੇ ਰੂਪ ਵਿਚ ਸਫਲ ਹੋਈ ਅਤੇ ਗੁਰੂ ਨੇ 'ਸੰਗਤ' ਨੂੰ 'ਖਾਲਸਾ ਪੰਥ' ਦਾ ਰੂਪ ਦਿੱਤਾ।

ਦੋਹਾਂ ਕਵੀਆਂ ਅਨੁਸਾਰ 'ਖਾਲਸਾ ਪੰਥ' ਸੰਸਾਰ ਵਿਚ ਗੁਰੂ ਸਾਹਿਬ ਦੀ ਸ਼ਖਸੀ ਨੁਮਾਇੰਦਗੀ ਕਰਦਾ ਹੈ। 'ਖਾਲਸਾ ਪੰਥ' ਜਾਤ-ਪਾਤ ਅਤੇ ਵਰਣ-ਆਸ਼ਰਮ ਤੋਂ ਮੁਕਤ ਹੈ। ਖਾਲਸਾ ਮੁਸਲਮਾਨ ਅਤੇ ਹਿੰਦੂ ਤੋਂ ਵੱਖਰਾ ਤੀਜਾ ਪੰਥ ਹੈ ਜੋ ਲੋਕਾਈ ਦੇ ਉਪਕਾਰ ਲਈ ਪੈਦਾ ਕੀਤਾ ਗਿਆ ਹੈ। ਖਾਲਸਾ ਪੰਥ ਦੀ ਸਾਜਨਾ ਗੁਰੂ ਗੋਬਿੰਦ ਸਿੰਘ ਜੀ ਨੇ ਜਾਬਰ ਹਕੂਮਤ ਦੇ ਖਾਤਮੇ ਲਈ ਕੀਤੀ ਹੈ। ਦੋਹਾਂ ਕਵੀਆਂ ਅਨੁਸਾਰ 'ਅਕਾਲ ਪੁਰਖ' ਨੇ ਜਿਸ ਧਰਤੀ ਦਾ ਰਾਜ ਆਦਿ-ਕਾਲ ਤੋਂ ਵੱਖ-ਵੱਖ ਦੇਵੀ-ਦੇਵਤਾ, ਅਵਤਾਰ ਅਤੇ ਜਪੀ-ਤਪੀਆਂ ਨੂੰ ਦਿੱਤਾ ਸੀ, ਉਹ ਧਰਤੀ ਹੁਣ ਖਾਲਸਾ ਪੰਥ ਨੂੰ ਸੌਂਪ ਦਿੱਤੀ ਹੈ।

ਖਾਲਸਾ ਸਾਜਨਾ ਦਾ ਪ੍ਰਸੰਗ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਕਥਾ ਦਾ ਹਿੱਸਾ ਹੈ। ਇਸ ਕਰਕੇ ਅੰਮ੍ਰਿਤ ਸੰਸਕਾਰ ਦੀ ਵਿਧੀ, ਰਹਿਤ ਅਤੇ ਕੁਰਹਿਤ ਬਾਰੇ ਇਹ ਰਚਨਾਵਾਂ ਮਹੱਤਵਪੂਰਨ ਵਿਚਾਰ ਪੇਸ਼ ਕਰਦੀਆਂ ਹਨ। ਕੁਇਰ ਸਿੰਘ ਅਤੇ ਸੁੱਖਾ ਸਿੰਘ ਅਨੁਸਾਰ ਗੁਰੂ ਜੀ ਦੇ ਹੁਕਮ ਤੇ ਪੰਜ ਸਿੱਖ ਸੀਸ ਭੇਟ ਕਰਨ ਲਈ ਹਾਜ਼ਰ ਹੋਏ। ਗੁਰੂ ਸਾਹਿਬ ਨੇ ਸਰਬਲੋਹ ਦੇ ਬਾਟੇ ਵਿਚ ਪਾਏ ਹੋਏ ਸਤਲੁਜ ਦੇ ਜਲ ਵਿਚ ਖੰਡਾ ਰੱਖ ਕੇ ਬਾਣੀ ਦਾ ਪਾਠ ਕੀਤਾ। ਮਾਤਾ ਜੀਤੋ ਜੀ ਨੇ ਉਸ ਵਿਚ ਪਤਾਸੇ ਪਾਏ ਅਤੇ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਵਾਹਿਗੁਰੂ ਜੀ ਕੀ ਫਤਿਹ ਬੁਲਾਉਂਦਿਆਂ ਅੰਮ੍ਰਿਤ ਛਕਾਇਆ। ਦੋਹਾਂ ਕਵੀਆਂ ਅਨੁਸਾਰ ਗੁਰੂ ਜੀ ਨੇ ਖਾਲਸੇ ਲਈ ਕੇਸ, ਕਿਰਪਾਨ, ਕੰਘਾ, ਕੜਾ ਅਤੇ ਕਛਹਿਰਾ ਆਦਿ ਕਕਾਰ ਦੱਸੇ ਹਨ। ਇਸ ਦੇ ਨਾਲ ਤੰਬਾਕੂ, ਕੁੱਠਾ, ਵੇਸਵਾ-ਗਮਨ ਆਦਿ ਨੂੰ ਕੁਰਹਿਤ ਦੱਸਿਆ ਹੈ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਵਲੋਂ ਪੇਸ਼ ਕੀਤਾ ਦੇਵੀ ਪੂਜਾ ਦਾ ਪ੍ਰਸੰਗ ਇਨ੍ਹਾਂ ਰਚਨਾਵਾਂ ਦੀ ਸਭ ਤੋਂ ਵੱਡੀ ਘਾਟ ਹੈ। ਰਚਨਾਵਾਂ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਨੂੰ ਕਵੀਆਂ ਦੀ ਸਾਜਿਸ਼ ਜਾਂ ਸ਼ਰਾਰਤ ਨਹੀਂ ਮੰਨਿਆ ਜਾ ਸਕਦਾ। ਸਮਕਾਲੀ ਹਾਲਾਤ ਵਿਚ ਕਵੀ ਮੁਗਲ ਹਕੂਮਤ ਦੇ ਖਾਤਮੇ (ਤੁਰਕ ਨਾਸ) ਅਤੇ ਖਾਲਸਾ ਪੰਥ ਦੇ ਰਾਜ ਲਈ ਸਿਧਾਂਤਕ ਪਿੜ੍ਹ ਬੰਨ੍ਹਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਰਾਜ ਸੱਤਾ ਨਾਲ ਸੰਬੰਧਿਤ ਦੈਵੀ ਸਰੋਤ ਦੀਆਂ ਸਾਰੀਆਂ ਪੁਰਾਣਿਕ ਮਿਥਾਂ ਅਤੇ ਵਿਸ਼ਵਾਸਾਂ ਨੂੰ ਖਾਲਸੇ ਦੇ ਹੱਕ ਵਿਚ ਭੁਗਤਾਉਣਾ ਚਾਹੁੰਦੇ ਹਨ। ਦੇਵੀ ਵਲੋਂ ਰਾਖਸ਼ਾ ਦੇ ਨਾਸ ਦੇ ਵਿਚਾਰ ਨੂੰ ਉਹ ਤੁਰਕਾਂ ਦੇ ਨਾਸ ਨਾਲ ਜੋੜਦੇ ਹਨ।

ਦੋਹਾਂ ਕਵੀਆਂ ਵਲੋਂ ਨਸ਼ੇ ਦੇ ਸੇਵਨ ਬਾਰੇ ਲਿਖਣਾ ਸਿੱਖ ਸਿਧਾਂਤ ਅਤੇ ਰਹਿਤ ਦੇ ਉਲਟ ਹੈ। ਕੁੱਝ ਥਾਵਾਂ 'ਤੇ ਕਵੀਆਂ ਨੇ ਗੋਬਿੰਦ ਰਾਏ ਜੀ (ਗੁਰੂ) ਨੂੰ ਗੁਰੂ ਤੇਗਬਹਾਦਰ ਜੀ ਦੇ ਇਸ਼ਟ ਵਜੋਂ ਪੇਸ਼ ਕੀਤਾ ਹੈ।

ਇਹ ਕਵੀਆਂ ਦੀ ਆਪਣੇ ਨਾਇਕ ਗੁਰੂ ਗੋਬਿੰਦ ਸਿੰਘ ਜੀ ਲਈ ਭਾਵੁਕਤਾ ਦਾ ਨਤੀਜਾ ਕਿਹਾ ਜਾ ਸਕਦਾ ਹੈ ਜੋ ਗੁਰਮਤਿ ਅਨੁਸਾਰ ਠੀਕ ਸਾਬਿਤ ਨਹੀਂ ਹੁੰਦਾ।

ਇਨ੍ਹਾਂ ਦੋਹਾਂ ਗ੍ਰੰਥਾਂ ਦੀ ਇਤਿਹਾਸਕ ਦੇਣ ਬਹੁਤ ਵੱਡੀ ਹੈ। ਜਿਥੋਂ ਤੱਕ ਇਤਿਹਾਸਕ ਮਿਤੀਆਂ ਅਤੇ ਨਾਵਾਂ ਬਾਰੇ ਕਵੀਆਂ ਵਲੋਂ ਕੀਤੀਆਂ ਭੁੱਲਾਂ ਦਾ ਸਵਾਲ ਹੈ, ਕਿਹਾ ਜਾ ਸਕਦਾ ਹੈ ਕਿ ਜੇਕਰ ਇਹ ਭੁੱਲ 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਨਾ ਹੁੰਦੀ ਤਾਂ ਇਨ੍ਹਾਂ ਦੋਹਾਂ ਗ੍ਰੰਥਾਂ ਦਾ ਇਤਿਹਾਸਕ ਰੁਤਬਾ ਹੋਰ ਵਧੇਰੇ ਉੱਚਾ ਹੋਣਾ ਸੀ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਵਲੋਂ ਰਚੇ ਗਏ 'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਦੇ ਦੋਵਾਂ ਗ੍ਰੰਥਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਗੁਰਬਾਣੀ-ਸਿਧਾਂਤ ਨੂੰ ਬੇਮਿਸਾਲ ਖੂਬਸੂਰਤੀ ਨਾਲ ਗੁੰਦਿਆ ਅਤੇ ਪੇਸ਼ ਕੀਤਾ ਗਿਆ ਹੈ। ਇਹ ਗ੍ਰੰਥ 'ਗੁਰ ਦਰਸ਼ਨ' ਦੇ ਸਿਧਾਂਤ, ਅਧਿਆਤਮ ਅਤੇ ਰਹਿਤ ਦੀ ਖੂਬਸੂਰਤ ਵਿਆਖਿਆ ਪੇਸ਼ ਕਰਦੇ ਹਨ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕੁੱਝ ਸੀਮਾਵਾਂ ਛੱਡ ਕੇ ਇਹ ਦੋਵੇਂ ਗ੍ਰੰਥ 'ਗੁਰ ਦਰਸ਼ਨ' ਦੀ ਕਸਵੱਟੀ ਉੱਪਰ ਖਰੇ ਉਤਰਦੇ ਹਨ।

# ਪੁਸਤਕ ਸੂਚੀ

**ਪੰਜਾਬੀ :-**


1) ਅਮਰ ਕੋਮਲ (ਅਨੁ., ਸੰਪਾ.*), ਸ੍ਰੀਮਦ੍ ਭਗਵਦ੍ ਗੀਤਾ*, ਬਰਨਾਲਾ: ਗਿਆਨ-ਚੇਤਨਾ ਪ੍ਰਕਾਸ਼ਨ, 2001.

2) ਆਹਲੂਵਾਲੀਆ ਜਸਬੀਰ ਸਿੰਘ, *ਸਿੱਖ ਫ਼ਲਸਫ਼ੇ ਦੀ ਭੂਮਿਕਾ,* ਅੰਮ੍ਰਿਤਸਰ: ਰਘਬੀਰ ਰਚਨਾ ਪ੍ਰਕਾਸ਼ਨ, 1976.

3) ਸਰਹੱਦੀ ਸੁਲਖਣ ਸਿੰਘ, *ਆਨੰਦਪੁਰ ਤੋਂ ਲਾਹੌਰ ਤੱਕ*, ਲੁਧਿਆਣਾ: ਲਾਹੌਰ ਬੁਕ ਸ਼ਾਪ, 2005.

4) ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2011.

5) ਸਤਿਬੀਰ ਸਿੰਘ, *ਪੁਰਖ ਭਗਵੰਤ*, ਜਲੰਧਰ: ਨਿਊ ਬੁਕ ਕੰਪਨੀ, 1973.

6) ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ ਪਹਿਲੀ, ਜਲੰਧਰ: ਰਾਜ ਪਬਲਿਸ਼ਰਜ਼, 1972.

7) ਸਿੱਖ ਰਹਿਤ ਮਰਯਾਦਾ, ਅੰਮ੍ਰਿਤਸਰ: ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰ.ਕ), 2011.

8) ਸੇਵਾ ਸਿੰਘ (ਸੰਪਾ.), *ਕਬਿੱਤ ਸਵੱਯੇ ਭਾਈ ਗੁਰਦਾਸ ਜੀ ਸਟੀਕ,* ਅੰਮ੍ਰਿਤਸਰ: ਸਿੰਘ ਬ੍ਰਦਰਜ਼, 2006.

9) ਸੀਤਲ ਸੋਹਣ ਸਿੰਘ, *ਸਿੱਖ ਇਤਿਹਾਸ ਦੇ ਸੋਮੇ,* ਭਾਗ ਪਹਿਲਾ, ਲੁਧਿਆਣਾ: ਲਾਹੌਰ ਬੁਕ ਸ਼ਾਪ, 1981.

10) ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 1996.

11) ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਗੁਰਸ਼ਰਨ ਕੌਰ ਜੱਗੀ (ਸੰਪਾ.), ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1989.

12) ਕਪੂਰ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ*, ਗੁਰਮੁਖ ਸਿੰਘ (ਸੰਪਾ.), ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ, 2009.

13) ਕਾਰਲਾਈਲ ਥਾਮਸ, *ਕਲਾਧਾਰੀ ਅਤੇ ਕਲਾਧਾਰੀ ਪੂਜਾ*, ਪੂਰਨ ਸਿੰਘ (ਅਨੁ.), ਅੰਮ੍ਰਿਤਸਰ: ਵਜ਼ੀਰ ਹਿੰਦ ਪ੍ਰੈਸ, 1926.

14) *ਕੁਰਾਨ ਮਜੀਦ*, ਸੱਯਦ ਅਬੁਲ ਆਲਾ ਮੌਦੂਦੀ (ਟੀਕਾ.), ਰਮਜ਼ਾਨ ਸਈਦ (ਅਨੁ.), ਮਲੇਰਕੋਟਲਾ: ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, 2002.

15) ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 1999.

16) ਗਰਜਾ ਸਿੰਘ (ਸੰਪਾ.), *ਸ਼ਹੀਦ ਬਿਲਾਸ ਭਾਈ ਮਨੀ ਸਿੰਘ,* ਸੇਵਾ ਸਿੰਘ, ਲੁਧਿਆਨਾ: ਪੰਜਾਬੀ ਸਾਹਿਤ ਅਕਾਦਮੀ, 1961.

17) ਗਿਆਨੀ ਗਿਆਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼*, ਪਟਿਆਲਾ: ਭਾਸ਼ਾ ਵਿਭਾਗ ਪੰਜਾਬ 1970.

18) ਗੁਪਤਾ ਸ਼ਾਂਤੀ ਨਾਥ, *ਭਾਰਤੀ ਦਰਸ਼ਨ*, ਚੰਡੀਗੜ੍ਹ: ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, 1974.

19) ਗੁਰਤੇਜ ਸਿੰਘ ਅਤੇ ਸਵਰਨਜੀਤ ਸਿੰਘ (ਸੰਪਾ.), *ਸ਼ਹੀਦ-ਬਿਲਾਸ ਸੰਤ ਜਰਨੈਲ ਸਿੰਘ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2005.

20) ਗੁਰਭਗਤ ਸਿੰਘ,

-*ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿੱਤ*, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, 2003.

-*ਵਿਸਮਾਦੀ ਪੂੰਜੀ,* ਅੰਮ੍ਰਿਤਸਰ: ਸਿੰਘ ਬ੍ਰਦਰਜ਼, 2010.

21) ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2004.

22) ਗਿੱਲ ਮਹਿੰਦਰ ਕੌਰ, *ਗੁਰੂ ਮਹਿਲ ਗਾਥਾ,* ਨਵੀਂ ਦਿੱਲੀ: ਹਿਮਾਲਾ ਪਬਲੀਸ਼ਰਜ਼, 1992.

23) ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1999.

24) ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1967.

25) ਜਗਜੀਤ ਸਿੰਘ, *ਸਿੱਖ ਇਨਕਲਾਬ*, ਨਵੀਂ ਦਿੱਲੀ: ਬਾਹਰੀ ਪਬਲੀਕੇਸ਼ਲਜ ਪ੍ਰਾਈਵੇਟ ਲਿਮਟਿਡ, 1982.

26) ਜੋਸ਼ੀ ਐਲ. ਐਮ. ਅਤੇ ਸ਼ਾਰਧਾ ਗਾਂਧੀ (ਸੰਪਾ.,ਅਨੁ.),*ਧੱਮਪਦ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2004.

27) ਜੋਧ ਸਿੰਘ, *ਗੁਰਮਤਿ ਨਿਰਣਯ*, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1990.

28) ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਭਗਤ ਸਿੰਘ (ਅਨੁ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 2003.

29) ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1980.

30) ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪਟਿਆਲਾ: ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2008.

31) ਨਈਅਰ ਗੁਰਬਚਨ ਸਿੰਘ, *ਮੌਖਿਕ ਇਤਿਹਾਸ*, ਨਵੀਂ ਦਿੱਲੀ: ਨੈਸ਼ਨਲ ਬੁਕ ਆਰਗੇਨਾਈਜਰ, 1990.

32) ਨਈਅਰ ਗੁਰਬਚਨ ਸਿੰਘ ਅਤੇ ਸੁਖਦਿਆਲ ਸਿੰਘ, *ਗੁਰੂ ਗੋਬਿੰਦ ਸਿੰਘ (ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ),* ਪਟਿਆਲਾ: ਪੰਜਾਬ ਇਤਿਹਾਸ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, 1989.

33) ਨਾਭਾ ਕਾਨ੍ਹ ਸਿੰਘ

-*ਹਮ ਹਿੰਦੂ ਨਹੀਂ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2006.

- *ਗੁਰਮਤ ਸੁਧਾਕਰ*, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1970.

34) ਪਰਮਵੀਰ ਸਿੰਘ, *ਮਾਤਾ ਸੁੰਦਰੀ ਜੀ ਸੰਘਰਸ਼ ਅਤੇ ਸ਼ਖਸੀਅਤ,* ਅੰਮ੍ਰਿਤਸਰ: ਸਿੰਘ ਬ੍ਰਦਰਜ਼, 2012.

35) *ਪਵਿੱਤਰ ਬਾਈਬਲ*, ਨਵਾਂ ਨੇਮ, ਬੰਗਲੌਰ: ਬਾਈਬਲ ਸੋਸਾਇਟੀ ਆਫ ਇੰਡੀਆ, 2008.

36) ਪਿਆਰ ਸਿੰਘ, *ਖੋਜ: ਸਿਧਾਂਤ ਤੇ ਵਿਹਾਰ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1985.

37) ਪੂਰਨ ਸਿੰਘ

-*ਖੁਲ੍ਹੇ ਘੁੰਡ*, ਲੁਧਿਆਨਾ: ਲਾਹੌਰ ਬੁਕ ਸ਼ਾਪ, 1992.

-*ਪੂਰਨ ਸਿੰਘ ਦੀ ਵਾਰਤਕ*, ਰੰਧਾਵਾ ਮਹਿੰਦਰ ਸਿੰਘ (ਸੰਪਾ.), ਨਵੀ ਦਿੱਲੀ: ਸਾਹਿਤ ਅਕਾਦੇਮੀ, 1986.

38) ਪੰਨੂ ਹਰਪਾਲ ਸਿੰਘ

-*ਗੁਰੂ ਨਾਨਕ ਦਾ ਕੁਦਰਤ ਸਿਧਾਂਤ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987.

-*ਭਾਰਤ ਦੇ ਪੁਰਾਤਨ ਧਰਮ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2000.

39) ਬਲਕਾਰ ਸਿੰਘ (ਸੰਪਾ.), *ਸਿੱਖ ਅਧਿਐਨ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1998.

40) ਬੇਅੰਤ ਕੌਰ, *ਸਿੱਖ ਧਰਮ-ਸ਼ਾਸਤਰ ਦਾ ਤੱਤ ਸਾਰ (ਉਤਰ-ਆਧੁਨਿਕ ਪਰਿਪੇਖ)*, ਲੁਧਿਆਣਾ: ਚੇਤਨਾ ਪ੍ਰਕਾਸ਼ਨ, 2010.

41) ਭੱਲਾ ਸਰੂਪ ਦਾਸ, ਮਹਿਮਾ ਪ੍ਰਕਾਸ਼, ਭਾਗ ਦੂਜਾ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1971.

42) ਮੁਖਬੈਨ ਸਿੰਘ, *ਮਿਥ, ਦਰਸ਼ਨ ਤੇ ਚਿਹਨ ਸ਼ਾਸਤਰ,* ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 2003.

43) *ਰਹਿਤਨਾਮੇ,* ਪਦਮ ਪਿਆਰਾ ਸਿੰਘ (ਸੰਪਾ.), ਅੰਮ੍ਰਿਤਸਰ: ਸਿੰਘ ਬ੍ਰਦਰਜ਼, 2010.

44) ਰਣਧੀਰ ਸਿੰਘ (ਭਾਈ), *ਸ਼ਬਦਾਰਥ ਦਸਮ ਗ੍ਰੰਥ ਸਾਹਿਬ,*

- ਪੋਥੀ ਪਹਿਲੀ,ਪਟਿਆਲਾ: ਪੰਜਾਬੀ ਯੂਨੀਵਰਸਿਟੀ, 1973.

- ਪੋਥੀ ਦੂਜੀ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1982.

45) *ਵਾਰਾਂ ਭਾਈ ਗੁਰਦਾਸ ਜੀ,* ਚਾਕਰ ਅਮਰ ਸਿੰਘ (ਸੰਪਾ.), ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2008.

46) ਵੀਰ ਸਿੰਘ, *ਦੇਵੀ ਪੂਜਨ ਪੜਤਾਲ,* ਅੰਮ੍ਰਿਤਸਰ: ਵਜ਼ੀਰ ਹਿੰਦ ਪ੍ਰੈਸ, 1963.

47) ਵੇਦ ਵਿਆਸ, *ਸ਼੍ਰੀ ਵਿਸ਼ਨੂੰ ਪੁਰਾਣ,* ਰਾਜੇਸ਼ ਸ਼ਰਮਾ (ਅਨੁ.), ਅੰਮ੍ਰਿਤਸਰ: ਚਤਰ ਸਿੰਘ ਜੀਵਨ ਸਿੰਘ, 1999.

48) ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995.

49) ਵਜ਼ੀਰ ਸਿੰਘ, ਹਰਨਾਮ ਸਿੰਘ, *ਤਰਕ ਗਿਆਨ ਦੇ ਮੁਢਲੇ ਨੇਮ,* ਦੂਸਰਾ ਭਾਗ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1969.

50) ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਈ 2004.

51. ਸ਼ੀਤਲ ਸੋਹਣ ਸਿੰਘ, *ਸਿੱਖ ਰਾਜ ਕਿਵੇਂ ਬਣਿਆ*, ਲੁਧਿਆਣਾ: ਲਾਹੌਰ ਬੁੱਕ ਸ਼ਾਪ, 2006.

**हिंदी :-**

**1)** रमेन्द्र, *धर्म–दर्शन,* दिल्लीः मोतीलाल बनारसीदास, 20006.

**2)** सुख्खा सिँह, *गुरविलास,* जय भगवान गोयल (सँपा), पटियालाः भाषा विभाग पँजाब, 1970.

**3)** हरिभजन सिँह, *गुरमुखी लिपी में हिँदी काव्य,* दिल्लीः एस.चँद एँड कँपनी, 1961.

**4)** हेमचंद्राचार्य, सुखलाल (स.), *प्रमाण मीमांसा,* अहमदाबादः सरस्वती पुस्तक भंडार 1989.

**English: -**

1) Ali Syed Ameer, *The Spirit of Islam,* Delhi: Low Price Publication, 1990.

2) Carr, E.H., *What is History*, Oxford, University Press, 1961.

3) Chatterjee Satishchandra and Dutta Dhirendra Mohan, *An Introduction to Indian Philosophy,* New Delhi: Rupa Publication India Pvt.Ltd, 2012.

4) Cline Austin, *What is theology* (article), *www.about.com,* date 22 march 2011.

5) Collingwood R. G., *The Idea of History*, Oxford, University Press. 1961.

6) Dharam singh, *Sikh theology of libration*, New Delhi: Harman Publishing House, 1991.

7) Darshan Singh, *The khalsa in Comparative Perspective,* Amritsar: Singh brothers, 2004.

8) Grewal J.S., *Contesting Interpretaions of The Sikh Tradition*, New Delhi: Manohar Publishers, 1998.

9) Gupta Surendernath Das, *History of Indian philosophy*, Vol 1st, Cambridge University press, 1957.

10) Hans Surjit, *A Reconstruction of Sikh History from Sikh Literature*, Jalandhar: ABS Publication, 1988.

11) Kane Pandurang Vaman, *The History of Dharmasasta (Anciant and Medieval religion and civil law),* Vol-II, Part-I, Poona: Bhandarkar Orietal Research Institute, 1941.

12) Kharak Singh (Ed.), *Fundamental Issues in Sikh Studies*, Chandigarh: Institute of Sikh Studies, 1992.

13) Lal K.S., *The Legacy of Muslim Rule in India*, New Delhi: Voice of India, 1992.

14) Macquarrie John, *Principles of Christian Theology*, London: SCM Press Ltd., 1997.

15) Mann Jasbir Singh, Kharak Singh (Ed.), *Recent Researches in Sikhism,* Patiala : Pub.Beu. Punjabi University.

16) Mahony William K, *The Artful Universe: An Intriduction to the Vedic Religious Imagination*, Albany: State University of New York, 1998.

17) Muller F. Max, *Natural Religion,* New York: Longmans, Green, and Co., 1907.

18) Puran Singh, *Spirit of the Sikh,* Patiala: Punjabi University, 1981.

19) Tillich Paul, *Systematic Theology,* Vol-I, Chicago: The University of Chicago Press, 1951.

20) Udayanacarya, *Nyayakusumanjali,* Bhaswati Sinha (Interpre. & Trans.), New Delhi: Aryan Book International, 1999.

**ਕੋਸ਼ ਅਤੇ ਡਿਕਸ਼ਨਰੀਆਂ :-**

1) ਜੱਗੀ ਰਤਨ ਸਿੰਘ

- *ਗੁਰੂ ਗ੍ਰੰਥ ਸਾਹਿਬ ਵਿਸ਼ਵਕੋਸ਼,* ਭਾਗ- 2, ਪਟਿਆਲਾ: ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2002.
- *ਸਿੱਖ ਪੰਥ ਵਿਸ਼ਵਕੋਸ਼* (ਸੰਪਾਦਿਤ), ਪਟਿਆਲਾ: ਗੁਰ-ਰਤਨ ਪਬਲੀਸ਼ਰਜ਼, ਭਾਗ-1 ਅਤੇ ਭਾਗ-2, 2005.

2) ਨਾਭਾ ਕਾਨ੍ਹ ਸਿੰਘ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1999.

3) आप्टे वामन शिवराम, *संस्कृत–हिन्दी कोश,* दिल्ली : मोती लाल बनारसी दास पब्लिशर्स प्राईवेट लिमिटेड, 1996.

4) Esposito John L. (Ed.), *The Oxford Dictionary of Islam,* Oxford University Press, 2003.

5) Gibb H. A. R. and J. H. Kramer (Ed.) *Shorter Encyclopeadia of Islam,* Netherland: E. J. Brill, 1953.

6) Harbans Singh (Ed.) *Encyclopaedia of Sikhism,* Patiala: Punjabi University, vol- I (2002),-II (1996),-III (2002),-IV (2004).

7) Mahathera A.P.Buddhadatta, Concise Pali-English Dictionary, Delhi: Moti Lal Banarsi Das Publishers Private Ltd., 2002.

8) New Catholic Encyclopaedia, Vol. XIV, McGraw-Hill, Book Company, New York, ST Lovis.

9) Oxford Dictionary & Thesaurus, Oxford University Press, 2001.

10) Sanakrit Word Net (A Lexical Database of Sanskrit) www.cfilt.iitb.ac.in (Center for Indian Language Teechnology)

## ਹੱਥ-ਲਿਖਤ :-

1) Manuscript number - 000347, Punjab Digital Library, Sector 28-A, Chandigarh. Or http://www.panjabdigilib.org

## ਪੀ-ਐਚ.ਡੀ. ਥੀਸਿਸ

1) ਗੁਰਮੇਲ ਸਿੰਘ, *ਮਧਯੁਗ ਦੇ ਸਿੱਖ ਸਾਹਿਤ ਦਾ ਸਿੱਖ ਪਰਿਪੇਖ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2007.

2) ਮਨਵਿੰਦਰ ਸਿੰਘ, *ਗਬਰ ਬਿਲਾਸ ਪਾਤਸ਼ਾਹੀ ਦਸਵੀਂ (ਕ੍ਰਿਤ ਭਾਈ ਸੁੱਖਾ ਸਿੰਘ) ਸੰਪਾਦਨ ਅਤੇ ਪਾਠ ਆਲੋਚਨ*, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, 1993.

3) ਮਲਕਿੰਦਰ ਕੌਰ, *ਜਨਮਸਾਖੀ ਸਾਹਿਤ ਦਾ ਧਰਮਸ਼ਾਸਤਰੀ ਅਧਿਐਨ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2008.

4) देवी दास, *भाई सुखा सिँह व कुईर सिँह के गुरबिलास का तुलनात्मक अध्ययन*, अंमृतसरः गुरू नानक देव विश्वविद्यालय, 1980.

**ਰਸਾਲੇ ਤੇ ਖੋਜ ਪਤ੍ਰਿਕਾਵਾਂ :-**


1) ਕਿਰਪਾਲ ਸਿੰਘ, *ਤੀਜੀ ਪੰਜਾਬੀ ਵਿਕਾਸ ਕਾਨਫਰੰਸ*, ਦਸੰਬਰ 1984, *ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਵਿਚ ਪੰਜਾਬੀ ਵਿਚ ਇਤਿਹਾਸਕਾਰੀ ਦੀ ਪਰੰਪਰਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1989.

2) ਮੰਜੂ ਵਰਮਾ (ਸੰਪਾ.), ਪੰਜਾਬ ਹਿਸਟਰੀ ਕਾਨਫਰੰਸ (ਪ੍ਰੋਸੀਡਿੰਗਜ਼), ਮਾਰਚ 14-16, 2008, ਪੰਜਾਬੀ ਯੂਨੀਵਰਸਿਟੀ ਪਟਿਆਲਾ, 2009.

3) Harbhajan Singh (Ed.), *Panchbhati Sandesh*, Jan-Mar. 2012, Dehra Dun: Dr. Balbir Singh Sahitya Kendra.

4) Sadia Rashid (Ed.), *Hamdard Islamicus,* Vol. XXV, No. 2, Nazimabad (Pakistan), Year 2011.

# ਤੱਤ-ਸਾਰ

ਵਿਦਵਾਨਾਂ ਵਿਚ ਕੁਇਰ ਸਿੰਘ ਦੇ 'ਗੁਰਬਿਲਾਸ ਪਾਤਸ਼ਾਹੀ ੧੦' ਦੇ ਰਚਨਾ-ਕਾਲ ਸੰਬੰਧੀ ਦੋ ਵਿਚਾਰ ਪਰਚਲਿਤ ਹਨ। ਪਹਿਲੇ ਵਿਚਾਰ ਅਨੁਸਾਰ ਇਸ ਦਾ ਰਚਨਾ ਕਾਲ 1751 ਈ. ਅਤੇ ਦੂਜੇ ਅਨੁਸਾਰ 1762 ਈ. ਮੰਨਿਆ ਗਿਆ ਹੈ। ਕਵੀ ਸੁੱਖਾ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਆਨੰਦਪੁਰ ਸਾਹਿਬ ਵਿਖੇ 1797 ਈਸਵੀ ਵਿਚ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬਿਆਨ ਕਰਨ ਦੇ ਸੰਬੰਧ ਵਿਚ ਕੁਇਰ ਸਿੰਘ ਦੀ ਰਚਨਾ ਦਾ ਵਿਸ਼ੇਸ਼ ਮਹੱਤਵ ਹੈ।

ਇਹ ਦੋਵੇਂ ਗ੍ਰੰਥ ਬ੍ਰਜ ਭਾਸ਼ਾ ਅਤੇ ਗੁਰਮੁਖੀ ਲਿਪੀ ਵਿਚ ਲਿਖੇ ਗਏ ਹਨ। ਗੁਰਬਿਲਾਸ ਰਚਨਾਵਾਂ ਦਾ ਸਾਹਿਤੱਕ ਪਿਛੋਕੜ ਬ੍ਰਜ ਭਾਸ਼ਾ ਦੇ ਬਿਲਾਸ/ਵਿਲਾਸ ਸਾਹਿਤ ਨਾਲ ਜੁੜਦਾ ਹੈ। ਬਿਲਾਸ ਸਾਹਿਤ ਮੂਲ ਰੂਪ ਵਿਚ ਰਾਜਿਆਂ ਦੀ ਸੋਭਾ ਅਤੇ ਸਾਹਿਤਕ ਕਲਾ-ਕੌਸ਼ਲ ਨਾਲ ਜੁੜਿਆ ਹੋਇਆ ਸੀ। ਦਰਬਾਰੀ ਕਵੀ ਆਪਣੇ ਅੰਨਦਾਤਾ ਦੀ ਸੋਭਾ ਕਰਨ ਲਈ ਅਜਿਹੇ ਸਾਹਿਤ ਦੀ ਰਚਨਾ ਕਰਦੇ ਸਨ। ਕਥਾ-ਵਸਤੂ ਅਤੇ ਮਨੋਰਥ ਦੇ ਲਿਹਾਜ਼ ਨਾਲ ਗੁਰਬਿਲਾਸ ਸਾਹਿਤ ਆਪਣੇ ਪਿਛੋਕੜ ਭਾਵ ਬਿਲਾਸ ਸਾਹਿਤ ਤੋਂ ਬਿਲਕੁਲ ਵੱਖਰਾ ਹੈ। ਕਵਿਤਾ ਰਚਨਾ ਕੁਇਰ ਸਿੰਘ ਅਤੇ ਸੁੱਖਾ ਸਿੰਘ ਦਾ ਪਿਤਾ-ਪੁਰਖੀ ਕਿੱਤਾ ਨਹੀਂ, ਨਾ ਹੀ ਉਹ ਕਿਸੇ ਦਰਬਾਰ ਜਾਂ ਰਾਜਾ ਦੀ ਸਰਪਰਸਤੀ ਹੇਠ ਸਨ। ਦੋਹਾਂ ਕਵੀਆਂ ਅਨੁਸਾਰ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ, ਉਨ੍ਹਾਂ ਦਾ ਗੁਰੂ ਗੋਬਿੰਦ ਸਿੰਘ ਜੀ ਲਈ ਪ੍ਰੇਮ-ਭਾਵ ਦਾ ਪਰਗਟਾਵਾ ਹੈ ਅਤੇ ਇਸ ਰਚਨਾ ਰਾਹੀਂ ਉਹ ਗੁਰੂ ਅਤੇ ਸੰਗਤ ਦੀ ਅਸੀਸ ਪ੍ਰਾਪਤ ਕਰਨ ਦੇ ਚਾਹਵਾਨ ਹਨ। ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ 'ਗੁਰਬਿਲਾਸ ਪਾਤਸ਼ਾਹੀ ੧੦' ਦੀ ਰਚਨਾ ਕਰਨ ਸਮੇਂ ਦੋਵੇਂ ਕਵੀ ਗੁਰੂ ਪ੍ਰੇਮ ਅਤੇ ਸਿੱਖੀ ਸ਼ਰਧਾ ਨਾਲ ਭਰੇ ਹੋਏ ਸਨ। ਇਨ੍ਹਾਂ ਰਚਨਾਵਾਂ ਦਾ ਮੁਲਾਂਕਣ ਕਰਨ ਲਈ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀ ਰਚਨਾ ਨੂੰ ਅੰਤਮ ਕਸਵੱਟੀ ਵਜੋਂ ਵਰਤਿਆ ਹੈ। ਸਿੱਖ ਪਰੰਪਰਾ ਅਤੇ ਇਤਿਹਾਸ ਦੇ ਤੱਥਾਂ ਨੂੰ ਦੂਜਾ ਥਾਂ ਦਿਤਾ ਹੈ। ਰਹਿਤ ਸੰਬੰਧੀ ਵਿਚਾਰਾਂ ਲਈ 'ਸਿਖ ਰਹਿਤ ਮਰਯਾਦਾ' ਨੂੰ ਪ੍ਰਮਾਣ ਵਜੋਂ ਵਰਤਿਆ ਗਿਆ ਹੈ। ਭਾਵ 'ਗੁਰਬਿਲਾਸ ਪਾਤਸ਼ਾਹੀ ੧੦' ਦੇ ਗੁਰਬਾਣੀ, ਸਿੱਖ ਪਰੰਪਰਾ, ਇਤਿਹਾਸ, ਰਹਿਤ ਦੇ ਅਨੁਸਾਰੀ ਵਿਚਾਰਾਂ ਨੂੰ ਸਹੀ ਅਤੇ ਉਲਟ ਵਿਚਾਰਾਂ ਨੂੰ ਗਲਤ ਮੰਨਿਆ ਗਿਆ ਹੈ।

ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ 'ਗੁਰ ਦਰਸ਼ਨ' ਦੇ ਸਿਧਾਂਤ ਨੂੰ ਸਪਸ਼ਟ ਕਰਨ ਲਈ ਕਈ ਢੰਗ ਵਰਤੇ ਹਨ। ਉਨ੍ਹਾਂ ਨੇ ਕਥਾ, ਸਾਖੀ, ਸੂਤਰਿਕ-ਵਿਆਖਿਆ, ਗੁਰੂ ਸਾਹਿਬ ਦੇ ਬਚਨ ਅਤੇ ਸੰਵਾਦ ਆਦਿ ਸ਼ੈਲੀ ਦੀ ਵਰਤੋਂ ਕੀਤੀ ਹੈ। ਉਨ੍ਹਾਂ ਨੇ ਸਿਧਾਂਤ ਦੀ ਪੂਰਨ ਸਪਸ਼ਟਤਾ ਲਈ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਪਣੀ ਰਚਨਾ ਵਿਚ ਪ੍ਰਮਾਣ ਦੇ ਰੂਪ ਵਿਚ ਸ਼ਾਮਿਲ ਕੀਤਾ ਹੈ। ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ 'ਇਕ ਅਕਾਲ ਪੁਰਖ' ਦਾ ਸੰਕਲਪ ਪੇਸ਼ ਕੀਤਾ ਹੈ, ਜੋ ਆਦਿ-ਅਨੰਤ, ਕਰਤਾ-ਭਰਤਾ-ਹਰਤਾ, ਨਿਰਗੁਣ-ਸਰਗੁਣ ਅਤੇ ਅਗਮ-ਅਗੋਚਰ ਹੈ। ਗੁਰਬਿਲਾਸ ਅਨੁਸਾਰ ਅਕਾਲ ਪੁਰਖ ਹਿੰਦੂ ਅਵਤਾਰਾਂ ਵਾਂਗ ਆਪ ਜਨਮ ਨਹੀਂ ਲੈਂਦਾ ਪਰ ਉਹ ਸੰਸਾਰ ਵਿਚ ਧਰਮ ਦੀ ਸਥਾਪਨਾ ਲਈ ਆਪਣੇ ਪਿਆਰੇ ਨੂੰ ਭੇਜਦਾ ਹੈ। ਉਹ ਵੈਦਿਕ

ਦੇਵੀ-ਦੇਵਤਿਆਂ ਤੋਂ ਉੱਚਾ ਹੈ। ਲੱਖਾਂ ਦੇਵੀ-ਦੇਵ ਉਸ ਦੇ ਸਾਜੇ ਹੋਏ ਅਤੇ ਉਸ ਦੇ ਉਪਾਸ਼ਕ ਹਨ। ਕੁਇਰ ਸਿੰਘ ਅਤੇ ਸੁੱਖਾ ਸਿੰਘ ਵਲੋਂ 'ਅਕਾਲ ਪੁਰਖ' ਨੂੰ ਕੁਦਰਤ ਵਿਚ ਰਮਿਆ ਹੋਇਆ ਦਰਸਾਇਆ ਗਿਆ ਹੈ, ਜੋ ਭਗਤ-ਵਛਲ ਹੈ, ਮਾਤਾ-ਪਿਤਾ ਵਾਂਗ ਪ੍ਰੇਮ ਕਰਨ ਵਾਲਾ ਹੈ। 'ਗੁਰਬਿਲਾਸ ਪਾਤਸ਼ਾਹੀ ੧੦' ਦਾ ਪਰਮਾਤਮਾ ਖੜਗ-ਧੁਜ ਵੀ ਹੈ ਜੋ ਸੇਵਕਾਂ ਦੀ ਰਖਿਆ ਅਤੇ ਦੁਸ਼ਟਾਂ ਦਾ ਨਾਸ਼ ਕਰਦਾ ਹੈ। 'ਗੁਰਬਿਲਾਸ ਪਾਤਸ਼ਾਹੀ ੧੦' ਵਿਚ 'ਕੁਦਰਤ' ਨੂੰ ਚਲਾਇਮਾਨ ਮੰਨਿਆ ਗਿਆ ਹੈ। ਕੁਦਰਤ ਦੀ ਰਚਨਾ ਅਕਾਲ ਪੁਰਖ ਨੇ ਕੀਤੀ ਹੈ ਅਤੇ ਜਦੋਂ ਅਕਾਲ ਪੁਰਖ ਚਾਹੇ ਇਸ ਦਾ ਅੰਤ ਕਰ ਸਕਦਾ ਹੈ। ਕੁਦਰਤ ਚਲਾਇਮਾਨ ਹੈ, ਇਸ ਕਰਕੇ ਅਸੱਤ ਹੈ ਪਰ ਕੁਦਰਤ ਸੱਚੇ ਪਰਮਾਤਮਾ ਦੀ ਰਚਨਾ ਹੈ, ਇਸ ਕਰਕੇ ਇਹ ਸੱਚੀ ਹੈ ਕੋਈ ਭੁਲੇਖਾ ਮਾਤਰ ਨਹੀਂ ਹੈ। ਗੁਰਬਿਲਾਸ ਵਿਚ ਕੁਦਰਤ ਨੂੰ ਅਕਾਲ ਪੁਰਖ ਦੀ ਕਰਾਮਾਤ ਦੱਸ ਕੇ ਇਸ ਦੇ ਅਸਚਰਜ ਰੂਪ ਨੂੰ ਪਰਗਟ ਕੀਤਾ ਗਿਆ ਹੈ। ਕੁਦਰਤ ਨਿਰਜਿੰਦ ਨਹੀਂ ਹੈ ਸਗੋਂ ਇਸ ਦੇ ਕਣ-ਕਣ ਵਿਚ ਅਕਾਲ ਪੁਰਖ ਵਸਿਆ ਹੋਇਆ ਹੈ।

'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਜੀਵ ਆਤਮਾ ਨੂੰ 'ਅਕਾਲ ਪੁਰਖ' ਦਾ ਅੰਸ਼ ਮੰਨਿਆ ਗਿਆ ਹੈ। 'ਅਕਾਲ ਪੁਰਖ' ਹੀ ਇਸ ਨੂੰ ਪੈਦਾ ਕਰਦਾ, ਪਾਲਦਾ ਅਤੇ ਖਤਮ ਕਰਦਾ ਹੈ। ਜੀਵ ਅਤੇ ਸੰਸਾਰ ਦਾ ਸੰਬੰਧ ਥੋੜ੍ਹ-ਚਿਰਾ ਹੈ। ਮਨੁੱਖਾ ਜਨਮ ਬਾਕੀ ਜੂਨਾਂ ਤੋਂ ਉੱਤਮ ਮੰਨਿਆ ਹੈ। ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਉਸ ਨੂੰ ਮੁਕਤੀ ਜਾਂ ਆਵਾ-ਗਵਣ ਦੀ ਪ੍ਰਾਪਤੀ ਹੁੰਦੀ ਹੈ। ਕੁਇਰ ਸਿੰਘ ਅਤੇ ਸੁੱਖਾ ਸਿੰਘ ਨੇ ਜੀਵ ਦੀ ਮੁਕਤੀ ਲਈ ਗੁਰੂ ਦੀ ਸੰਗਤ ਅਤੇ ਕਿਰਪਾ ਨੂੰ ਲਾਜ਼ਮੀ ਦਸਿਆ ਹੈ। ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਕਾਰ ਜੀਵ ਨੂੰ ਚੁਰਾਸੀ ਦੇ ਗੇੜ ਵਿਚ ਫਸਾਉਣ ਵਾਲੇ ਹਨ। ਜੀਵ ਨੂੰ ਇਨ੍ਹਾਂ ਵਿਕਾਰਾਂ ਤੋਂ ਕੇਵਲ ਗੁਰੂ ਹੀ ਬਚਾ ਸਕਦਾ ਹੈ। ਦੋਹਾਂ ਕਵੀਆਂ ਨੇ ਸਿੱਖ ਧਰਮ ਦੀ ਪਰੰਪਰਾ ਅਨੁਸਾਰ ਧਰਮ ਲਈ ਦਿੱਤੀ ਸ਼ਹੀਦੀ ਨੂੰ ਵੀ ਮੁਕਤੀ ਪ੍ਰਵਾਨ ਕੀਤਾ ਹੈ। ਉਨ੍ਹਾਂ ਨੇ ਸਿੱਖ ਲਈ ਜੀਵਨ-ਮੁਕਤੀ ਨੂੰ ਆਦਰਸ਼ ਵਜੋਂ ਪੇਸ਼ ਕੀਤਾ ਹੈ। ਗੁਰੂ ਦੀ ਸੰਗਤ ਸਚਖੰਡ ਹੈ ਜਿਸਦੇ ਆਸਰੇ ਜੀਵ ਦੁਖ ਅਤੇ ਵਿਕਾਰ ਤੋਂ ਮੁਕਤ ਜੀਵਨ ਬਤੀਤ ਕਰਦਾ ਹੈ। ਕੁਇਰ ਸਿੰਘ ਅਤੇ ਸੁੱਖਾ ਸਿੰਘ ਵਲੋਂ ਰਚੇ ਗਏ 'ਗੁਰਬਿਲਾਸ ਪਾਤਸ਼ਾਹੀ ੧੦' ਨਾਂ ਦੇ ਦੋਵਾਂ ਗ੍ਰੰਥਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਗੁਰਬਾਣੀ-ਸਿਧਾਂਤ ਨੂੰ ਜਿਸ ਖੂਬਸੂਰਤੀ ਨਾਲ ਗੁੰਦਿਆ ਅਤੇ ਪੇਸ਼ ਕੀਤਾ ਗਿਆ ਹੈ ਉਹ ਬੇਮਿਸਾਲ ਹੈ। ਇਹ ਗ੍ਰੰਥ 'ਗੁਰ ਦਰਸ਼ਨ' ਦੇ ਸਿਧਾਂਤ, ਅਧਿਆਤਮ ਅਤੇ ਰਹਿਤ ਦੀ ਖੂਬਸੂਰਤ ਵਿਆਖਿਆ ਪੇਸ਼ ਕਰਦੇ ਹਨ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕੁੱਝ ਸੀਮਾਵਾਂ ਛੱਡ ਕੇ ਇਹ ਦੋਵੇਂ ਗ੍ਰੰਥ 'ਗੁਰ ਦਰਸ਼ਨ' ਦੀ ਕਸਵੱਟੀ ਉੱਪਰ ਖਰੇ ਉਤਰਦੇ ਹਨ।